ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

26 ਅਗਸਤ ਤੋਂ 1 ਸਤੰਬਰ 2026

ਸਾਲ 17ਵਾਂ - ਅੰਕ 35
email : info@sadelok.com
510-706-1300



ਬਾਕੀ ਸਫ਼ਾ 9 'ਤੇ

## ਭੈਣ ਕੋਲੋਂ ਵੀਰ ਵੇ ਬੰਨਾ ਲੈ ਰੱਖੜੀ, ਸੋਹਣੇ ਜਹੇ ਗੁੱਟ ਤੇ ਸਜਾ ਲੈ ਰੱਖੜੀ। ਰੱਖੜੀ ਦੀ ਲੱਖ-ਲੱਖ ਵਧਾਈ



(ਬਾਕੀ ਸਫ਼ਾ 38-39 'ਤੇ)

## ਨੇਪਾਲ-ਚੀਨ ਸਰਹੱਦ 'ਤੇ ਹਿਮਾਲੀਅਨ ਤਰਾਸਦੀ

# ਗਲੇਸ਼ੀਅਰ ਖਿਸਕਣ ਨਾਲ ਆਏ ਭਿਆਨਕ ਹੜ੍ਹਾਂ 'ਚ ਭਾਰੀ ਤਬਾਹੀ

## 360 ਤੋਂ ਵੱਧ ਮੌਤਾਂ, 826 ਭਾਰਤੀਆਂ ਸਮੇਤ ਸੈਂਕੜੇ ਸ਼ਰਧਾਲੂ ਤੇ ਸੈਲਾਨੀ ਲਾਪਤਾ

ਕਾਠਮੰਡੂ (ਨੇਪਾਲ): ਨੇਪਾਲ ਅਤੇ ਚੀਨ (ਤਿੱਬਤ) ਦੇ ਸਰਹੱਦੀ ਹਿਮਾਲੀਅਨ ਖੇਤਰ ਵਿੱਚ ਵਧਦੇ ਤਾਪਮਾਨ ਕਾਰਨ ਗਲੇਸ਼ੀਅਰ ਤੋਂ ਵਿਸ਼ਾਲ ਬਰਫ਼ੀਲੇ ਤੋਦੇ (Avalanche) ਡਿੱਗਣ ਉਪਰੰਤ ਆਏ ਭਿਆਨਕ ਹੜ੍ਹਾਂ (Flash Floods) ਨੇ ਵੱਡੇ ਪੱਧਰ 'ਤੇ ਤਬਾਹੀ ਮਚਾ ਦਿੱਤੀ ਹੈ। ਇਸ ਕੁਦਰਤੀ ਆਫ਼ਤ ਵਿੱਚ ਘੱਟੋ-ਘੱਟ 360 ਲੋਕਾਂ ਦੀ ਮੌਤ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ, ਜਦਕਿ ਸੈਂਕੜੇ ਦੇਸੀ-ਵਿਦੇਸ਼ੀ ਸ਼ਰਧਾਲੂ,

(ਬਾਕੀ ਸਫ਼ਾ 32-33 'ਤੇ)



(ਫੋਟੋਆਂ : ਧੰਨਵਾਦ ਸਹਿਤ ਏਐਨਆਈ)

## ਭਾਈ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ 'ਚ ਨਵਾਂ ਮੋੜ

# ਗੈਂਗਸਟਰ ਗੋਲਡੀ ਬਰਾੜ ਤੇ ਪਰਮਜੀਤ ਸਿੰਘ ਪੰਮਾ ਯੂਕੇ : ਵਿਚਾਲੇ ਕਥਿਤ ਆਡੀਓ ਲੀਕ

## 'ਅਸੀਂ ਹੀ ਮਾਰਿਆ ਨਿੱਝਰ', ਲੀਕ ਆਡੀਓ 'ਚ ਗੈਂਗਸਟਰ ਬਰਾੜ ਦਾ ਦਾਅਵਾ

ਲੰਡਨ/ਯੂਕੇ : ਕੈਨੇਡਾ ਦੀ ਧਰਤੀ 'ਤੇ ਜੂਨ 2023 ਵਿੱਚ ਵਾਪਰੇ ਹਾਈ-ਪ੍ਰੋਫਾਈਲ ਭਾਈ ਹਰਦੀਪ ਸਿੰਘ ਨਿੱਝਰ ਕਤਲ ਕਾਂਡ ਵਿੱਚ ਇੱਕ ਨਵਾਂ ਵਿਵਾਦਪੂਰਨ ਮੋੜ ਆ ਗਿਆ ਹੈ। ਸੋਸ਼ਲ ਮੀਡੀਆ 'ਤੇ ਵਿਦੇਸ਼ ਬੈਠੇ ਲੋੜੀਂਦੇ ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ (Goldy Brar) ਅਤੇ ਯੂਕੇ ਸਥਿਤ ਪਰਮਜੀਤ ਸਿੰਘ ਪੰਮਾ (Paramjit Singh Pamma) ਵਿਚਕਾਰ ਹੋਈ ਕਥਿਤ ਗੱਲਬਾਤ ਦੀ ਇੱਕ ਆਡੀਓ ਰਿਕਾਰਡਿੰਗ ਵਾਇਰਲ ਹੋ ਰਹੀ ਹੈ।

### ਸੋਸ਼ਲ ਮੀਡੀਆ 'ਤੇ ਵਾਇਰਲ ਆਡੀਓ 'ਚ ਇੱਕ-ਦੂਜੇ 'ਤੇ ਦੋਸ਼ਾਂ ਦੀ ਝੜੀ; ਜਾਂਚ ਏਜੰਸੀਆਂ ਵੱਲੋਂ ਪੁਸ਼ਟੀ ਹੋਣੀ ਬਾਕੀ

ਇਸ ਕਥਿਤ ਆਡੀਓ ਵਿੱਚ ਦੋਵਾਂ ਧਿਰਾਂ ਵਿਚਾਲੇ ਤਿੱਖੀ ਬਹਿਸਬਾਜ਼ੀ ਅਤੇ ਨਿੱਝਰ ਦੇ ਕਤਲ ਦੇ ਕਾਰਨਾਂ ਨੂੰ ਲੈ ਕੇ ਗੰਭੀਰ ਦੋਸ਼-ਪ੍ਰਤੀਦੋਸ਼ ਲਗਾਏ ਜਾ ਰਹੇ ਹਨ। ਹਾਲਾਂਕਿ, ਕੈਨੇਡੀਅਨ ਜਾਂਚ ਏਜੰਸੀਆਂ ਜਾਂ ਕਿਸੇ ਵੀ ਸੁਰੱਖਿਆ ਅਦਾਰੇ ਵੱਲੋਂ ਇਸ ਆਡੀਓ ਟੇਪ ਦੀ ਪ੍ਰਮਾਣਿਕਤਾ (authenticity) ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ।

(ਦੇਖੋ ਸਫ਼ਾ 29 'ਤੇ)

## ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਦੇ ਅਮਰੀਕਾ ਦਾਖ਼ਲੇ 'ਤੇ ਰੋਕ ਲਗਾਉਣ ਦੀ ਮੰਗ; ASCC), (SCCEC) (AGPC) ਨੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਲਿਖਿਆ ਪੱਤਰ

### ਮੈਡੀਸਨ ਸਕੁਏਅਰ ਗਾਰਡਨ ਵਿਖੇ ਤਜਵੀਜ਼ਤ ਪ੍ਰੋਗਰਾਮ ਦਾ ਵਿਰੋਧ; ਘੱਟ ਗਿਣਤੀਆਂ 'ਤੇ ਅੱਤਿਆਚਾਰਾਂ ਅਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਦਾ ਹਵਾਲਾ ਦੇ ਕੇ ਵੀਜ਼ਾ ਰੱਦ ਕਰਨ ਦੀ ਅਪੀਲ

ਵਾਸ਼ਿੰਗਟਨ ਡੀ.ਸੀ. (ਅਮਰੀਕਾ): ਅਮਰੀਕਾ ਦੀਆਂ ਪ੍ਰਮੁੱਖ ਸਿੱਖ ਜਥੇਬੰਦੀਆਂ ਵੱਲੋਂ ਰਾਸ਼ਟਰੀ ਸਵੈਮ ਸੇਵਕ ਸੰਘ (RSS) ਦੇ ਮੁਖੀ ਮੋਹਨ ਭਾਗਵਤ ਦੇ ਤਜਵੀਜ਼ਤ ਅਮਰੀਕਾ ਦੌਰੇ ਦਾ ਸਖ਼ਤ ਵਿਰੋਧ ਕਰਦਿਆਂ ਉਨ੍ਹਾਂ ਦੇ ਦਾਖ਼ਲੇ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਹੈ।

(ਬਾਕੀ ਸਫ਼ਾ 4 'ਤੇ)

## ਪੰਜਾਬ ਦੀ ਸਿਆਸਤ 'ਚ ਵੱਡਾ ਭੂਚਾਲ

# ਰੇਪ ਕੇਸ ਰਫ਼ਾ-ਦਫ਼ਾ ਕਰਨ ਲਈ 5 ਕਰੋੜ ਦੀ ਕਥਿਤ ਮੰਗ ਦੇ ਦੋਸ਼ਾਂ 'ਤੇ ਸੀਐੱਮ ਦੀ ਪਤਨੀ ਡਾ. ਗੁਰਪ੍ਰੀਤ ਕੌਰ ਦਾ ਪਲਟਵਾਰ

## ਨੋਟਿਸ ਦਾ ਡਰ ਨਹੀਂ, ਅਦਾਲਤ 'ਚ ਕੇਸ ਲੜਾਂਗਾ: ਜਸਟਿਸ ਰਣਜੀਤ ਸਿੰਘ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਵੱਲੋਂ ਕਾਨੂੰਨੀ ਨੋਟਿਸ ਭੇਜੇ ਜਾਣ ਦੇ ਦਾਅਵੇ ਮਗਰੋਂ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਅਤੇ ਸੇਵਾਮੁਕਤ ਜਸਟਿਸ ਰਣਜੀਤ ਸਿੰਘ ਨੇ ਇੱਥੇ

(ਦੇਖੋ ਸਫ਼ਾ 28 'ਤੇ)

## ਸਾਬਕਾ ਜੱਜ ਰਣਜੀਤ ਸਿੰਘ ਦੇ ਦਾਅਵਿਆਂ ਨੂੰ ਦੱਸਿਆ ਮਨਘੜਤ; ਸਬੂਤ ਪੇਸ਼ ਕਰਨ ਦੀ ਦਿੱਤੀ ਖੁੱਲ੍ਹੀ ਚੁਣੌਤੀ, NHRC ਵੱਲੋਂ ਪੰਜਾਬ ਦੇ ਡੀਜੀਪੀ ਤੇ ਮੁੱਖ ਸਕੱਤਰ ਨੂੰ ਨੋਟਿਸ ਜਾਰੀ



ਚੰਡੀਗੜ੍ਹ/ਪਟਿਆਲਾ : ਅੰਮ੍ਰਿਤਸਰ ਨਾਲ ਸਬੰਧਤ ਇੱਕ ਜਬਰ-ਜ਼ਨਾਹ (ਰੇਪ) ਮਾਮਲੇ ਨੂੰ ਰਫ਼ਾ-ਦਫ਼ਾ ਕਰਨ

(ਦੇਖੋ ਸਫ਼ਾ 28 'ਤੇ)

**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara - Pleasanton - Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas: Fiancee visas; H1/L1/H4/L2/NAFTA TN/E2/E3; Student Visa; B-1/B-2 Visitor Visas and Other Categories of nonimmigrant visas
Other Immigration Services: Citizenship; e-Verify, I-9 and Other Compliance; Other service - B-1/B-2 Visitor Visasextension and other Services
Santa Clara-Pleasanton-Merced
(844) 4USTAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno, CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਮੇਂਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

COMPLETE SOLAR & BATTERY STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE (925) 537-2732

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC | Lathrop URGENT CARE | Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
ESQ, Abogado
All Services Under One Roof
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਐਚ-1ਬੀ ਵੀਜ਼ਾ ਦੀ 99 ਲੱਖ ਰੁਪਏ ਫ਼ੀਸ ਨੇ ਭਾਰਤੀ ਪੇਸ਼ੇਵਰਾਂ ਦੀ ਵਧਾਈ ਚਿੰਤਾ




ਨਿਊਯਾਰਕ : ਟਰੰਪ ਪ੍ਰਸ਼ਾਸਨ ਵਲੋਂ ਐਚ-1ਬੀ ਲਈ ਪ੍ਰਸਤਾਵਿਤ ਭਾਰੀ ਫੀਸਾਂ ਨੂੰ ਲੈ ਕੇ ਅਮਰੀਕੀ ਕੰਪਨੀਆਂ ਅਤੇ ਪ੍ਰਵਾਸੀ (ਖਾਸ ਕਰਕੇ ਭਾਰਤੀ) ਪੇਸ਼ੇਵਰਾਂ ਵਿਚ ਚਿੰਤਾਵਾਂ ਵਧਣ ਦੀ ਸੰਭਾਵਨਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਕੰਪਨੀਆਂ ਵਿਦੇਸ਼ੀ ਕਰਮਚਾਰੀਆਂ ਨੂੰ ਭਰਤੀ ਕਰਨ ਨਾਲੋਂ ਸਥਾਨਕ ਪ੍ਰਤਿਭਾ ਨੂੰ ਤਰਜੀਹ ਦੇਣ ਲਈ ਪ੍ਰੇਰਿਤ ਹੋ ਸਕਦੀਆਂ ਹਨ। ਇਸ ਦਾ ਸਿੱਧਾ ਅਸਰ ਅਮਰੀਕਾ ਵਿਚ ਭਾਰਤੀ ਆਈ.ਟੀ. ਤੇ ਤਕਨੀਕੀ ਪੇਸ਼ੇਵਰਾਂ ਲਈ ਨੌਕਰੀ ਦੇ ਮੌਕਿਆਂ ’ਤੇ ਪੈ ਸਕਦਾ ਹੈ। ਹੁਣ ਸਾਰਿਆਂ ਦੀਆਂ ਨਜ਼ਰਾਂ ਇਸ ਪ੍ਰਸਤਾਵ ਸੰਬੰਧੀ ਅਮਰੀਕੀ ਸਰਕਾਰ ਦੇ ਅੰਤਿਮ ਫੈਸਲੇ ’ਤੇ ਹਨ। ਜ਼ਿਕਰਯੋਗ ਹੈ ਕਿ ਬੀਤੇ ਦਿਨ ਟਰੰਪ ਪ੍ਰਸ਼ਾਸਨ ਨੇ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਨੌਕਰੀ ਦੇਣ ਵਾਲੀਆਂ ਕੰਪਨੀਆਂ ਲਈ ਐੱਚ-1ਬੀ ਵੀਜ਼ਾ ਪ੍ਰਕਿਰਿਆ ਮਹਿੰਗੀ ਕਰਨ ਦੀ ਤਿਆਰੀ ਦਾ ਐਲਾਨ ਕੀਤਾ ਸੀ। ਨਵੇਂ ਪ੍ਰਸਤਾਵ ਤਹਿਤ ਸਾਲਾਨਾ ਕੋਟੇ ਅਧੀਨ ਆਉਣ ਵਾਲੀ ਹਰ ਨਵੀਂ ਐੱਚ-1ਬੀ ਪਟੀਸ਼ਨ ’ਤੇ 1 ਲੱਖ 3 ਹਜ਼ਾਰ 265 ਡਾਲਰ (99 ਲੱਖ ਭਾਰਤੀ ਰੁਪਏ) ਦੀ ਵਾਧੂ ਫੀਸ ਲਾਉਣ ਦੀ ਯੋਜਨਾ ਹੈ। ਇਹ ਰਕਮ ਮੌਜੂਦਾ ਅਰਜ਼ੀ ਖਰਚਿਆਂ ਤੋਂ ਵੱਖਰੀ ਹੋਵੇਗੀ ਤੇ ਕੰਪਨੀ ਨੂੰ ਪਟੀਸ਼ਨ ਦਾਖ਼ਲ ਕਰਨ ਸਮੇਂ ਅਦਾ ਕਰਨੀ ਪਵੇਗੀ। ਪ੍ਰਸਤਾਵਿਤ ਫੀਸ ਸਿਰਫ਼ ਸਾਲਾਨਾ ਕੋਟੇ ਅਧੀਨ ਆਉਣ ਵਾਲੀਆਂ ਨਵੀਆਂ ਪਟੀਸ਼ਨਾਂ ’ਤੇ ਲਾਗੂ ਹੋਵੇਗੀ। ਇਸ ’ਚ ਅਮਰੀਕੀ ਯੂਨੀਵਰਸਿਟੀਆਂ ਤੋਂ ਉੱਚ ਡਿਗਰੀ ਹਾਸਲ ਕਰਨ ਵਾਲਿਆਂ ਲਈ ਰਾਖਵੀਆਂ 20 ਹਜ਼ਾਰ ਸੀਟਾਂ ਵੀ ਸ਼ਾਮਲ ਹਨ। ਹਾਲਾਂਕਿ ਕੋਟੇ ਤੋਂ ਮੁਕਤ ਐੱਚ-1ਬੀ ਪਟੀਸ਼ਨਾਂ ਨੂੰ ਇਸ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ। ਐੱਫ-1 ਵਿਦਿਆਰਥੀ ਵੀਜ਼ਾ ਰੱਖਣ ਵਾਲਿਆਂ ਲਈ ਪ੍ਰਸਤਾਵ ਵਿਚ ਕੋਈ ਵੱਖਰੀ ਆਮ ਛੋਟ ਨਹੀਂ ਦਿੱਤੀ ਗਈ। ਜੇ ਕਿਸੇ ਵਿਦਿਆਰਥੀ ਦੀ ਐੱਚ-1ਬੀ ਪਟੀਸ਼ਨ ਸਾਲਾਨਾ ਕੋਟੇ ਅਧੀਨ ਆਉਂਦੀ ਹੈ ਤਾਂ ਉਸ ਨੂੰ ਨੌਕਰੀ ਦੇਣ ਵਾਲੀ ਕੰਪਨੀ ਨੂੰ ਵੀ ਇਹ ਫੀਸ ਭਰਨੀ ਪੈ ਸਕਦੀ ਹੈ। ਹੋਮਲੈਂਡ ਸਿਕਿਉਰਿਟੀ ਵਿਭਾਗ ਮੁਤਾਬਕ ਨਵੀਂ ਫੀਸ ਰਾਹੀਂ ਹਰ ਸਾਲ ਕਰੀਬ 8.8 ਅਰਬ ਡਾਲਰ ਇਕੱਠੇ ਹੋ ਸਕਦੇ ਹਨ। ਇਹ ਪੈਸਾ ਯੂ.ਐੱਸ.ਸੀ.ਆਈ.ਐੱਸ., ਆਈਸ, ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ, ਇਮੀਗ੍ਰੇਸ਼ਨ ਅਦਾਲਤਾਂ ਤੇ ਹੋਰ ਸੰਘੀ ਏਜੰਸੀਆਂ ਦੀਆਂ ਇਮੀਗ੍ਰੇਸ਼ਨ ਨਾਲ ਸਬੰਧਤ ਗਤੀਵਿਧੀਆਂ ’ਤੇ ਖਰਚਿਆ ਜਾਵੇਗਾ। ਫਿਲਹਾਲ ਇਹ ਸਿਰਫ਼ ਇਕ ਪ੍ਰਸਤਾਵ ਹੈ ਤੇ ਨਵੀਂ ਫੀਸ ਲਾਗੂ ਨਹੀਂ ਹੋਈ। ਇਸ ਨੂੰ ਪ੍ਰਕਾਸ਼ਿਤ ਕਰਨ ਮਗਰੋਂ 30 ਦਿਨਾਂ ਲਈ ਲੋਕਾਂ, ਕੰਪਨੀਆਂ ਤੇ ਸਬੰਧਤ ਸੰਸਥਾਵਾਂ ਤੋਂ ਸੁਝਾਅ ਤੇ ਇਤਰਾਜ਼ ਮੰਗੇ ਜਾਣਗੇ। ਇਸ ਪ੍ਰਕਿਰਿਆ ਤੋਂ ਬਾਅਦ ਹੀ ਸਰਕਾਰ ਅੰਤਿਮ ਨਿਯਮ ਜਾਰੀ ਕਰਨ ਬਾਰੇ ਫ਼ੈਸਲਾ ਕਰੇਗੀ। ਟਰੰਪ ਪ੍ਰਸ਼ਾਸਨ ਨੇ ਇਸ ਤੋਂ ਪਹਿਲਾਂ ਵੀ ਐੱਚ-1ਬੀ ਵੀਜ਼ੇ ਨਾਲ ਸਬੰਧਤ ਇਕ ਲੱਖ ਡਾਲਰ ਦਾ ਵੱਖਰਾ ਭੁਗਤਾਨ ਲਾਜ਼ਮੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਸੰਘੀ ਅਦਾਲਤ ਨੇ ਉਸ ਨੀਤੀ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਪ੍ਰਸ਼ਾਸਨ ਨੇ ਫੀਸ ਲਾਉਣ ਲਈ ਸਹੀ ਕਾਨੂੰਨੀ ਪ੍ਰਕਿਰਿਆ ਨਹੀਂ ਅਪਣਾਈ। ਸਰਕਾਰ ਨੇ ਅਦਾਲਤੀ ਫ਼ੈਸਲੇ ਵਿਰੁੱਧ ਅਪੀਲ ਕੀਤੀ ਹੋਈ ਹੈ। ਐੱਚ-1ਬੀ ਪ੍ਰੋਗਰਾਮ ਤਹਿਤ ਹਰ ਸਾਲ ਕੁੱਲ 85 ਹਜ਼ਾਰ ਵੀਜ਼ੇ ਉਪਲਬਧ ਹੁੰਦੇ ਹਨ। ਇਨ੍ਹਾਂ ਵਿਚ 65 ਹਜ਼ਾਰ ਆਮ ਕੋਟੇ ਤੇ 20 ਹਜ਼ਾਰ ਅਮਰੀਕਾ ਤੋਂ ਉੱਚ ਡਿਗਰੀ ਪ੍ਰਾਪਤ ਉਮੀਦਵਾਰਾਂ ਲਈ ਹੁੰਦੇ ਹਨ। ਇਸ ਪ੍ਰੋਗਰਾਮ ਦਾ ਸਭ ਤੋਂ ਵੱਧ ਲਾਭ ਭਾਰਤੀ ਪੇਸ਼ੇਵਰਾਂ ਨੂੰ ਮਿਲਦਾ ਹੈ। ਇਸ ਲਈ ਨਵੀਂ ਫੀਸ ਲਾਗੂ ਹੋਣ ਨਾਲ ਭਾਰਤੀਆਂ ਨੂੰ ਨੌਕਰੀ ’ਤੇ ਰੱਖਣ ਵਾਲੀਆਂ ਤਕਨਾਲੋਜੀ ਕੰਪਨੀਆਂ, ਖੋਜ ਸੰਸਥਾਵਾਂ ਅਤੇ ਛੋਟੇ ਕਾਰੋਬਾਰਾਂ ’ਤੇ ਸਭ ਤੋਂ ਵੱਧ ਆਰਥਿਕ ਦਬਾਅ ਪੈਣ ਦੀ ਸੰਭਾਵਨਾ ਹੈ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences





ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।



S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਉੱਘੇ ਵਿਦਵਾਨ ਡਾ. ਗੁਰਨਾਮ ਸਿੰਘ ਨੂੰ 'ਸ਼੍ਰੋਮਣੀ ਕੀਰਤਨੀ ਐਵਾਰਡ 2026' ਭੇਟ; 11 ਲੱਖ ਰੁਪਏ ਦੀ ਰਾਸ਼ੀ ਨਾਲ ਕੀਤਾ ਸਨਮਾਨ

## ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਚਾਰ ਤੇ ਪਾਸਾਰ ਲਈ ਇਤਿਹਾਸਕ ਪਹਿਲਕਦਮੀ; ਰਾਗ ਦਰਬਾਰਾਂ ਰਾਹੀਂ ਤੰਤੀ ਸਾਜ਼ਾਂ ਦੀ ਵਿਰਾਸਤ ਸੰਭਾਲਣ ਦੇ ਉਪਰਾਲੇ ਦੀ ਭਰਵੀਂ ਸ਼ਲਾਘਾ





ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (DSGMC) ਵੱਲੋਂ ਵਿਸ਼ਵ ਪ੍ਰਸਿੱਧ ਗੁਰਮਤਿ ਸੰਗੀਤ ਵਿਦਵਾਨ, ਖੋਜੀ ਅਤੇ ਉੱਘੇ ਕੀਰਤਨੀਏ ਡਾ. ਗੁਰਨਾਮ ਸਿੰਘ ਨੂੰ ਸਾਲ 2026 ਲਈ ਵੱਕਾਰੀ 'ਸ਼੍ਰੋਮਣੀ ਕੀਰਤਨੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ।

ਇਸ ਵਿਸ਼ੇਸ਼ ਸਨਮਾਨ ਤਹਿਤ ਡਾ. ਗੁਰਨਾਮ ਸਿੰਘ ਨੂੰ ਸਨਮਾਨ ਪੱਤਰ ਅਤੇ 11 ਲੱਖ ਰੁਪਏ ਦੀ ਨਕਦ ਰਾਸ਼ੀ ਭੇਟ ਕਰਕੇ ਉਨ੍ਹਾਂ ਦੀਆਂ ਦਹਾਕਿਆਂ ਲੰਮੀਆਂ ਪੰਥਕ ਤੇ ਅਕਾਦਮਿਕ ਸੇਵਾਵਾਂ ਨੂੰ ਮਾਨਤਾ ਦਿੱਤੀ ਗਈ। ਸਿੱਖ ਜਗਤ ਵਿੱਚ ਗੁਰਮਤਿ ਸੰਗੀਤ ਦੀ ਸ਼ੁੱਧ ਰਾਗ ਪਰੰਪਰਾ ਨੂੰ ਪੁਨਰ-ਸੁਰਜੀਤ ਕਰਨ ਅਤੇ ਵਿਸ਼ਵ ਭਰ ਵਿੱਚ ਫੈਲਾਉਣ ਬਦਲੇ ਇਹ ਸਨਮਾਨ ਦਿੱਤਾ ਗਿਆ ਹੈ।

ਖ਼ਬਰ ਦੇ ਮੁੱਖ ਵੇਰਵੇ (Key Highlights):

**11 ਲੱਖ ਰੁਪਏ ਅਤੇ ਸਨਮਾਨ ਪੱਤਰ ਨਾਲ ਨਿਵਾਜਿਆ:** ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਪਾਏ ਅਦੁੱਤੀ ਯੋਗਦਾਨ ਬਦਲੇ ਡਾ. ਗੁਰਨਾਮ ਸਿੰਘ ਨੂੰ 11 ਲੱਖ ਰੁਪਏ ਦੀ ਸਨਮਾਨ ਰਾਸ਼ੀ, ਦੋਸ਼ਾਲਾ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਨਿਵਾਜਿਆ ਗਿਆ।

**ਗੁਰਮਤਿ ਸੰਗੀਤ ਪਰੰਪਰਾ ਦੀ ਸਾਂਭ-ਸੰਭਾਲ:** ਗੁਰੂ ਸਾਹਿਬਾਨ ਵੱਲੋਂ ਨਿਰਧਾਰਿਤ ਰਾਗਾਂ ਅਤੇ ਤੰਤੀ ਸਾਜ਼ਾਂ ਦੀ ਮੂਲ ਗੁਰਮਤਿ ਕੀਰਤਨ ਪਰੰਪਰਾ ਨੂੰ ਸੰਭਾਲਣ ਲਈ ਨਿਰੰਤਰ ਰਾਗ ਦਰਬਾਰ ਕਰਵਾਉਣ ਅਤੇ ਅਜਿਹੇ ਸਿਰਮੌਰ ਐਵਾਰਡ ਸਥਾਪਿਤ ਕਰਨ ਦੇ ਕਦਮ ਨੂੰ ਪੰਥਕ ਹਲਕਿਆਂ ਵਿੱਚ ਬੇਹੱਦ ਸ਼ਲਾਘਾਯੋਗ ਮੰਨਿਆ ਜਾ ਰਿਹਾ ਹੈ।

**ਡਾ. ਗੁਰਨਾਮ ਸਿੰਘ ਦਾ ਵੱਡਾ ਯੋਗਦਾਨ:** ਡਾ. ਗੁਰਨਾਮ ਸਿੰਘ ਨੇ ਸਮੁੱਚੇ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਅਤੇ ਰਾਗ ਪ੍ਰਕਾਰਾਂ ਨੂੰ ਦਸਤਾਵੇਜ਼ੀ ਰੂਪ ਦੇਣ, ਖੋਜ ਕਾਰਜਾਂ ਅਤੇ ਨੌਜਵਾਨ ਪੀੜ੍ਹੀ ਨੂੰ ਗੁਰਮਤਿ ਸੰਗੀਤ ਨਾਲ ਜੋੜਨ ਵਿੱਚ ਇਤਿਹਾਸਕ ਭੂਮਿਕਾ ਨਿਭਾਈ ਹੈ।

**ਸੰਗਤਾਂ ਨੂੰ ਸਹਿਯੋਗ ਦੀ ਅਪੀਲ:** ਸਿੱਖ ਬੁੱਧੀਜੀਵੀਆਂ ਅਤੇ ਸੰਸਥਾਵਾਂ ਨੇ ਦਿੱਲੀ ਕਮੇਟੀ ਅਤੇ ਡਾ. ਗੁਰਨਾਮ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਗੁਰਮਤਿ ਸੰਗੀਤ ਦੀ ਅਮੀਰ ਵਿਰਾਸਤ ਨੂੰ ਪ੍ਰਫੁੱਲਤ ਕਰਨ ਵਾਲੇ ਅਜਿਹੇ ਕਾਰਜਾਂ ਵਿੱਚ ਵੱਧ-ਚੜ੍ਹ ਕੇ ਸਾਥ ਦੇਣ।

# ਇਕ ਹੋਰ ਭਾਰਤੀ ਨਾਗਰਿਕ ਐਫ ਬੀ ਆਈ ਦੀ ਮੋਸਟ ਵਾਂਟਡ ਸੂਚੀ 'ਚ ਸ਼ਾਮਿਲ

## ਇਸ ਮਹੀਨੇ ਕਈ ਭਾਰਤੀਆਂ ਸਮੇਤ 37 ਲੋਕਾਂ ਵਿਰੁੱਧ ਦੋਸ਼ ਆਇਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਐਫਬੀਆਈ ਨੇ ਇੱਕ ਹੋਰ ਭਾਰਤੀ ਨਾਗਰਿਕ ਨੂੰ ਆਪਣੀ ਮੋਸਟ ਵਾਂਟਡ ਸੂਚੀ ਵਿੱਚ ਸ਼ਾਮਲ ਕੀਤਾ ਹੈ ਜਿਸ ਦੀ ਪਛਾਣ ਕਮਲ ਵਜੋਂ ਕੀਤੀ ਗਈ ਹੈ। ਐਫ ਬੀ ਆਈ ਦਾ ਦੋਸ਼ ਹੈ ਕਿ ਕਮਲ ਲਾਰੈਂਸ ਬਿਸ਼ਨੋਈ ਸੰਗਠਿਤ ਅਪਰਾਧ ਸਮੂਹ ਨਾਲ ਜੁੜਿਆ ਹੋਇਆ ਹੈ ਅਤੇ ਜਬਰੀ ਵਸੂਲੀ ਰਾਹੀਂ ਵਪਾਰ ਵਿੱਚ ਦਖਲ ਦੇਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਲੋੜੀਂਦਾ ਹੈ੍ਹ ਲਾਸ ਏਂਜਲਸ ਵਿੱਚ ਅਮਰੀਕੀ ਜ਼ਿਲਾ ਅਦਾਲਤ ਦੁਆਰਾ 1 ਜੁਲਾਈ ਨੂੰ ਉਸ ਵਿਰੁੱਧ ਇੱਕ ਸੰਘੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ। ਏਜੰਸੀ ਲਾਰੈਂਸ ਬਿਸ਼ਨੋਈ ਸਮੂਹ ਨੂੰ ਇੱਕ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਮੰਨਦੀ ਹੈ ਜੋ ਮੂਲ ਰੂਪ ਵਿੱਚ ਭਾਰਤ ਦੇ ਪੰਜਾਬ ਰਾਜ ਵਿੱਚ ਪੈਦਾ ਹੋਇਆ ਸੀ ਅਤੇ ਕੈਲੀਫੋਰਨੀਆ ਅਤੇ ਹੋਰ ਥਾਵਾਂ 'ਤੇ ਅਪਰਾਧਕ ਗਤੀਵਿਧੀਆਂ ਵਿਚ ਸਰਗਰਮ ਹੈ। ਐਫ ਬੀ ਆਈ ਨੇ ਭਾਰਤੀ ਨਾਗਰਿਕਾਂ ਮੇਜਰ ਸਿੰਘ ਅਤੇ ਨਿਤੀਸ਼ ਕੌਸ਼ਲ ਨੂੰ ਵੀ ਜੱਗੂ ਭਗਵਾਨਪੁਰੀਆ ਸੰਗਠਿਤ ਅਪਰਾਧ ਸਮੂਹ ਨਾਲ ਕਥਿਤ ਸ਼ਮੂਲੀਅਤ ਲਈ ਸੂਚੀਬੱਧ ਕੀਤਾ ਹੈ। ਐਫ ਬੀ ਆਈ ਅਨੁਸਾਰ ਭਗਵਾਨਪੁਰੀਆ ਸਮੂਹ ਕਤਲ, ਅਗਵਾ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਜਬਰੀ ਵਸੂਲੀ, ਹਥਿਆਰਾਂ ਦੀ ਤਸਕਰੀ, ਮਨੀ ਲਾਂਡਰਿੰਗ ਅਤੇ ਮਨੁੱਖੀ ਤਸਕਰੀ ਦੇ ਮਾਮਲਿਆਂ ਵਿਚ ਸ਼ਾਮਲ ਹੈ।



ਭਾਰਤੀ ਨਾਗਰਿਕ ਅੰਮ੍ਰਿਤਪਾਲ ਸਿੰਘ ਨੂੰ 30 ਜੁਲਾਈ ਨੂੰ ਢਾਂਡਾ ਸਮੂਹ 'ਚ ਕਥਿਤ ਤੌਰ 'ਤੇ ਸ਼ਾਮਲ ਹੋਣ ਕਾਰਨ ਐਫ ਬੀ ਆਈ ਦੀ ਮੋਸਟ ਵਾਂਟਡ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ। ਏਜੰਸੀ ਨੇ ਕਿਹਾ ਕਿ ਇਹ ਸਮੂਹ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਸੰਗਠਨਾਂ ਲਈ ਕੋਕੀਨ ਅਤੇ ਮੈਥਾਮਫੇਟਾਮਾਈਨ ਸਪਲਾਈ ਕਰਦਾ ਸੀ। ਐਫ ਬੀ ਆਈ ਨੇ ਕਿਹਾ ਕਿ ਇੱਕ ਹੋਰ ਭਾਰਤੀ ਨਾਗਰਿਕ, ਹਰਮਨਵੀਰ ਸਿੰਘ, ਨੂੰ 23 ਜੁਲਾਈ ਨੂੰ ਕੈਲੀਫੋਰਨੀਆ ਦੇ ਸਟਾਕਟਨ ਵਿੱਚ ਢਾਂਡਾ ਸਮੂਹ ਨਾਲ ਜੁੜੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਹੋਣ ਕਾਰਨ ਗ੍ਰਿਫਤਾਰ ਕੀਤਾ ਗਿਆ ਸੀ੍ਰ ਅਮਰੀਕੀ ਨਿਆਂ ਵਿਭਾਗ ਨੇ ਓਪਰੇਸ਼ਨ ਹਾਰਡ ਬਾਲ ਤਹਿਤ 37 ਵਿਅਕਤੀਆਂ 'ਤੇ ਦੋਸ਼ ਲਗਾਏ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ ਅਧਿਕਾਰੀਆਂ ਨੇ ਤਿੰਨ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਸਮੂਹਾਂ ਨਾਲ ਜੁੜੇ 24 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨਾਂ ਵਿੱਚੋਂ 11 ਕੈਲੀਫੋਰਨੀਆ ਨਾਲ ਸਬੰਧਤ ਹਨ।

# ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਦੇ ਅਮਰੀਕਾ ਦਾਖ਼ਲੇ 'ਤੇ ਰੋਕ ਲਗਾਉਣ ਦੀ ਮੰਗ; ASCC), (SCCEC) (AGPC) ਨੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਲਿਖਿਆ ਪੱਤਰ

## ਮੈਡੀਸਨ ਸਕੁਏਅਰ ਗਾਰਡਨ ਵਿਖੇ ਤਜਵੀਜ਼ਤ ਪ੍ਰੋਗਰਾਮ ਦਾ ਵਿਰੋਧ; ਘੱਟ ਗਿਣਤੀਆਂ 'ਤੇ ਅੱਤਿਆਚਾਰਾਂ ਅਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਦਾ ਹਵਾਲਾ ਦੇ ਕੇ ਵੀਜ਼ਾ ਰੱਦ ਕਰਨ ਦੀ ਅਪੀਲ

ਵਾਸ਼ਿੰਗਟਨ ਡੀ.ਸੀ. (ਅਮਰੀਕਾ): ਅਮਰੀਕਾ ਦੀਆਂ ਪ੍ਰਮੁੱਖ ਸਿੱਖ ਜਥੇਬੰਦੀਆਂ ਵੱਲੋਂ ਰਾਸ਼ਟਰੀ ਸਵੈਮ ਸੇਵਕ ਸੰਘ (RSS) ਦੇ ਮੁਖੀ ਮੋਹਨ ਭਾਗਵਤ ਦੇ ਤਜਵੀਜ਼ਤ ਅਮਰੀਕਾ ਦੌਰੇ ਦਾ ਸਖ਼ਤ ਵਿਰੋਧ ਕਰਦਿਆਂ ਉਨ੍ਹਾਂ ਦੇ ਦਾਖ਼ਲੇ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਹੈ।

ਅਮਰੀਕਨ ਸਿੱਖ ਕਾਕਸ ਕਮੇਟੀ (ASCC), ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (SCCEC) ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਨੇ ਸਾਂਝੇ ਤੌਰ 'ਤੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ (Marco Rubio) ਨੂੰ ਇੱਕ ਰਸਮੀ ਪੱਤਰ ਭੇਜ ਕੇ ਮੋਹਨ ਭਾਗਵਤ ਦਾ ਵੀਜ਼ਾ ਰੱਦ ਕਰਨ ਅਤੇ ਉਨ੍ਹਾਂ ਦੇ ਅਮਰੀਕਾ ਵਿੱਚ ਦਾਖ਼ਲੇ 'ਤੇ ਤੁਰੰਤ ਰੋਕ ਲਗਾਉਣ ਦੀ ਅਪੀਲ ਕੀਤੀ ਹੈ।

**ਖ਼ਬਰ ਦੇ ਮੁੱਖ ਵੇਰਵੇ (Key Highlights):**

**ਨਿਊਯਾਰਕ 'ਚ ਤਜਵੀਜ਼ਤ ਸਮਾਗਮ ਦਾ ਵਿਰੋਧ:** ਜਾਰੀ ਪੱਤਰ ਅਨੁਸਾਰ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਅਗਸਤ ਦੇ ਅਖ਼ੀਰ ਵਿੱਚ ਅਮਰੀਕਾ ਦੇ ਦੌਰੇ 'ਤੇ ਆ ਰਹੇ ਹਨ, ਜਿਸ ਤਹਿਤ 29 ਅਗਸਤ ਨੂੰ ਨਿਊਯਾਰਕ ਦੇ ਮੈਡੀਸਨ ਸਕੁਏਅਰ ਗਾਰਡਨ (Madison Square Garden) ਵਿਖੇ ਇੱਕ ਵੱਡਾ ਜਨਤਕ ਸਮਾਗਮ ਤਜਵੀਜ਼ਤ ਹੈ। ਸਿੱਖ ਸੰਸਥਾਵਾਂ ਨੇ ਇਸ ਪ੍ਰੋਗਰਾਮ ਅਤੇ ਦੌਰੇ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ।

**ਧਾਰਮਿਕ ਘੱਟ ਗਿਣਤੀਆਂ 'ਤੇ ਵਿਤਕਰੇ ਦੇ ਦੋਸ਼:** ਚਿੱਠੀ ਵਿੱਚ ਦੋਸ਼ ਲਾਇਆ ਗਿਆ ਹੈ ਕਿ ਆਰ.ਐੱਸ.ਐੱਸ. ਅਤੇ ਇਸ ਨਾਲ ਜੁੜੇ ਸੰਗਠਨਾਂ ਦਾ ਰਿਕਾਰਡ ਭਾਰਤ ਵਿੱਚ ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਸਮੇਤ ਹੋਰ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਨਫ਼ਰਤ, ਵਿਤਕਰੇ ਅਤੇ ਜ਼ੁਲਮ ਨੂੰ ਉਤਸ਼ਾਹਿਤ ਕਰਨ ਵਾਲਾ ਰਿਹਾ ਹੈ। ਇਸ ਤੋਂ ਇਲਾਵਾ, ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੂੰ ਦਰਪੇਸ਼ ਸਰਹੱਦੋਂ ਪਾਰ ਦਮਨ (Transnational Repression) ਦਾ ਮੁੱਦਾ ਵੀ ਚੁੱਕਿਆ ਗਿਆ ਹੈ।

**USCIRF ਰਿਪੋਰਟਾਂ ਦਾ ਹਵਾਲਾ:** ਸਿੱਖ ਨੁਮਾਇੰਦਿਆਂ ਨੇ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ (USCIRF) ਦੀਆਂ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਮਰੀਕੀ ਅਧਿਕਾਰੀਆਂ ਨੇ ਪਹਿਲਾਂ ਵੀ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀ ਉਲੰਘਣਾ ਬਾਰੇ ਚਿੰਤਾ ਜਤਾਈ ਹੈ। ਅਜਿਹੇ ਹਾਲਾਤਾਂ ਵਿੱਚ ਅਜਿਹੀ ਵਿਚਾਰਧਾਰਾ ਵਾਲੇ ਆਗੂਆਂ ਨੂੰ ਅਮਰੀਕੀ ਧਰਤੀ 'ਤੇ ਕੂਟਨੀਤਕ ਜਾਂ ਜਨਤਕ ਮੰਚ ਮੁਹੱਈਆ ਨਹੀਂ ਕਰਵਾਉਣਾ ਚਾਹੀਦਾ।

**ਸਾਂਝੀ ਲੀਡਰਸ਼ਿਪ ਵੱਲੋਂ ਦਸਤਖ਼ਤ:** ਇਸ ਪੱਤਰ 'ਤੇ ਪ੍ਰਿਤਪਾਲ ਸਿੰਘ (ਕੋਆਰਡੀਨੇਟਰ, ASCC), ਹਿੰਮਤ ਸਿੰਘ (ਕੋਆਰਡੀਨੇਟਰ, SCCEC), ਗੁਰਦੇਵ ਸਿੰਘ ਕੰਗ/ਨੰਨਣ (ਕਾਰਜਕਾਰੀ ਪ੍ਰਧਾਨ, AGPC) ਅਤੇ ਹਰਜਿੰਦਰ ਸਿੰਘ (ਕਾਰਜਕਾਰੀ ਨਿਰਦੇਸ਼ਕ, ASCC) ਵੱਲੋਂ ਦਸਤਖ਼ਤ ਕੀਤੇ ਗਏ ਹਨ। ਸੰਗਠਨਾਂ ਨੇ ਵਿਦੇਸ਼ ਵਿਭਾਗ ਨੂੰ ਇਸ ਮਾਮਲੇ 'ਤੇ ਹੋਰ ਜ਼ਰੂਰੀ ਦਸਤਾਵੇਜ਼ੀ ਸਬੂਤ ਮੁਹੱਈਆ ਕਰਵਾਉਣ ਦੀ ਪੇਸ਼ਕਸ਼ ਵੀ ਕੀਤੀ ਹੈ।



**American Sikh Caucus Committee**
712 H St NE . Unit 614 , Washington , DC 2002
Email: info@sikhcaucus.org

August 20, 2026

The Honorable Marco Rubio

Secretary of State

US Department of State

Washington DC

Subject: Urgent request to Deny Entry to RSS Chief Mohan Bhagwat

Dear Honorable Secretary Rubio,

On behalf of the American Sikh Caucus Committee (ASCC), Sikh Coordination Committee East Coast (SCCEC), And American Gurdwara Parbandhak committee (AGPC ) we respectfully urge you to deny entry into the United States to Mohan Bhagwat, Sarsanghchalak (Chief) of the Rashtriya Swayamsevak Sangh (RSS). Mr. Bhagwat is scheduled to visit the United States beginning on or about August 25, 2026, including a major public event at Madison Square Garden in New York on August 29.

The RSS and its affiliated organizations have a long and well-documented record of promoting ideology and activities that have contributed to violence, discrimination, and persecution against religious minorities in India, including Sikhs, Muslims, and Christians. Sikh Americans continue to face transnational repression, intimidation, and threats linked to entities associated with the RSS and the Government of India.

Allowing the chief of the RSS to enter and be honored on U.S. soil would send a deeply troubling signal at a time when U.S. officials, including members of the U.S. Commission on International Religious Freedom (USCIRF) have publicly raised serious concerns about the RSS's role in freedom-of-religion violations. United States should not extend diplomatic courtesies or high-level access to leaders of organizations whose record includes documented harm to religious minorities.

The American Sikh Caucus Committee, Sikh Coordination Committee East Coast and America Gurdwara Parbandhak Committee (AGPC) who represent US Sikhs stand ready to provide any additional information or brief your staff as and if necessary on this matter. We deeply appreciate your longstanding leadership on issues of concern to Sikh Americans and your commitment to protecting the safety and rights of our community.

Pritpal Singh
Coordinator
American Sikh Caucus Committee

Himmat Singh
Coordinator
Sikh Coordination Committee East Coast

Gurdev Singh Nannan
Acting President
American Gurdwara Parbandhak Committee (AGPC),
on behalf of Gurdwaras across the United States

Thank you for your urgent attention to this matter.

With kindest Regards,

Harjinder Singh

Executive Director ASCC

### ਕੈਲੀਫੋਰਨੀਆ ਅਸੈਂਬਲੀ ਦਾ ਇਤਿਹਾਸਕ ਫ਼ੈਸਲਾ

# 8 ਨਵੰਬਰ ਨੂੰ ਮਨਾਇਆ ਜਾਵੇਗਾ ਦੀਵਾਲੀ ਦਿਵਸ



ਸੈਕਰਾਮੈਂਟੋ (ਅਮਰੀਕਾ): ਅਮਰੀਕਾ ਵਿੱਚ ਕੈਲੀਫ਼ੋਰਨੀਆ ਸਟੇਟ ਅਸੈਂਬਲੀ ਵੱਲੋਂ ਇੱਕ ਇਤਿਹਾਸਕ ਕਦਮ ਚੁੱਕਦਿਆਂ ਇਸ ਸਾਲ ਐਤਵਾਰ, 8 ਨਵੰਬਰ 2026 ਨੂੰ 'ਦੀਵਾਲੀ ਦਿਵਸ' (Diwali Day) ਵਜੋਂ ਮਨਾਉਣ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਹੈ। ਇਹ ਮਤਾ ਅਸੈਂਬਲੀ ਮੈਂਬਰਾਂ ਦਰਸ਼ਨਾ ਪਟੇਲ ਅਤੇ ਐਸ਼ ਕਾਲਰਾ ਵੱਲੋਂ ਪੇਸ਼ ਕੀਤਾ ਗਿਆ ਸੀ, ਜਿਸ ਰਾਹੀਂ ਸਟੇਟ ਦੇ ਸਮੂਹ ਨਾਗਰਿਕਾਂ ਨੂੰ ਇਸ ਖ਼ੁਸ਼ੀ ਦੇ ਤਿਉਹਾਰ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ।

ਇਹ ਇਤਿਹਾਸਕ ਮਤਾ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ, ਦੱਖਣੀ ਏਸ਼ੀਆਈ ਭਾਈਚਾਰੇ ਅਤੇ ਦੁਨੀਆ ਭਰ ਵਿੱਚ ਫੈਲੇ ਭਾਰਤੀ ਪ੍ਰਵਾਸੀਆਂ ਪ੍ਰਤੀ ਡੂੰਘਾ ਸਤਿਕਾਰ ਪ੍ਰਗਟ ਕਰਦਾ ਹੈ। ਮਤੇ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਕਿ ਦੀਵਾਲੀ ਭਾਰਤੀ ਅਮਰੀਕੀਆਂ ਅਤੇ ਦੱਖਣੀ ਏਸ਼ੀਆਈ ਅਮਰੀਕੀਆਂ ਲਈ ਇੱਕ ਬੇਹੱਦ ਮਹੱਤਵਪੂਰਨ ਤਿਉਹਾਰ ਹੈ, ਜਿਸ ਨੂੰ ਹਰ ਸਾਲ ਹਿੰਦੂ, ਸਿੱਖ, ਬੋਧ ਅਤੇ ਜੈਨ ਭਾਈਚਾਰੇ ਦੇ ਲੋਕਾਂ ਵੱਲੋਂ ਮਿਲ ਕੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਦੀਵਿਆਂ ਦੀ ਕਤਾਰ ਭਾਵ 'ਦੀਪਾਵਲੀ' ਦੁਨੀਆ ਦੇ ਸਭ ਤੋਂ ਪੁਰਾਣੇ ਤਿਉਹਾਰਾਂ ਵਿੱਚੋਂ ਇੱਕ ਹੈ, ਜੋ ਪਰਿਵਾਰਾਂ, ਦੋਸਤਾਂ ਅਤੇ ਵੱਖ-ਵੱਖ ਭਾਈਚਾਰਿਆਂ ਨੂੰ ਆਪਸੀ ਉਦਾਰਤਾ, ਏਕਤਾ, ਖ਼ੁਸ਼ੀ ਅਤੇ ਸ਼ੁਕਰਗੁਜ਼ਾਰੀ ਦੇ ਸੂਤਰ ਵਿੱਚ ਪਰੋਂਦਾ ਹੈ। 'ਰੋਸ਼ਨੀ ਦੇ ਤਿਉਹਾਰ' ਵਜੋਂ ਜਾਣੀ ਜਾਂਦੀ ਦਿਵਾਲੀ ਦੇ ਸ਼ੁਭ ਮੌਕੇ 'ਤੇ ਲੋਕ ਆਪਣੇ ਘਰਾਂ ਨੂੰ ਮੋਮਬੱਤੀਆਂ, ਦੀਵਿਆਂ ਅਤੇ ਮਿੱਟੀ ਦੇ ਦੀਵਿਆਂ ਨਾਲ ਰੋਸ਼ਨ ਕਰਦੇ ਹਨ ਅਤੇ ਚੰਗੀ ਸਿਹਤ, ਗਿਆਨ, ਸ਼ਾਂਤੀ ਤੇ ਖ਼ੁਸ਼ਹਾਲੀ ਦੀ ਕਾਮਨਾ ਕਰਦੇ ਹਨ। ਮਤੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਦੀਵਾਲੀ ਬਦੀ 'ਤੇ ਨੇਕੀ ਦੀ ਜਿੱਤ ਅਤੇ ਨਕਾਰਾਤਮਕਤਾ ਤੋਂ ਮੁਕਤੀ ਦਾ ਪ੍ਰਤੀਕ ਹੈ, ਜੋ ਸਾਨੂੰ ਹਰ ਤਰ੍ਹਾਂ ਦੀਆਂ ਚੁਣੌਤੀਆਂ ਦੇ ਬਾਵਜੂਦ ਨਿਮਰਤਾ ਅਤੇ ਦਿਆਲਤਾ ਬਣਾਈ ਰੱਖਣ ਦੀ ਪ੍ਰੇਰਨਾ ਦਿੰਦੀ ਹੈ।

# ਅਮਰੀਕਾ 2 ਲੱਖ ਵਿਦੇਸ਼ੀਆਂ ਦੇ ਵੀਜ਼ੇ ਕਰੇਗਾ ਰੱਦ

### ਇਤਿਹਾਸ 'ਚ ਪਹਿਲੀ ਵਾਰ ਇੰਨੀ ਵੱਡੀ ਗਿਣਤੀ 'ਚ ਵੀਜ਼ੇ ਹੋਣਗੇ ਕੈਂਸਲ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ 200,000 ਵਿਦੇਸ਼ੀ ਨਾਗਰਿਕਾਂ ਦੇ ਬਿਜ਼ਨੈੱਸ ਅਤੇ ਟੂਰਿਸਟ ਵੀਜ਼ੇ ਰੱਦ ਕਰਨ ਦੀ ਤਿਆਰੀ ਕਰ ਰਿਹਾ ਹੈ, ਜਿਨ੍ਹਾਂ ਨੇ ਦੇਸ਼ ਵਿੱਚ ਸ਼ਰਣ ਲਈ ਅਰਜ਼ੀ ਦਿੱਤੀ ਹੈ ਜਾਂ ਵਰਤਮਾਨ ਵਿੱਚ ਅਰਜ਼ੀ ਦੇਣ ਦੀ ਪ੍ਰਕਿਰਿਆ ਵਿੱਚ ਹਨ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਅਮਰੀਕੀ ਇਤਿਹਾਸ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਵੀਜ਼ੇ ਰੱਦ ਕਰਨ ਦੀ ਸਭ ਤੋਂ ਵੱਡੀ ਕਾਰਵਾਈ ਹੋਵੇਗੀ ਅਤੇ ਇਸ ਨੂੰ ਲੈ ਕੇ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸੰਭਾਵਨਾ ਹੈ।

ਅਮਰੀਕੀ ਵਿਦੇਸ਼ ਵਿਭਾਗ ਦੇ ਦਸਤਾਵੇਜ਼ਾਂ ਅਤੇ ਦੋ ਅਮਰੀਕੀ ਅਧਿਕਾਰੀਆਂ ਦੇ ਅਨੁਸਾਰ ਜੇਕਰ ਇਸ ਫੈਸਲੇ ਨੂੰ ਚੁਣੌਤੀ ਨਾ ਦਿੱਤੀ ਗਈ ਜਾਂ ਸੋਧਿਆ ਨਹੀਂ ਗਿਆ ਤਾਂ ਵਿਦੇਸ਼ ਵਿਭਾਗ ਆਉਣ ਵਾਲੇ ਹਫ਼ਤਿਆਂ ਵਿੱਚ 2016 ਅਤੇ 2026 ਦੇ ਵਿਚਕਾਰ ਜਾਰੀ ਕੀਤੇ ਗਏ 21 ਅਤੇ 22 ਵੀਜ਼ਿਆਂ ਨੂੰ ਰੱਦ ਕਰਨ ਦਾ ਐਲਾਨ ਕਰ ਸਕਦਾ ਹੈ। ਇਸ ਵਿੱਚ ਉਹ ਵੀਜ਼ਾ ਧਾਰਕ ਸ਼ਾਮਲ ਹੋਣਗੇ ਜਿਨ੍ਹਾਂ ਨੇ ਅਮਰੀਕਾ ਵਿੱਚ ਸ਼ਰਣ ਲਈ ਅਰਜ਼ੀ ਦਿੱਤੀ ਹੈ ਜਾਂ ਵਰਤਮਾਨ ਵਿੱਚ ਮੰਗ ਰਹੇ ਹਨ। ਇਹ ਕਾਰਵਾਈ ਗ੍ਰਹਿ ਸੁਰੱਖਿਆ ਵਿਭਾਗ (DHS) ਨਾਲ ਤਾਲਮੇਲ ਨਾਲ ਕੀਤੀ ਜਾਵੇਗੀ। 21 ਵੀਜ਼ੇ ਆਮ ਤੌਰ 'ਤੇ ਵਪਾਰਕ ਯਾਤਰਾ ਲਈ ਜਾਰੀ ਕੀਤੇ ਜਾਂਦੇ ਹਨ, ਜਦੋਂ ਕਿ 22 ਵੀਜ਼ੇ ਸੈਰ-ਸਪਾਟਾ, ਪਰਿਵਾਰ ਨੂੰ ਮਿਲਣ ਜਾਂ ਡਾਕਟਰੀ ਇਲਾਜ ਲਈ ਜਾਰੀ ਕੀਤੇ ਜਾਂਦੇ ਹਨ। ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਪਿਗੋਟ ਨੇ ਕਿਹਾ, 'ਅਸੀਂ DHS ਨਾਲ ਤਾਲਮੇਲ ਵਿੱਚ ਕੰਮ ਕਰ ਰਹੇ ਹਾਂ ਤਾਂ ਜੋ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਦੇ ਗੈਰ-ਪ੍ਰਵਾਸੀ ਵੀਜ਼ਿਆਂ ਦੀ ਪਛਾਣ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਰੱਦ



ਕੀਤਾ ਜਾ ਸਕੇ ਜੋ ਥੋੜ੍ਹੇ ਸਮੇਂ ਦੇ ਸੈਲਾਨੀਆਂ ਵਜੋਂ ਸੰਯੁਕਤ ਰਾਜ ਅਮਰੀਕਾ ਵਿੱਚ ਦਾਖਲ ਹੋਏ ਸਨ ਪਰ ਬਾਅਦ ਵਿੱਚ ਇੱਥੇ ਸਥਾਈ ਤੌਰ 'ਤੇ ਰਹਿਣ ਲਈ ਸ਼ਰਣ ਲਈ ਅਰਜ਼ੀ ਦਿੰਦੇ ਹਨ।' ਉਨ੍ਹਾਂ ਨੇ ਵੀਜ਼ਾ ਰੱਦ ਕਰਨ ਦੀ ਸੰਭਾਵੀ ਗਿਣਤੀ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ, ਇਹ ਕਹਿੰਦੇ ਹੋਏ, 'ਜਿਵੇਂ ਕਿ ਇਹ ਪ੍ਰਕਿਰਿਆ ਜਾਰੀ ਰਹੇਗੀ, ਰੱਦ ਕੀਤੇ ਗਏ ਵੀਜ਼ਿਆਂ ਦੀ ਗਿਣਤੀ ਵੱਖ-ਵੱਖ ਹੋਵੇਗੀ ਅਤੇ ਪੜਾਅਵਾਰ ਕੀਤੀ ਜਾਵੇਗੀ।'

ਅਧਿਕਾਰੀਆਂ ਨੇ ਕਿਹਾ ਕਿ ਵੀਜ਼ਾ ਰੱਦ ਕਰਨ ਦਾ ਮਤਲਬ ਜ਼ਰੂਰੀ ਨਹੀਂ ਹੈ ਕਿ ਸਬੰਧਤ ਲੋਕਾਂ ਨੂੰ ਤੁਰੰਤ ਦੇਸ਼ ਨਿਕਾਲਾ ਦੇ ਦਿੱਤਾ ਜਾਵੇਗਾ। ਅਧਿਕਾਰੀਆਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਬੋਲਦਿਆਂ ਕਿਹਾ ਕਿ ਜ਼ਿਆਦਾਤਰ ਜਿਨ੍ਹਾਂ ਦੇ ਸ਼ਰਣ ਦੇ ਮਾਮਲੇ ਇਸ ਸਮੇਂ ਲੰਬਿਤ ਹਨ, ਉਨ੍ਹਾਂ ਨੂੰ ਦੁਬਾਰਾ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ, ਪਰ ਉਹ ਕਾਰੋਬਾਰੀ ਜਾਂ ਸੈਲਾਨੀ ਯਾਤਰੀਆਂ ਵਜੋਂ ਆਪਣਾ ਵੀਜ਼ਾ ਦਰਜਾ ਗੁਆ ਦੇਣਗੇ। ਪਿਛਲੇ ਸਾਲ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਲਈ ਅਹੁਦਾ ਸੰਭਾਲਣ ਤੋਂ ਬਾਅਦ, ਉਨ੍ਹਾਂ ਦੇ ਪ੍ਰਸ਼ਾਸਨ ਨੇ ਵੀਜ਼ਾ ਬਿਨੈਕਾਰਾਂ 'ਤੇ ਲਗਾਤਾਰ ਪਾਬੰਦੀਆਂ ਸਖ਼ਤ ਕੀਤੀਆਂ ਹਨ। ਇਨ੍ਹਾਂ ਵਿੱਚ ਬਿਨੈਕਾਰਾਂ ਨੂੰ ਉਨ੍ਹਾਂ ਦੇ ਸੋਸ਼ਲ ਮੀਡੀਆ ਇਤਿਹਾਸ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ, ਉਨ੍ਹਾਂ ਨੂੰ ਵੀਜ਼ਾ ਪ੍ਰਕਿਰਿਆ ਲਈ ਮਹਿੰਗੇ ਬਾਂਡ ਜਮ੍ਹਾਂ ਕਰਾਉਣ ਦੀ ਲੋੜ, ਅਤੇ ਕੁਝ ਦੇਸ਼ਾਂ ਦੇ ਨਾਗਰਿਕਾਂ ਲਈ ਵੀਜ਼ਾ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣਾ ਸ਼ਾਮਲ ਹੈ।

ਸੋਮਵਾਰ ਨੂੰ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਡਿਪਟੀ ਸੈਕਟਰੀ ਆਫ਼ ਸਟੇਟ ਕ੍ਰਿਸਟੋਫਰ ਲੈਂਡੌ ਨੇ ਉਨ੍ਹਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜਿਨ੍ਹਾਂ ਨੇ ਕਿਹਾ ਕਿ ਉਹ ਅਮਰੀਕਾ ਵਿੱਚ ਦਾਖਲ ਹੋਣ ਲਈ ਸੈਲਾਨੀ ਅਤੇ ਵਪਾਰਕ ਵੀਜ਼ਿਆਂ ਦੀ ਵਰਤੋਂ ਕਰਦੇ ਹਨ ਅਤੇ ਫਿਰ ਸ਼ਰਣ ਲਈ ਅਰਜ਼ੀ ਦਿੰਦੇ ਹਨ। ਵਰਤਮਾਨ ਵਿੱਚ, 21 ਅਤੇ 22 ਵੀਜ਼ਾ ਲਈ ਬਿਨੈਕਾਰਾਂ ਨੂੰ ਇਹ ਪੁਸ਼ਟੀ ਕਰਨ ਲਈ ਕਿਹਾ ਜਾਂਦਾ ਹੈ ਕਿ ਉਹ ਅਮਰੀਕਾ ਵਿੱਚ ਸ਼ਰਣ ਲਈ ਅਰਜ਼ੀ ਨਹੀਂ ਦੇਣਗੇ। ਉਹਨਾਂ ਨੂੰ ਆਪਣੇ ਦੇਸ਼ ਵਾਪਸ ਜਾਣ ਦੇ ਆਪਣੇ ਇਰਾਦੇ ਨੂੰ ਵੀ ਸਾਬਤ ਕਰਨਾ ਪਵੇਗਾ। ਪਿਛਲੇ 18 ਮਹੀਨਿਆਂ ਵਿੱਚ ਵਿਦੇਸ਼ ਵਿਭਾਗ ਨੇ ਲਗਭਗ 175,000 ਵੀਜ਼ੇ ਰੱਦ ਕਰ ਦਿੱਤੇ ਹਨ। ਇਹਨਾਂ ਵਿੱਚ ਸ਼ਰਾਬ ਪੀ ਕੇ ਗੱਡੀ ਚਲਾਉਣ ਤੋਂ ਲੈ ਕੇ ਬਲਾਤਕਾਰ ਅਤੇ ਡਕੈਤੀ ਤੱਕ ਦੇ ਅਪਰਾਧਾਂ ਦੇ ਦੋਸ਼ੀ ਜਾਂ ਦੋਸ਼ੀ ਵਿਅਕਤੀ ਸ਼ਾਮਲ ਹਨ। ਉਨ੍ਹਾਂ ਵਿਅਕਤੀਆਂ ਦੇ ਵੀਜ਼ੇ ਵੀ ਰੱਦ ਕਰ ਦਿੱਤੇ ਗਏ ਹਨ ਜਿਨ੍ਹਾਂ ਨੇ ਜਨਤਕ ਤੌਰ 'ਤੇ ਅਮਰੀਕੀ ਨੀਤੀਆਂ ਦੇ ਵਿਰੁੱਧ ਆਵਾਜ਼ ਉਠਾਈ ਹੈ, ਖਾਸ ਕਰਕੇ ਮੱਧ ਪੂਰਬ ਨਾਲ ਸਬੰਧਤ। ਟਰੰਪ ਪ੍ਰਸ਼ਾਸਨ ਨੇ ਜਨਮ ਸੈਰ-ਸਪਾਟੇ 'ਤੇ ਵੀ ਆਪਣੀ ਸਖ਼ਤੀ ਤੇਜ਼ ਕਰ ਦਿੱਤੀ ਹੈ, ਜਿੱਥੇ ਗਰਭਵਤੀ ਔਰਤਾਂ ਜਨਮ ਦੇਣ ਅਤੇ ਨਾਗਰਿਕਤਾ ਪ੍ਰਾਪਤ ਕਰਨ ਲਈ ਅਮਰੀਕਾ ਦੀ ਯਾਤਰਾ ਕਰਦੀਆਂ ਹਨ।

### 40 ਟ੍ਰਿਲੀਅਨ ਡਾਲਰ ਦਾ ਕਰਜ਼ਾ ਚਿੰਤਾਜਨਕ

# ਇਰਾਨ ਜੰਗ ਤੇ ਕੈਨੇਡਾ ਟੈਰਿਫ਼ ਵਿਵਾਦ ਮਹਿੰਗਾਈ ਹੋਰ ਵਧਾ ਸਕਦੇ ਹਨ : ਨੀਲ ਕਸ਼ਕਾਰੀ

ਨਿਊਯਾਰਕ : ਮਿਨੀਐਪੋਲਿਸ ਫੈਡਰਲ ਰਿਜ਼ਰਵ ਬੈਂਕ ਦੇ ਪ੍ਰਧਾਨ ਨੀਲ ਕਸ਼ਕਾਰੀ ਨੇ ਅਮਰੀਕੀ ਅਰਥਵਿਵਸਥਾ ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਦੇਸ਼ ਦਾ ਸਰਕਾਰੀ ਕਰਜ਼ਾ 40 ਟ੍ਰਿਲੀਅਨ ਡਾਲਰ ਤੱਕ ਪਹੁੰਚ ਚੁੱਕਾ ਹੈ। ਭਾਵੇਂ ਇਸ ਵੇਲੇ ਵਿੱਤੀ ਬਾਜ਼ਾਰ ਵਿਚ ਕਿਸੇ ਤੁਰੰਤ ਸੰਕਟ ਦੇ ਸੰਕੇਤ ਨਹੀਂ ਹਨ, ਪਰ ਕਰਜ਼ਾ ਲਗਾਤਾਰ ਵਧਣ ਦੀ ਮੌਜੂਦਾ ਰਫ਼ਤਾਰ ਲੰਬੇ ਸਮੇਂ ਲਈ ਠੀਕ ਨਹੀਂ ਹੈ। ਕਸ਼ਕਾਰੀ ਮੁਤਾਬਕ ਅਮਰੀਕੀ ਸਰਕਾਰ ਦੇ 10 ਸਾਲਾ ਬਾਂਡ ਦੀ ਵਿਆਜ ਦਰ ਕਰੀਬ 4.7 ਫ਼ੀਸਦੀ ਹੈ। ਇਹ ਹਾਲੀਆ ਸਾਲਾਂ ਦੇ ਮੁਕਾਬਲੇ ਉੱਚੀ ਜ਼ਰੂਰ ਹੈ, ਪਰ ਪਿਛਲੇ ਦਹਾਕਿਆਂ ਦੇ ਪੱਧਰ ਨੂੰ ਦੇਖਦਿਆਂ ਅਸਾਧਾਰਨ ਨਹੀਂ ਮੰਨੀ ਜਾ ਸਕਦੀ। ਉਨ੍ਹਾਂ ਸਪੱਸ਼ਟ ਕੀਤਾ ਕਿ ਬਾਂਡ ਬਾਜ਼ਾਰ ਆਮ ਢੰਗ ਨਾਲ ਕੰਮ ਕਰ ਰਿਹਾ ਹੈ ਅਤੇ ਫ਼ਿਲਹਾਲ ਕਿਸੇ ਵੱਡੀ ਵਿੱਤੀ ਗੜਬੜ ਦੇ ਸੰਕੇਤ ਨਹੀਂ ਮਿਲੇ। ਉਨ੍ਹਾਂ ਕਿਹਾ ਕਿ ਬਾਂਡ ਦਰਾਂ 'ਤੇ ਸਿਰਫ਼ ਮਹਿੰਗਾਈ ਹੀ ਨਹੀਂ, ਸਗੋਂ ਸਰਕਾਰੀ ਉਧਾਰੀ, ਆਰਥਿਕ ਵਿਕਾਸ, ਉਤਪਾਦਕਤਾ ਅਤੇ ਆਰਟੀਫ਼ ?ਸ਼ਲ ਇੰਟੈਲੀਜੈਂਸ ਵਿਚ ਹੋ ਰਿਹਾ ਨਿਵੇਸ਼ ਵੀ ਅਸਰ ਪਾਉਂਦਾ ਹੈ। ਕਰਜ਼ੇ ਤੇ ਬਜਟ ਘਾਟੇ ਨੂੰ ਕਾਬੂ ਕਰਨ ਲਈ ਵ ?ਹਾਈਟ ਹਾਊਸ, ਖ਼ਜ਼ਾਨਾ ਵਿਭਾਗ ਅਤੇ ਕਾਂਗਰਸ ਨੂੰ ਮਿਲ ਕੇ ਠੋਸ ਯੋਜਨਾ ਬਣਾਉਣੀ ਪਵੇਗੀ। ਫੈਡਰਲ ਰਿਜ਼ਰਵ ਦਾ ਮੁੱਖ ਕੰਮ ਮਹਿੰਗਾਈ ਨੂੰ ਦੋ ਫ਼ੀਸਦੀ ਦੇ ਟੀਚੇ ਤੱਕ ਲਿਆਉਣਾ ਹੈ। ਕਸ਼ਕਾਰੀ ਨੇ ਕਿਹਾ ਕਿ ਅਮਰੀਕਾ ਪਿਛਲੇ ਪੰਜ ਸਾਲਾਂ ਤੋਂ ਮਹਿੰਗਾਈ ਦੇ ਦਬਾਅ ਹੇਠ ਹੈ। ਇਰਾਨ ਨਾਲ ਚੱਲ ਰਹੇ ਟਕਰਾਅ ਕਾਰਨ ਊਰਜਾ ਕੀਮਤਾਂ ਪ੍ਰਭਾਵਿਤ ਹੋ ਰਹੀਆਂ ਹਨ। ਤੇਲ ਅਤੇ ਗੈਸ ਮਹਿੰਗੇ ਹੋਣ ਦਾ ਅਸਰ ਆਵਾਜਾਈ, ਉਤਪਾਦਨ ਅਤੇ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਤੱਕ ਪਹੁੰਚਦਾ ਹੈ। ਜੇ



ਟਕਰਾਅ ਲੰਬਾ ਚੱਲਿਆ ਤਾਂ ਮਹਿੰਗਾਈ ਨੂੰ ਕਾਬੂ ਕਰਨਾ ਹੋਰ ਮੁਸ਼ਕਲ ਹੋ ਸਕਦਾ ਹੈ। ਕੈਨੇਡਾ ਨਾਲ ਵਧਦੇ ਟੈਰਿਫ਼ ਵਿਵਾਦ ਬਾਰੇ ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵੱਲੋਂ ਇੱਕ-ਦੂਜੇ ਦੇ ਸਮਾਨ 'ਤੇ ਲਗਾਤਾਰ ਨਵੇਂ ਟੈਰਿਫ਼ ਲਾਉਣ ਨਾਲ ਵਪਾਰਕ ਅਨਿਸ਼ਚਿਤਤਾ ਵਧੇਗੀ। ਇਸ ਦਾ ਸਿੱਧਾ ਬੋਝ ਕਾਰੋਬਾਰਾਂ ਅਤੇ ਆਮ ਖ਼ਪਤਕਾਰਾਂ 'ਤੇ ਪੈ ਸਕਦਾ ਹੈ। ਉਨ੍ਹਾਂ ਮੁਤਾਬਕ ਵਪਾਰਕ ਹਾਲਾਤ ਸਥਿਰ ਹੋਣ ਤੋਂ ਬਾਅਦ ਹੀ ਕਾਰੋਬਾਰ ਨਵੀਆਂ ਨੀਤੀਆਂ ਅਨੁਸਾਰ ਆਪਣੀਆਂ ਯੋਜਨਾਵਾਂ ਬਣਾ ਸਕਣਗੇ ਅਤੇ ਕੀਮਤਾਂ 'ਤੇ ਪੈ ਰਿਹਾ ਦਬਾਅ ਘਟੇਗਾ। ਵਿਆਜ ਦਰਾਂ ਬਾਰੇ ਕਸ਼ਕਾਰੀ ਨੇ ਕਿਹਾ ਕਿ ਮਹਿੰਗਾਈ ਕਾਬੂ ਵਿੱਚ ਨਾ ਆਉਣ 'ਤੇ ਦਰਾਂ ਵਿੱਚ ਚੌਥਾਈ ਫ਼ੀਸਦੀ ਵਾਧੇ ਦੀ ਲੋੜ ਪੈ ਸਕਦੀ ਹੈ। ਹਾਲਾਂਕਿ ਅਗਲਾ ਫ਼ੈਸਲਾ ਨਵੇਂ ਆਰਥਿਕ ਅੰਕੜਿਆਂ ਦੀ ਸਮੀਖਿਆ ਤੋਂ ਬਾਅਦ ਹੀ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਮਰੀਕੀ ਅਰਥਵਿਵਸਥਾ ਸਾਹਮਣੇ ਤੁਰੰਤ ਸੰਕਟ ਨਹੀਂ, ਪਰ ਵਧਦਾ ਕਰਜ਼ਾ, ਇਰਾਨ ਟਕਰਾਅ ਅਤੇ ਕੈਨੇਡਾ ਨਾਲ ਟੈਰਿਫ਼ ਜੰਗ ਅਜਿਹੀਆਂ ਚੁਣੌਤੀਆਂ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

# ਸਿੱਖਾਂ 'ਤੇ ਵਧਦੇ ਨਸਲੀ ਹਮਲਿਆਂ 'ਤੇ ਮੇਅਰ ਸਵਰਨਜੀਤ ਸਿੰਘ ਖਾਲਸਾ ਨੇ ਜਤਾਈ ਚਿੰਤਾ ! ਕੀਤੀ ਕਾਰਵਾਈ ਦੀ ਮੰਗ

ਨੌਰਵਿਚ : ਅਮਰੀਕਾ ਦੇ ਕਨੈਕਟੀਕਟ 'ਚ ਪੈਂਦੇ ਨੌਰਵਿਚ ਦੇ ਪਹਿਲੇ ਸਿੱਖ ਮੇਅਰ ਸਵਰਨਜੀਤ ਸਿੰਘ ਖਾਲਸਾ ਨੇ ਅਮਰੀਕਾ 'ਚ ਸਿੱਖ ਭਾਈਚਾਰੇ ਖ਼ਿਲਾਫ਼ ਵਧ ਰਹੀਆਂ ਨਫ਼ਰਤੀ ਘਟਨਾਵਾਂ ਅਤੇ ਅੰਕੜਿਆਂ ਦੀ ਅਸਲੀਅਤ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟਾਈ ਹੈ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (FBI) ਵੱਲੋਂ ਜਾਰੀ ਅੰਕੜਿਆਂ ਨੂੰ ਜ਼ਮੀਨੀ ਹਕੀਕਤ ਦਾ ਮਹਿਜ਼ ਇੱਕ ਛੋਟਾ ਹਿੱਸਾ ਦੱਸਦਿਆਂ ਮੇਅਰ ਖਾਲਸਾ ਨੇ ਪ੍ਰਸ਼ਾਸਨਿਕ ਨੀਤੀਆਂ ਅਤੇ ਭਾਈਚਾਰਕ ਚੁਣੌਤੀਆਂ ਦੋਵਾਂ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਵਿਕਸਤ ਲੋਕਤੰਤਰਾਂ 'ਚ ਵੀ ਘੱਟ-ਗਿਣਤੀਆਂ ਦੀ ਸੁਰੱਖਿਆ ਸਿਰਫ਼ ਕਾਗਜ਼ੀ ਦਾਅਵਿਆਂ ਨਾਲ ਯਕੀਨੀ ਨਹੀਂ ਬਣਾਈ ਜਾ ਸਕਦੀ।

ਉਨ੍ਹਾਂ ਕਿਹਾ ਕਿ ਜ਼ਮੀਨੀ ਪੱਧਰ 'ਤੇ ਵੱਡੀ ਗਿਣਤੀ 'ਚ ਘਟਨਾਵਾਂ ਦਾ ਰਿਪੋਰਟ ਨਾ ਹੋਣਾ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਹੈ। ਅੰਗਰੇਜ਼ੀ ਭਾਸ਼ਾ ਦੀ ਰੁਕਾਵਟ, ਅਮਰੀਕੀ ਕਾਨੂੰਨੀ ਪ੍ਰਣਾਲੀ ਦੀ ਪੇਚੀਦਗੀ ਅਤੇ ਪੁਲਸ ਕਾਰਵਾਈ 'ਚ ਭਰੋਸੇ ਦੀ ਘਾਟ ਕਾਰਨ ਬਹੁਤੇ ਪੀੜਤ ਸ਼ਿਕਾਇਤ ਦਰਜ ਕਰਵਾਉਣ ਤੋਂ ਕੰਨੀ ਕਤਰਾਉਂਦੇ ਹਨ। ਰੋਜ਼ ਦੇ ਜੀਵਨ ਵਿੱਚ ਝੱਲਣੀ ਪੈਂਦੀਆਂ ਘਟੀਆ ਨਫਰਤੀ ਅਤੇ ਨਸਲੀ ਟਿੱਪਣੀਆਂ ਨੂੰ ਅਣਗੌਲਿਆਂ ਕਰਨ ਦਾ ਰੁਝਾਨ ਅਪਰਾਧੀਆਂ ਦੇ ਹੌਸਲੇ ਹੋਰ ਬੁਲੰਦ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਖ਼ਾਸ ਤੌਰ 'ਤੇ ਸੋਸ਼ਲ ਮੀਡੀਆ ਦੇ ਪ੍ਰਚਾਰ ਕਾਰਨ ਮਿਹਨਤਕਸ਼ ਸਿੱਖ ਟਰੱਕ ਡਰਾਈਵਰਾਂ ਨੂੰ ਨਿਸ਼ਾਨਾ ਬਣਾਇਆ ਜਾਣਾ ਪ੍ਰਸ਼ਾਸਨਿਕ ਢਿੱਲ ਦਾ ਸਬੂਤ ਹੈ। ਇੱਕ ਪਾਸੇ ਜਿੱਥੇ ਟਰੰਪ ਪ੍ਰਸ਼ਾਸਨ ਵੱਲੋਂ ਨਫ਼ਰਤੀ ਅਪਰਾਧਾਂ ਖ਼ਿਲਾਫ਼ 'ਜ਼ੀਰੋ ਟਾਲਰੈਂਸ' ਦਾ ਦਾਅਵਾ ਕੀਤਾ



ਜਾ ਰਿਹਾ ਹੈ, ਉੱਥੇ ਹੀ ਘੱਟ-ਗਿਣਤੀਆਂ ਖ਼ਾਸ ਕਰ ਕੇ ਸਿੱਖਾਂ ਦੀ ਸੁਰੱਖਿਆ ਅਤੇ ਕਮਿਊਨਿਟੀ ਸੰਪਰਕ ਬਜਟ ਵਿੱਚ ਕਟੌਤੀਆਂ ਇਹਨਾਂ ਦਾਅਵਿਆਂ ਦੇ ਉਲਟ ਹਨ।

ਮੇਅਰ ਖਾਲਸਾ ਨੇ ਅਪੀਲ ਕਰਦਿਆਂ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਥਾਨਕ ਸਿੱਖ ਆਗੂ ਪੁਲਸ ਵਿਭਾਗਾਂ, ਮੇਅਰਾਂ ਅਤੇ ਜ਼ਿਲ੍ਹਾ ਅਟਾਰਨੀ ਦਫ਼ਤਰਾਂ ਨਾਲ ਨਿਰੰਤਰ ਰਾਬਤਾ ਰੱਖਣ। ਉਨ੍ਹਾਂ ਕਿਹਾ ਕਿ ਵਿਦਿਅਕ ਅਦਾਰਿਆਂ ਅਤੇ ਜਨਤਕ ਪਲੇਟਫਾਰਮਾਂ ਰਾਹੀਂ ਸਿੱਖ ਸਿਧਾਂਤਾਂ, ਲੰਗਰ ਅਤੇ ਸੇਵਾ ਭਾਵਨਾ ਬਾਰੇ ਜਾਣਕਾਰੀ ਵੰਡੀ ਜਾਵੇ। ਨੌਜਵਾਨ ਸਿੱਖ ਪੀੜ੍ਹੀ ਮੁੱਖ ਧਾਰਾ ਦੀ ਸਿਆਸਤ, ਨਿਆਂ ਪ੍ਰਣਾਲੀ ਅਤੇ ਪ੍ਰਸ਼ਾਸਨਿਕ ਖੇਤਰਾਂ ਵਿੱਚ ਸਰਗਰਮ ਭੂਮਿਕਾ ਨਿਭਾਵੇ।

ਉਨ੍ਹਾਂ ਕਿਹਾ ਕਿ ਕਿਸੇ ਵੀ ਨਾਗਰਿਕ ਨੂੰ ਉਸ ਦੀ ਦਿੱਖ ਜਾਂ ਧਰਮ ਕਰ ਕੇ ਨਿਸ਼ਾਨਾ ਬਣਾਇਆ ਜਾਣਾ ਅਮਰੀਕਨ ਸੰਵਿਧਾਨਕ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਹੈ। ਜੇਕਰ ਸਮਾਂ ਰਹਿੰਦੇ ਨਫ਼ਰਤੀ ਅਨਸਰਾਂ 'ਤੇ ਕਾਨੂੰਨੀ ਸ਼ਿਕੰਜਾ ਨਾ ਕੱਸਿਆ ਗਿਆ ਅਤੇ ਜ਼ਮੀਨੀ ਨੀਤੀਆਂ ਵਿੱਚ ਸੁਧਾਰ ਨਾ ਹੋਇਆ, ਤਾਂ ਇਹ ਰੁਝਾਨ ਸਮੁੱਚੇ ਸਮਾਜਿਕ ਤਾਣੇ-ਬਾਣੇ ਲਈ ਵੱਡਾ ਖ਼ਤਰਾ ਬਣ ਜਾਵੇਗਾ।

ਜ਼ਿਕਰਯੋਗ ਹੈ ਕਿ ਸਵਰਨਜੀਤ ਸਿੰਘ ਖ਼ਾਲਸਾ ਨੂੰ ਅਮਰੀਕਾ 'ਚ ਮਨੁੱਖੀ ਅਧਿਕਾਰਾਂ, ਨਾਗਰਿਕ ਹੱਕਾਂ ਅਤੇ ਸਿੱਖ ਜਾਗਰੂਕਤਾ ਲਈ ਸਰਕਾਰੀ ਅਦਾਰਿਆਂ ਅਤੇ ਸੰਵਿਧਾਨਕ ਨੁਮਾਇੰਦਿਆਂ ਵੱਲੋਂ ਪ੍ਰਮੁੱਖ ਅਵਾਰਡ ਅਤੇ ਸਨਮਾਨ-ਪੱਤਰ ਮਿਲ ਚੁੱਕੇ ਹਨ। 2018 ਦੌਰਾਨ ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਨਫ਼ਰਤੀ ਅਪਰਾਧਾਂ ਦੀ ਰੋਕਥਾਮ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਪੁਲ ਬਣਾਉਣ ਅਤੇ ਨਾਗਰਿਕ ਅਧਿਕਾਰਾਂ ਦੀ ਰਾਖੀ ਲਈ FBI ਡਾਇਰੈਕਟਰਜ਼ ਕਮਿਊਨਿਟੀ ਲੀਡਰਸ਼ਿਪ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਤੋਂ ਬਾਅਦ 2016-2019 ਦੌਰਾਨ ਅਮਰੀਕੀ ਕਾਂਗਰਸਮੈਨ ਜੋਅ ਕੋਰਟਨੀ ਅਤੇ ਫੈਡਰਲ ਨੁਮਾਇੰਦਿਆਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਵਕਾਲਤ ਅਤੇ ਸਮਾਜਿਕ ਨਿਆਂ ਲਈ ਉਨ੍ਹਾਂ ਨੂੰ ਵਿਸ਼ੇਸ਼ ਪ੍ਰਸ਼ੰਸਾ-ਪੱਤਰ ਦਿਤਾ ਸੀ। 2015, 2017 ਅਤੇ 2019 'ਚ ਕਨੈਕਟੀਕਟ ਸੂਬੇ ਦੀ ਸੈਨੇਟ ਅਤੇ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਵੱਲੋਂ ਸਿੱਖ ਜਾਗਰੂਕਤਾ, ਨਸਲਵਾਦ ਵਿਰੋਧੀ ਕਾਰਜਾਂ ਅਤੇ ਸੂਬਾਈ ਪੱਧਰ 'ਤੇ ਮਨੁੱਖੀ ਹੱਕਾਂ ਦੀ ਰਾਖੀ ਬਦਲੇ ਉਨ੍ਹਾਂ ਨੂੰ ਸਰਕਾਰੀ ਪ੍ਰਸ਼ੰਸਾ-ਪੱਤਰ ਦਿੱਤਾ ਗਿਆ ਸੀ। ਸਾਲ 2016-2020 ਦੌਰਾਨ ਨੌਰਵਿਚ ਕਮਿਸ਼ਨ ਆਨ ਹਿਊਮਨ ਰਾਈਟਸ ਵੱਲੋਂ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਵਜੋਂ ਵੱਖ-ਵੱਖ ਨਸਲਾਂ ਅਤੇ ਭਾਈਚਾਰਿਆਂ ਵਿਚਕਾਰ ਬਰਾਬਰੀ ਤੇ ਸਦਭਾਵਨਾ ਕਾਇਮ ਕਰਨ ਲਈ ਮੇਅਰ ਖਾਲਸਾ ਨੂੰ ਵਿਸ਼ੇਸ਼ ਮਾਨਤਾ ਦਿੱਤੀ ਸੀ।

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ**

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

**ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ**

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਅਮਰੀਕੀ ਜੱਜ ਵੱਲੋਂ 75 ਦੇਸ਼ਾਂ ਦੇ ਵੀਜ਼ੇ ਮੁਅੱਤਲ ਕਰਨ ਦੀ ਟਰੰਪ ਪ੍ਰਸ਼ਾਸਨ ਦੀ ਨੀਤੀ ਰੱਦ

## ਕੌਮੀਅਤ ਦੇ ਆਧਾਰ 'ਤੇ ਵੀਜ਼ਾ ਪਾਬੰਦੀ ਲਗਾਉਣਾ ਗਲਤ: ਅਦਾਲਤ; ਨਿਊਯਾਰਕ ਦੇ ਫੈਡਰਲ ਜੱਜ ਨੇ ਸੁਣਾਇਆ ਫੈਸਲਾ



ਵਾਸ਼ਿੰਗਟਨ : ਨਿਊਯਾਰਕ ਦੇ ਇੱਕ ਫੈਡਰਲ ਜੱਜ ਨੇ ਟਰੰਪ ਪ੍ਰਸ਼ਾਸਨ ਦੀ ਉਸ ਨੀਤੀ ਨੂੰ ਰੱਦ ਕਰ ਦਿੱਤਾ ਹੈ ਜਿਸ ਤਹਿਤ 75 ਦੇਸ਼ਾਂ ਤੋਂ ਆਉਣ ਵਾਲੇ ਪਰਵਾਸੀਆਂ ਦੇ ਵੀਜ਼ਿਆਂ ਦੀ ਪ੍ਰਕਿਰਿਆ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਇਨ੍ਹਾਂ ਦੇਸ਼ਾਂ ਵਿੱਚ ਅਫਗਾਨਿਸਤਾਨ, ਇਰਾਨ, ਰੂਸ ਅਤੇ ਸੋਮਾਲੀਆ ਸ਼ਾਮਲ ਸਨ, ਜਿਨ੍ਹਾਂ ਦੇ ਨਾਗਰਿਕਾਂ ਬਾਰੇ ਟਰੰਪ ਪ੍ਰਸ਼ਾਸਨ ਦਾ ਮੰਨਣਾ ਸੀ ਕਿ ਉਨ੍ਹਾਂ ਨੂੰ ਅਮਰੀਕਾ ਵਿੱਚ ਸਰਕਾਰੀ ਮਦਦ ਦੀ ਲੋੜ ਪੈ ਸਕਦੀ ਹੈ।

ਯੂ ਐੱਸ ਡਿਸਟ੍ਰਿਕਟ ਜੱਜ ਜੈਨੇਟ ਵਰਗਾਸ (ਸਾਬਕਾ ਰਾਸ਼ਟਰਪਤੀ ਜੋਏ ਬਾਇਡਨ ਵੱਲੋਂ ਨਿਯੁਕਤ) ਨੇ ਸ਼ੁੱਕਰਵਾਰ ਨੂੰ ਇਸ ਨੀਤੀ ਨੂੰ ਕਾਨੂੰਨ ਦੇ ਉਲਟ ਅਤੇ ਵਿਧਾਨਕ ਅਧਿਕਾਰਾਂ ਤੋਂ ਬਾਹਰ ਦੱਸਦਿਆਂ ਰੱਦ ਕਰ ਦਿੱਤਾ। ਜੱਜ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਅਜਿਹੀ ਨੀਤੀ ਬਣਾ ਕੇ ਆਪਣੇ ਅਧਿਕਾਰਾਂ ਦੀ ਹੱਦ ਟੱਪੀ ਹੈ ਜੋ ਇਮੀਗ੍ਰੇਸ਼ਨ ਅਤੇ ਨੈਸ਼ਨੈਲਿਟੀ ਐਕਟ (Immigration and Nationality Act) ਦੀ ਉਲੰਘਣਾ ਕਰਦੀ ਹੈ ਕਿਉਂਕਿ ਇਹ ਬਿਨਾਂ ਕਿਸੇ ਕਾਨੂੰਨੀ ਆਧਾਰ ਦੇ ਯੋਗ ਬਿਨੈਕਾਰਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰਨ ਦਾ ਹੁਕਮ ਦਿੰਦੀ ਹੈ।

ਜੱਜ ਨੇ ਕਿਹਾ ਕਿ ਇਹ ਨੀਤੀ ਕਾਂਗਰਸ ਦੇ ਉਸ ਨਿਯਮ ਨੂੰ ਵੀ ਕਮਜ਼ੋਰ ਕਰਦੀ ਹੈ ਜੋ ਕੌਂਸਲਰ ਅਧਿਕਾਰੀਆਂ ਨੂੰ ਕਿਸੇ ਵੀ ਵੀਜ਼ਾ ਫੈਸਲੇ ਵਿੱਚ ਸਭ ਤੋਂ ਅੱਗੇ ਰੱਖਦਾ ਹੈ। ਉਨ੍ਹਾਂ ਲਿਖਿਆ ਕਿ ਕਾਂਗਰਸ ਨੇ ਇਨ੍ਹਾਂ ਅਧਿਕਾਰੀਆਂ ਨੂੰ ਨਿਵੇਕਲੀ ਸ਼ਕਤੀ ਦਿੱਤੀ ਹੈ ਕਿ ਉਹ ਕਾਨੂੰਨ ਵਿੱਚ ਤੈਅ ਕੀਤੇ ਗਏ ਖਾਸ ਅਤੇ ਵਿਸਤ੍ਰਿਤ ਮਾਪਦੰਡਾਂ ਦੇ ਆਧਾਰ 'ਤੇ ਤੈਅ ਕਰਨ ਕਿ ਕੋਈ ਪਰਵਾਸੀ ਵੀਜ਼ੇ ਲਈ ਯੋਗ ਹੈ ਜਾਂ ਨਹੀਂ। ਅਰਜ਼ੀ ਦੇਣ ਵਾਲੇ ਦੀ ਕੌਮੀਅਤ ਦੇ ਆਧਾਰ 'ਤੇ ਵੀਜ਼ਾ ਜਾਰੀ ਕਰਨ 'ਤੇ ਪਾਬੰਦੀ ਲਗਾਉਣਾ ਇਸ ਕਾਨੂੰਨੀ ਪ੍ਰਣਾਲੀ ਦੀ ਸਿੱਧੀ ਉਲੰਘਣਾ ਹੈ।

**ਪਰਿਵਾਰਾਂ ਨੂੰ ਇਕੱਠੇ ਕਰਨ ਦੀ ਹਮਾਇਤ, ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਨੂੰ ਲਗਾਤਾਰ ਮਿਲ ਰਹੇ ਹਨ ਝਟਕੇ :** ਇਸ ਨੀਤੀ ਨੂੰ 11 ਜਣਿਆਂ ਵੱਲੋਂ ਚੁਣੌਤੀ ਦਿੱਤੀ ਗਈ ਸੀ, ਜਿਨ੍ਹਾਂ ਵਿੱਚ ਛੇ ਉਹ ਲੋਕ ਸ਼ਾਮਲ ਸਨ ਜਿਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ ਅਤੇ ਬਾਕੀ ਪੰਜ ਉਹ ਵਿਅਕਤੀ ਹਨ ਜੋ ਦੇਸ਼ ਤੋਂ ਬਾਹਰ ਹਨ ਅਤੇ ਅਮਰੀਕਾ ਆਉਣ ਲਈ 'ਰੁਜ਼ਗਾਰ-ਆਧਾਰਿਤ ਅਰਜ਼ੀਆਂ' ਦਾਖ਼ਲ ਕਰ ਚੁੱਕੇ ਸਨ। ਮੁਕੱਦਮੇ ਵਿੱਚ ਸ਼ਾਮਲ ਇੱਕ ਰਾਸ਼ਟਰੀ ਗੈਰ-ਲਾਭਕਾਰੀ ਸੰਸਥਾ ਕਲੀਨਿਕ ਦੀ ਕਾਰਜਕਾਰੀ ਨਿਰਦੇਸ਼ਕ ਐਨਾ ਗੈਲਾ ਨੇ ਕਿਹਾ ਕਿ ਉਹ ਇਸ ਫੈਸਲੇ ਦਾ ਸਵਾਗਤ ਕਰਦੇ ਹਨ ਕਿਉਂਕਿ ਇਸ ਦਾ ਮੁੱਖ ਮਕਸਦ ਪਰਿਵਾਰਾਂ ਨੂੰ ਇਕੱਠੇ ਰੱਖਣਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਾਡੇ ਕਦਰਾਂ-ਕੀਮਤਾਂ ਅਤੇ ਕਾਨੂੰਨ ਦੇ ਰਾਜ ਦੀ ਪੁਸ਼ਟੀ ਕਰਦਾ ਹੈ।

ਰਾਸ਼ਟਰਪਤੀ ਡੋਨਲਡ ਟੰਪ ਵੱਲੋਂ ਮੁੱਖ ਤੌਰ 'ਤੇ ਅਫਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਲੋਕਾਂ ਲਈ ਇਮੀਗ੍ਰੇਸ਼ਨ ਅਤੇ ਯਾਤਰਾ 'ਤੇ ਲਗਾਤਾਰ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਵਿਦੇਸ਼ ਵਿਭਾਗ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਟਰੰਪ ਪ੍ਰਸ਼ਾਸਨ ਵੀਜ਼ਾ ਬਿਨੈਕਾਰਾਂ ਦੀ ਜਾਂਚ ਦੇ ਉੱਚਤਮ ਮਿਆਰਾਂ ਨੂੰ ਕਾਇਮ ਰੱਖ ਕੇ ਅਮਰੀਕੀ ਲੋਕਾਂ ਦੀ ਰੱਖਿਆ ਕਰ ਰਿਹਾ ਹੈ ਅਤੇ ਉਹ ਚੱਲ ਰਹੀ ਕਾਨੂੰਨੀ ਕਾਰਵਾਈ 'ਤੇ ਕੋਈ ਟਿੱਪਣੀ ਨਹੀਂ ਕਰਨਗੇ। ਜਦੋਂ ਇਹ ਨੀਤੀ ਜਾਰੀ ਕੀਤੀ ਗਈ ਸੀ ਤਾਂ ਵਿਦੇਸ਼ ਵਿਭਾਗ ਨੇ ਕਿਹਾ ਸੀ ਕਿ ਸੰਭਾਵੀ ਪਰਵਾਸੀਆਂ ਦੇ ਨਿਯਮਾਂ ਨੂੰ ਸਖ਼ਤ ਕਰਨ ਦੇ ਆਦੇਸ਼ਾਂ ਤਹਿਤ ਇਨ੍ਹਾਂ 75 ਦੇਸ਼ਾਂ ਤੋਂ ਆਉਣ ਵਾਲਿਆਂ ਵੀਜ਼ਾ ਅਰਜ਼ੀਆਂ ਨੂੰ ਰੋਕਿਆ ਗਿਆ ਸੀ।

ਇਹ ਫੈਸਲਾ ਅਦਾਲਤਾਂ ਵੱਲੋਂ ਟਰੰਪ ਦੇ ਇਮੀਗ੍ਰੇਸ਼ਨ ਏਜੰਡੇ ਨੂੰ ਉਲਟਾਉਣ ਦੀ ਤਾਜ਼ਾ ਮਿਸਾਲ ਹੈ। ਇਸ ਤੋਂ ਪਹਿਲਾਂ ਜੂਨ ਵਿੱਚ ਵੀ ਇੱਕ ਫੈਡਰਲ ਜੱਜ ਨੇ ਟਰੰਪ ਪ੍ਰਸ਼ਾਸਨ ਦੀ ਉਸ ਨੀਤੀ ਨੂੰ ਰੱਦ ਕਰ ਦਿੱਤਾ ਸੀ ਜਿਸ ਨਾਲ ਦਰਜਨਾਂ ਦੇਸ਼ਾਂ ਦੇ ਪਰਵਾਸੀਆਂ ਲਈ ਅਮਰੀਕਾ ਵਿੱਚ ਦਾਖ਼ਲ ਹੋਣਾ ਅਤੇ ਰਹਿਣਾ ਔਖਾ ਹੋ ਗਿਆ ਸੀ। ਜੱਜ ਨੇ ਕਿਹਾ ਸੀ ਕਿ ਉਸ ਨੀਤੀ ਨੇ ਅਣਗਿਣਤ ਪਰਵਾਸੀਆਂ ਦੀ ਜ਼ਿੰਦਗੀ ਨੂੰ ਕਾਨੂੰਨੀ ਦੁਬਿਧਾ ਵਿੱਚ ਪਾ ਦਿੱਤਾ ਹੈ ਅਤੇ ਅਮਰੀਕੀ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (USCIS) 'ਤੇ ਕਾਨੂੰਨ ਨੂੰ ਨਜ਼ਰਅੰਦਾਜ਼ ਕਰਨ ਦੇ ਦੋਸ਼ ਲਾਏ ਸਨ।

# ਅਮਰੀਕਾ ਵਿੱਚ ਗ੍ਰੀਨ ਕਾਰਡ ਪ੍ਰਾਪਤ ਕਰਨਾ ਹੋਰ ਵੀ ਮੁਸ਼ਕਲ: 18 ਸਤੰਬਰ ਤੋਂ ਨਵੇਂ ਨਿਯਮ

ਵਾਸ਼ਿੰਗਟਨ, (ਰਾਜ ਗੋਗਨਾ/ਸਾਡੇ ਲੋਕ) : ਟਰੰਪ ਪ੍ਰਸ਼ਾਸਨ ਦਾ ਇੱਕ ਨਵਾਂ ਨਿਯਮ 18 ਸਤੰਬਰ ਤੋਂ ਲਾਗੂ ਹੋਵੇਗਾ, ਜਿਸ ਨਾਲ ਗ੍ਰੀਨ ਕਾਰਡ ਧਾਰਕਾਂ ਲਈ ਉਹਨਾਂ ਦੀ ਮੁਸ਼ਕਲ ਵਧੇਗੀ। ਮੈਡੀਕੇਡ, ਫੂਡ ਸਟੈਂਪ ਜਾਂ ਹੋਰ ਸਰਕਾਰੀ ਸਹਾਇਤਾ ਪ੍ਰਾਪਤ ਕਰਨ ਵਾਲਿਆਂ ਦੀਆਂ ਗ੍ਰੀਨ ਕਾਰਡ ਅਰਜ਼ੀਆਂ 'ਜਨਤਕ ਚਾਰਜ' ਦੇ ਤਹਿਤ ਰੱਦ ਕਰ ਦਿੱਤੀਆਂ ਜਾਣਗੀਆਂ। ਇਹ ਨਿਯਮ ਸਿੱਧੇ ਤੌਰ 'ਤੇ ਹਜ਼ਾਰਾਂ ਭਾਰਤੀ ਨਾਗਰਿਕਾਂ ਨੂੰ ਪ੍ਰਭਾਵਿਤ ਕਰੇਗਾ, ਖਾਸ ਕਰਕੇ ਪਰਿਵਾਰ-ਅਧਾਰਤ ਅਰਜ਼ੀਆਂ ਲਈ ਅਰਜ਼ੀ ਦੇਣ ਵਾਲੇ। ਯੂ. ਐਸ,ਸੀ. ਆਈ.ਐਸ ਦੇ ਅਧਿਕਾਰੀਆਂ ਨੂੰ ਗ੍ਰੀਨ ਕਾਰਡਾਂ ਨੂੰ ਰੱਦ ਕਰਨ ਲਈ ਵਧੇਰੇ ਸ਼ਕਤੀ ਦਿੱਤੀ ਜਾਵੇਗੀ। ਟਰੰਪ ਪ੍ਰਸ਼ਾਸਨ ਨੇ ਅਧਿਕਾਰੀਆਂ ਨੂੰ ਦਿੱਤੇ ਵਿਸ਼ੇਸ਼ ਅਧਿਕਾਰ, ਸਾਬਕਾ ਰਾਸ਼ਟਰਪਤੀ ਬਿਡੇਨ ਯੁੱਗ ਦੇ ਨਿਯਮਾਂ ਨੂੰ ਰੱਦ ਕਰ ਕੀਤਾ। ਜੇਕਰ ਤੁਹਾਨੂੰ ਮੈਡੀਕੇਡ, ਫੂਡ ਸਟੈਂਪ, ਨਕਦੀ, ਜਾਂ ਕੋਈ ਹੋਰ ਸਹਾਇਤਾ ਮਿਲੀ ਹੈ, ਤਾਂ ਤੁਹਾਡੀ ਗ੍ਰੀਨ ਕਾਰਡ ਅਰਜ਼ੀ ਜਨਤਕ ਖਰਚਿਆਂ ਦੇ ਤਹਿਤ ਰੱਦ ਕਰ ਦਿੱਤੀ ਜਾਵੇਗੀ। ਪਰਿਵਾਰ-ਅਧਾਰਤ ਅਰਜ਼ੀਆਂ ਲਈ ਅਰਜ਼ੀ ਦੇਣ ਵਾਲੇ ਹਜ਼ਾਰਾਂ ਭਾਰਤੀ ਨਾਗਰਿਕਾਂ ਦੀਆਂ ਮੁਸ਼ਕਲਾਂ ਵਧ ਜਾਣਗੀਆਂ। ਗੈਰ-ਕਾਨੂੰਨੀ ਪ੍ਰਵਾਸੀਆਂ ਤੋਂ ਬਾਅਦ, ਟਰੰਪ ਪ੍ਰਸ਼ਾਸਨ ਹੁਣ ਗ੍ਰੀਨ ਕਾਰਡ ਧਾਰਕਾਂ ਸਮੇਤ ਕਾਨੂੰਨੀ ਪ੍ਰਵਾਸੀਆਂ ਦੀ ਸਥਿਤੀ ਨੂੰ ਹੋਰ ਵੀ ਮੁਸ਼ਕਲ ਬਣਾ ਰਿਹਾ ਹੈ। ਇਸ ਮੁਸ਼ਕਲ ਨੂੰ ਵਧਾਉਣ ਵਾਲਾ ਇੱਕ ਹੋਰ ਨਿਯਮ 18 ਸਤੰਬਰ ਤੋਂ ਲਾਗੂ ਹੋਵੇਗਾ। ਇਸ ਨਿਯਮ ਵਿੱਚ, ਟਰੰਪ ਪ੍ਰਸ਼ਾਸਨ ਨੇ ਜਨਤਕ ਚਾਰਜ ਦੀ ਪਰਿਭਾਸ਼ਾ ਦਾ ਵਿਸਥਾਰ ਕੀਤਾ ਹੈ। ਨਤੀਜੇ ਵਜੋਂ, ਮੈਡੀਕੇਡ, ਫੂਡ ਸਟੈਂਪ, ਨਕਦ ਸਹਾਇਤਾ ਜਾਂ ਕਿਸੇ ਹੋਰ ਕਿਸਮ ਦੀ ਸਰਕਾਰੀ ਸਹਾਇਤਾ ਜਾਂ ਲਾਭ ਪ੍ਰਾਪਤ ਕਰਨ ਵਾਲਿਆਂ ਦੀ ਗ੍ਰੀਨ ਕਾਰਡ ਅਰਜ਼ੀ ਨੂੰ ਜਨਤਕ ਚਾਰਜ ਅਧੀਨ ਰੱਦ ਕੀਤਾ ਜਾ ਸਕਦਾ ਹੈ। ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂਐਸਸੀਆਈਐਸ) ਦਾ ਨਵਾਂ ਨਿਯਮ 18 ਸਤੰਬਰ ਤੋਂ ਲਾਗੂ ਹੋਵੇਗਾ ਅਤੇ ਇਸਦਾ ਸਿੱਧਾ ਅਸਰ ਭਾਰਤੀ ਗ੍ਰੀਨ ਕਾਰਡ ਧਾਰਕਾਂ 'ਤੇ ਪਵੇਗਾ। ਪਿਛਲੇ ਨਿਯਮ ਵਿੱਚ, ਗ੍ਰੀਨ ਕਾਰਡ ਅਰਜ਼ੀਆਂ ਨੂੰ ਸਿਰਫ ਦੋ ਤਰ੍ਹਾਂ ਦੇ ਜਨਤਕ ਲਾਭ ਮਾਪਦੰਡਾਂ




ਦੇ ਆਧਾਰ 'ਤੇ ਰੱਦ ਕੀਤਾ ਜਾਂਦਾ ਸੀ। ਇਸ ਵਿੱਚ, ਸਰਕਾਰੀ ਖਰਚੇ 'ਤੇ ਲੰਬੇ ਸਮੇਂ ਲਈ ਆਮਦਨ ਅਤੇ ਸੰਸਥਾਗਤਕਰਨ ਨੂੰ ਬਣਾਈ ਰੱਖਣ ਲਈ ਨਕਦ ਸਹਾਇਤਾ ਰੱਦ ਕੀਤੀ ਜਾਂਦੀ ਸੀ।ਜਦੋਂ ਕਿ ਹੁਣ ਨਵੇਂ ਨਿਯਮ ਵਿੱਚ, ਯੂਐਸਸੀਆਈਐਸ ਅਧਿਕਾਰੀ ਪੰਜ ਮਾਪਦੰਡਾਂ ਦੇ ਆਧਾਰ 'ਤੇ ਗ੍ਰੀਨ ਕਾਰਡ ਅਰਜ਼ੀਆਂ ਨੂੰ ਰੱਦ ਕਰ ਸਕਦੇ ਹਨ। ਇਸ ਤੋਂ ਇਲਾਵਾ, ਜੇਕਰ ਇਸਨੂੰ ਕੋਈ ਹੋਰ ਕਾਰਕ ਢੁਕਵਾਂ ਲੱਗਦਾ ਹੈ, ਤਾਂ ਇਹ ਗ੍ਰੀਨ ਕਾਰਡ ਨੂੰ ਵੀ ਰੱਦ ਕਰ ਸਕਦਾ ਹੈ। ਇਨ੍ਹਾਂ ਮਾਪਦੰਡਾਂ ਵਿੱਚ ਆਮਦਨ ਬਣਾਈ ਰੱਖਣ ਲਈ ਨਕਦ ਸਹਾਇਤਾ, ਰਿਹਾਇਸ਼ ਸਹਾਇਤਾ, ਫੂਡ ਸਟੈਂਪ, ਕਾਲਜ ਲਈ ਵਿੱਤੀ ਸਹਾਇਤਾ, ਜਾਂ ਕੋਈ ਹੋਰ ਲਾਭ ਸ਼ਾਮਲ ਹਨ ਇਹ ਮਾਰਗਦਰਸ਼ਨ 2022 ਵਿੱਚ ਬਿਡੇਨ ਸਰਕਾਰ ਦੇ ਯੁੱਗ ਦੌਰਾਨ ਹੋਮਲੈਂਡ ਸਿਕਿਓਰਿਟੀ ਵਿਭਾਗ ਦੇ ਪਬਲਿਕ ਚਾਰਜ ਰੈਗੂਲੇਸ਼ਨ ਨੂੰ ਬਦਲਣ ਦੇ ਫੈਸਲੇ ਦਾ ਪਾਲਣ ਹੈ। ਇਸ ਸੰਬੰਧੀ ਅੰਤਿਮ ਨਿਯਮ 16 ਜੁਲਾਈ ਨੂੰ ਜਾਰੀ ਕੀਤਾ ਗਿਆ ਸੀ ਅਤੇ 20 ਜੁਲਾਈ ਨੂੰ ਫੈਡਰਲ ਰਜਿਸਟਰ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ। ਇਹ ਸਥਾਈ ਨਾਗਰਿਕਤਾ ਦੀ ਮੰਗ ਕਰਨ ਵਾਲੇ ਜਾਂ 18 ਸਤੰਬਰ ਨੂੰ ਜਾਂ ਇਸ ਤੋਂ ਬਾਅਦ ਦਾਇਰ ਕੀਤੇ ਗਏ ਫਾਰਮ I-485 'ਤੇ ਦਾਇਰ ਕੀਤੇ ਗਏ ਸਟੇਟਸ ਦੇ ਸਮਾਯੋਜਨ 'ਤੇ ਵੀ ਲਾਗੂ ਹੋਵੇਗਾ।ਨਵਾਂ ਨਿਯਮ ਯੂ.ਐਸ.ਸੀ.ਆਈ? ਐਸ ਅਧਿਕਾਰੀਆਂ ਨੂੰ ਉਮਰ, ਸਿਹਤ, ਪਰਿਵਾਰਕ ਸਥਿਤੀ, ਵਿੱਤ, ਵਿਦਿਅਕ ਪਿਛੋਕੜ ਅਤੇ ਹੋਰ ਕਾਰਕਾਂ ਦੇ ਆਧਾਰ 'ਤੇ ਬਿਨੈਕਾਰ ਦੁਆਰਾ ਪ੍ਰਾਪਤ ਜਨਤਕ ਲਾਭਾਂ ਦੀ ਵਰਤੋਂ 'ਤੇ ਵੀ ਵਿਚਾਰ ਕਰਨ ਦੀ ਆਗਿਆ ਦਿੰਦਾ ਹੈ। ਬਿਨੈਕਾਰ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਇਹ ਬਿਨੈਕਾਰ ਦੇ ਗ੍ਰੀਨ ਕਾਰਡ ਜਾਂ ਨਾਗਰਿਕਤਾ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਨੂੰ ਘਟਾ ਸਕਦਾ ਹੈ ਜੇਕਰ ਕੋਈ ਯੂ.ਐਸ.ਸੀ ? ਆਈ ? ਐਸ ਅਧਿਕਾਰੀ ਇਹ ਨਿਰਧਾਰਤ ਕਰਦਾ ਹੈ ਕਿ ਸੰਯੁਕਤ ਰਾਜ ਦੇ ਇੱਕ ਕਾਨੂੰਨੀ ਸਥਾਈ ਨਿਵਾਸੀ ਨੇ ਸਟੇਟਸ ਦੇ ਸਮਾਯੋਜਨ ਲਈ ਅਰਜ਼ੀ ਦਿੱਤੀ ਹੈ ਪਰ ਜਨਤਕ ਚਾਰਜ ਲਾਭਾਂ ਲਈ ਯੋਗ ਹੈ, ਤਾਂ ਅਧਿਕਾਰੀ ਬਿਨੈਕਾਰ ਨੂੰ ਪਬਲਿਕ ਚਾਰਜ ਬਾਂਡ ਦਾ ਭੁਗਤਾਨ ਕਰਨ ਦੀ ਮੰਗ ਕਰ ਸਕਦਾ ਹੈ। ਭਾਰਤੀ ਇਸ ਵੱਡੇ ਪ੍ਰਭਾਵ ਤੋਂ ਪ੍ਰਭਾਵਿਤ ਹੋਣਗੇ। ਲੰਘੀ 2023 ਵਿੱਚ ਅਮਰੀਕਾ ਵੱਲੋਂ ਜਾਰੀ ਕੀਤੇ ਗਏ 1.2 ਮਿਲੀਅਨ ਗ੍ਰੀਨ ਕਾਰਡਾਂ ਵਿੱਚੋਂ, ਲਗਭਗ 78,100 ਭਾਰਤੀਆਂ ਨੂੰ ਇਹ ਪ੍ਰਾਪਤ ਹੋਏ। ਇਨ੍ਹਾਂ ਵਿੱਚੋਂ 60% ਗ੍ਰੀਨ ਕਾਰਡ ਪਰਿਵਾਰ-ਅਧਾਰਤ ਸਨ (ਪਰਿਵਾਰਕ ਮੈਂਬਰਾਂ ਦੀ ਸਪਾਂਸਰਸ਼ਿਪ 'ਤੇ ਅਧਾਰਤ)। ਨਵੇਂ ਨਿਯਮ ਸਪਾਂਸਰ ਦੀ ਆਮਦਨ ਅਤੇ ਪਰਿਵਾਰਕ ਮੈਂਬਰਾਂ ਦੀ ਤਸਦੀਕ ਨੂੰ ਹੋਰ ਤੀਬਰ ਬਣਾ ਦੇਣਗੇ। ਹਾਲਾਂਕਿ, ਸ਼ਰਨਾਰਥੀਆਂ ਅਤੇ ਮਨੁੱਖੀ ਤਸਕਰੀ ਦੇ ਪੀੜਤਾਂ ਨੂੰ ਇਸ ਨਿਯਮ ਤੋਂ ਛੋਟ ਦਿੱਤੀ ਗਈ ਹੈ।

# ਟਰੰਪ ਵੱਲੋਂ 10 ਸਾਲਾ ਬੱਚੇ ਨੂੰ ਬਚਾਉਣ ਵਾਲੇ ਲਾਈਫਗਾਰਡ ਦਾ ਸਨਮਾਨ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਈਟ ਹਾਊਸ ਵਿਖੇ 16 ਸਾਲਾ ਕੈਲੀਫੋਰਨੀਆ ਦੇ ਲਾਈਫਗਾਰਡ ਰਾਈਡਰ ਵਿਲੀਅਮਜ਼ ਨੂੰ ਸਾਂਤਾ ਕਰੂਜ਼ ਦੇ ਸੀਬ੍ਰਾਈਟ ਬੀਚ 'ਤੇ ਖਤਰਨਾਕ ਲਹਿਰਾਂ ਤੋਂ 10 ਸਾਲਾ ਨਥਾਨਿਏਲ ਰਾਏ ਨੂੰ ਬਚਾਉਣ ਲਈ ਸਨਮਾਨਿਤ ਕੀਤਾ। ਨਾਟਕੀ ਬਚਾਅ ਦੇ ਵਿਆਪਕ ਧਿਆਨ ਖਿੱਚਣ ਤੋਂ ਹਫ਼ਤਿਆਂ ਬਾਅਦ ਨਥਾਨਿਏਲ ਅਤੇ ਉਸ ਦਾ ਪਰਿਵਾਰ ਵਾਈਟ ਹਾਊਸ ਵਿਖੇ ਵਿਲੀਅਮਜ਼ ਅਤੇ ਉਸ ਦੇ ਪਰਿਵਾਰ ਨਾਲ ਸਮਾਗਮ ਵਿਚ ਸ਼ਾਮਲ ਹੋਏ। ਟਰੰਪ ਨੇ ਵਿਲੀਅਮਜ਼ ਦੀ ਹਿੰਮਤ ਅਤੇ ਸਿਖਲਾਈ ਲਈ ਪ੍ਰਸ਼ੰਸਾ ਕੀਤੀ। ਰਾਸ਼ਟਰਪਤੀ ਨੇ ਵਿਲੀਅਮਜ਼ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਸ ਨੇ ਕਈ ਵਾਰ ਬਚਾਅ ਦੀ ਫੁਟੇਜ ਦੇਖੀ ਹੈ। ਨਥਾਨਿਏਲ ਦੇ ਪਿਤਾ, ਸੁਮਿਤ ਰਾਏ ਨੇ ਵਿਲੀਅਮਜ਼ ਅਤੇ ਬਚਾਅ ਦੌਰਾਨ ਮਦਦ ਕਰਨ ਵਾਲੇ ਹੋਰ ਲੋਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਵਿੱਚ ਉਨ੍ਹਾਂ ਦੀ ਮਦਦ ਲਈ ਆਏ ਰਾਹਗੀਰ ਵੀ ਸ਼ਾਮਲ ਸਨ। ਬਚਾਅ ਤੋਂ ਬਾਅਦ ਰਾਏ ਨੇ ਵਿਲੀਅਮਜ਼ ਅਤੇ ਉਸ ਦੇ ਪਰਿਵਾਰ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਤਾਂ ਜੋ ਉਹ ਨਿੱਜੀ ਤੌਰ 'ਤੇ ਧੰਨਵਾਦ ਕਰ ਸਕਣ। ਰਾਏ ਨੇ ਕਿਹਾ ਕਿ ਵਿਲੀਅਮਜ਼ ਆਪਣੀ ਬਹਾਦਰੀ ਲਈ ਹਰ ਸੰਭਵ ਸਨਮਾਨ ਦੇ ਹੱਕਦਾਰ ਹਨ।

# ਟੈਨੇਸੀ ਅਮਰੀਕਾ ਵਿੱਚ ਇੱਕ ਭਾਰਤੀ-ਗੁਜਰਾਤੀ ਸਟੋਰ ਮਾਲਕ ਦਾ ਲੁੱਟ ਤੋਂ ਬਾਅਦ ਗੋਲੀਆਂ ਮਾਰ ਕੇ ਕਤਲ



ਨਿਊਯਾਰਕ, (ਰਾਜ ਗੋਗਨਾ/ਸਾਡੇ ਲੋਕ) : ਬੀਤੀ ਰਾਤ ਅਮਰੀਕਾ ਦੇ ਟੈਨੇਸੀ ਰਾਜ ਵਿੱਚ ਇੱਕ ਹੈਰਾਨ ਕਰਨ ਵਾਲੀ ਘਟਨਾ ਵਾਪਰੀ ਹੈ। ਜੈਕਸਨ ਸ਼ਹਿਰ ਵਿੱਚ ਇੱਕ ਹਥਿਆਰਬੰਦ ਲੁਟੇਰੇ ਨੇ 62 ਸਾਲਾ ਭਾਰਤੀ-ਗੁਜਰਾਤੀ ਸਟੋਰ ਮਾਲਕ ਸੁਰੇਸ਼ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਦੁਖਦਾਈ ਘਟਨਾ ਵੀਰਵਾਰ ਰਾਤ ਨੂੰ ਉਸ ਦੀ 19 ਸਾਲਾ ਧੀ ਦੇ ਸਾਹਮਣੇ ਵਾਪਰੀ ਗੁਜਰਾਤ ਦੇ ਮੇਹਸਾਣਾ ਦੇ ਰਹਿਣ ਵਾਲੇ ਸੁਰੇਸ਼ ਪਟੇਲ ਨੇ 7 ਦਿਨ ਪਹਿਲਾਂ ਹੀ ਇਹ ਸਟੋਰ ਖਰੀਦਿਆ ਸੀ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਵਿਆਪਕ ਜਾਂਚ ਸ਼ੁਰੂ ਕਰ ਦਿੱਤੀ ਹੈ। ਟੈਨੇਸੀ ਦੇ ਜੈਕਸਨ ਵਿੱਚ ਸਥਿਤ ਪਟੇਲ ਵਾਈਨ ਅਤੇ ਸਪਿਰਿਟ ਨਾਂ ਦਾ ਸਟੋਰ ਚਲਾਉਂਦਾ ਸੀ ਹਥਿਆਰਬੰਦ ਲੁਟੇਰੇ ਨੇ ਪੈਸੇ ਲੁੱਟ ਕੇ 62 ਸਾਲਾ ਭਾਰਤੀ ਮੂਲ ਦੇ ਗੁਜਰਾਤੀ ਸਟੋਰ ਮਾਲਕ ਸੁਰੇਸ਼ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਦੁਖਦਾਈ ਘਟਨਾ ਵੀਰਵਾਰ ਰਾਤ ਨੂੰ ਵਾਪਰੀ, ਜਦੋਂ ਉਸ ਦੀ 19 ਸਾਲਾ ਧੀ ਵੀ ਉਸ ਦੇ ਨਾਲ ਸਟੋਰ ਵਿੱਚ ਮੌਜੂਦ ਸੀ। ਜੋ ਜਾਨੋਂ ਬੱਚ ਗਈ ਅਤੇ ਲੁਟੇਰੇ ਨੇ ਉਸਦੀ ਧੀ ਦੇ ਸਾਹਮਣੇ ਹੀ ਉਸਦੇ ਪਿਤਾ 'ਤੇ ਗੋਲੀਬਾਰੀ ਕੀਤੀ। ਮੂਲ ਰੂਪ ਵਿੱਚ ਗੁਜਰਾਤ ਦੇ ਮੇਹਸਾਣਾ ਜ਼ਿਲ੍ਹੇ ਦੇ ਰਹਿਣ ਵਾਲੇ ਸੁਰੇਸ਼ ਪਟੇਲ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੀਸੀਟੀਵੀ ਫੁਟੇਜ ਵਿੱਚ ਕੈਦ ਹੋਏ ਸ਼ੱਕੀ ਲੁਟੇਰੇ ਦੀ ਪਛਾਣ ਇੱਕ ਕਾਲੇ ਆਦਮੀ ਵਜੋਂ ਹੋਈ ਹੈ ਜਿਸਨੇ ਸਲੇਟੀ ਰੰਗ ਦੀ ਹੂਡੀ, ਜੀਨਸ ਅਤੇ ਕਾਲੇ ਬੂਟ ਪਾਏ ਹੋਏ ਹਨ। ਉਸਨੇ ਆਪਣੇ ਚਿਹਰੇ 'ਤੇ ਪੇਂਟਬਾਲ ਮਾਸਕ ਪਾਇਆ ਹੋਇਆ ਸੀ। ਡਕੈਤੀ ਅਤੇ ਗੋਲੀਬਾਰੀ ਤੋਂ ਬਾਅਦ, ਸ਼ੱਕੀ ਇੱਕ ਚਿੱਟੇ ਰੰਗ ਦੀ ਸੇਡਾਨ ਵਿੱਚ ਭੱਜ ਗਿਆ।

# ਗੁਰਦੁਆਰਾ ਸੈਂਟਾ ਕਲਾਰਾ ਵਿਖੇ ਗੁਰੂ ਨਾਨਕ ਵਿਆਹ ਪੁਰਬ ਸੰਬੰਧੀ ਕਵੀ ਦਰਬਾਰ ਆਯੋਜਿਤ ਹੋਇਆ



ਸੈਨਹੋਜ਼ੇ, (ਪੱਤਰ ਪ੍ਰੇਰਕ) : ਲੰਘੇ ਐਤਵਾਰ ਸੈਂਟਾ ਕਲਾਰਾ ਸਿਟੀ ਦੇ ਗੁਰਦੁਆਰਾ ਸਾਹਿਬ ਵਿਖੇ ਹਫਤਾਵਾਰੀ ਦੀਵਾਨ ਸਜਾਏ ਗਏ। ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਹਜੂਰੀ ਰਾਗੀ ਜਥੇ ਵੱਲੋਂ ਅਤੇ ਭਾਈ ਨਿਰਮਲ ਸਿੰਘ ਸੂਰਾ ਜੀ ਦੇ ਜਥੇ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਇਸ ਮੌਕੇ ਸਥਾਨਕ ਕਵੀਆਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਸੰਬੰਧੀ ਕਵੀ ਦਰਬਾਰ ਵੀ ਸਜਾਇਆ। ਮੰਚ ਸੰਚਾਲਨ ਕਰਦਿਆਂ ਤਰਲੋਚਨ ਸਿੰਘ ਦੁਪਾਲਪੁਰ ਨੇ ਸੰਖੇਪਵੇਂ ਪਰ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਬਟਾਲੇ ਵਿਖੇ ਹੋਏ ਵਿਆਹ ਸਬੰਧੀ ਇਤਿਹਾਸ ਸਰਵਣ ਕਰਾਇਆ ਕਿ ਕਿਵੇਂ ਉਸ ਮੌਕੇ ਗੁਰੂ ਸਾਹਿਬ ਨੂੰ ਕੱਚੀ ਕੰਧ ਦੇ ਲਾਗੇ ਬਿਠਾਇਆ ਗਿਆ ਸੀ।

ਇਸ ਪ੍ਰਸੰਗ ਦੀ ਹੋਰ ਕਵੀਆਂ ਨੇ ਵੱਖ ਵੱਖ ਕਵਿਤਾਵਾਂ ਰਾਹੀਂ ਸੰਗਤ ਦੀ ਭਾਵਪੂਰਤ ਢੰਗ ਨਾਲ ਸਾਂਝ ਪੁਆਈ ਕਵੀ ਤਰਸੇਮ ਸਿੰਘ 'ਸੁੰਮਨ' ਨੇ ਸਿੱਠਣੀਆਂ, ਬੀਬੀ ਬਲਵਿੰਦਰ ਕੌਰ ਹੰਸਰਾ ਨੇ ਕੱਚੀ ਕੰਧ ਨੂੰ ਗੁਰੂ ਸਾਹਿਬ ਵਲੋਂ ਯੁੱਗਾਂ ਯੁਗਾਂ ਤਕ ਪੱਕੀ ਰਹਿਣ ਦੇ ਵਰੁ ਅਤੇ ਭਾਈ ਅਮਰਜੀਤ ਸਿੰਘ ਇਬਰਾਹੀਮਪੁਰ ਨੇ ਵੀ ਬਟਾਲੇ ਵਿਖੇ ਮਨਾਏ ਜਾਂਦੇ ਵਿਆਹ ਪੁਰਬ ਮੌਕੇ ਮਨਾਏ ਜਾਂਦੇ ਜੋੜ ਮੇਲੇ ਦੀ ਉਪਮਾਂ ਬਿਆਨ ਕੀਤੀ।ਤਰਲੋਚਨ ਸਿੰਘ ਦੁਪਾਲ ਪੁਰੀ ਨੇ ਵੀ ਅਖੀਰ ਵਿੱਚ ਗੁਰੂ ਨਾਨਕ ਫਲਸਫੇ ਬਾਰੇ ਇਕ ਕਵਿਤਾ ਨਾਲ ਹਾਜ਼ਰੀ ਲਾਈ। ਸਮਾਪਤੀ ਮੌਕੇ ਇਸ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਨੇ ਗੁਰਦੁਆਰੇ ਦੀ ਬਣ ਰਹੀ ਨਵੀਂ ਇਮਾਰਤ ਵਿੱਚ ਸੇਵਾ ਪਾਉਣ ਦੀ ਅਪੀਲ ਕੀਤੀ ਅਤੇ ਭਾਈ ਬਲਕਾਰ ਸਿੰਘ ਨੇ ਕਵੀ ਜਨਾਂ ਅਤੇ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਸੱਜਣ ਕੁਮਾਰ ਦਾ ਅੰਜਾਮ

ਸੱਜਣ ਕੁਮਾਰ ਦਾ ਨਾਂਅ ਸੁਣਦਿਆਂ ਹੀ 1984 ਵਿਚ ਦਿੱਲੀ ’ਚ ਹੋਏ ਸਿੱਖ ਵਿਰੋਧੀ ਦੰਗਿਆਂ ਦੀ ਯਾਦ ਫਿਰ ਤੋਂ ਤਾਜ਼ਾ ਹੋ ਜਾਂਦੀ ਹੈ। ਇੰਦਰਾ ਗਾਂਧੀ ਦੇ ਰਖਿਅਕਾਂ ਬੇਅੰਤ ਸਿੰਘ ਅਤੇ ਸਤਵੰਤ ਸਿੰਘ ਵਲੋਂ ਉਸ ਨੂੰ ਗੋਲੀਆਂ ਮਾਰਨ ਤੋਂ ਬਾਅਦ ਅਗਲੇ ਹੀ ਦਿਨ 4 ਦਿਨਾਂ ਤੱਕ ਦਿੱਲੀ ਅਤੇ ਦੇਸ਼ ਦੀਆਂ ਹੋਰ ਅਨੇਕਾਂ ਥਾਵਾਂ ’ਤੇ ਜੋ ਸਿੱਖ ਵਿਰੋਧੀ ਦੰਗੇ ਭੜਕੇ, ਜਿਸ ਵਿਚ ਹਜ਼ਾਰਾਂ ਹੀ ਸਿੱਖਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਗਿਆ ਸੀ, ਉਨ੍ਹਾਂ ਦੇ ਘਰ ਅਤੇ ਕਾਰੋਬਾਰਾਂ ਨੂੰ ਤਬਾਹ ਕਰ ਦਿੱਤਾ ਗਿਆ ਸੀ ਅਤੇ ਬਹੁਤੇ ਥਾਈਂ ਗੁਰਦੁਆਰਿਆਂ ਤੱਕ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ ਸੀ। ਚਾਹੇ ਇਸ ਤੋਂ ਬਾਅਦ ਹੋਈ ਇਸ ਭਿਆਨਕ ਤਬਾਹੀ ਤੇ ਹਿੰਸਾ ਸੰਬੰਧੀ ਇਨਸਾਫ਼ ਲਈ ਕਈ ਕਮਿਸ਼ਨ ਬਣੇ, ਤਾਂ ਜੋ ਉਸ ਸਮੇਂ ਵਾਪਰੇ ਘਟਨਾਕ੍ਰਮ ਦੀ ਪਾਰਦਰਸ਼ੀ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇ ਭਾਗੀ ਬਣਾਇਆ ਜਾ ਸਕੇ ਪਰ ਜਿੰਨਾ ਵੱਡਾ ਭਿਆਨਕ ਕਾਂਡ ਇਹ ਵਾਪਰਿਆ ਸੀ, ਉਸ ਦੇ ਮੁਕਾਬਲੇ ਵਿਚ ਦੇਸ਼ ਦੀਆਂ ਅਦਾਲਤਾਂ ਵਲੋਂ ਬੇਹੱਦ ਨਿਗੂਣੀਆਂ ਸਜ਼ਾਵਾਂ ਹੀ ਦਿੱਤੀਆਂ ਜਾ ਸਕੀਆਂ ਹਨ।

ਕੇਂਦਰ ਵਿਚ ਕਾਂਗਰਸ ਦੀ ਹਕੂਮਤ ਸੀ, ਉਸ ਨੇ ਇਸ ਸਾਰੇ ਘਟਨਾਕ੍ਰਮ ਦੇ ਸਬੂਤਾਂ ਨੂੰ ਮਿਟਾਉਣ ਵਿਚ ਆਪਣੀ ਪੂਰੀ ਸਰਕਾਰੀ ਮਸ਼ੀਨਰੀ ਵਰਤੀ ਅਤੇ ਇਸ ਦਰਦਨਾਕ ਕਾਂਡ ਵਿਰੁੱਧ ਇਨਸਾਫ਼ ਦੀਆਂ ਆਵਾਜ਼ਾਂ ਨੂੰ ਬੇਹੱਦ ਮੱਧਮ ਕਰ ਦਿੱਤਾ। ਅਖ਼ੀਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਸ ਸੰਬੰਧੀ ਸਾਲ 2005 ਵਿਚ ਦੇਸ਼ ਦੀ ਸੰਸਦ ਵਿਚ ਮੁਆਫ਼ੀ ਮੰਗਣੀ ਪਈ ਸੀ। ਉਨ੍ਹਾਂ ਕਿਹਾ ਸੀ ਕਿ ਜੋ ਕੁੱਝ 1984 ਵਿਚ ਵਾਪਰਿਆ ਹੈ, ਉਹ ਸਾਡੇ ਸੰਵਿਧਾਨ ਨੂੰ ਨਕਾਰਦਾ ਹੈ। ਮੈਂ ਆਪਣੇ ਦੇਸ਼ ਵਲੋਂ ਜੋ ਕੁੱਝ ਵਾਪਰਿਆ ਹੈ, ਉਸ ਲਈ ਸ਼ਰਮ ਨਾਲ ਸਿਰ ਝੁਕਾਉਂਦਾ ਹਾਂ। ਚਾਹੇ ਪਿਛਲੇ ਬਣਾਏ ਜਾਂਚ ਕਮਿਸ਼ਨਾਂ ਨਾਲ ਇਨਸਾਫ਼ ਲਈ ਕੋਈ ਬਹੁਤੀ ਗੱਲ ਅੱਗੇ ਨਹੀਂ ਚੱਲੀ ਪਰ 2014 ਵਿਚ ਮੋਦੀ ਸਰਕਾਰ ਦੇ ਬਣਦਿਆਂ ਹੀ ਇਕ ਵਾਰ ਫਿਰ ਜਾਂਚ ਕਮਿਸ਼ਨ ਬਣਾਇਆ ਗਿਆ, ਜਿਸ ਨਾਲ ਸੱਜਣ ਕੁਮਾਰ ਵਰਗੇ ਮੁੱਖ ਦੋਸ਼ੀਆਂ ਨੂੰ ਸਜ਼ਾਵਾਂ ਦੇ ਭਾਗੀ ਬਣਾਇਆ ਗਿਆ। ਹੋਰਾਂ ਕਈ ਦੋਸ਼ੀਆਂ ਦੇ ਨਾਲ ਸੀ.ਬੀ.ਆਈ. ਵਲੋਂ ਲੰਮੀ ਜਾਂਚ ਤੋਂ ਬਾਅਦ ਉਸ ਨੂੰ ਉੱਚ ਅਦਾਲਤ ਦੁਆਰਾ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਸਾਲ 2018 ਵਿਚ ਸਜ਼ਾ ਸੁਣਾਈ ਗਈ ਸੀ। ਚਾਹੇ ਇਸ ਸਜ਼ਾ ਤੋਂ ਬਾਅਦ ਉਸ ਨੇ ਸਾਲ 2018 ਵਿਚ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ ਸੀ ਪਰ ਬਹੁਤੇ ਕਾਂਗਰਸੀ ਫਿਰ ਵੀ ਉਸ ਦੀ ਹਰ ਤਰ੍ਹਾਂ ਨਾਲ ਪੁਸ਼ਤ-ਪਨਾਹੀ ਕਰਦੇ ਰਹੇ। 40 ਸਾਲਾਂ ਤੋਂ ਅਨੇਕਾਂ ਜਥੇਬੰਦੀਆਂ ਅਤੇ ਐਚ.ਐਸ. ਫੂਲਕਾ ਵਰਗੇ ਵੀ ਇਨਸਾਫ਼ ਲਈ ਗੁਹਾਰ ਲਗਾਉਂਦੇ ਅਦਾਲਤਾਂ ਦੇ ਚੱਕਰ ਕੱਟਦੇ ਰਹੇ ਪਰ ਇਸ ਦੇ ਬਾਵਜੂਦ ਸਿੱਖ ਮਨਾਂ ਵਿਚ ਉਭਰਿਆ ਇਹ ਰੋਸ ਮੱਠਾ ਨਹੀਂ ਹੋਇਆ।

ਸੱਜਣ ਕੁਮਾਰ ਦੇ ਸਾਹਮਣੇ ਆਏ ਗੁਨਾਹਾਂ ਸੰਬੰਧੀ ਉਸ ਨੂੰ ਫਾਂਸੀ ਦਿੱਤੇ ਜਾਣ ਦੀ ਮੰਗ ਕੀਤੀ ਜਾਂਦੀ ਰਹੀ ਸੀ। ਚਾਹੇ ਸੱਜਣ ਕੁਮਾਰ ਦੀ ਮੌਤ ਜੇਲ੍ਹ ਦੀ ਸਜ਼ਾ ਭੁਗਤਦਿਆਂ ਹੀ ਹੋਈ ਹੈ ਪਰ ਇਸ ਖ਼ਬਰ ਨੇ ਇਕ ਵਾਰ ਫਿਰ ਪੁਰਾਣੇ ਜ਼ਖ਼ਮ ਜ਼ਰੂਰ ਹਰੇ ਕਰ ਦਿੱਤੇ ਹਨ, ਜਿਨ੍ਹਾਂ ’ਤੇ ਮਰਹਮ ਲਗਾਉਣ ਦੀ ਲੋੜ ਹੈ। ਅਜਿਹੇ ਸਮੇਂ ਵਿਚ ਪਹਿਲਾਂ ਵੀ ਅਨੇਕਾਂ ਵਾਰ ਕਾਂਗਰਸੀਆਂ ਨੇ ਖੁੱਲ੍ਹੇ ਰੂਪ ਵਿਚ ਸੱਜਣ ਕੁਮਾਰ ਦੇ ਨਾਲ-ਨਾਲ ਜਗਦੀਸ਼ ਟਾਇਟਲਰ ਅਤੇ ਹੋਰ ਦੋਸ਼ੀਆਂ ਦੀ ਕਿਸੇ ਨਾ ਕਿਸੇ ਰੂਪ ਵਿਚ ਵਕਾਲਤ ਜ਼ਰੂਰ ਕੀਤੀ ਹੈ ਪਰ ਹੁਣਇਕ ਵਾਰ ਫਿਰ ਸੱਜਣ ਕੁਮਾਰ ਦੀ ਮੌਤ ਤੋਂ ਬਾਅਦ ਹਰਿਆਣਾ ਦੇ ਸੰਸਦ ਮੈਂਬਰ ਦਪਿੰਦਰ ਹੁੱਡਾ ਨੇ ਆਪਣੇ ਬਿਆਨ ਨਾਲ ਬਹੁਤੇ ਕਾਂਗਰਸੀਆਂ ਦੀ ਮਾਨਸਿਕਤਾ ਨੂੰ ਉਜਾਗਰ ਕਰ ਦਿੱਤਾ ਹੈ। ਦਪਿੰਦਰ ਹੁੱਡਾ ਜੋ ਕਿ ਹਰਿਆਣੇ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਹੁੱਡਾ ਦਾ ਲੜਕਾ ਹੈ, ਨੇ ਸੱਜਣ ਕੁਮਾਰ ਬਾਰੇ ਕਿਹਾ ’ਦੇਸ਼ ਦੇ ਰਾਜਨੀਤਿਕ ਦਿ ?ਸ਼ ਤੇ ਐਸਾ ਘਾਟਾ ਪਿਆ, ਜਿਸ ਦੀ ਪੂਰਤੀ ਸੰਭਵ ਨਹੀਂ ਹੋ ਸਕਦੀ, ਸੱਜਣ ਕੁਮਾਰ ਜੀ ਨਾ ਸਿਰਫ਼ ਦਿੱਲੀ, ਦਿੱਲੀ ਦਿਹਾਤ, ਬਲਕਿ ਪੂਰੇ ਉੱਤਰ ਭਾਰਤ ਦੀ ਅਜਿਹੀ ਸ਼ਖ਼ਸੀਅਤ ਸਨ, ਜੋ ਲੋਕਾਂ ਨਾਲ ਜੁੜੇ ਹੋਏ ਸਨ। ਉਨ੍ਹਾਂ ਦੀ ਮਿਸਾਲ ਸਾਡੇ ਪੂਰੇ ਦੇਸ਼ ਵਿਚ ਦਿੱਤੀ ਜਾਂਦੀ ਹੈ।’ ਦਪਿੰਦਰ ਹੁੱਡਾ ਕਾਂਗਰਸ ਦਾ ਇਕ ਮਹੱਤਵਪੂਰਨ ਅਤੇ ਵੱਡਾ ਆਗੂ ਹੈ, ਉਨ੍ਹਾਂ ਦੇ ਇਸ ਬਿਆਨ ਦਾ ਇਕ ਵਾਰ ਫਿਰ ਜਵਾਬ ਕਾਂਗਰਸੀ ਲੀਡਰਸ਼ਿਪ ਨੂੰ ਦੇਣਾ ਹੋਵੇਗਾ ਕਿ ਇਕ ਇਨਸਾਨੀਅਤ ਤੋਂ ਗਿਰੇ ਹੋਏ ਕਾਤਲ ਵਿਅਕਤੀ, ਜਿਸ ਨੂੰ ਵੱਖ-ਵੱਖ ਅਦਾਲਤਾਂ ਨੇ ਵੱਡੀਆਂ ਸਜ਼ਾਵਾਂ ਦੇਣ ਦਾ ਐਲਾਨ ਕੀਤਾ ਹੋਵੇ, ਨੂੰ ਕਿਸ ਤਰ੍ਹਾਂ ਸਹੀ ਠਹਿਰਾਉਣ ਦਾ ਯਤਨ ਕੀਤਾ ਜਾ ਸਕਦਾ ਹੈ। ਬਿਨਾਂ ਸ਼ੱਕ ਸੱਜਣ ਕੁਮਾਰ ਨੂੰ ਉਸ ਸਮੇਂ ਦਿੱਲੀ ਅਤੇ ਦੇਸ਼ ਵਿਚ ਵਾਪਰੀ ਦਰਿੰਦਗੀ ਦੀ ਇਕ ਉਭਰਵੀਂ ਮਿਸਾਲ ਕਿਹਾ ਜਾ ਸਕਦਾ ਹੈ।

# ਇਤਿਹਾਸਕ ਜ਼ਖ਼ਮ ਤੇ ਭਾਈਚਾਰਕ ਸਾਂਝ



ਕੁਝ ਘਟਨਾਵਾਂ ਸਮੇਂ ਦੇ ਬੀਤਣ ਨਾਲ ਪੁਰਾਣੀਆਂ ਨਹੀਂ ਹੁੰਦੀਆਂ। ਉਹ ਇਤਿਹਾਸ ਦੇ ਪੰਨਿਆਂ ਤੋਂ ਨਿਕਲ ਕੇ ਪੀੜ੍ਹੀਆਂ ਦੀ ਸਾਂਝੀ ਯਾਦ ਦਾ ਹਿੱਸਾ ਬਣ ਜਾਂਦੀਆਂ ਹਨ। 1984 ਵੀ ਭਾਰਤ ਦੇ ਇਤਿਹਾਸ ਦਾ ਅਜਿਹਾ ਹੀ ਦਰਦਨਾਕ ਅਧਿਆਇ ਹੈ। ਇਸ ਤ੍ਰਾਸਦੀ ਨੇ ਹਜ਼ਾਰਾਂ ਪਰਿਵਾਰਾਂ ਨੂੰ ਉਜਾੜਿਆ, ਅਨੇਕਾਂ ਜਾਨਾਂ ਲਈਆਂ ਅਤੇ ਸਮਾਜਿਕ ਭਰੋਸੇ ਨੂੰ ਡੂੰਘੀ ਸੱਟ ਮਾਰੀ। 20 ਅਗਸਤ 2026 ਨੂੰ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਦੀ ਦਿੱਲੀ ਦੇ ਸਫ਼ਦਰਜੰਗ ਹਸਪਤਾਲ ’ਚ ਮੌਤ ਨੇ ਇਕ ਵਾਰ ਫਿਰ 1984 ਦੀਆਂ ਯਾਦਾਂ ਨੂੰ ਜਨਤਕ ਚਰਚਾ ’ਚ ਲਿਆ ਦਿੱਤਾ। ਉਹ 1984 ਨਾਲ ਸਬੰਧਤ ਦੋ ਮਾਮਲਿਆਂ ’ਚ ਉਮਰਕੈਦ ਦੀਆਂ ਸਜ਼ਾਵਾਂ ਭੁਗਤ ਰਹੇ ਸਨ।

2018 ’ਚ ਦਿੱਲੀ ਹਾਈ ਕੋਰਟ ਨੇ ਉਨ੍ਹਾਂ ਨੂੰ ਇਕ ਮਾਮਲੇ ’ਚ ਉਮਰਕੈਦ ਸੁਣਾਈ ਸੀ ਅਤੇ 2025 ’ਚ ਇਕ ਹੋਰ ਮਾਮਲੇ ’ਚ ਵੀ ਉਨ੍ਹਾਂ ਨੂੰ ਉਮਰਕੈਦ ਦੀ ਸਜ਼ਾ ਹੋਈ। ਇਸ ਤੋਂ ਬਾਅਦ ਆਏ ਕੁਝ ਸਿਆਸੀ ਬਿਆਨਾਂ ਨੇ ਨਵੀਂ ਚਰਚਾ ਨੂੰ ਜਨਮ ਦਿੱਤਾ। ਕਾਂਗਰਸ ਆਗੂ ਵੱਲੋਂ ਸੱਜਣ ਕੁਮਾਰ ਬਾਰੇ ਕੀਤੀ ਗਈ ਪ੍ਰਸ਼ੰਸਾਤਮਕ ਟਿੱਪਣੀ ’ਤੇ ਪੰਜਾਬ ਕਾਂਗਰਸ ਦੇ ਕੁਝ ਆਗੂਆਂ ਨੇ ਦੂਰੀ ਬਣਾਉਂਦਿਆਂ ਕਿਹਾ ਕਿ ਉਹ ਪੀੜਤ ਪਰਿਵਾਰਾਂ ਦੇ ਨਾਲ ਖੜ੍ਹੇ ਹਨ। ਇੱਥੇ ਸਾਡੇ ਸਾਹਮਣੇ ਇਕ ਬਹੁਤ ਵੱਡਾ ਸਵਾਲ ਖੜ੍ਹਾ ਹੁੰਦਾ ਹੈ— ਕੀ ਅਸੀਂ 1984 ਦੀ ਯਾਦ ਨੂੰ ਸਿਆਸੀ ਬਿਆਨਾਂ ਦੀ ਅੱਗ ’ਚ ਦੁਬਾਰਾ ਸਾੜਨਾ ਹੈ ਜਾਂ ਉਸ ਦੇ ਜ਼ਖ਼ਮਾਂ ਤੋਂ ਭਵਿੱਖ ਲਈ ਕੋਈ ਰੌਸ਼ਨੀ ਪੈਦਾ ਕਰਨੀ ਹੈ? ਦੂਜਾ ਰਸਤਾ ਹੀ ਜ਼ਿਆਦਾ ਬਿਹਤਰ ਹੈ। 1984 ਨੂੰ ਆਪਣੀਆਂ ਅੱਖਾਂ ਨਾਲ ਦੇਖਣ ਵਾਲੀ ਪੀੜ੍ਹੀ ਲਈ ਇਹ ਸਿਰਫ਼ ਇਤਿਹਾਸ ਨਹੀਂ। ਕਿਸੇ ਨੇ ਆਪਣਾ ਪਿਤਾ ਗੁਆਇਆ, ਕਿਸੇ ਨੇ ਭਰਾ, ਕਿਸੇ ਨੇ ਪੁੱਤਰ, ਕਿਸੇ ਨੇ ਪੂਰਾ ਪਰਿਵਾਰ। ਕਈ ਪਰਿਵਾਰਾਂ ਦੇ ਘਰ ਉੱਜੜੇ ਅਤੇ ਕਈ ਲੋਕਾਂ ਨੇ ਦਹਾਕਿਆਂ ਤੱਕ ਆਪਣੇ ਅੰਦਰ ਉਹ ਦਰਦ ਸੰਭਾਲ ਕੇ ਰੱਖਿਆ ਪਰ ਅੱਜ ਇਕ ਨਵੀਂ ਪੀੜ੍ਹੀ ਸਾਡੇ ਸਾਹਮਣੇ ਹੈ-ਜਿਸ ਨੂੰ ਅਸੀਂ ਆਮ ਤੌਰ ’ਤੇ ਜੈੱਨ-ਜ਼ੀ ਕਹਿੰਦੇ ਹਾਂ। ਇਸ ਪੀੜ੍ਹੀ ਦਾ ਜਨਮ 1984 ਤੋਂ ਬਹੁਤ ਬਾਅਦ ਹੋਇਆ। ਇਸ ਨੇ 1984 ਨੂੰ ਆਪਣੀਆਂ ਅੱਖਾਂ ਨਾਲ ਨਹੀਂ ਦੇਖਿਆ। ਇਸ ਨੇ ਇਹ ਇਤਿਹਾਸ ਆਪਣੇ ਮਾਪਿਆਂ, ਦਾਦਾ-ਦਾਦੀ, ਕਿਤਾਬਾਂ, ਖ਼ਬਰਾਂ ਅਤੇ ਹੁਣ ਸੋਸ਼ਲ ਮੀਡੀਆ ਰਾਹੀਂ ਜਾਣਿਆ ਹੈ। ਇਸ ਲਈ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਨਵੀਂ ਪੀੜ੍ਹੀ ਨੂੰ ਇਤਿਹਾਸ ਦੀ ਸੱਚਾਈ ਤਾਂ ਦੱਸੀਏ, ਪਰ ਉਸ ਦੇ ਹੱਥ ’ਚ ਨਫ਼ਰਤ ਦਾ ਹਥਿਆਰ ਨਾ ਦੇਈਏ। ਉਨ੍ਹਾਂ ਨੂੰ ਇਹ ਦੱਸੀਏ ਕਿ ਬੇਇਨਸਾਫ਼ੀ ਨੂੰ ਭੁੱਲਣਾ ਨਹੀਂ, ਪਰ ਨਫ਼ਰਤ ਨੂੰ ਵਿਰਾਸਤ ਵੀ ਨਹੀਂ ਬਣਾ ਲੈਣਾ। ਦਿੱਲੀ ਭਾਰਤ ਦਾ ਉਹ ਸ਼ਹਿਰ ਹੈ, ਜਿੱਥੇ ਦੇਸ਼ ਦੇ ਲਗਭਗ ਹਰ ਸੂਬੇ ਅਤੇ ਹਰ ਭਾਈਚਾਰੇ ਦੇ ਲੋਕ ਵੱਸਦੇ ਹਨ। ਪੰਜਾਬੀਆਂ ਅਤੇ ਸਿੱਖਾਂ ਦੀ ਇੱਥੇ ਲੰਬੇ ਸਮੇਂ ਤੋਂ ਮਹੱਤਵਪੂਰਨ ਮੌਜੂਦਗੀ ਹੈ। 1984 ਤੋਂ ਬਾਅਦ ਵੀ ਬਹੁਤ ਸਾਰੇ ਸਿੱਖ ਪਰਿਵਾਰਾਂ ਨੇ ਦਿੱਲੀ ਨੂੰ ਆਪਣਾ ਘਰ ਬਣਾਈ ਰੱਖਿਆ।

ਉਹ ਇੱਥੇ ਵਪਾਰ ਕਰਦੇ ਹਨ, ਨੌਕਰੀਆਂ ਕਰਦੇ ਹਨ, ਬੱਚਿਆਂ ਨੂੰ ਪੜ੍ਹਾਉਂਦੇ ਹਨ ਅਤੇ ਦੇਸ਼ ਦੀ ਤਰੱਕੀ ’ਚ ਆਪਣਾ ਯੋਗਦਾਨ ਪਾਉਂਦੇ ਹਨ। ਇਹ ਆਪਣੇ ਆਪ ’ਚ ਭਾਰਤ ਦੀ ਤਾਕਤ ਦਾ ਪ੍ਰਤੀਕ ਹੈ। ਜੇਕਰ ਕਿਸੇ ਭਾਈਚਾਰੇ ਨੇ ਇੰਨਾ ਵੱਡਾ ਦੁੱਖ ਸਹਿਣ ਤੋਂ ਬਾਅਦ ਵੀ ਦੇਸ਼ ਦੇ ਨਾਲ ਆਪਣਾ ਰਿਸ਼ਤਾ ਕਾਇਮ ਰੱਖਿਆ ਹੈ ਤਾਂ ਇਹ ਨਫ਼ਰਤ ਦੀ ਨਹੀਂ, ਭਾਰਤੀ ਸਮਾਜ ਦੀ ਸਹਿਣਸ਼ੀਲਤਾ ਅਤੇ ਜੀਵਨ-ਸ਼ਕਤੀ ਦੀ ਨਿਸ਼ਾਨੀ ਹੈ। ਇਸ ਲਈ ਅੱਜ ਲੋੜ ਹੈ ਕਿ ਦਿੱਲੀ ਤੇ ਪੂਰਾ ਦੇਸ਼ ਕਿਸੇ ਇਕ ਭਾਈਚਾਰੇ ਦਾ ਨਹੀਂ, ਸਾਰਿਆਂ ਦਾ ਘਰ ਸਮਝਿਆ ਜਾਵੇ। ਸਾਡੇ ਦੇਸ਼ ਦੀ ਖ਼ੂਬਸੂਰਤੀ ਇਸ ਦੀ ਵਿਭਿੰਨਤਾ ’ਚ ਹੈ। ਸਿੱਖ, ਹਿੰਦੂ, ਮੁਸਲਮਾਨ, ਇਸਾਈ, ਬੋਧ, ਜੈਨ ਅਤੇ ਹੋਰ ਧਰਮਾਂ ਦੇ ਲੋਕ ਸਦੀਆਂ ਤੋਂ ਇਸ ਧਰਤੀ ’ਤੇ ਰਹਿੰਦੇ ਆਏ ਹਨ।

ਧਰਮ ਮਨੁੱਖ ਨੂੰ ਚੰਗਾ ਇਨਸਾਨ ਬਣਾਉਣ ਦਾ ਸਾਧਨ ਹੋਣਾ ਚਾਹੀਦਾ ਹੈ। ਜੇ ਧਰਮ ਦੇ ਨਾਮ ’ਤੇ ਕਿਸੇ ਹੋਰ ਨਾਲ ਨਫ਼ਰਤ ਪੈਦਾ ਹੋਵੇ ਤਾਂ ਸਮੱਸਿਆ ਧਰਮ ’ਚ ਨਹੀਂ, ਉਸ ਦੀ ਗ਼ਲਤ ਵਿਆਖਿਆ ਅਤੇ ਗ਼ਲਤ ਵਰਤੋਂ ’ਚ ਹੈ। ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ- ਆਪਣੇ ਧਰਮ ਨਾਲ ਪਿਆਰ ਕਰੋ ਤੇ ਦੂਜੇ ਧਰਮ ਨਾਲ ਨਫ਼ਰਤ ਨਾ ਕਰੋ। ਆਪਣੀ ਪਛਾਣ ’ਤੇ ਮਾਣ ਕਰੋ ਪਰ ਦੂਜੇ ਦੀ ਪਛਾਣ ਦਾ ਅਪਮਾਨ ਨਾ ਕਰੋ। ਇਹੀ ਭਾਰਤੀਅਤ ਦੀ ਅਸਲ ਭਾਵਨਾ ਹੈ। ਇਕ ਪਲ ਲਈ ਸੋਚੀਏ-ਜੇ 1984 ਦੇ ਸਮੇਂ ਅੱਜ ਵਾਲੇ ਮੋਬਾਈਲ ਫ਼ੋਨ, ਇੰਟਰਨੈੱਟ, ਸੋਸ਼ਲ ਮੀਡੀਆ ਅਤੇ ਤੁਰੰਤ ਸੰਚਾਰ ਦੇ ਸਾਧਨ ਮੌਜੂਦ ਹੁੰਦੇ ਤਾਂ ਸਥਿਤੀ ਕਿੰਨੀ ਵੱਖਰੀ ਹੋ ਸਕਦੀ ਸੀ?

ਇਹ ਸਿਰਫ਼ ਕਲਪਨਾ ਦਾ ਸਵਾਲ ਨਹੀਂ, ਸਗੋਂ ਅੱਜ ਲਈ ਇਕ ਚੇਤਾਵਨੀ ਹੈ। ਅੱਜ ਇਕ ਝੂਠੀ ਖ਼ਬਰ, ਪੁਰਾਣੀ ਵੀਡੀਓ ਜਾਂ ਭੜਕਾਊ ਪੋਸਟ ਕੁਝ ਮਿੰਟਾਂ ’ਚ ਹਜ਼ਾਰਾਂ ਲੋਕਾਂ ਤੱਕ ਪਹੁੰਚ ਸਕਦੀ ਹੈ। ਇਕ ਗ਼ਲਤ ਸੰਦੇਸ਼ ਭੀੜ ਦੀ ਮਾਨਸਿਕਤਾ ਨੂੰ ਭੜਕਾ ਸਕਦਾ ਹੈ ਪਰ ਇਹੀ ਤਕਨਾਲੋਜੀ ਸ਼ਾਂਤੀ ਦਾ ਸਾਧਨ ਵੀ ਬਣ ਸਕਦੀ ਹੈ। ਜੇ ਅਸੀਂ ਸੋਸ਼ਲ ਮੀਡੀਆ ਦੀ ਵਰਤੋਂ ਸੱਚੀ ਜਾਣਕਾਰੀ, ਮਨੁੱਖੀ ਸਹਾਇਤਾ, ਅਫ਼ਵਾਹਾਂ ਦਾ ਖੰਡਨ ਅਤੇ ਭਾਈਚਾਰਕ ਸਾਂਝ ਲਈ ਕਰੀਏ ਤਾਂ ਇਹ ਸਮਾਜ ਨੂੰ ਤੋੜਨ ਦੀ ਬਜਾਏ ਜੋੜ ਸਕਦੀ ਹੈ। ਇਸ ਲਈ ਜੈੱਨ-ਜ਼ੀ ਨੂੰ ਸਿਰਫ਼ ‘ਤਕਨਾਲੋਜੀ ਦੀ ਪੀੜ੍ਹੀ’ ਨਹੀਂ, ਸਗੋਂ ਜ਼ਿੰਮੇਵਾਰ ਡਿਜ਼ੀਟਲ ਨਾਗਰਿਕਾਂ ਦੀ ਪੀੜ੍ਹੀ ਬਣਾਉਣਾ ਸਾਡੀ ਜ਼ਿੰਮੇਵਾਰੀ ਹੈ। ਸਾਡੇ ਦੁਸ਼ਮਣ ਕੌਣ ਹਨ? ਕਈ ਵਾਰ ਸਾਨੂੰ ਇਕ ਗੱਲ ’ਤੇ ਵੀ ਸੋਚਣਾ ਚਾਹੀਦਾ ਹੈ ਕਿ ਦੇਸ਼ ਨੂੰ ਕਮਜ਼ੋਰ ਕੌਣ ਕਰਦਾ ਹੈ? ਕੀ ਸਾਡਾ ਗੁਆਂਢੀ ਧਰਮ ਦਾ ਵਿਅਕਤੀ ਸਾਡਾ ਦੁਸ਼ਮਣ ਹੈ? ਕੀ ਸਾਡੇ ਨਾਲ ਰਹਿਣ ਵਾਲਾ ਦੂਜੇ ਭਾਈਚਾਰੇ ਦਾ ਨਾਗਰਿਕ ਸਾਡਾ ਦੁਸ਼ਮਣ ਹੈ? ਨਹੀਂ। ਸਾਡਾ ਅਸਲ ਦੁਸ਼ਮਣ ਨਫ਼ਰਤ, ਹਿੰਸਾ, ਝੂਠੀ ਜਾਣਕਾਰੀ, ਅਫ਼ਵਾਹ, ਕੱਟੜਤਾ ਅਤੇ ਸਮਾਜਕ ਵੰਡ ਹੈ। ਜਿਹੜੀਆਂ ਤਾਕਤਾਂ ਭਾਰਤ ਨੂੰ ਕਮਜ਼ੋਰ ਦੇਖਣਾ ਚਾਹੁੰਦੀਆਂ ਹਨ, ਉਨ੍ਹਾਂ ਲਈ ਸਾਡੀ ਆਪਸੀ ਲੜਾਈ ਸਭ ਤੋਂ ਵੱਡਾ ਲਾਭ ਹੈ। ਜੇ ਸਿੱਖ ਹਿੰਦੂ ਨਾਲ, ਹਿੰਦੂ ਮੁਸਲਮਾਨ ਨਾਲ ਅਤੇ ਇਕ ਭਾਈਚਾਰਾ ਦੂਜੇ ਨਾਲ ਲੜਦਾ ਰਹੇ ਤਾਂ ਦੇਸ਼ ਦੀ ਅੰਦਰੂਨੀ ਤਾਕਤ ਕਮਜ਼ੋਰ ਹੁੰਦੀ ਹੈ।

ਕਿਸੇ ਵਿਅਕਤੀ ਦੀ ਮੌਤ ’ਤੇ ਮਨੁੱਖੀ ਸੰਵੇਦਨਾ ਪ੍ਰਗਟ ਕਰਨਾ ਇਕ ਗੱਲ ਹੈ ਪਰ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਗਏ ਵਿਅਕਤੀ ਦੀ ਸਿਆਸੀ ਮਹਾਨਤਾ ਦਾ ਗੁਣਗਾਨ ਕਰਨਾ ਬਿਲਕੁਲ ਵੱਖਰੀ ਗੱਲ ਹੈ। ਸਿਆਸੀ ਆਗੂਆਂ ਦੇ ਸ਼ਬਦ ਆਮ ਵਿਅਕਤੀ ਦੇ ਸ਼ਬਦ ਨਹੀਂ ਹੁੰਦੇ। ਉਨ੍ਹਾਂ ਦੇ ਬਿਆਨ ਸਮਾਜ ’ਚ ਪ੍ਰਭਾਵ ਪੈਦਾ ਕਰਦੇ ਹਨ। ਇਸ ਲਈ ਬਿਆਨ ਦੇਣ ਤੋਂ ਪਹਿਲਾਂ ਇੱਕ ਪਲ ਲਈ ਇਹ ਸੋਚਣਾ ਚਾਹੀਦਾ ਹੈ-‘ਮੇਰੇ ਸ਼ਬਦ ਕਿਸੇ ਪੀੜਤ ਪਰਿਵਾਰ ਦੇ ਪੁਰਾਣੇ ਜ਼ਖ਼ਮ ਨੂੰ ਤਾਂ ਨਹੀਂ ਖੋਲ੍ਹਣਗੇ?’ ਜੇ ਇਹ ਸੋਚ ਰਾਜਨੀਤੀ ’ਚ ਆ ਜਾਵੇ ਤਾਂ ਸਾਡੇ ਸਮਾਜ ’ਚ ਕਾਫ਼ੀ ਕੁਝ ਬਦਲ ਸਕਦਾ ਹੈ। ਦੋਸ਼ੀ ਨੂੰ ਸਜ਼ਾ ਮਿਲੀ—ਹੁਣ ਸਮਾਜ ਕੀ ਸਿੱਖੇ? ਅਦਾਲਤ ਨੇ ਜਿੱਥੇ ਦੋਸ਼ ਸਾਬਤ ਹੋਏ, ਉੱਥੇ ਕਾਨੂੰਨ ਅਨੁਸਾਰ ਸਜ਼ਾਵਾਂ ਦਿੱਤੀਆਂ। ਇਹ ਕਾਨੂੰਨ ਦੀ ਸਰਵਉੱਚਤਾ ਦਾ ਸੰਦੇਸ਼ ਹੈ ਪਰ ਅਦਾਲਤ ਦਾ ਕੰਮ ਸਜ਼ਾ ਦੇਣਾ ਹੈ; ਸਮਾਜ ਦਾ ਕੰਮ ਅਗਲੀ ਪੀੜ੍ਹੀ ਨੂੰ ਸਹੀ ਦਿਸ਼ਾ ਦੇਣਾ ਹੈ। ਕਿਸੇ ਦੋਸ਼ੀ ਦੀ ਮੌਤ ਤੋਂ ਬਾਅਦ ਵੀ ਉਸ ਨਾਲ ਜੁੜੇ ਇਤਿਹਾਸਕ ਸਵਾਲ ਰਹਿ ਸਕਦੇ ਹਨ ਪਰ ਸਾਡੀ ਚਰਚਾ ਦਾ ਅੰਤ ਨਫ਼ਰਤ ’ਚ ਨਹੀਂ ਹੋਣਾ ਚਾਹੀਦਾ। ਮਾਫ਼ੀ ਦਾ ਅਰਥ ਅਪਰਾਧ ਨੂੰ ਸਹੀ ਮੰਨਣਾ ਨਹੀਂ ਹੁੰਦਾ। ਭਾਈਚਾਰਕ ਸਾਂਝ ਦਾ ਅਰਥ ਨਿਆਂ ਨੂੰ ਭੁੱਲ ਜਾਣਾ ਨਹੀਂ ਹੁੰਦਾ ਅਤੇ ਇਤਿਹਾਸ ਨੂੰ ਯਾਦ ਰੱਖਣ ਦਾ ਅਰਥ ਨਵੀਂ ਪੀੜ੍ਹੀ ਨੂੰ ਨਫ਼ਰਤ ਸਿਖਾਉਣਾ ਨਹੀਂ ਹੁੰਦਾ। ਅੱਜ ਸਾਨੂੰ ਆਪਣੀ ਪੁਰਾਣੀ ਪੀੜ੍ਹੀ ਦੇ ਦਰਦ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਜੈੱਨ-ਜ਼ੀ ਨੂੰ ਇਕ ਨਵਾਂ ਭਾਰਤ ਦੇਣਾ ਚਾਹੀਦਾ ਹੈ। ਉਹ ਭਾਰਤ ਜਿੱਥੇ ਸਿੱਖ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰੇ, ਜਿੱਥੇ ਹਿੰਦੂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰੇ। ਜਿੱਥੇ ਮੁਸਲਮਾਨ, ਇਸਾਈ ਅਤੇ ਹਰ ਹੋਰ ਭਾਈਚਾਰਾ ਆਪਣੇ ਧਰਮ ਅਤੇ ਪਛਾਣ ਨਾਲ ਇੱਜ਼ਤ ਨਾਲ ਜੀ ਸਕੇ। ਸੱਜਣ ਕੁਮਾਰ ਦੀ ਮੌਤ ਨਾਲ ਇਕ ਵਿਅਕਤੀ ਦੀ ਜ਼ਿੰਦਗੀ ਦਾ ਅੰਤ ਹੋਇਆ ਹੈ ਪਰ 1984 ਦਾ ਇਤਿਹਾਸ ਖ਼ਤਮ ਨਹੀਂ ਹੋਇਆ। ਇਤਿਹਾਸ ਤੋਂ ਸਬਕ ਲੈਣਾ ਅਜੇ ਵੀ ਸਾਡੀ ਜ਼ਿੰਮੇਵਾਰੀ ਹੈ। ਹੁਣ ਸਾਨੂੰ ਇਹ ਫ਼ੈਸਲਾ ਕਰਨਾ ਹੈ ਕਿ ਅਸੀਂ ਪੁਰਾਣੇ ਜ਼ਖ਼ਮਾਂ ਨੂੰ ਰਾਜਨੀਤਿਕ ਭਾਸ਼ਣਾਂ ਵਿੱਚ ਵਾਰ-ਵਾਰ ਖੋਲ੍ਹਣਾ ਹੈ ਜਾਂ ਉਨ੍ਹਾਂ ਤੋਂ ਇੱਕ ਸ਼ਾਂਤਮਈ ਭਵਿੱਖ ਦੀ ਨੀਂਹ ਰੱਖਣੀ ਹੈ। ਮੇਰਾ ਮੰਨਣਾ ਹੈ ਕਿ ਇੱਕ ਯੁੱਗ ਦਾ ਅੰਤ ਨਵੇਂ ਯੁੱਗ ਦੀ ਸ਼ੁਰੂਆਤ ਬਣਨਾ ਚਾਹੀਦਾ ਹੈ। ਅਸੀਂ 1984 ਨੂੰ ਭੁੱਲੀਏ ਨਾ। ਪੀੜਤਾਂ ਨੂੰ ਭੁੱਲੀਏ ਨਾ। ਨਿਆਂ ਨੂੰ ਭੁੱਲੀਏ ਨਾ ਪਰ ਨਫ਼ਰਤ ਨੂੰ ਅੱਗੇ ਵੀ ਨਾ ਲੈ ਕੇ ਚੱਲੀਏ। ਅੱਜ ਦੀ ਪੀੜ੍ਹੀ ਨੂੰ ਇਹ ਸੰਦੇਸ਼ ਦੇਈਏ ਕਿ ਸਾਡੀ ਸਭ ਤੋਂ ਵੱਡੀ ਪਛਾਣ ਪਹਿਲਾਂ ਇਨਸਾਨ ਹੋਣ ਦੀ ਹੈ। ਸਾਡੇ ਧਰਮ ਵੱਖ ਹੋ ਸਕਦੇ ਹਨ, ਸਾਡੀਆਂ ਭਾਸ਼ਾਵਾਂ ਵੱਖ ਹੋ ਸਕਦੀਆਂ ਹਨ, ਸਾਡੀਆਂ ਸਿਆਸੀ ਪਸੰਦਾਂ ਵੱਖ ਹੋ ਸਕਦੀਆਂ ਹਨ-ਪਰ ਸਾਡਾ ਦੇਸ਼ ਇੱਕ ਹੈ ਅਤੇ ਸਾਡੀ ਮਨੁੱਖਤਾ ਇੱਕ ਹੈ। ਜਿਨ੍ਹਾਂ ਲੋਕਾਂ ਨੇ ਗ਼ਲਤ ਕੀਤਾ, ਉਹ ਇਤਿਹਾਸ ਦੇ ਜ਼ਿੰਮੇਵਾਰ ਹਨ; ਪਰ ਅਸੀਂ ਅੱਜ ਕੀ ਕਰਦੇ ਹਾਂ, ਉਸ ਦੇ ਜ਼ਿੰਮੇਵਾਰ ਅਸੀਂ ਆਪ ਹਾਂ। ਮਾਫ਼ੀ ਮੰਗਣਾ ਕਿਸੇ ਨੂੰ ਛੋਟਾ ਨਹੀਂ ਕਰਦਾ; ਕਈ ਵਾਰ ਮਾਫ਼ੀ ਮੰਗਣ ਵਾਲਾ ਹੀ ਵੱਡਾ ਬਣਦਾ ਹੈ। ਆਓ, 1984 ਦੀ ਯਾਦ ਨੂੰ ਨਫ਼ਰਤ ਦੀ ਅੱਗ ਨਹੀਂ, ਮਨੁੱਖਤਾ ਦੀ ਰੌਸ਼ਨੀ ਬਣਾਈਏ। ਆਓ, ਪੁਰਾਣੀ ਪੀੜ੍ਹੀ ਦੇ ਦਰਦ ਦਾ ਸਤਿਕਾਰ ਕਰਦੇ ਹੋਏ ਨਵੀਂ ਪੀੜ੍ਹੀ ਨੂੰ ਨਫ਼ਰਤ ਤੋਂ ਮੁਕਤ ਭਵਿੱਖ ਦੇਈਏ। ਆਓ, ਦਿੱਲੀ ਤੋਂ ਪੰਜਾਬ ਤੱਕ ਅਤੇ ਪੰਜਾਬ ਤੋਂ ਪੂਰੇ ਭਾਰਤ ਤੱਕ ਇਹ ਸੰਦੇਸ਼ ਪਹੁੰਚਾਈਏ। 1984 ਨੂੰ ਭੁੱਲਣਾ ਨਹੀਂ, ਪਰ 1984 ਨੂੰ ਦੁਬਾਰਾ ਹੋਣ ਵੀ ਨਹੀਂ ਦੇਣਾ।

**ਡਾ. ਸੰਦੀਪ ਘੰਡ**

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


YOU ARE CORDIALLY INVITED TO THE
Jaswant Singh Khalra
MEMORIAL EVENT
Tribute to the Disappeared of Punjab
S. BACHITAR
SPECIAL GUEST
U.S. Congressman Tom McClintock
California's 5th Congressional District
SATURDAY, SEPTEMBER 5, 2026 • 4:00 – 7:30 PM
Lathrop Community Center, 15557 5th St, Lathrop, CA 95330
KINDLY RSVP BY SEPTEMBER 4, 2026
SPEAKERS
HONORARY GUEST
Adv. Brijinder Singh Sodhi
Khalra Case Lawyer
HONORARY GUEST
Paramjit Kaur Khalra
Wife of Jaswant Singh Khalra
KEYNOTE SPEAKER
Capt. Naureen Singh
U.S. Air Force
GUEST SPEAKER
Bishop Joshua Lickter
Anglican Bishop
Assembly for Human Rights
GUEST SPEAKER
Dr. Gurinder Singh Grewal
Founder, Sikh Advocacy Institution
GUEST SPEAKER
Navkiran Kaur Khalra
Human Rights Advocate
4:00
Meet & Greet, Exhibition, Tea & Snacks
5:00
Speakers & Panel
7:00
Dinner & Candle Light March
CHALLENGE THE DARKNESS
(209) 517-5691 | info@challengethedarkness.net | www.challengethedarkness.net


ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

### ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

(ਚ) ਹਰ ਇਕ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ 'ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੂਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ ਤੇ ਅਤੇ ਧਿਆਨ ਅੰਮ੍ਰਿਤ ਵੱਲ ਟਿਕੇ।

(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰ।

(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ ਵਿਚ ਹਿਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧ-ਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

(ਝ) ਹੁਣ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰਾ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ ਆਸਨ ਕਰਕੇ ਉਸਦੇ ਖੱਬੇ ਹੱਥ ਉਪਰ ਸੱਜਾ ਹੱਥ ਰੱਖ ਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ :-

ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ'। ਛਕਣ ਵਾਲਾ ਛਕ ਕੇ ਕਹੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਫੇਰ ਪੰਜ ਛਟੇ ਅੰਮ੍ਰਿਤ ਦੇ ਨੈਤਰਾਂ ਪਰ ਲਾਏ ਜਾਣ। ਹਰ ਇਕ ਛਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿਛੇ ਪਿਛੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਉਸੇ ਇਕ ਬਾਟੇ ਵਿਚ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿੱਖਣੀਆਂ) ਰਲ ਕੇ ਛਕਣ।

(ਞ) ਉਪਰੰਤ ਪੰਜੇ ਪਿਆਰੇ ਰਲ ਕੇ ਇਕੋ ਆਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ ਵਾਹਿਗੁਰੂ ਦਾ ਸਰੂਪ ਦੱਸਣ ਲਈ ਮੂਲ ਮੰਤ੍ਰ ਸੁਣਾਉਣ ਤੇ ਉਨ੍ਹਾਂ ਪਾਸੋਂ ਇਹਦਾ ਰਟਨ ਕਰਾਉਣ : ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।

(ਟ) ਫਿਰ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਰਹਿਤ ਦੱਸੋ:

ਅੱਜ ਤੋਂ ਤੁਸੀਂ 'ਸਤਿਗੁਰ ਕੇ ਜਨਮੇ ਗਵਨ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੀ ਹੈ। ਤੁਸੀਂ ਇਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤਧਾਰੀਆਂ ਦੇ ਧਾਰਮਿਕ ਭ੍ਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰਕੇ, ਅਰਥਾਤ ਪਿਛਲੀ ਜਾਤ ਪਾਤ, ਜਨਮ, ਦੇਸ, ਮਜ਼੍ਹਬ ਦਾ ਖਿਆਲ ਤੱਕ ਛੱਡ ਕੇ, ਨਿਰੋਲ ਖਾਲਸਾ ਬਣ ਗਏ ਹੋ। ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦਸੋਂ ਗੁਰੂ ਸਾਹਿਬਾਨ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ। ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿੱਖ ਲਓ) ਅਤੇ ਹਰ ਰੋਜ਼ ਘੱਟ ਤੋਂ ਘੱਟ ਇਨ੍ਹਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਜਾਂ ਸੁਣਨਾ : ਜਪੁ, ਜਾਪ, ੧੦ ਸਵੱਯੇ ('ਸ੍ਰਾਵਗ ਸੁੱਧ' ਵਾਲੇ), ਸੋਦਰ ਰਹਿਰਾਸ ਅਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ, ਪੰਜਾਂ ਕੱਕਿਆਂ : ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ ਸੰਗ ਰੱਖਣਾ।




ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ : (੧) ਕੇਸਾਂ ਦੀ ਬੇਅਦਬੀ, (੨) ਕੁਠਾ ਖਾਣਾ (੩) ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਭੋਗਣਾ, (੪) ਤਮਾਕੂ ਦਾ ਵਾਸਨਾ। ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਣਤੋਲ ਹੀ ਕੇਸਾਂ ਬੇਅਦਬੀ ਜਾਂ ਹੋਰ ਕੋਇ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ। ਸਿਤਰੀਮ, ਨੜੀ-ਮਾਰ, ਕੁੜੀ-ਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਤੇ ਗੁਰਦੁਆਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ। ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ। ਸਾਰੇ ਕੰਮ ਗੁਰਮਤ ਅਨੁਸਾਰ ਕਰਨੇ।

ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ। ਕੋਈ ਰਹਿਤ ਵਿਚ ਭੁਲ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰਕੇ ਤਨਖਾਹ ਬਖਸਾਉਣੀ। ਅੱਗੇ ਲਈ ਸਾਵਧਾਨ ਰਹਿਣਾ।

(ਠ) ਤਨਖਾਹੀਏ ਇਹ ਹਨ :

੧. : ਮੀਣੇ, ਮਸੰਦ, ਧੀਰਮਲੀਏ, ਰਾਮ ਰਾਈਏ ਆਦਿਕ ਪੰਥ-ਵਿਰੋਧੀਆਂ ਨਾਲ ਜਾਂ ਨੜੀ-ਮਾਰ, ਕੁੜੀ-ਮਾਰ, ਸਿਰ ਗੁੰਮ ਨਾਲ ਵਰਤਣੀ ਵਾਲਾ ਤਨਖਾਹੀਆ ਹੋ ਜਾਂਦਾ ਹੈ।

੨. ਬੇਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।

੩. ਦਾੜ੍ਹਾ ਰੰਗਣ ਵਾਲਾ, ਚਿਟੇ ਚੁਗਣ ਵਾਲਾ।

੪. ਪੁੱਤਰ ਜਾਂ ਧੀ ਦਾ ਸਾਕ ਮੂਲ ਲੈ ਕੇ ਜਾਂ ਦੇ ਕੇ ਕਰਨ ਵਾਲਾ।

੫. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਕੀਨ ਆਦਿਕ) ਵਰਤਣ ਵਾਲਾ।

੬. ਗੁਰਮਤ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਣ ਵਾਲਾ।

੭. ਰਹਿਤ ਵਿਚ ਕੋਈ ਭੁਲ ਕਰਨ ਵਾਲਾ।

(ਡ) ਇਹ ਸਿੱਖਿਆ ਦੇਣ ਤੋਂ ਉਪਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਅਰਦਾਸਾ ਕਰੇ।

(ਢ) ਫਿਰ ਤਾਬੇ ਬੈਠਾ ਸਿੰਘ ਹੁਕਮ ਲਵੇ। ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਨ੍ਹਾਂ ਵਿਚੋਂ ਜੇ ਕਿਸੇ ਦਾ ਨਾਮ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਸੀ ਰੱਖਿਆ ਹੋਇਟਾ, ਉਸ ਦਾ ਨਾਮ ਹੁਣ ਬਦਲਾ ਕੇ ਰੱਖਿਆ ਜਾਵੇ।

**(ਚਲਦਾ)**

# ਕਰਾਸ ਨੇਸ਼ਨ ਕ੍ਰੋਨਿਕਲ' ਮੇਲਾ ਪੰਜਾਬਣਾਂ ਦਾ 2026' ਨੇ ਵਰਜੀਨੀਆ ਦੇ ਮੈਨਸਾਸ ਵਿੱਚ ਪੰਜਾਬੀ ਸੱਭਿਆਚਾਰ ਨੂੰ ਜੀਵੰਤ ਕੀਤਾ







ਵਰਜੀਨੀਆ, (ਰਾਜ ਗੋਗਨਾ/ ਕੁਲਵਿੰਦਰ ਫਲੋਰਾ/ ਸਾਡੇ ਲੋਕ) : ਅਮਰੀਕਾ ਦੇ ਸੂਬੇ ਵਰਜੀਨੀਆ ਦੇ ਮੈਨਸਾਸ ਸ਼ਹਿਰ 'ਚ ਸਥਿੱਤ ਮੈਗਨੋਲੀਆ ਹਾਲ ਵਿਖੇ ਆਯੋਜਿਤ 'ਮੇਲਾ ਪੰਜਾਬਣਾਂ ਦਾ 2026' ਵਿੱਚ ਪੰਜਾਬੀ ਸੱਭਿਆਚਾਰ, ਰੀਤੀ-ਰਿਵਾਜ ਅਤੇ ਵਿਰਾਸਤ ਦੀ ਝਲਕ ਦੇਖਣ ਨੂੰ ਮਿਲੀ। ਇਸ ਸਮਾਗਮ ਵਿੱਚ ਵਰਜੀਨੀਆ, ਵਾਸ਼ਿੰਗਟਨ ਡੀ.ਸੀ., ਮੈਰੀਲੈਂਡ ਅਤੇ ਡੀ.ਐਮ.ਵੀ ਖੇਤਰ ਦੇ ਹੋਰ ਹਿੱਸਿਆਂ ਤੋਂ ਲਗਭਗ 1,000 ਔਰਤਾਂ ਅਤੇ ਲੜਕੀਆਂ ਸ਼ਾਮਲ ਹੋਈਆਂ। ਇਸ ਰੰਗਾਰੰਗ ਸਮਾਗਮ ਵਿੱਚ ਲੜਕੀਆਂ ਅਤੇ ਮੁਟਿਆਰਾਂ ਵੱਲੋਂ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ। ਭਾਗ ਲੈਣ ਵਾਲਿਆਂ ਨੂੰ ਤਿੰਨ ਉਮਰ ਵਰਗਾਂ — 6-12, 12-16 ਅਤੇ 16-21 ਸਾਲ — ਵਿੱਚ ਵੰਡਿਆ ਗਿਆ ਸੀ, ਜਿਸ ਨਾਲ ਨੌਜਵਾਨ ਕਲਾਕਾਰਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣ ਦਾ ਮੌਕਾ ਮਿਲਿਆ। ਮੇਲੇ ਵਿੱਚ ਰਵਾਇਤੀ ਅਤੇ ਮਨੋਰੰਜਕ ਮੁਕਾਬਲਿਆਂ ਦੇ ਨਾਲ-ਨਾਲ ਪੰਜਾਬੀ ਕੱਪੜੇ, ਗਹਿਣੇ, ਸਹਾਇਕ ਸਮੱਗਰੀ (ਐਕਸੈਸਰੀਜ਼) ਅਤੇ ਹੋਰ ਸੱਭਿਆਚਾਰਕ ਵਸਤਾਂ ਵੇਚਣ ਵਾਲੇ ਸਟਾਲ ਵੀ ਲਗਾਏ ਗਏ ਸਨ। ਪ੍ਰਬੰਧਕਾਂ ਨੇ ਦੱਸਿਆ ਕਿ 'ਮੇਲਾ ਪੰਜਾਬਣਾਂ ਦਾ' ਦਾ ਮੁੱਖ ਉਦੇਸ਼ ਵਿਦੇਸ਼ਾਂ ਵਿੱਚ ਜੰਮੇ ਅਤੇ ਪਲੇ-ਵੱਡੇ ਬੱਚਿਆਂ ਅਤੇ ਨੌਜਵਾਨਾਂ ਨੂੰ ਪੰਜਾਬ ਦੀ ਭਾਸ਼ਾ, ਸੱਭਿਆਚਾਰ, ਰੀਤੀ-ਰਿਵਾਜਾਂ ਅਤੇ ਵਿਰਾਸਤ ਨਾਲ ਜੋੜਨਾ ਹੈ। ਇਹ ਸਮਾਗਮ ਡਾ. ਜਸਵੀਰ ਕੌਰ, ਡਾ. ਗਗਨਦੀਪ ਕੌਰ ਅਤੇ ਵਰਿੰਦਰ ਸਿੰਘ ਦੇ ਉਪਰਾਲਿਆਂ ਸਦਕਾ ਆਯੋਜਿਤ ਕੀਤਾ ਗਿਆ ਸੀ। ਪ੍ਰਬੰਧਕਾਂ ਨੇ ਅਮਰੀਕਾ ਵਿੱਚ ਪੰਜਾਬੀ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ 'ਸਿੱਖਸ ਆਫ਼ ਅਮੈਰਿਕਾ' ਦੇ ਚੇਅਰਮੈਨ ਡਾ: ਜਸਦੀਪ ਸਿੰਘ ਜੱਸੀ' ਪ੍ਰਧਾਨ ਕੰਵਲਜੀਤ ਸਿੰਘ ਸੋਨੀ, ਉਪ-ਪ੍ਰਧਾਨ ਬਲਜਿੰਦਰ ਸਿੰਘ ਸੰਮੀ' ਵੱਲੋਂ ਦਿੱਤੇ ਗਏ ਲਗਾਤਾਰ ਸਹਿਯੋਗ ਅਤੇ ਸਪਾਂਸਰਸ਼ਿਪ ਲਈ ਵੀ ਧੰਨਵਾਦ ਕੀਤਾ। ਇਸ ਸਫਲ ਸਮਾਗਮ ਨੇ ਇੱਕ ਵਾਰ ਫਿਰ ਵਿਦੇਸ਼ਾਂ ਵਿੱਚ ਰਹਿਣ ਵਾਲੇ ਪੰਜਾਬੀਆਂ ਦੇ ਆਪਣੀ ਮਾਂ-ਬੋਲੀ, ਸੱਭਿਆਚਾਰਕ ਰਵਾਇਤਾਂ ਅਤੇ ਜੜ੍ਹਾਂ ਨਾਲ ਡੂੰਘੇ ਸਬੰਧ ਨੂੰ ਉਜਾਗਰ ਕੀਤਾ।



# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੋ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੋ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਗੁਰੂ-ਡੰਭ ਪ੍ਰਤੀ ਸੋਚ ਤੇ ਸ਼ਕਤੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਬਾਬਾ ਜੀ ਨੂੰ ਰਾਮਪੁਰ ਖੇੜੇ ਦੇ ਅਸਥਾਨ ਤੇ ਆਇਆਂ ਨੂੰ ਅਜੇ ਥੋੜ੍ਹਾ ਅਰਸਾ ਹੀ ਹੋਇਆ ਸੀ ਕਿ ਆਪ ਜੀ ਦੇ ਨਗਰ ਦਾ ਵਸਨੀਕ ਇੱਕ ਪ੍ਰੇਮੀ ਬਲਵੰਤ ਸਿੰਘ ਆਪ ਜੀ ਪਾਸ ਆਇਆ। ਸੁੱਖ-ਸਾਂਦ ਸਾਂਝੀ ਕਰਨ ਉਪ੍ਰੰਤ ਉਸ ਨੇ ਬੇਨਤੀ ਕੀਤੀ ਕਿ ਭਾਈ ਸਾਹਿਬ ਜੀ! ਤੁਸੀਂ ਤਾਂ ਸੰਗਤਾਂ ਨੂੰ ਗੁਰੂ-ਸ਼ਬਦ ਨੂੰ ਗੁਰੂ ਮੰਨਣ ਲਈ ਪ੍ਰੇਰਨਾ ਕਰਨ ਤੇ ਸਾਰਾ ਜ਼ੋਰ ਲਾਈ ਜਾਂਦੇ ਹੋ ਕਿ

**ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥**

ਅਤੇ

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ (ਅੰਗ ੯੮੨)**

ਤਥਾ

**ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥੫॥**

**(ਕਾਨੜਾ ਮ: ੪ ਅਸਟਪਦੀਆ, ਅੰਗ ੧੩੦੯)**

ਪਰ ਆਪ ਜੀ ਦੇ ਨਗਰ ਦੇ ਹੀ ਬਹੁਤ ਸਾਰੇ ਲੋਕ ਦੇਹਧਾਰੀ ਗੁਰੂ ਦੇ ਚੇਲੇ ਬਣ ਗਏ ਹਨ। ਪਹਿਲੇ ਤਾਂ ਹਰੀਜਨਾਂ ਦੇ ਹੀ ਇੱਕ-ਦੋ ਘਰ ਉਹਨਾਂ ਦੇ ਚੇਲੇ ਬਣੇ, ਫਿਰ ਦੋ ਕੁ ਘਰ ਝੀਵਰਾਂ ਦੇ ਉੱਥੇ ਜਾਣ ਲੱਗ ਪਏ। ਹੁਣ ਉਹਨਾਂ ਝੀਵਰਾਂ ਨੇ ਜੋ ਜ਼ਿਮੀਂਦਾਰਾਂ ਦੇ ਘਰ ਹਰ ਰੋਜ਼ ਪਾਣੀ ਦੇ ਘੜੇ ਛੱਡਣ ਆਉਂਦੇ ਹਨ, ਦੇਹਧਾਰੀ ਗੁਰੂ ਦੀਆਂ ਅਨੇਕਾਂ ਸ਼ਕਤੀਆਂ ਦੱਸ ਕੇ ਉਹਨਾਂ ਜ਼ਿਮੀਂਦਾਰਾਂ ਨੂੰ ਵੀ ਪ੍ਰੇਰ ਲਿਆ ਹੈ। ਦੋ ਕੁ ਪ੍ਰੇਮੀ (ਜਿਨ੍ਹਾਂ ਦੇ ਉਸ ਨੇ ਨਾਮ ਵੀ ਲਏ ਪਰ ਦਾਸ ਨੂੰ ਯਾਦ ਨਹੀਂ ਰਹੇ) ਤਾਂ ਕੰਨ ਵਿੱਚ ਮੰਤਰ ਵੀ ਲੈ ਆਏ ਹਨ ਅਤੇ ਉਸ ਦੇਹਧਾਰੀ ਦੇ ਪੱਕੇ ਚੇਲੇ ਬਣ ਕੇ ਆਪਣੀ ਸੰਗਤ ਵੀ ਲਾਉਣ ਲੱਗ ਪਏ ਹਨ।

ਸ. ਬਲਵੰਤ ਸਿੰਘ ਨੇ ਅਗਾਂਹ ਦੱਸਿਆ ਕਿ ਅਸੀਂ ਉਹਨਾਂ ਨੂੰ ਪੁੱਛਿਆ ਕਿ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜ ਛੱਡ ਕੇ ਓਧਰ ਕਿਉਂ ਚਲੇ ਗਏ ਹੋ? ਤਾਂ ਅੱਗੋਂ ਉਹ ਕਹਿੰਦੇ ਹਨ ਕਿ ਉੱਥੇ ਵੀ ਉਹ ਬਾਣੀ ਦੀ ਕਥਾ ਹੀ ਕਰਦੇ ਹਨ। ਸਗੋਂ ਸਾਨੂੰ ਤਾਂ ਉੱਥੇ ਜਾ ਕੇ ਪਤਾ ਲੱਗਾ ਹੈ ਕਿ ਬਾਣੀ ਵਿੱਚ ਹੀ ਦੇਹਧਾਰੀ ਗੁਰੂ ਧਾਰਨ ਲਈ ਇਹ ਲਿਖਿਆ ਹੈ। ਸੋ ਅਸੀਂ ਤਾਂ ਸਹੀ ਰਸਤੇ ਤੇ ਪਏ ਹੀ ਹੁਣ ਹਾਂ। ਸੋ ਜੇਕਰ ਕੋਈ ਯਤਨ ਨਾ ਕੀਤਾ ਤਦ ਉਹਨਾਂ ਸਾਰਾ ਪਿੰਡ ਹੀ ਇਸ ਪਾਸੇ ਵੱਲ ਲਾ ਦੇਣਾ ਹੈ। ਬਾਬਾ ਜੀ ਨੇ ਕਿਹਾ ਕਿ ਤੁਸੀਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਿਆ ਕਰੋ ਕਿ ਗੁਰਦੇਵ ਜੀ ਹੀ ਇਨ੍ਹਾਂ ਨੂੰ ਸੁਮੱਤ ਬਖ਼ਸ਼ਣ। ਥੋੜ੍ਹਾ ਸਮਾਂ ਹੋਰ ਬੈਠ ਕੇ ਉਹ ਪ੍ਰੇਮੀ ਚਲਾ ਗਿਆ। ਬਾਬਾ ਜੀ ਨੇ ਦਾਸ ਨੂੰ ਦੱਸਿਆ ਕਿ ਬਲਵੰਤ ਸਿੰਘ ਦੀਆਂ ਗੱਲਾਂ ਸੁਣ ਕੇ ਉਹਨਾਂ ਬੰਦਿਆਂ ਪ੍ਰਤੀ ਤਰਸ ਵੀ ਆਇਆ। ਨਾਲ ਹੀ ਮਨ ਵਿੱਚ ਵਿਚਾਰ ਫੁਰੇ ਕਿ ਜੇ ਇਹ ਗੁਰੂ-ਡੰਭ ਨਾ ਰੁਕਿਆ ਤਦ ਕਿਸੇ ਸਮੇਂ ਗੁਰਸਿੱਖੀ ਨੂੰ ਢਾਹ ਲਾਏਗਾ। ਦੂਸਰੇ, ਅੱਜ ਦੇ ਸੰਸਾਰੀ ਜੀਵ ਆਪ ਕੁੱਝ ਕਮਾਈ ਕਰਦੇ ਨਹੀਂ ਤੇ ਇਹ ਆਸ ਰੱਖਦੇ ਹਨ ਕਿ ਕੋਈ ਸਾਡੀ ਗਰੰਟੀ ਲੈ ਲਵੇ ਕਿ ਮੈਂ ਤੁਹਾਡਾ ਜ਼ਿੰਮੇਵਾਰ ਹਾਂ। ਸੋ ਇਹ ਦੇਹਧਾਰੀ ਇਨ੍ਹਾਂ ਦੀ ਝੂਠੀ ਜ਼ਿੰਮੇਵਾਰੀ ਲੈ ਕੇ ਇਹਨਾਂ ਦੇ ਲੋਕ-ਪ੍ਰਲੋਕ ਗਵਾ ਰਹੇ ਹਨ ਅਤੇ ਆਪਣੀ ਦੁਕਾਨਦਾਰੀ ਚਲਾਈ ਜਾ ਰਹੇ ਹਨ। ਬਾਬਾ ਜੀ ਨੇ ਦੱਸਿਆ ਕਿ ਇਹ ਫੁਰਨਾ ਵੀ ਬਣਿਆ ਕਿ ਇਸ ਦੇਹਧਾਰੀ ਗੁਰੂ-ਡੰਭ ਨੂੰ ਖ਼ਤਮ ਕਰਨ ਲਈ ਸ਼ਕਤੀ ਚਾਹੀਦੀ ਹੈ, ਜਿਸ ਤੋਂ ਇਹ ਭੈ-ਭੀਤ ਹੋਣਗੇ। ਸੋ ਇਹ ਸੋਚ ਲੈ



੧ੴ ਸਤਿਗੁਰ ਪ੍ਰਸਾਦਿ ॥

ਸੋ ਕਿਨੇਹਿਆ ?

ਜੀਵਨ-ਗਾਥਾ

ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ

(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ

ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)

ਫੋਨ ਨੰ: +91-1886-260334, 98767-60334

Website : www.RamPurKhera.com | Email : RamPurKhera@yahoo.ca

3

ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕਰਨੀ ਅਰੰਭ ਕਰ ਦਿੱਤੀ ਕਿ ਸਤਿਗੁਰੂ ਜੀ! ਆਪ ਜੀ ਸ਼ਕਤੀ ਬਖ਼ਸ਼ੋ ਤਾਂ ਜੋ ਇਸ ਗੁਰੂ-ਡੰਭ ਨੂੰ ਰੋਕਿਆ ਜਾ ਸਕੇ। ਤਿੰਨ ਦਿਨ ਲਗਾਤਾਰ ਅਰਦਾਸ ਕਰਨ ਨਾਲ ਸਤਿਗੁਰੂ ਜੀ ਨੇ ਦਰਸ਼ਨ ਬਖ਼ਸ਼ੇ ਤੇ ਕਿਹਾ ਕਿ 'ਹਰਨਾਮ ਸਿੰਘ! ਅਸੀਂ ਆਪਣੀ ਸਾਰੀ ਸ਼ਕਤੀ ਤੈਨੂੰ ਦੇ ਦਿੱਤੀ ਹੈ। ਜਾਹ, ਜੋ ਤੂੰ ਕਰਨਾ ਚਾਹੇਂ ਕਰ ਸਕਦਾ ਹੈਂ।' ਆਪ ਜੀ ਦੱਸਦੇ ਸਨ ਕਿ ਇਹਨਾਂ ਬਚਨਾਂ ਉਪ੍ਰੰਤ ਸਾਨੂੰ ਇੰਝ ਮਹਿਸੂਸ ਹੋਇਆ ਕਿ ਸਤਿਗੁਰੂ ਜੀ ਨੇ ਸਾਰੀਆਂ ਕਰਾਮਾਤਾਂ, ਰਿੱਧੀਆਂ-ਸਿੱਧੀਆਂ ਸਾਨੂੰ ਬਖ਼ਸ਼ ਦਿੱਤੀਆਂ ਹਨ। ਆਤਮਾ ਐਨੀ ਤਾਕਤਵਰ ਮਹਿਸੂਸ ਕਰੇ ਕਿ ਜਿਸ ਵੀ ਬੰਦੇ ਨੂੰ ਮਾਰਨਾ ਚਾਹਾਂ, ਬਸ ਫੁਰਨਾ ਆਉਂਦੇ ਸਾਰ ਹੀ ਉਹ ਖ਼ਤਮ ਹੋ ਜਾਵੇਗਾ; ਦਰਿਆ ਦਾ ਤੇਜ਼ ਵਹਿਣ ਮੇਰੇ ਦੋ ਅੱਖਰ ਕਹਿਣ ਤੇ ਰੁਕ ਸਕਦਾ ਹੈ। ਭਾਵ ਕੀ, ਕਿ ਜੋ ਵੀ ਬਚਨ ਮੂੰਹੋਂ ਕੱਢਾਂ ਉਸੇ ਛਿਨ ਸਤਿ (ਪੂਰਾ) ਹੋ ਸਕਦਾ ਹੈ ਅਤੇ ਜੋ ਵੀ ਕਰਨਾ ਚਾਹਾਂ ਕਰਨ ਦੇ ਸਮਰੱਥ ਹਾਂ। ਆਪ ਜੀ ਦੱਸਦੇ ਸਨ ਕਿ ਸਾਰੀ ਸ਼ਕਤੀ ਪ੍ਰਾਪਤ ਕਰਨ ਉਪ੍ਰੰਤ ਬੈਠ ਕੇ ਸੋਚਿਆ ਕਿ ਇਸ ਸ਼ਕਤੀ ਨੂੰ ਵਰਤੀਏ ਕਿਵੇਂ? ਵਿਚਾਰ ਆਈ ਕਿ ਜੇ ਕਿਸੇ ਪ੍ਰਾਣੀ ਦੀ ਲੱਤ-ਬਾਂਹ ਤੋੜ ਦਿੱਤੀ ਜਾਂ ਕੋਈ ਹੋਰ ਨੁਕਸਾਨ ਪਹੁੰਚਾਇਆ ਤਾਂ ਉਸ ਦਿੱਤੇ ਹੋਏ ਦੁੱਖ ਜਾਂ ਕੀਤੇ ਨੁਕਸਾਨ ਦਾ ਜ਼ਿੰਮੇਵਾਰ ਕੌਣ ਹੋਵੇਗਾ? ਕਿਉਂਕਿ ਸ਼ਕਤੀ ਤਾਂ ਪਰਮੇਸ਼ਰ ਜੀ ਦੀ ਹੈ, ਉਸ ਦੀ ਜੋ ਮਾੜੀ-ਚੰਗੀ ਵਰਤੋਂ ਕਰਨੀ ਹੈ, ਉਸਦਾ ਫਲ ਤਾਂ ਮੈਨੂੰ ਹੀ ਭੋਗਣਾ ਪੈਣਾ ਹੈ। ਦੋ ਦਿਨ ਇਹਨਾਂ ਵਿਚਾਰਾਂ ਵਿੱਚ ਹੀ ਬੀਤ ਗਏ। ਆਖ਼ਿਰ ਗੁਰੂ-ਚਰਨਾਂ ਵਿੱਚ ਅਰਦਾਸ ਕੀਤੀ ਕਿ ਗ਼ਰੀਬ ਨਿਵਾਜ਼ ਜੀ! ਜੋ ਸ਼ਕਤੀ ਆਪ ਜੀ ਨੇ ਦਿੱਤੀ ਹੈ, ਕ੍ਰਿਪਾ ਕਰਕੇ ਇਹ ਵਾਪਿਸ ਲੈ ਲਵੋ ਕਿਉਂਕਿ ਮੈਂ ਇਸ ਨੂੰ ਵਰਤਣ ਦੇ ਸਮਰੱਥ ਨਹੀਂ ਹਾਂ। ਜਿਵੇਂ ਆਪ ਜੀ ਨੂੰ ਭਾਉਂਦਾ ਹੈ, ਉਵੇਂ ਕਰੀ ਚਲੋ ਜੀ ਕਿਉਂਕਿ ਇਹ ਸਾਰਾ ਖੇਡ ਆਪ ਜੀ ਦਾ ਚਲਾਇਆ ਹੀ ਚੱਲ ਰਿਹਾ ਹੈ। ਇਨ੍ਹਾਂ ਜੀਵਾਂ ਦੇ ਹੱਥ ਵਸ ਕੁੱਝ ਨਹੀਂ, ਇਹ ਤਾਂ :

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥**

**ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ॥੩॥ (ਗਉੜੀ ਮ: ੫, ਅੰਗ ੨੦੬)**

ਆਪਣੇ ਕੀਤੇ ਪੂਰਬਲੇ ਕਰਮਾਂ ਅਨੁਸਾਰ ਹੀ ਇਹ ਜੀਵ ਆਪ ਜੀ ਦੇ ਹੁਕਮ ਵਿੱਚ ਕਾਰ ਕਰ ਰਹੇ ਹਨ :

**ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ॥੨॥**

**(ਅੰਗ ੧੩੬)**

ਤਥਾ

**ਜਿਉ ਆਪਿ ਚਲਾਏ ਤਿਵੈ ਕੋਈ ਚਾਲੈ ਜਿਉ ਹਰਿ ਭਾਵੈ ਭਗਵਾਨਾ॥੩॥**

**(ਬਿਲਾਵਲੁ ਮ: ੩, ਅੰਗ ੭੬੭)**

ਹੇ ਮਾਲਕ ਪ੍ਰਭੂ! ਜਿਸ ਨੂੰ ਤੁਸੀਂ ਸੋਹਣਾ ਰਸਤਾ ਵਿਖਾ ਦਿੰਦੇ ਹੋ ਉਸ ਨੂੰ ਕੌਣ ਭੁਲਾ ਸਕਦਾ ਹੈ? ਜਿਸ ਜੀਵ ਨੂੰ ਤੁਸੀਂ ਮੁੱਢ ਤੋਂ ਹੀ ਸਹੀ ਰਸਤੇ ਤੋਂ ਭੁਲਾ ਦੇਵੋ, ਉਸ ਨੂੰ ਸਿੱਧੇ ਰਸਤੇ ਕੌਣ ਪਾ ਸਕਦਾ ਹੈ?, ਭਾਵ ਕੋਈ ਨਹੀਂ ਪਾ ਸਕਦਾ :

**ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ॥**

**ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ॥ (ਸਲੋਕ ਮ: ੧, ਅੰਗ ੯੫੨)**

ਤਥਾ

**ਆਪੇ ਉਝੜਿ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ॥ (ਸੋਰਠਿ ਮ: ੪, ਅੰਗ ੬੦੪)**

ਦਾਸ ਨੂੰ ਤਾਂ ਹੁਕਮ ਰਜਾਈ ਚੱਲਣ ਦੀ ਦਾਤ ਪ੍ਰਦਾਨ ਕਰੋ।

(ਚਲਦਾ)

# ਕੈਨੇਡਾ ਨੇ ਅਮਰੀਕਾ 'ਤੇ ਜਵਾਬੀ ਟੈਕਸ ਲਾਏ; ਵਪਾਰਕ ਜੰਗ ਹੋਈ ਤੇਜ਼

## ਨਵੇਂ ਟੈਕਸਾਂ ਦੀ ਮਾਰ ਹੇਠ ਆਵੇਗਾ ਅਮਰੀਕੀ ਸਾਮਾਨ; ਉਦਯੋਗਿਕ ਵਸਤਾਂ ਦੀ ਥਾਂ ਰੋਜ਼ਾਨਾ ਵਰਤੋਂ ਵਾਲੀਆਂ ਵਸਤਾਂ ਵੀ ਟੈਕਸ ਦੀ ਮਾਰ ਹੇਠ ਆਈਆਂ

ਟੋਰਾਂਟੋ : ਅਮਰੀਕਾ ਤੇ ਕੈਨੇਡਾ ਦਰਮਿਆਨ ਟੈਕਸ ਵਾਰ ਸ਼ੁਰੂ ਹੋ ਗਈ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਬੀਤੇ ਦਿਨੀਂ ਕੈਨੇਡਾ ਦੀਆਂ ਕਾਰਾਂ ਤੇ ਟਰੱਕਾਂ 'ਤੇ ਟੈਕਸ ਲਾਉਣ ਦੇ ਐਲਾਨ ਤੋਂ ਬਾਅਦ ਅੱਜ ਕੈਨੇਡਾ ਨੇ ਮੋੜਵਾਂ ਜਵਾਬ ਦਿੱਤਾ ਹੈ। ਇਸ ਨਾਲ ਦੋਵੇਂ ਦੇਸ਼ਾਂ ਦਰਮਿਆਨ ਵਪਾਰਕ ਜੰਗ ਤੇਜ਼ ਹੋ ਗਈ ਹੈ।



ਦੋਵਾਂ ਗੁਆਂਢੀ ਦੇਸ਼ਾਂ ਵਿਚਾਲੇ ਵਪਾਰਕ ਜੰਗ ਦੇ ਤੇਜ਼ ਹੋਣ ਕਾਰਨ ਕੈਨੇਡਾ ਨੇ ਮੰਗਲਵਾਰ ਨੂੰ ਲਗਪਗ 20 ਅਰਬ ਡਾਲਰ ਦੇ ਅਮਰੀਕੀ ਸਾਮਾਨ, ਜਿਸ ਵਿੱਚ ਸਟੀਲ, ਡੇਅਰੀ ਉਤਪਾਦ, ਘਰੇਲੂ ਉਪਕਰਣ ਅਤੇ ਖੇਤੀਬਾੜੀ ਉਪਕਰਣ ਸ਼ਾਮਲ ਹਨ, 'ਤੇ ਜਵਾਬੀ ਟੈਕਸ ਲਾ ਕੇ ਅਮਰੀਕਾ ਨੂੰ ਕਰਾਰਾ ਜਵਾਬ ਦਿੱਤਾ ਹੈ। ਇਸ ਤਣਾਅ ਕਾਰਨ ਦੁਨੀਆ ਦੇ ਸਭ ਤੋਂ ਵੱਡੇ ਵਪਾਰਕ ਸਬੰਧਾਂ ਵਿੱਚੋਂ ਇੱਕ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਨਵੇਂ ਟੈਕਸ ਸਿਰਫ਼ ਉਦਯੋਗਿਕ ਵਸਤੂਆਂ ਤੱਕ ਹੀ ਸੀਮਤ ਨਹੀਂ ਹਨ, ਸਗੋਂ ਇਸ ਨੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਸੀਅਫੂਡ, ਪਨੀਰ, ਕੱਪੜੇ, ਕੌਸਮੈਟਿਕਸ ਅਤੇ ਟਾਇਲਟ ਪੇਪਰ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ ਹੈ, ਜਿਨ੍ਹਾਂ ਵਿੱਚੋਂ ਕੁਝ 'ਤੇ 50 ਫ਼ੀਸਦੀ ਤੱਕ ਡਿਊਟੀ ਲਗਾਈ ਗਈ ਹੈ।

ਕੈਨੇਡਾ ਵੱਲੋਂ ਇਹ ਜਵਾਬੀ ਕਾਰਵਾਈ ਟਰੰਪ ਪ੍ਰਸ਼ਾਸਨ ਵੱਲੋਂ ਵਪਾਰਕ ਗੱਲਬਾਤ ਟੁੱਟਣ ਤੋਂ ਬਾਅਦ ਹਫ਼ਤੇ ਦੇ ਅੰਤ ਵਿੱਚ ਕੈਨੇਡਿਆਈ ਸਾਮਾਨ 'ਤੇ 50 ਫ਼ੀਸਦੀ ਟੈਕਸ ਲਾਉਣ ਤੋਂ ਬਾਅਦ ਸਾਹਮਣੇ ਆਈ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵਾਸ਼ਿੰਗਟਨ 'ਤੇ ਕੈਨੇਡਾ ਨੂੰ ਦਬਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਅਸਫ਼ਲ ਗੱਲਬਾਤ ਦੌਰਾਨ ਅਮਰੀਕਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅਮਰੀਕਾ ਉਨ੍ਹਾਂ ਦੇ ਮੁੱਖ ਉਦਯੋਗਾਂ ਨੂੰ ਤਬਾਹ ਕਰਨਾ ਚਾਹੁੰਦਾ ਹੈ।

# ਭਾਰਤੀ ਵਿਦਿਆਰਥੀਆਂ ਦਾ ਅਮਰੀਕਾ ਤੋਂ ਮੋਹ ਭੰਗ, ਅਰਜ਼ੀਆਂ 'ਚ ਭਾਰੀ ਗਿਰਾਵਟ

ਵਾਸ਼ਿੰਗਟਨ : ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦੇ ਵਿਚਕਾਰ 2025-26 ਵਿੱਚ ਅਮਰੀਕੀ ਕਾਲਜਾਂ ਵਿੱਚ ਦਾਖਲਾ ਲੈਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ 15 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਇੱਕ ਗੈਰ-ਮੁਨਾਫ਼ਾ ਸੰਗਠਨ ਦੀ ਰਿਪੋਰਟ ਵਿਚ ਇਸ ਸਬੰਧੀ ਜਾਣਕਾਰੀ ਦਿੱਤੀ ਗਈ। 1,000 ਤੋਂ ਵੱਧ ਵਿਦਿਅਕ ਸੰਸਥਾਵਾਂ ਦੀ ਨੁਮਾਇੰਦਗੀ ਕਰਨ ਵਾਲੇ ਕਾਮਨ ਐਪ ਦੁਆਰਾ ਜਾਰੀ ਕੀਤੀ ਗਈ ਰਿਪੋਰਟ ਦੇ ਅਨੁਸਾਰ ਆਉਣ ਵਾਲੇ ਅਕਾਦਮਿਕ ਸਾਲ 2026-27 ਵਿੱਚ ਅੰਡਰਗ੍ਰੈਜੁਏਟ ਕੋਰਸਾਂ ਵਿੱਚ ਦਾਖਲੇ ਲਈ ਅਰਜ਼ੀਆਂ ਦੀ ਕੁੱਲ ਗਿਣਤੀ ਵਿੱਚ ਵਾਧਾ ਹੋਇਆ ਹੈ, ਪਰ 1 ਮਾਰਚ ਤੱਕ ਅੰਤਰਰਾਸ਼ਟਰੀ ਬਿਨੈਕਾਰਾਂ ਦੀ ਗਿਣਤੀ ਵਿੱਚ 10 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਡੀ ਗਿਰਾਵਟ ਹੈ।



ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਤੋਂ ਅਰਜ਼ੀ ਦੇਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ 15 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਅਮਰੀਕਾ ਵਿੱਚ ਪੜ੍ਹਾਈ ਕਰਨ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਭ ਤੋਂ ਵੱਡੀ ਗਿਣਤੀ ਭਾਰਤ ਤੋਂ ਹੈ। ਇਸ ਤੋਂ ਪਹਿਲਾਂ ਇੱਕ ਅਕਾਦਮਿਕ ਸੰਗਠਨ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਸਖ਼ਤ ਵੀਜ਼ਾ ਨਿਯਮਾਂ ਅਤੇ ਨੀਤੀ ਅਨਿਸ਼ਚਿਤਤਾ ਦੇ ਕਾਰਨ ਆਉਣ ਵਾਲੇ 2026 ਅਕਾਦਮਿਕ ਸਾਲ ਵਿੱਚ ਅਮਰੀਕੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿੱਚ ਲਗਭਗ 1.1 ਲੱਖ ਦੀ ਗਿਰਾਵਟ ਆਉਣ ਦੀ ਉਮੀਦ ਹੈ। NAFSA (ਐਸੋਸੀਏਸ਼ਨ ਆਫ਼ ਇੰਟਰਨੈਸ਼ਨਲ ਐਜੂਕੇਟਰਜ਼) ਅਤੇ ਖੋਜ ਸੰਗਠਨ JB ਇੰਟਰਨੈਸ਼ਨਲ ਦੀ ਇੱਕ ਰਿਪੋਰਟ ਦੇ ਅਨੁਸਾਰ 2025-26 ਅਕਾਦਮਿਕ ਸਾਲ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 11.69 ਲੱਖ ਸੀ । ਇਸ ਸਾਲ ਇਹ ਗਿਣਤੀ ਘੱਟ ਕੇ 10.57 ਲੱਖ ਹੋਣ ਦਾ ਅਨੁਮਾਨ ਹੈ। 2024-25 ਅਕਾਦਮਿਕ ਸਾਲ ਵਿੱਚ 3.63 ਲੱਖ ਤੋਂ ਵੱਧ ਭਾਰਤੀ ਵਿਦਿਆਰਥੀਆਂ ਨੇ ਅਮਰੀਕਾ ਵਿੱਚ ਵੱਖ-ਵੱਖ ਪ੍ਰੋਗਰਾਮਾਂ ਵਿੱਚ ਦਾਖਲਾ ਲਿਆ। ਰਿਪੋਰਟ ਦੇ ਅਨੁਸਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ 2025-26 ਅਕਾਦਮਿਕ ਸਾਲ ਵਿੱਚ ਅਮਰੀਕੀ ਸਥਾਨਕ ਅਰਥਵਿਵਸਥਾ ਵਿੱਚ 41.77 ਬਿਲੀਅਨ ਅਮਰੀਕੀ ਡਾਲਰ ਦਾ ਯੋਗਦਾਨ ਪਾਇਆ, ਜਦੋਂ ਕਿ ਇਹ ਯੋਗਦਾਨ 2026-27 ਵਿੱਚ ਘਟ ਕੇ 38.37 ਬਿਲੀਅਨ ਅਮਰੀਕੀ ਡਾਲਰ ਹੋਣ ਦਾ ਅਨੁਮਾਨ ਹੈ। ਅਮਰੀਕੀ ਸਰਕਾਰ ਨੇ ਜੁਲਾਈ ਵਿੱਚ ਨਵੇਂ ਨਿਯਮਾਂ ਨੂੰ ਸੂਚਿਤ ਕੀਤਾ। ਇਹਨਾਂ ਦੇ ਤਹਿਤ, ਵਿਦਿਆਰਥੀ ਅਤੇ ਵਿਜ਼ਟਰ ਵੀਜ਼ਾ ਲਈ ਰਵਾਇਤੀ 'ਰਹਿਣ ਦੀ ਮਿਆਦ' ਨੂੰ ਖ਼ਤਮ ਕਰ ਦਿੱਤਾ ਗਿਆ ਸੀ, ਜਿਸ ਨਾਲ ਵੱਧ ਤੋਂ ਵੱਧ ਚਾਰ ਸਾਲ ਦੀ ਮਿਆਦ ਨਿਰਧਾਰਤ ਕੀਤੀ ਗਈ ਸੀ। ਇਹ ਮਿਆਦ ਆਮ ਤੌਰ 'ਤੇ ਇੱਕ ਅਕਾਦਮਿਕ ਕੋਰਸ ਦੀ ਆਮ ਮਿਆਦ ਨਾਲ ਮੇਲ ਖਾਂਦੀ ਹੈ। ਇਸ ਤੋਂ ਇਲਾਵਾ, ਅਮਰੀਕਾ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ 'ਤੇ 100,000 ਅਮਰੀਕੀ ਡਾਲਰ ਦੀ ਫੀਸ ਲਗਾਉਣ 'ਤੇ ਵਿਚਾਰ ਕਰ ਰਿਹਾ ਹੈ ਜੋ ਆਪਣੀ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਅਮਰੀਕਾ ਵਿੱਚ ਕੰਮ ਕਰਨ ਲਈ ਵਿਕਲਪਿਕ ਪ੍ਰੈਕਟੀਕਲ ਟਰੇਨਿੰਗ (OPT) ਪ੍ਰੋਗਰਾਮ ਦਾ ਲਾਭ ਲੈਣਾ ਚਾਹੁੰਦੇ ਹਨ।

# 'ਈਰਾਨ ਨਾਲ ਰਿਸ਼ਤੇ ਤੋੜੋ ਜਾਂ ਪਾਬੰਦੀਆਂ ਝੇਲੋ': ਅਮਰੀਕਾ ਦੀ ਦੁਨੀਆ ਨੂੰ ਖੁੱਲ੍ਹੀ ਚਿਤਾਵਨੀ

ਵਾਸ਼ਿੰਗਟਨ : ਅਮਰੀਕਾ ਨੇ ਈਰਾਨ ਦੇ ਗਲੋਬਲ ਵਿੱਤੀ ਨੈੱਟਵਰਕ ਦੇ ਖ਼ਿਲਾਫ਼ ਇੱਕ ਵੱਡੀ ਮੁਹਿੰਮ ਸ਼ੁਰੂ ਕਰਦਿਆਂ ਦੁਨੀਆ ਭਰ ਦੇ ਦੇਸ਼ਾਂ ਨੂੰ ਖੁੱਲ੍ਹੀ ਚਿਤਾਵਨੀ ਦਿੱਤੀ ਹੈ। ਅਮਰੀਕਾ ਨੇ ਕਿਹਾ ਹੈ ਕਿ ਤੇਹਰਾਨ (ਈਰਾਨ) ਦੀ ਮਦਦ ਕਰਨ ਵਾਲੀਆਂ ਆਪਣੀਆਂ ਵਿੱਤੀ ਗਤੀਵਿਧੀਆਂ ਨੂੰ ਨਿਰਧਾਰਿਤ ਸਮੇਂ ਅੰਦਰ ਬੰਦ ਕਰ ਦਿੱਤਾ ਜਾਵੇ, ਨਹੀਂ ਤਾਂ ਉਨ੍ਹਾਂ ਨੂੰ ਸਖ਼ਤ ਅਮਰੀਕੀ ਪਾਬੰਦੀਆਂ ਦਾ ਸਾਹਮਣਾ ਕਰਨਾ ਪਵੇਗਾ।



ਅਮਰੀਕੀ ਵਿੱਤ ਮੰਤਰੀ ਸਕੌਟ ਬੇਸੈਂਟ ਨੇ ਦੱਸਿਆ ਕਿ ਅਮਰੀਕਾ ਦੇ 'ਆਪ੍ਰੇਸ਼ਨ ਇਕਨਾਮਿਕ ਆਊਟਕਾਸਟ' ਪਲਾਨ ਦੇ ਤਹਿਤ ਵਿੱਤ ਵਿਭਾਗ ਨੇ ਉਨ੍ਹਾਂ ਸਾਰੇ ਰਸਤਿਆਂ, ਮਦਦਗਾਰਾਂ ਅਤੇ ਨੈੱਟਵਰਕਾਂ ਦੀ ਪਛਾਣ ਕਰ ਲਈ ਹੈ ਜਿਨ੍ਹਾਂ ਦੀ ਵਰਤੋਂ ਈਰਾਨ ਤੇਲ ਦੀ ਤਸਕਰੀ, ਫੰਡ ਜੁਟਾਉਣ ਅਤੇ ਪਾਬੰਦੀਆਂ ਤੋਂ ਬਚਣ ਲਈ ਕਰਦਾ ਹੈ।

ਉਨ੍ਹਾਂ ਸਾਫ਼ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਕਿ ਜਿਹੜੀ ਵੀ ਸੰਸਥਾ ਈਰਾਨ ਲਈ ਮਨੀ ਲਾਂਡਰਿੰਗ ਵਿੱਚ ਮਦਦ ਕਰੇਗੀ, ਉਸ ਨੂੰ ਅਮਰੀਕੀ ਡਾਲਰ ਸਿਸਟਮ ਤੋਂ ਬਾਹਰ ਕਰ ਦਿੱਤਾ ਜਾਵੇਗਾ। ਇਸੇ ਮੁਹਿੰਮ ਤਹਿਤ ਅਮਰੀਕਾ ਨੇ ਈਰਾਨ ਦੇ ਤੇਲ, ਪਰਮਾਣੂ, ਮਿਜ਼ਾਈਲ ਅਤੇ ਸਾਈਬਰ ਖੇਤਰਾਂ ਨਾਲ ਜੁੜੇ ਕਰੀਬ 60 ਸੰਸਥਾਵਾਂ, ਵਿਅਕਤੀਆਂ ਅਤੇ ਜਹਾਜ਼ਾਂ 'ਤੇ ਨਵੀਆਂ ਪਾਬੰਦੀਆਂ ਵੀ ਲਗਾਈਆਂ ਹਨ।

ਬੇਸੈਂਟ ਅਨੁਸਾਰ, ਅਮਰੀਕੀ ਵਿਦੇਸ਼ ਵਿਭਾਗ, ਵਿੱਤ ਵਿਭਾਗ ਅਤੇ ਫ਼ੌਜ ਦੀਆਂ ਟੀਮਾਂ ਦੁਨੀਆ ਭਰ ਵਿੱਚ ਆਪਣੇ ਹਮਰੁਤਬਾ ਦੇਸ਼ਾਂ ਨਾਲ ਮੁਲਾਕਾਤ ਕਰਕੇ ਇਹ ਸਪੱਸ਼ਟ ਕਰ ਰਹੀਆਂ ਹਨ ਕਿ ਅਮਰੀਕਾ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਦੀ ਉਮੀਦ ਰੱਖਦਾ ਹੈ। ਹਾਲਾਂਕਿ, ਉਨ੍ਹਾਂ ਨੇ ਜਨਤਕ ਤੌਰ 'ਤੇ ਇਹ ਖ਼ੁਲਾਸਾ ਨਹੀਂ ਕੀਤਾ ਕਿ ਦੇਸ਼ਾਂ ਨੂੰ ਇਨ੍ਹਾਂ ਗਤੀਵਿਧੀਆਂ ਨੂੰ ਪੂਰੀ ਤਰ੍ਹਾਂ ਬੰਦ ਕਰਨ ਲਈ ਕਿੰਨੀ ਸਮਾਂ-ਸੀਮਾ ਦਿੱਤੀ ਗਈ ਹੈ।

ਦੂਜੇ ਪਾਸੇ, ਈਰਾਨ ਦੀ ਸੰਸਦ ਦੇ ਸਪੀਕਰ ਮੁਹੰਮਦ ਬਾਕਰ ਗਲੀਬਾਫ਼ ਨੇ ਅਮਰੀਕਾ ਦੀਆਂ ਇਨ੍ਹਾਂ ਧਮਕੀਆਂ ਨੂੰ ਸਿਰਫ਼ 'ਵੱਡੀਆਂ-ਵੱਡੀਆਂ ਗੱਲਾਂ' ਕਹਿ ਕੇ ਖ਼ਾਰਜ ਕਰ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਈਰਾਨ ਦੇ ਵਪਾਰਕ ਭਾਈਵਾਲ ਅਮਰੀਕੀ ਪਾਬੰਦੀਆਂ ਅੱਗੇ ਨਹੀਂ ਝੁਕਣਗੇ ਅਤੇ ਈਰਾਨ ਨਾਲ ਆਪਣਾ ਵਪਾਰ ਨਿਰੰਤਰ ਜਾਰੀ ਰੱਖਣਗੇ।

# ਟਰੰਪ ਨੂੰ ਰਾਹਤ, ਅਦਾਲਤ ਨੇ ਡਾਕ ਜ਼ਰੀਏ ਵੋਟ ਪਾਉਣ ਦੇ ਆਦੇਸ਼ ਨੂੰ ਅੱਗੇ ਵਧਾਉਣ ਦਾ ਰਸਤਾ ਕੀਤਾ ਸਾਫ਼

ਵਾਸ਼ਿੰਗਟਨ : ਅਮਰੀਕੀ ਸੁਪਰੀਮ ਕੋਰਟ ਨੇ ਸੋਮਵਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮੇਲ-ਇਨ ਵੋਟਿੰਗ 'ਤੇ ਪਾਬੰਦੀ ਲਗਾਉਣ ਵਾਲੇ ਕਾਰਜਕਾਰੀ ਆਦੇਸ਼ ਨੂੰ ਅੱਗੇ ਵਧਾਉਣ ਦਾ ਰਸਤਾ ਸਾਫ਼ ਕਰ ਦਿੱਤਾ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਮੱਧਕਾਲੀ ਚੋਣਾਂ ਤੋਂ ਪਹਿਲਾਂ ਇਸ ਆਦੇਸ਼ ਨੂੰ ਕਿਸ ਹੱਦ ਤੱਕ ਲਾਗੂ ਕਰ ਸਕੇਗਾ। ਇਹ ਫੈਸਲਾ ਅਦਾਲਤੀ ਚੁਣੌਤੀਆਂ ਲਈ ਖੁੱਲ੍ਹਾ ਹੈ, ਜਿਸ ਨਾਲ ਟਰੰਪ ਦੇ ਆਦੇਸ਼ ਨੂੰ ਲਾਗੂ ਕਰਨ ਵਿੱਚ ਹੋਰ ਦੇਰੀ ਹੋ ਸਕਦੀ ਹੈ।

ਅਮਰੀਕੀ ਡਾਕ ਸੇਵਾ ਨੇ ਪਿਛਲੇ ਹਫ਼ਤੇ ਦੱਸਿਆ ਸੀ ਕਿ ਇਹ ਆਦੇਸ਼ ਨੂੰ ਕਿਵੇਂ ਲਾਗੂ ਕਰੇਗਾ, ਪਰ ਵੱਡੇ ਬਦਲਾਅ ਲਾਗੂ ਕਰਨ ਲਈ ਬਹੁਤ ਘੱਟ ਸਮਾਂ ਬਚਿਆ ਹੈ। ਕੁਝ ਰਾਜਾਂ ਵਿੱਚ ਵੋਟਰਾਂ ਨੂੰ ਬੈਲਟ ਡਾਕ ਰਾਹੀਂ ਭੇਜਣ ਦੀ ਪ੍ਰਕਿਰਿਆ ਕੁਝ ਹਫ਼ਤਿਆਂ ਦੇ ਅੰਦਰ ਸ਼ੁਰੂ ਹੋਣ ਵਾਲੀ ਹੈ। ਮੇਲ-ਇਨ ਵੋਟਿੰਗ ਲੰਬੇ ਸਮੇਂ ਤੋਂ ਟਰੰਪ ਦਾ ਨਿਸ਼ਾਨਾ ਰਹੀ ਹੈ, ਜੋ ਦਾਅਵਾ ਕਰਦਾ ਹੈ ਕਿ ਇਹ ਚੋਣ ਧੋਖਾਧੜੀ ਨੂੰ ਉਤਸ਼ਾਹਿਤ ਕਰਦੀ ਹੈ। ਹਾਲਾਂਕਿ ਇਸਦੇ ਉਲਟ ਕਾਫ਼ੀ ਸਬੂਤ ਹਨ ਅਤੇ ਟਰੰਪ ਨੇ ਖੁਦ ਇਸ ਢੰਗ ਦੀ ਵਰਤੋਂ ਕੀਤੀ ਹੈ। ਅਮਰੀਕੀ ਨਿਆਂ ਵਿਭਾਗ ਨੇ ਸੁਪਰੀਮ ਕੋਰਟ ਵਿੱਚ ਇੱਕ ਐਮਰਜੈਂਸੀ ਅਪੀਲ ਦਾਇਰ ਕੀਤੀ, ਜਿਸ ਵਿੱਚ ਮੱਧਕਾਲੀ ਚੋਣਾਂ ਤੋਂ ਪਹਿਲਾਂ ਤਬਦੀਲੀਆਂ ਨੂੰ ਲਾਗੂ ਕਰਨ ਦੀ ਇਜਾਜ਼ਤ ਦੀ ਬੇਨਤੀ ਕੀਤੀ ਗਈ। ਮਾਰਚ ਵਿੱਚ ਹਸਤਾਖਰ ਕੀਤੇ ਗਏ ਟਰੰਪ ਦੇ ਕਾਰਜਕਾਰੀ ਆਦੇਸ਼ ਵਿੱਚ ਉਸਦੇ ਪ੍ਰਸ਼ਾਸਨ ਨੂੰ ਯੋਗ ਵੋਟਰਾਂ ਦੀਆਂ ਸੂਚੀਆਂ ਤਿਆਰ ਕਰਨ ਦੀ ਲੋੜ ਸੀ ਅਤੇ ਅਮਰੀਕੀ ਡਾਕ ਸੇਵਾ ਨੂੰ ਨਿਰਦੇਸ਼ ਦਿੱਤਾ ਗਿਆ ਸੀ ਕਿ ਉਹ ਸਿਰਫ਼ ਉਨ੍ਹਾਂ ਲੋਕਾਂ ਨੂੰ ਡਾਕ ਰਾਹੀਂ ਬੈਲਟ ਭੇਜੇ, ਜਿਨ੍ਹਾਂ ਦੇ ਨਾਮ ਇਨ੍ਹਾਂ ਸੂਚੀਆਂ ਵਿੱਚ ਦਿਖਾਈ ਦਿੰਦੇ ਹਨ।

23 ਰਾਜਾਂ ਅਤੇ ਡਿਸਟ੍ਰਿਕਟ ਆਫ਼ ਕੋਲੰਬੀਆ ਦੇ ਡੈਮੋਕ੍ਰੇਟਿਕ ਅਧਿਕਾਰੀਆਂ ਨੇ ਆਦੇਸ਼ ਨੂੰ ਰੋਕਣ ਲਈ ਮੁਕੱਦਮਾ ਦਾਇਰ ਕੀਤਾ। ਉਨ੍ਹਾਂ ਨੇ ਦਲੀਲ ਦਿੱਤੀ ਕਿ ਸੰਵਿਧਾਨ ਰਾਜਾਂ ਅਤੇ ਕਾਂਗਰਸ ਨੂੰ ਚੋਣਾਂ ਦਾ ਪ੍ਰਬੰਧਨ ਕਰਨ ਦਾ ਅਧਿਕਾਰ ਦਿੰਦਾ ਹੈ ਅਤੇ ਟਰੰਪ ਦੇ ਪ੍ਰਸਤਾਵਿਤ ਬਦਲਾਅ ਹਫੜਾ-ਦਫੜੀ ਅਤੇ ਰਾਜਨੀਤਿਕ ਪੱਖਪਾਤੀ ਦੁਰਵਿਵਹਾਰ ਦਾ ਕਾਰਨ ਬਣ ਸਕਦੇ ਹਨ। ਟਰੰਪ ਪ੍ਰਸ਼ਾਸਨ ਨੇ ਦਲੀਲ ਦਿੱਤੀ ਕਿ ਰਾਜਾਂ ਨੇ ਬਹੁਤ ਜਲਦੀ ਮੁਕੱਦਮਾ ਦਾਇਰ ਕੀਤਾ। ਪ੍ਰਸ਼ਾਸਨ ਨੇ ਵਾਸ਼ਿੰਗਟਨ ਦੇ ਇੱਕ ਹੋਰ ਫੈਸਲੇ ਦਾ ਵੀ ਹਵਾਲਾ ਦਿੱਤਾ, ਜਿਸ ਵਿੱਚ ਇੱਕ ਜੱਜ ਨੇ ਟਰੰਪ ਦੇ ਆਦੇਸ਼ ਨੂੰ ਅੱਗੇ ਵਧਣ ਦੀ ਆਗਿਆ ਦਿੱਤੀ। ਇੱਕ ਅਪੀਲ ਅਦਾਲਤ ਨੇ ਵੀ ਉਸ ਫੈਸਲੇ ਨੂੰ ਬਰਕਰਾਰ ਰੱਖਿਆ, ਹਾਲਾਂਕਿ ਇਸਨੇ ਭਵਿੱਖ ਵਿੱਚ ਬਦਲਾਅ ਲਾਗੂ ਹੋਣ 'ਤੇ ਹੋਰ ਕਾਨੂੰਨੀ ਕਾਰਵਾਈ ਦੀ ਸੰਭਾਵਨਾ ਨੂੰ ਖੁੱਲ੍ਹਾ ਛੱਡ ਦਿੱਤਾ।

ਸੁਪਰੀਮ ਕੋਰਟ ਨੇ ਪਹਿਲਾਂ ਮੇਲ-ਇਨ ਬੈਲਟ ਨਾਲ ਸਬੰਧਤ ਟਰੰਪ-ਸਮਰਥਿਤ ਦਲੀਲਾਂ ਵਿਰੁੱਧ ਫੈਸਲਾ ਸੁਣਾਇਆ ਹੈ। ਜੂਨ ਵਿੱਚ, ਅਦਾਲਤ ਨੇ ਫੈਸਲਾ ਸੁਣਾਇਆ ਕਿ ਰਾਜ ਚੋਣਾਂ ਦੇ ਦਿਨ ਤੋਂ ਬਾਅਦ ਆਉਣ ਵਾਲੇ ਬੈਲਟਾਂ ਦੀ ਗਿਣਤੀ ਕਰ ਸਕਦੇ ਹਨ। ਟਰੰਪ ਨੇ ਠੋਸ ਸਬੂਤਾਂ ਤੋਂ ਬਿਨਾਂ 2020 ਵਿੱਚ ਡੈਮੋਕ੍ਰੇਟਿਕ ਨੇਤਾ ਜੋਅ ਬਾਈਡੇਨ ਨੂੰ ਆਪਣੀ ਹਾਰ ਲਈ ਮੇਲ-ਇਨ ਵੋਟਿੰਗ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਸਨੇ ਆਪਣੇ ਕਾਰਜਕਾਰੀ ਆਦੇਸ਼ ਵਿੱਚ ਪ੍ਰਸਤਾਵਿਤ ਬਦਲਾਅ ਗੈਰ-ਅਮਰੀਕੀ ਨਾਗਰਿਕਾਂ ਨੂੰ ਵੋਟ ਪਾਉਣ ਤੋਂ ਰੋਕਣ ਦੇ ਉਦੇਸ਼ ਨਾਲ ਸੁਰੱਖਿਆ ਉਪਾਵਾਂ ਵਜੋਂ ਪੇਸ਼ ਕੀਤੇ ਹਨ। ਟਰੰਪ ਨੇ ਵਾਰ-ਵਾਰ ਇੱਕ ਕਾਨੂੰਨ ਪਾਸ ਕਰਨ ਦੀ ਮੰਗ ਵੀ ਕੀਤੀ ਹੈ ਜਿਸ ਵਿੱਚ ਵੋਟ ਪਾਉਣ ਲਈ ਨਾਗਰਿਕਤਾ ਦੇ ਸਬੂਤ ਦੀ ਲੋੜ ਹੋਵੇਗੀ। ਅਮਰੀਕਾ ਵਿੱਚ ਦੋਵਾਂ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਦੇ ਵੋਟਰਾਂ ਵਿੱਚ ਡਾਕ-ਇਨ ਬੈਲਟ ਦੀ ਵਰਤੋਂ ਵਧੀ ਹੈ। ਅੰਕੜਿਆਂ ਦੇ ਅਨੁਸਾਰ, 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਪਾਈਆਂ ਗਈਆਂ ਸਾਰੀਆਂ ਵੋਟਾਂ ਵਿੱਚੋਂ ਲਗਭਗ 30 ਪ੍ਰਤੀਸ਼ਤ ਡਾਕ ਦੁਆਰਾ ਪਾਈਆਂ ਗਈਆਂ ਸਨ। ਡਾਕ-ਇਨ ਵੋਟਿੰਗ ਪ੍ਰਕਿਰਿਆ ਨੂੰ ਵੀ ਸੁਰੱਖਿਅਤ ਮੰਨਿਆ ਜਾਂਦਾ ਹੈ। ਬਰੂਕਿੰਗਜ਼ ਇੰਸਟੀਚਿਊਸ਼ਨ ਦੁਆਰਾ 2025 ਦੇ ਇੱਕ ਅਧਿਐਨ ਦੇ ਅਨੁਸਾਰ ਹਰ 10 ਮਿਲੀਅਨ ਡਾਕ-ਇਨ ਬੈਲਟ ਲਈ ਧੋਖਾਧੜੀ ਦੇ ਸਿਰਫ ਚਾਰ ਮਾਮਲੇ ਰਿਪੋਰਟ ਕੀਤੇ ਗਏ ਸਨ।

# ਅਮਰੀਕਾ ਦੇ 'ਰੇਨੋ' ਸ਼ਹਿਰ 'ਚ ਅੱਗ ਨੇ ਮਚਾਇਆ ਤਾਂਡਵ ! ਹਜ਼ਾਰਾਂ ਲੋਕਾਂ ਨੂੰ ਛੱਡਣਾ ਪਿਆ ਘਰ



ਨੇਵਾਡਾ : ਅਮਰੀਕਾ ਵਿਚ ਨੇਵਾਡਾ ਸੂਬੇ ਦੇ ਉੱਤਰ-ਪੱਛਮੀ ਰੇਨੋ ਸ਼ਹਿਰ 'ਚ ਐਤਵਾਰ ਨੂੰ ਤੇਜ਼ੀ ਨਾਲ ਫੈਲੀ ਜੰਗਲੀ ਅੱਗ ਨੇ ਕਈ ਮਕਾਨਾਂ ਨੂੰ ਆਪਣੀ ਲਪੇਟ 'ਚ ਲੈ ਲਿਆ। ਅੱਗ ਦੀਆਂ ਲਾਟਾਂ ਇੰਨੀਆਂ ਭਿਆਨਕ ਸਨ ਕਿ ਫਾਇਰ ਬ੍ਰਿਗੇਡ ਕਰਮਚਾਰੀਆਂ ਲਈ ਪ੍ਰਭਾਵਿਤ ਇਲਾਕਿਆਂ ਤੱਕ ਪਹੁੰਚ ਕੇ ਉਸ 'ਤੇ ਕਾਬੂ ਪਾਉਣਾ ਬਹੁਤ ਮੁਸ਼ਕਲ ਹੋ ਗਿਆ। ਹਵਾ ਦੀ ਦਿਸ਼ਾ ਵਾਰ-ਵਾਰ ਬਦਲਣ ਕਾਰਨ ਅੱਗ ਬੁਝਾਉਣ ਵਿਚ ਜੁਟੇ ਕਰਮਚਾਰੀਆਂ ਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ ਹਨ।

ਅਧਿਕਾਰੀਆਂ ਨੇ ਹਾਲਾਤ ਨੂੰ ਦੇਖਦੇ ਹੋਏ ਸਾਵਧਾਨੀ ਵਜੋਂ ਕਰੀਬ 90,000 ਲੋਕਾਂ ਨੂੰ ਪ੍ਰਭਾਵਿਤ ਇਲਾਕਾ ਖਾਲੀ ਕਰਨ ਦੀ ਅਪੀਲ ਕੀਤੀ ਹੈ। ਅਧਿਕਾਰੀਆਂ ਅਨੁਸਾਰ, ਅੱਗ ਦੀ ਲਪੇਟ ਵਿਚ ਆਉਣ ਨਾਲ ਘੱਟੋ-ਘੱਟ 6 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿਚ ਤਿੰਨ ਫਾਇਰ ਬ੍ਰਿਗੇਡ ਕਰਮਚਾਰੀ ਅਤੇ ਤਿੰਨ ਆਮ ਨਾਗਰਿਕ ਸ਼ਾਮਲ ਹਨ। ਅਧਿਕਾਰੀਆਂ ਨੇ ਦੱਸਿਆ ਕਿ ਅੱਗ 'ਮਨੁੱਖੀ ਕਾਰਨਾਂ' ਕਰ ਕੇ ਲੱਗੀ। ਹਾਲਾਂਕਿ, ਉਨ੍ਹਾਂ ਇਸ ਦੇ ਕਾਰਨਾਂ ਨੂੰ ਸਪੱਸ਼ਟ ਨਹੀਂ ਕੀਤਾ।

ਸ਼ਨੀਵਾਰ ਨੂੰ ਭੜਕੀ ਇਹ ਅੱਗ ਬਾਅਦ ਵਿਚ ਹੁੰਬੋਲਟ-ਟੋਇਆਬੇ ਰਾਸ਼ਟਰੀ ਜੰਗਲ ਦੇ ਪੀਵਾਈਨ ਪੀਕ ਖੇਤਰ 'ਚ ਤੇਜ਼ੀ ਨਾਲ ਫੈਲ ਗਈ। ਇਹ ਇਲਾਕਾ ਕੈਲੀਫੋਰਨੀਆ ਦੀ ਸਰਹੱਦ ਦੇ ਨੇੜੇ ਹੈ, ਜਿੱਥੇ ਪਹਾੜੀਆਂ ਦੇ ਆਲੇ-ਦੁਆਲੇ ਵੱਡੀ ਗਿਣਤੀ 'ਚ ਰਿਹਾਇਸ਼ੀ ਮਕਾਨ ਅਤੇ ਵਪਾਰਕ ਅਦਾਰੇ ਮੌਜੂਦ ਹਨ। ਵਾਸ਼ੋ ਕਾਊਂਟੀ ਦੇ ਸ਼ੈਰਿਫ ਡਾਰਿਨ ਬਾਲਾਮ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ, "ਜੇ ਤੁਸੀਂ ਜਾ ਸਕਦੇ ਹੋ, ਤਾਂ ਕਿਰਪਾ ਕਰ ਕੇ ਤੁਰੰਤ ਇੱਥੋਂ ਨਿਕਲ ਜਾਓ।"

# ਕੈਂਟੱਕੀ 'ਚ ਹੋਈ ਗੋਲੀਬਾਰੀ 'ਚ ਇਕ ਮੌਤ ਤੇ 4 ਜ਼ਖਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਕੈਂਟੱਕੀ ਦੇ ਇੱਕ ਪਾਰਕ ਵਿੱਚ ਲੰਘੀ ਸ਼ਾਮ ਹੋਈ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਚਾਰ ਹੋਰ ਜ਼ਖਮੀ ਹੋ ਗਏ। ਇਹ ਜਾਣਕਾਰੀ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ੍ਰ ਪੁਲਿਸ ਵਿਭਾਗ ਅਨੁਸਾਰ, ਲੈਕਸਿੰਗਟਨ ਪੁਲਿਸ ਅਧਿਕਾਰੀਆਂ ਨੇ ਸ਼ਾਮ 7 ਵਜੇ ਤੋਂ ਠੀਕ ਪਹਿਲਾਂ ਗੋਲੀਬਾਰੀ ਦੀ ਰਿਪੋਰਟ 'ਤੇ ਕਾਰਵਾਈ ਕੀਤੀ ਅਤੇ ਪੰਜ ਪੀੜਤਾਂ ਨੂੰ ਲੱਭਿਆ। ਪੁਲਿਸ ਨੇ ਕਿਹਾ ਕਿ ਇੱਕ ਵਿਅਕਤੀ ਨੂੰ ਹਸਪਤਾਲ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ ਜਦੋਂ ਕਿ ਬਾਕੀ ਚਾਰਾਂ ਦੇ ਗੈਰ-ਜਾਨਲੇਵਾ ਜ਼ਖਮ ਹਨ। ਪੁਲਿਸ ਮੁਖੀ ਲਾਰੈਂਸ ਵੇਦਰਸ ਨੇ ਕਿਹਾ ਕਿ ਡਾਊਨਟਾਊਨ ਲੈਕਸਿੰਗਟਨ ਦੇ ਚਾਰਲਸ ਯੰਗ ਪਾਰਕ ਵਿੱਚ ਹੋਈ ਗੋਲੀਬਾਰੀ ਦੇ ਪੀੜਤਾਂ ਵਿੱਚ 4 ਅਤੇ 14 ਸਾਲ ਦੇ ਦੋ ਬੱਚੇ ਵੀ ਸ਼ਾਮਲ ਸਨ। ਵੇਦਰਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਗੋਲੀਬਾਰੀ ਬਾਰੇ ਜੇਕਰ ਕਿਸੇ ਵੀ ਕੋਲ ਕੋਈ ਜਾਣਕਾਰੀ ਹੈ ਤਾਂ ਉਹ ਪੁਲਿਸ ਵਿਭਾਗ ਨਾਲ ਸੰਪਰਕ ਕਰੇ।




CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

VISIT US NOW!

DR. RAJESH MAHESHWARI, MD

SAN RAMON
San Ramon
URGENT CARE & CLINIC

9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE

15810 Harlan Road #A
Lathrop, CA 95330
(209) 983-9000

MAIN STREET
Main Street
URGENT CARE

1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਸਮੁੱਚੇ ਤੌਰ 'ਤੇ ਧਰਮ ਬਦਲੀ ਦੇ ਦੇਸ਼ ਲਈ ਕੀ ਸਿੱਟੇ ਹੋਣਗੇ ਅਜਿਹਾ ਮਨ 'ਚ ਬਿਠਾਉਣ ਯੋਗ ਹੈ? ਇਸਲਾਮ ਅਤੇ ਈਸਾਈ ਧਰਮ 'ਚ ਤਬਦੀਲੀ ਦੱਬੀਆਂ ਕੁਚਲੀਆਂ ਜਾਤਾਂ ਦਾ ਗੈਰ ਕੌਮੀ ਕਰਨ (ਵਿਦੇਸ਼ੀ ਕਰਨ) ਹੋਵੇਗਾ। ਜੇਕਰ ਉਹ ਇਸਲਾਮ ਵੱਲ ਜਾਂਦੇ ਹਨ ਗਿਣਤੀ ਵਿਚ ਮੁਸਲਮਾਨ ਦੁੱਗਣੇ ਹੋ ਜਾਣਗੇ ਅਤੇ ਮੁਸਲਮਾਨਾਂ ਦੇ ਭਾਰੂ ਹੋਣ ਦਾ ਖ਼ਤਰਾ ਵੀ ਅਸਲ ਹੋ ਜਾਂਦਾ ਹੈ। ਜੇਕਰ ਉਹ ਈਸਾਈ ਧਰਮ 'ਚ ਸ਼ਾਮਲ ਹੁੰਦੇ ਹਨ, ਈਸਾਈਆਂ ਦੀ ਗਿਣਤੀ ਪੱਖੋਂ ਤਾਕਤ ਪੰਜ ਤੋਂ ਛੇ (5 ਤੋਂ 6) ਕਰੋੜ ਹੁੰਦੀ ਹੈ। ਇਹ ਦੇਸ਼ ਉੱਪਰ ਬ੍ਰਿਟਿਸ਼ (ਅੰਗਰੇਜ਼ਾਂ) ਦੀ ਜਕੜ ਨੂੰ ਤਾਕਤ ਦੇਵੇਗਾ। ਦੂਸਰੇ ਪਾਸੇ ਜੇ

ਉਹ ਸਿੱਖਇਜ਼ਮ ਅਪਣਾਉਂਦੇ ਹਨ, ਉਹ ਦੇਸ਼ ਦੀ ਤੱਕਦੀਰ ਨੂੰ ਨੁਕਸਾਨ ਨਹੀਂ ਪਹੁੰਚਾਉਣਗੇ, ਪ੍ਰੰਤੂ ਉਹ ਦੇਸ਼ ਦੀ ਭਾਵੀ (ਹੋਣੀ-ਤੱਕਦੀਰ) ਦੀ ਮਦਦ ਕਰਨਗੇ। ਉਹ (ਸਿੱਖ-ਦੱਬੀਆਂ ਕੁਚਲੀਆਂ ਜਾਤ ਤੋਂ ਬਣੇ) ਵਿਦੇਸ਼ੀ ਵੀ ਨਹੀਂ ਹੋਣਗੇ ਜਾਂ ਗੈਰ ਕੌਮੀ ਨਹੀਂ ਹੋਣਗੇ।

**ਤੀਸਰਾ ਸਵਾਲ ਹੈ ਜੇਕਰ ਇਹ ਹਿੰਦੂਆਂ ਦੇ ਹੱਕ 'ਚ ਹੈ ਕਿ ਦੱਬੀਆਂ ਕੁਚਲੀਆਂ ਜਾਤਾਂ ਨੂੰ ਸਿੱਖਇਜ਼ਮ ਵਿਚ ਜਾਣਾ ਚਾਹੀਦਾ ਹੈ, ਕੀ ਹਿੰਦੂ ਸਿੱਖਇਜ਼ਮ ਨੂੰ ਇਕ ਚੰਗੇ ਬਦਲ ਦੇ ਤੌਰ 'ਤੇ ਦੱਬੀਆਂ ਕੁਚਲੀਆਂ ਜਾਤਾਂ ਨੂੰ ਗਿਣਤੀ ਪੱਖੋਂ ਸਿੱਖਾਂ ਵਿਚਲੀ ਕਮੀ ਜਿਵੇਂ ਇਸਲਾਮ ਜਾਂ ਈਸਾਈ ਧਰਮ ਹੈ, ਪੂਰੀ ਕਰਨ ਲਈ ਹਿੰਦੂ ਤਿਆਰ ਕੀਤੇ ਜਾਂਦੇ ਹਨ? ਜੇਕਰ ਉਹ ਤਿਆਰ ਹਨ ਤਦ ਬਿਨਾਂ ਸ਼ੱਕ ਇਸਲਾਮ ਅਤੇ ਇਸਾਈਅਤ ਨਾਲ ਮੁਕਾਬਲਤਨ ਸਿੱਖਾਂ ਦੇ ਰਾਹ ਵਿਚ ਜਿਹੜੀਆਂ ਮੁਸ਼ਕਲਾਂ ਹਨ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਘਾਟਾ ਹਨ ਆਰਥਿਕ, ਸਮਾਜਿਕ ਅਤੇ ਰਾਜਨੀਤੱਕ।**

**-ਡਾ. ਅੰਬੇਡਕਰ**

(Rao Bahadur M.C. Raja in the Course of his reply to Dr. Moonje says.)

**ਰਾਜਾ ਦਾ ਵਿਚਾਰ**

ਰਾਓ ਬਹਾਦਰ ਐਮ.ਸੀ. ਰਾਜਾ ਨੇ ਡਾ. ਮੁੰਜੇ ਨੂੰ ਉਹਦੇ ਜਵਾਬ ਦੇ ਰਾਹ 'ਤੇ ਕਿਹਾ-ਪਿਆਰੇ ਮਿਸਟਰ ਮੁੰਜੇ ਤੁਸੀਂ ਮੈਨੂੰ ਕਹਿੰਦਿਆਂ ਮੁਆਫ਼ ਕਰੋਗੇ ਕਿ-

1. ਸਾਰਾ ਤੁਹਾਡਾ ਵਿਚਾਰ ਕਿ ਡਾਕਟਰ ਅੰਬੇਡਕਰ ਦੀ ਤਜਵੀਜ਼ ਦੀ ਰੌਸ਼ਨੀ 'ਚ ਦੱਬੀਆਂ ਕੁਚਲੀਆਂ ਜਾਤਾਂ ਦੀ ਮੁਸ਼ਕਿਲ ਇਕ ਫ਼?ਰਕੂ ਥਾਂ ਬਦਲੀ ਵਜੋਂ ਹੈ ਨਾ ਕਿ




ਧਾਰਮਿਕ ਬਦਲੀ ਵਜੋਂ ਹੈ।

2. ਹਿੰਦੂ ਮਹਾਂਸਭਾ ਦੇ ਪ੍ਰਧਾਨ ਤੋਂ ਕੋਈ ਆਸ ਕਰੇਗਾ ਕਿ ਇਹਨੂੰ ਧਾਰਮਿਕ ਮਸਲੇ ਵਜੋਂ ਦੇਖੋ ਅਤੇ;

3. ਨਾ ਸਿਰਫ਼ ਇਕ ਰਾਜਨੀਤੱਕ ਮੁਸ਼ਕਿਲ ਵਜੋਂ ਇਹਦੇ ਤੇ ਬਗੈਰ ਬਰਾਬਰ ਨਜ਼ਰ ਮਾਰਦਿਆਂ ਇਹ ਇਕ ਸਮਾਜਿਕ ਅਤੇ ਆਰਥਿਕ ਮੁਸ਼ਕਲ ਦੇ ਤੌਰ 'ਤੇ ਹੈ।

4. ਕੋਈ ਤੁਹਾਡਾ ਤਾਅਲੁਕ ਸਮਝ ਸਕਦਾ ਹੈ ਜੇਕਰ ਹਿੰਦੂ ਮਹਾਂ ਸਭਾ ਦੇ ਪ੍ਰਧਾਨ ਦੇ ਤੌਰ 'ਤੇ ਤੁਸੀਂ ਦੱਬੀਆਂ ਕੁਚਲੀਆਂ ਜਾਤਾਂ ਦੀ ਭਲਾਈ ਪਹਿਲੋਂ ਤੇ ਸਭ ਤੋਂ ਪਹਿਲੋਂ ਰੱਖੋ ਅਤੇ;

5. ਸਮਾਜਿਕ ਤੇ ਆਰਥਿਕ ਭਲਾਈ ਦਾ ਵਿਚਾਰ ਅੱਗੇ ਅਤੇ ਉਨ੍ਹਾਂ ਦੇ ਇਕ ਰਾਜਨੀਤੱਕ ਪੱਖ ਦਾ ਵਿਚਾਰ ਅਖੀਰ 'ਤੇ ਰੱਖੋ।

6. ਤੁਹਾਡੀ ਚਿੰਤਾ, ਦੱਬੀਆਂ ਕੁਚਲੀਆਂ ਜਾਤਾਂ ਦੀ ਰਾਜਨੀਤੱਕ ਸਕੀਮ ਵਿਚ ਜਗ੍ਹਾ ਰੱਖਣ ਲਈ ਨਾ ਸਿਰਫ਼ ਤੁਹਾਡੇ ਸਰੋਕਾਰ ਦਾ ਸੁਭਾਅ ਇਨ੍ਹਾਂ ਜਾਤਾਂ ਲਈ ਦਿਲਚਸਪੀ ਜ਼ਾਹਿਰ ਕਰਦਾ ਹੈ, ਪ੍ਰੰਤੂ ਘੋੜੇ ਦੇ ਅੱਗੇ ਟਾਂਗਾ ਜੋੜਨ ਵਾਂਗ ਹੈ।

**ਹਵਾਲਾ. (ਸਫ਼ਾ 149) Source Material Vol-One.**

**ਸਹੀ ਰਾਹ**

ਇਕ ਇਨਸਾਨ ਆਸ ਕਰੇਗਾ ਤੁਸੀਂ ਹਿੰਦੂ ਮਹਾਂਸਭਾ ਦੇ ਪ੍ਰਧਾਨ ਦੇ ਤੌਰ 'ਤੇ ਦੱਬੀਆਂ ਕੁਚਲੀਆਂ ਜਾਤਾਂ ਦੀ ਸਮਾਜਿਕ ਹਾਲਤ ਅਤੇ ਇਨ੍ਹਾਂ ਜਾਤਾਂ ਦੀਆਂ ਸ਼ਹਿਰੀ ਅਤੇ ਸਮਾਜਿਕ ਕਮਜ਼ੋਰੀਆਂ ਨੂੰ ਦੂਰ ਕਰਨ ਦੁਆਰਾ ਉਨ੍ਹਾਂ ਦੇ ਹਿੰਦੂ ਮੰਦਰਾਂ ਵਿਚ ਦੁਸਰੇ ਪੂਜਾ ਕਰਨ ਵਾਲਿਆਂ ਦੇ ਨਾਲ ਇਕ ਬਰਾਬਰ ਪੈਰ ਪੁੱਟਦਿਆਂ ਉਨ੍ਹਾਂ ਦੇ ਅਧਿਕਾਰ ਦੇ ਬਚਾਓ ਅਤੇ ਅੱਗੇ ਨੂੰ ਗਾਂਧੀ ਜੀ ਦੁਆਰਾ ਸਾਰੇ ਦੇਸ਼ ਭਰ ਵਿਚ ਸ਼ੁਰੂ ਕੀਤੀ ਗਈ ਅਛੂਤ ਲਹਿਰ ਦੀ ਰਾਖੀ ਕਰਦਿਆਂ ਨਾ ਬੋਲਣਾ। ਇਹ ਕਰਨ ਦੀ ਬਜਾਏ ਇਹ ਕੀ ਹੈ ਜੋ ਤੁਸੀਂ ਕਰ ਰਹੇ ਹੋ? ਤੁਸੀਂ ਦੱਬੀਆਂ ਕੁਚਲੀਆਂ ਜਾਤਾਂ ਦੀ ਚੀਰ ਫਾੜ ਕਰ ਰਹੇ ਹੋ, ਉਨ੍ਹਾਂ ਨੂੰ ਧਾਰਮਿਕ ਤੌਰ 'ਤੇ ਸਿੱਖਾਂ ਨਾਲ ਜੋੜ ਰਹੇ ਹੋ ਜਦ ਕਿ ਉਨ੍ਹਾਂ ਨੂੰ ਰਾਜਨੀਤੱਕ ਤੌਰ 'ਤੇ ਹਿੰਦੂਆਂ ਵਜੋਂ ਰੋਕ ਕੇ ਰੱਖ ਰਹੇ ਹੋ। ਸਾਰੀ ਚੀਜ਼ ਮੈਨੂੰ ਦੱਬੀਆਂ ਕੁਚਲੀਆਂ ਜਾਤਾਂ ਦੇ ਹੱਕ 'ਚ ਘੜੀ ਹੋਈ ਪ੍ਰੰਤੂ ਦੂਜੇ ਪਾਸੇ ਹਿੰਦੂਆਂ ਅਤੇ ਸਿੱਖਾਂ ਦੇ ਫ਼ਿਰਕੂ ਮੁਫ਼ਾਦ ਵਿਚ ਬਣਾਈ ਗਈ ਸਕੀਮ ਨਜ਼ਰ ਆਉਂਦੀ ਹੈ। ਹਿੰਦੂ

ਕਮਿਊਨਿਟੀ ਨੂੰ ਕਮਜ਼ੋਰ ਕਰਨ ਦਾ ਇਹ ਸਾਡਾ ਉਦੇਸ਼ ਨਹੀਂ ਪ੍ਰੰਤੂ ਇਹਨੂੰ ਅੰਦਰੋਂ ਸੁਧਾਰਦਿਆਂ ਹੋਇਆਂ ਤਾਕਤ ਦੇਣਾ ਹੈ। ਅਸੀਂ ਫ਼ਿਰਕੂ ਝਗੜਿਆਂ ਅਤੇ ਮੁਕਾਬਲੇਬਾਜ਼ੀ ਦੀ ਖੇਡ ਅੰਦਰ ਗਹਿਣੇ ਰੱਖਣਾ ਨਹੀਂ ਚਾਹੁੰਦੇ।

**(ਚਲਦਾ)**

# ਟਰੰਪ ਪ੍ਰਸ਼ਾਸਨ ਦਾ ਨਵਾਂ H-1B ਪਲਾਨ: ਅਮਰੀਕਾ 'ਚ ਪੜ੍ਹਾਈ ਤੋਂ ਬਾਅਦ ਨੌਕਰੀ ਮਿਲਣੀ ਹੋ ਸਕਦੀ ਹੈ ਮੁਸ਼ਕਿਲ

ਵਾਸ਼ਿੰਗਟਨ : ਅਮਰੀਕਾ ਵਿੱਚ ਪੜ੍ਹਾਈ ਕਰ ਰਹੇ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਦੀ ਚਿੰਤਾ ਵਧ ਸਕਦੀ ਹੈ, ਜੋ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉੱਥੇ ਹੀ ਨੌਕਰੀ ਕਰਨਾ ਚਾਹੁੰਦੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਸ਼ਾਸਨ ਨੇ H-1B ਵੀਜ਼ਾ ਨਾਲ ਜੁੜੀ ਇੱਕ ਨਵੀਂ ਫੀਸ ਦਾ ਪ੍ਰਸਤਾਵ ਰੱਖਿਆ ਹੈ। ਇਸ ਦੇ ਤਹਿਤ, ਕੰਪਨੀਆਂ ਨੂੰ ਕੁਝ H-1B ਵੀਜ਼ਾ ਅਰਜ਼ੀਆਂ ਦਾਖਲ ਕਰਨ ਲਈ 1,03,265 ਡਾਲਰ (ਭਾਰਤੀ ਕਰੰਸੀ ਵਿੱਚ ਲਗਭਗ 90 ਲੱਖ ਰੁਪਏ ਤੋਂ ਵੱਧ)




ਦੀ ਭਾਰੀ ਫੀਸ ਅਦਾ ਕਰਨੀ ਪੈ ਸਕਦੀ ਹੈ।

ਇਸ ਪ੍ਰਸਤਾਵ ਦਾ ਸਿੱਧਾ ਅਸਰ ਅਮਰੀਕਾ ਵਿੱਚ ਪੜ੍ਹਾਈ ਪੂਰੀ ਕਰਕੇ ਉੱਥੇ ਨੌਕਰੀ ਕਰਨ ਦੇ ਚਾਹਵਾਨ ਵਿਦਿਆਰਥੀਆਂ 'ਤੇ ਪੈ ਸਕਦਾ ਹੈ। ਹਾਲਾਂਕਿ, ਇਸ ਫੀਸ ਦਾ ਭੁਗਤਾਨ ਵਿਦਿਆਰਥੀਆਂ ਨੂੰ ਖੁਦ ਨਹੀਂ ਕਰਨਾ ਪਵੇਗਾ, ਬਲਕਿ ਇਹ ਰਕਮ ਉਸ ਕੰਪਨੀ ਨੂੰ ਦੇਣੀ ਪਵੇਗੀ ਜੋ ਉਨ੍ਹਾਂ ਦੇ H-1B ਵੀਜ਼ਾ ਦੀ ਅਰਜ਼ੀ ਦਾਖਲ ਕਰੇਗੀ। ਪਰ ਇੰਨੇ ਵੱਡੇ ਖਰਚੇ ਕਾਰਨ ਕੰਪਨੀਆਂ ਹੁਣ ਵਿਦੇਸ਼ੀ ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਤੋਂ ਪਹਿਲਾਂ ਦੋ ਵਾਰ ਸੋਚ ਸਕਦੀਆਂ ਹਨ, ਜਿਸ ਕਾਰਨ ਨੌਕਰੀ ਦੇ ਮੌਕੇ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ।

ਇਹ ਪ੍ਰਸਤਾਵਿਤ ਨਿਯਮ ਅਮਰੀਕਾ ਵਿੱਚ F-1 ਵੀਜ਼ਾ 'ਤੇ ਪੜ੍ਹ ਰਹੇ ਉਨ੍ਹਾਂ ਵਿਦਿਆਰਥੀਆਂ 'ਤੇ ਲਾਗੂ ਹੋਵੇਗਾ, ਜੋ ਪੜ੍ਹਾਈ ਤੋਂ ਬਾਅਦ H-1B ਵੀਜ਼ਾ ਦੀ ਸਾਲਾਨਾ ਲਾਟਰੀ ਵਿੱਚ ਚੁਣੇ ਜਾਂਦੇ ਹਨ ਅਤੇ ਉਨ੍ਹਾਂ ਦੇ ਮਾਲਕ ਕੰਪਨੀ ਵੱਲੋਂ ਅਰਜ਼ੀ ਦਾਖਲ ਕੀਤੀ ਜਾਂਦੀ ਹੈ। ਇਹ ਨਿਯਮ ਉਨ੍ਹਾਂ ਲੋਕਾਂ 'ਤੇ ਵੀ ਲਾਗੂ ਹੋ ਸਕਦਾ ਹੈ ਜਿਨ੍ਹਾਂ ਨੇ ਅਮਰੀਕਾ ਤੋਂ ਮਾਸਟਰਜ਼ ਜਾਂ ਇਸ ਤੋਂ ਉੱਚੀ ਡਿਗਰੀ ਪ੍ਰਾਪਤ ਕੀਤੀ ਹੈ ਅਤੇ H-1B ਲਈ ਮਿਲਣ ਵਾਲੀਆਂ ਵਾਧੂ 20,000 ਸੀਟਾਂ ਦੇ ਤਹਿਤ ਅਰਜ਼ੀ ਦਿੰਦੇ ਹਨ।

ਪ੍ਰਸ਼ਾਸਨ ਵੱਲੋਂ ਪਹਿਲਾਂ ਐਲਾਨੀ ਗਈ 1 ਲੱਖ ਡਾਲਰ ਦੀ ਫੀਸ ਤੋਂ ਇਹ ਨਵਾਂ ਪ੍ਰਸਤਾਵ ਬਿਲਕੁਲ ਵੱਖਰਾ ਹੈ। ਪਹਿਲੀ ਫੀਸ ਮੁੱਖ ਤੌਰ 'ਤੇ ਅਮਰੀਕਾ ਤੋਂ ਬਾਹਰੋਂ H-1B ਕਰਮਚਾਰੀਆਂ ਨੂੰ ਲਿਆਉਣ ਨਾਲ ਸਬੰਧਤ ਸੀ। ਇਸ ਤੋਂ ਇਲਾਵਾ, ਜਿਨ੍ਹਾਂ ਕਰਮਚਾਰੀਆਂ ਦਾ H-1B ਪਹਿਲਾਂ ਹੀ ਸਾਲਾਨਾ ਕੈਪ ਵਿੱਚ ਗਿਣਿਆ ਜਾ ਚੁੱਕਾ ਹੈ, ਉਨ੍ਹਾਂ ਦੇ ਵੀਜ਼ਾ ਐਕਸਟੈਂਸ਼ਨ (ਮਿਆਦ ਵਧਾਉਣ) ਜਾਂ ਨੌਕਰੀ ਬਦਲਣ ਵਾਲੀਆਂ ਅਰਜ਼ੀਆਂ 'ਤੇ ਆਮ ਤੌਰ 'ਤੇ ਇਹ ਨਵੀਂ ਫੀਸ ਲਾਗੂ ਨਹੀਂ ਹੋਵੇਗੀ। ਇਹ ਫੀਸ ਫਿਲਹਾਲ ਲਾਗੂ ਨਹੀਂ ਹੋਈ ਹੈ, ਸਗੋਂ ਸਿਰਫ਼ ਇੱਕ ਪ੍ਰਸਤਾਵ ਹੈ। ਇਸ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (DHS) ਨੂੰ ਜਨਤਕ ਟਿੱਪਣੀਆਂ ਦੀ ਪ੍ਰਕਿਰਿਆ ਪੂਰੀ ਕਰਨੀ ਪਵੇਗੀ, ਜਿਸ ਤੋਂ ਬਾਅਦ ਹੀ ਅੰਤਿਮ ਨਿਯਮ ਜਾਰੀ ਕੀਤਾ ਜਾਵੇਗਾ।

# ਕਤਲ ਅਤੇ ਲਾਪਤਾ ਮਾਮਲਿਆਂ 'ਚ ਮਦਦ ਕਰਨ ਵਾਲਿਆਂ ਨੂੰ FBI ਦੇਵੇਗੀ 25,000 ਡਾਲਰ

ਵਾਸ਼ਿੰਗਟਨ : ਅਮਰੀਕਾ ਦੀ ਪ੍ਰਮੁੱਖ ਜਾਂਚ ਏਜੰਸੀ 'ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ' (FBI) ਨੇ ਮੂਲ ਅਮਰੀਕੀ ਕਬੀਲਿਆਂ ਦੇ ਖੇਤਰਾਂ (ਇੰਡੀਅਨ ਕੰਟਰੀ) ਵਿੱਚ ਵਧ ਰਹੀ ਹਿੰਸਾ ਨਾਲ ਨਜਿੱਠਣ ਅਤੇ ਅਣਸੁਲਝੇ ਮਾਮਲਿਆਂ ਨੂੰ ਹੱਲ ਕਰਨ ਲਈ ਇੱਕ ਵੱਡਾ ਫੈਸਲਾ ਲਿਆ ਹੈ। FBI ਨੇ ਇਨ੍ਹਾਂ ਖੇਤਰਾਂ ਵਿੱਚ ਲਾਪਤਾ ਹੋਏ ਜਾਂ ਮਾਰੇ ਗਏ ਲੋਕਾਂ ਦੇ ਮਾਮਲਿਆਂ ਵਿੱਚ ਮਹੱਤਵਪੂਰਨ ਜਾਣਕਾਰੀ ਦੇਣ ਵਾਲਿਆਂ ਲਈ ਘੱਟੋ-ਘੱਟ 25,000 ਅਮਰੀਕੀ ਡਾਲਰ (ਲਗਭਗ 23 ਲੱਖ ਰੁਪਏ) ਦੀ ਇਨਾਮੀ ਰਾਸ਼ੀ ਤੈਅ ਕੀਤੀ ਹੈ।

ਇਹ ਨਵੀਂ ਨੀਤੀ ਕਬਾਇਲੀ ਭਾਈਚਾਰਿਆਂ ਵਿੱਚ ਵਾਪਰੇ 50 ਤੋਂ ਵੱਧ ਅਜਿਹੇ ਕਤਲਾਂ ਅਤੇ ਲਾਪਤਾ ਲੋਕਾਂ ਦੇ ਮਾਮਲਿਆਂ 'ਤੇ ਲਾਗੂ ਹੋਵੇਗੀ ਜੋ ਅਜੇ ਤੱਕ ਅਣਸੁਲਝੇ ਹਨ। ਇੱਕ ਵਿਸ਼ਲੇਸ਼ਣ ਅਨੁਸਾਰ ਇਨ੍ਹਾਂ ਵਿੱਚੋਂ ਜ਼ਿਆਦਾਤਰ ਮਾਮਲੇ 10 ਸਾਲ ਤੋਂ ਘੱਟ ਪੁਰਾਣੇ ਹਨ, ਜਦਕਿ ਲਗਭਗ ਇੱਕ ਦਰਜਨ ਮਾਮਲੇ ਅਜਿਹੇ ਹਨ ਜੋ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਲਟਕ ਰਹੇ ਹਨ। ਸਾਲ 2025 ਦੇ ਅੰਤ ਤੱਕ FBI ਦੇ ਨੈਸ਼ਨਲ ਕ੍ਰਾਈਮ ਇਨਫੋਰਮੇਸ਼ਨ ਸੈਂਟਰ ਕੋਲ ਮੂਲ ਅਮਰੀਕੀਆਂ ਦੇ ਲਾਪਤਾ ਹੋਣ ਦੇ ਲਗਭਗ 1,500 ਸਰਗਰਮ ਮਾਮਲੇ ਦਰਜ ਸਨ, ਜਿਨ੍ਹਾਂ ਵਿੱਚੋਂ ਸਾਰੇ ਸੰਘੀ ਮਾਮਲੇ ਨਹੀਂ ਬਣਦੇ। FBI ਅਮਰੀਕਾ ਦੇ ਬਿਊਰੋ ਆਫ ਇੰਡੀਅਨ ਅਫੇਅਰਜ਼ ਦੇ ਨਾਲ ਮਿਲ ਕੇ ਲਗਭਗ 200 ਮੂਲ ਅਮਰੀਕੀ ਰਿਜ਼ਰਵੇਸ਼ਨਾਂ ਵਿੱਚ ਸੰਘੀ ਅਪਰਾਧਾਂ ਦੀ ਜਾਂਚ ਕਰਦੀ ਹੈ।

ਭਾਵੇਂ FBI ਨੇ ਇਨਾਮੀ ਰਾਸ਼ੀ ਵਧਾ ਦਿੱਤੀ ਹੈ, ਪਰ ਪੀੜਤ ਪਰਿਵਾਰਾਂ ਅਤੇ ਮਾਹਰਾਂ ਨੂੰ ਸ਼ੱਕ




ਹੈ ਕਿ ਕੀ ਲੋਕ ਜਾਣਕਾਰੀ ਦੇਣ ਲਈ ਅੱਗੇ ਆਉਣਗੇ, ਕਿਉਂਕਿ ਲੋਕਾਂ ਵਿੱਚ ਸਰਕਾਰ ਪ੍ਰਤੀ ਅਵਿਸ਼ਵਾਸ ਅਤੇ ਬਦਲੇ ਦੀ ਕਾਰਵਾਈ ਦਾ ਡਰ ਬਹੁਤ ਜ਼ਿਆਦਾ ਹੈ। 2023 ਵਿੱਚ ਪਾਈਨ ਰਿੱਜ ਰਿਜ਼ਰਵੇਸ਼ਨ ਸਥਿਤ ਆਪਣੇ ਘਰ ਵਿੱਚ ਮ੍ਰਿਤਕ ਪਾਏ ਗਏ 73 ਸਾਲਾ ਪੈਟ੍ਰਿਕ ਕਾਰਲੋ ਦੇ ਪਰਿਵਾਰ ਨੂੰ ਇਸ ਇਨਾਮ ਰਾਸ਼ੀ ਵਿੱਚ ਵਾਧੇ (ਪਹਿਲਾਂ 10,000 ਡਾਲਰ ਤੋਂ ਵਧਾ ਕੇ 25,000 ਡਾਲਰ) ਤੋਂ ਬਾਅਦ ਕੁਝ ਹੋਰ ਫੋਨ ਕਾਲਾਂ ਤਾਂ ਆਈਆਂ ਹਨ, ਪਰ ਅਜੇ ਤੱਕ ਕਾਤਲ ਦਾ ਪਤਾ ਨਹੀਂ ਲੱਗ ਸਕਿਆ। ਪੈਟ੍ਰਿਕ ਦੀ ਧੀ ਲੀਜ਼ਾ ਕਾਰਲੋ ਨੇ ਕਿਹਾ, 'ਓਗਲਾਲਾ ਵਿੱਚ ਹਰ ਕੋਈ ਡਰਿਆ ਹੋਇਆ ਹੈ। ਲੋਕ ਬਹੁਤ ਕੁਝ ਜਾਣਦੇ ਹਨ ਪਰ ਬੋਲ ਨਹੀਂ ਰਹੇ'।

ਮੂਲ ਅਮਰੀਕੀ ਪਰਿਵਾਰਾਂ ਦੀ ਵਕੀਲ ਮੈਰੀ ਕੈਥਰੀਨ ਨੇਗਲ ਨੇ ਦੱਸਿਆ ਕਿ ਜਦੋਂ ਸੰਘੀ ਜਾਂਚਕਰਤਾ ਬਾਹਰੋਂ ਇਨ੍ਹਾਂ ਛੋਟੇ ਅਤੇ ਆਪਸ ਵਿੱਚ ਜੁੜੇ ਭਾਈਚਾਰਿਆਂ ਵਿੱਚ ਜਾਂਚ ਲਈ ਆਉਂਦੇ ਹਨ, ਤਾਂ ਲੋਕ ਬਦਲੇ ਦੀ ਕਾਰਵਾਈ ਦੇ ਡਰੋਂ ਚੁੱਪ ਰਹਿੰਦੇ ਹਨ। ਹਾਲਾਂਕਿ, ਉਨ੍ਹਾਂ ਦਾ ਮੰਨਣਾ ਹੈ ਕਿ ਵੱਡਾ ਇਨਾਮ ਲੋਕਾਂ ਨੂੰ ਬੋਲਣ ਲਈ ਉਤਸ਼ਾਹਿਤ ਕਰ ਸਕਦਾ ਹੈ ਅਤੇ ਪਰਿਵਾਰਾਂ ਨੂੰ ਇਹ ਭਰੋਸਾ ਦੇਵੇਗਾ ਕਿ ਉਨ੍ਹਾਂ ਦੇ ਕੇਸਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਦੂਜੇ ਪਾਸੇ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਦੀ ਲੁਆਨਾ ਰੌਸ ਦਾ ਕਹਿਣਾ ਹੈ ਕਿ ਕਬਾਇਲੀ ਖੇਤਰਾਂ ਵਿੱਚ ਲੋਕ ਆਪਣੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਅਜਿਹੀ ਅਪਰਾਧਿਕ ਨਿਆਂ ਪ੍ਰਣਾਲੀ ਦੇ ਹਵਾਲੇ ਕਰਨ ਤੋਂ ਬਹੁਤ ਝਿਜਕਦੇ ਹਨ ਜਿਸ ਨੇ ਅਤੀਤ ਵਿੱਚ ਉਨ੍ਹਾਂ ਦੀ ਕਦੇ ਚੰਗੀ ਮਦਦ ਨਹੀਂ ਕੀਤੀ।

**ਮੈਥਿਊ ਅਤੇ ਫਿਲਿਪ ਰੀਗਨ:** ਓਹੀਓ ਦੇ ਰਹਿਣ ਵਾਲੇ ਇਹ ਦੋਵੇਂ ਭਰਾ (ਜੋ ਮੂਲ ਅਮਰੀਕੀ ਨਹੀਂ ਸਨ) ਨਵਾਜੋ ਨੇਸ਼ਨ ਵਿੱਚ ਆਪਣੀ ਕੈਲੀਫੋਰਨੀਆ ਯਾਤਰਾ ਦੌਰਾਨ ਮਾਰੇ ਗਏ ਸਨ। GPS ਦੀ ਗਲਤੀ ਕਾਰਨ ਉਨ੍ਹਾਂ ਦੀ ਗੱਡੀ ਚਿੱਕੜ ਵਿੱਚ ਫਸ ਗਈ ਸੀ ਅਤੇ ਜਦੋਂ ਉਹ ਮਦਦ ਲੈਣ ਜਾ ਰਹੇ ਸਨ, ਤਾਂ ਉਨ੍ਹਾਂ ਨੂੰ ਕਈ ਗੋਲੀਆਂ ਮਾਰੀਆਂ ਗਈਆਂ। ਮੈਥਿਊ ਦੀ ਪਤਨੀ ਫੇਏ ਵਰਸਟਰ-ਰੀਗਨ ਨੇ ਸ਼ੱਕ ਜਤਾਇਆ ਕਿ 25,000 ਡਾਲਰ ਦਾ ਇਨਾਮ ਕਾਫ਼ੀ ਹੋਵੇਗਾ, ਕਿਉਂਕਿ ਕਾਤਲਾਂ ਤੋਂ ਬਚਣ ਲਈ ਜਾਣਕਾਰੀ ਦੇਣ ਵਾਲੇ ਨੂੰ ਅਸਲ ਸੁਰੱਖਿਆ ਦੀ ਲੋੜ ਹੋਵੇਗੀ। FBI ਦੇ ਬੁਲਾਰੇ ਬਰੁਕ ਬ੍ਰੇਨਨ (ਫੀਨਿਕਸ) ਅਨੁਸਾਰ ਕਬਾਇਲੀ ਖੇਤਰਾਂ ਵਿੱਚ ਅਪਰਾਧਾਂ ਦੀ ਜਾਂਚ ਕਰਨਾ ਬੇਹੱਦ ਗੁੰਝਲਦਾਰ ਹੁੰਦਾ ਹੈ। ਇਨ੍ਹਾਂ ਖੇਤਰਾਂ ਦੀ ਦੂਰੀ, ਸੀਮਤ ਸਰੋਤ ਅਤੇ ਜਾਂਚਕਰਤਾਵਾਂ 'ਤੇ ਕੰਮ ਦਾ ਬਹੁਤ ਜ਼ਿਆਦਾ ਬੋਝ ਇਸ ਪ੍ਰਕਿਰਿਆ ਨੂੰ ਹੋਰ ਮੁਸ਼ਕਲ ਬਣਾ ਦਿੰਦਾ ਹੈ। ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਲੰਬੇ ਸਮੇਂ ਤੱਕ ਕੇਸਾਂ ਦੇ ਸਰਗਰਮ ਰਹਿਣ ਦੇ ਬਾਵਜੂਦ ਕੋਈ ਨਤੀਜਾ ਨਾ ਮਿਲਣ ਕਾਰਨ ਉਹ ਖੁਦ ਨੂੰ ਅਣਗੌਲਿਆ ਮਹਿਸੂਸ ਕਰ ਰਹੇ ਹਨ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸਟ੍ਰੈੱਸ (ਸਟ੍ਰੈੱਸ ਕੀ ਹੈ?)**

ਸਰੀਰ ਅਤੇ ਮਨ ਦੀ ਪ੍ਰਤੀਕਿਰਿਆ ਜੋ ਰੋਜ਼ਾਨਾ ਦੀ ਜ਼ਿੰਦਗੀ ਦੇ ਬਦਲਾਅ ਅਤੇ ਲੋੜਾਂ ਕਰਕੇ ਹੁੰਦੀ ਹੈ, ਉਸਨੂੰ ਸਟ੍ਰੈੱਸ ਕਿਹਾ ਜਾਂਦਾ ਹੈ। ਸਟ੍ਰੈੱਸ ਜ਼ਿੰਦਗੀ ਦਾ ਇੱਕ ਹਿੱਸਾ ਹੈ। ਹਰ ਕਿਸੇ ਨੂੰ ਘੱਟ ਜਾਂ ਜ਼ਿਆਦਾ, ਸਟ੍ਰੈੱਸ ਜ਼ਰੂਰ ਹੁੰਦਾ ਹੈ। ਸਟ੍ਰੈੱਸ ਜ਼ਿੰਦਗੀ ਦੀਆਂ ਕੁਝ ਛੋਟੀਆਂ-ਮੋਟੀਆਂ ਗੱਲਾਂ ਕਰਕੇ ਵੀ ਹੋ ਸਕਦਾ ਹੈ, ਜਿਵੇਂ ਕਿ ਸੜਕ ਉੱਤੇ ਟਰੈਫ਼ਿਕ ਜਾਮ ਦੀ ਸਟ੍ਰੈੱਸ ਜਾਂ ਜ਼ਿੰਦਗੀ ਦੀਆਂ ਹੋਰ ਵੱਡੀਆਂ ਗੱਲਾਂ ਕਰਕੇ, ਜਿਵੇਂ ਕਿ ਬਿਮਾਰੀ ਜਾਂ ਪਰਿਵਾਰ ਵਿੱਚ ਕਿਸੇ ਦੀ ਮੌਤ।

**ਲੱਛਣ :**

1. ਬਲੱਡ ਪ੍ਰੈਸ਼ਰ ਦਾ ਵਧਣਾ।
2. ਪਸੀਨਾ ਆਉਣਾ।
3. ਦਿਲ ਦੀ ਧੜਕਣ ਦਾ ਤੇਜ਼ ਹੋਣਾ।
4. ਖਾਣਾ ਨਾ ਪਚਣਾ ਅਤੇ ਪੇਟ ਖ਼ਰਾਬ ਰਹਿਣਾ।
5. ਸਿਰ ਦਰਦ ਅਤੇ ਸਰੀਰ ਦੁੱਖਣਾ।
6. ਗ਼ੁੱਸਾ ਅਤੇ ਖਿਝਣਾ।
7. ਨਹੀਂ ਨਾ ਆਉਣਾ।

**ਰੋਕਥਾਮ/ਬਚਾਅ :**

1. ਬਹੁਤ ਸਾਰੀਆਂ ਸਟ੍ਰੈੱਸ ਪੈਦਾ ਕਰਨ ਵਾਲੀਆਂ ਗੱਲਾਂ ਸਾਡੇ ਕਾਬੂ ਵਿੱਚ ਨਹਿਲ ਹੁੰਦੀਆਂ, ਇਸ ਲਈ ਸਾਨੂੰ ਸਿਰਫ਼ ਉਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਜਿਨ੍ਹਾਂ ਉੱਤੇ ਸਾਡਾ ਕਾਬੂ ਹੈ।
2. ਸਾਨੂੰ ਆਪਣੀ ਜ਼ਿੰਦਗੀ 'ਤੇ ਸਟ੍ਰੈੱਸ ਨੂੰ ਭਾਰੂ ਨਹਿਲ ਹੋਣ ਦੇਣਾ ਚਾਹੀਦਾ। ਇਹ ਸਿੱਖਣ ਦੀ ਲੋੜ ਹੈ ਕਿ ਸਟ੍ਰੈੱਸ 'ਤੇ ਅਸਲ ਕਾਬੂ ਕਿਵੇਂ ਪਾਈਏ। ਜੇਕਰ ਅਸਲ ਸਹੀ ਤਰੀਕੇ ਨਾਲ ਸਟ੍ਰੈੱਸ 'ਤੇ ਕਾਬੂ ਨਹਿਲ ਪਾ ਸਕਦੇ, ਇਸ ਨਾਲ ਸਾਡੀ ਸਰੀਰਕ ਅਤੇ ਮਾਨਸਿਕ ਬਿਮਾਰੀ ਵੱਧ ਸਕਦੀ ਹੈ।




3. ਸਾਰੇ ਸਟ੍ਰੈੱਸ ਬੁਰੇ ਨਹੀਂ ਹੁੰਦੇ, ਕੁਝ ਸਟ੍ਰੈੱਸ ਵਾਲੀਆਂ ਗੱਲਾਂ ਸਾਡੀ ਜ਼ਿੰਦਗੀ ਵਿੱਚ ਚੰਗੀਆਂ ਤਬਦੀਲੀਆਂ ਲਿਆਉਣ ਵਿੱਚ ਮੱਦਦਗਾਰ ਹੁੰਦੀਆਂ ਹਨ।

**ਇਹ ਨਾ ਕਰੋ :**

1. ਸ਼ਰਾਬ ਨਾ ਪੀਓ, ਇਹ ਸਟ੍ਰੈੱਸ ਨੂੰ ਗੰਭੀਰ ਬਣਾਉਂਦੀ ਹੈ।
2. ਚਿੰਤਾ ਨਾ ਕਰੋ, ਮੁਸ਼ਕਲ ਦੇ ਹੱਲ ਵੱਲ ਆਪਣਾ ਧਿਆਨ ਦਿਓ।
3. ਦਵਾਈਆਂ : ਦਵਾਈਆਂ ਇਸ ਸਮੱਸਿਆ ਦਾ ਹੱਲ ਨਹੀਂ ਹਨ।
4. ਆਤਮਹੱਤਿਆ : ਇਹ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ, ਜ਼ਿੰਦਗੀ ਦੇ ਵੱਡੇ ਮੰਤਵ ਨੂੰ ਦੇਖੋ। ਸਟ੍ਰੈੱਸ ਵਾਲੀਆਂ ਗੱਲਾਂ ਆਉਂਦੀਆਂ ਜਾਂਦੀਆਂ ਰਹਿਣਗੀਆਂ।

**ਇਹ ਕਰੋ :**

1. ਆਪਣੇ ਜਜ਼ਬਾਤਾਂ ਨੂੰ ਆਪਣੇ ਪਰਿਵਾਰ ਅਤੇ ਵਿਸ਼ਵਾਸਯੋਗ ਦੋਸਤਾਂ ਦੇ ਨਾਲ ਸਾਂਝਾ ਕਰੋ, ਇਸ ਨਾਲ ਸਮੱਸਿਆਵਾਂ ਨੂੰ ਸਮਝਣ ਵਿੱਚ ਅਤੇ ਹੱਲ ਕਰਨ ਵਿੱਚ ਮੱਦਦ ਮਿਲਦੀ ਹੈ।
2. ਰੋਣ ਨਾਲ ਮਨ ਹਲਕਾ ਹੁੰਦਾ ਹੈ, ਜੇਕਰ ਰੋਣਾ ਆਉਂਦਾ ਹੈ ਤਾਂ ਇਸਨੂੰ ਨਾ ਰੋਕੋ।
3. ਆਰਾਮ ਨਾਲ ਬੈਠ ਕੇ ਹੌਲੀ ਅਤੇ ਡੂੰਘੇ ਸਾਹ ਲਵੋ। ਆਪਣੇ ਨੱਕ ਰਾਹੀਂ ਹੌਲੀ ਹੌਲੀ ਸਾਹ ਅੰਦਰ ਨੂੰ ਖਿੱਚੋ ਅਤੇ ਮੂੰਹ ਰਾਹਲ ਬਾਹਰ ਕੱਢੋ।
4. ਆਪਣੀਆਂ ਮਾਸਪੇਸ਼ੀਆਂ ਵੱਲ ਆਪਣਾ ਧਿਆਨ ਕੇਂਦਰਿਤ ਕਰੋ ਅਤੇ ਮਾਸਪੇਸ਼ੀਆਂ ਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਆਰਾਮ ਦੀ ਹਾਲਤ ਵਿੱਚ ਲਿਆਓ। ਇਸਨੂੰ ਵਾਰ ਵਾਰ ਕਰੋ।
5. ਹਲਕੀਆਂ ਕਸਰਤਾਂ ਜਿਵੇਂ ਕਿ ਪੈਦਲ ਚੱਲਣਾ ਸਟ੍ਰੈੱਸ ਨੂੰ ਖ਼ਤਮ ਕਰਦੀਆਂ ਹਨ ਅਤੇ ਦਿਮਾਗ਼ ਨੂੰ ਆਰਾਮ ਦਿਵਾਉਂਦੀਆਂ ਹਨ।
6. ਆਪਣੇ ਆਪ ਨੂੰ ਉਹਨਾਂ ਕੰਮਾਂ ਵਿੱਚ ਵਿਅਸਤ ਰੱਖੋ ਜਿਨ੍ਹਾਂ ਨੂੰ ਤੁਸੀਂ ਕਰਨਾ ਪਸੰਦ ਕਰਦੇ ਹੋ ਜਿਵੇਂ ਕਿ ਪੜ੍ਹਨਾ, ਬਾਗ਼-ਬਗ਼ੀਚੇ ਵਿੱਚ ਕੰਮ ਕਰਨਾ, ਲਿਖਣਾ ਆਦਿ।
7. ਦੂਸਰਿਆਂ ਦੀ ਸਹਾਇਤਾ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ।
8. ਪਰਮਾਤਮਾ ਅੱਗੇ ਅਰਦਾਸ ਕਰੋ : ਧਾਰਮਿਕ ਵਿਅਕਤੀ ਹੋਰ ਵਿਅਕਤੀਆਂ ਨਾਲੋਂ ਸਟ੍ਰੈੱਸ ਨੂੰ ਆਸਾਨੀ ਨਾਲ ਕਾਬੂ ਵਿੱਚ ਰੱਖ ਸਕਦੇ ਹਨ ਕਿਉਂਕਿ ਅਰਦਾਸ ਵਿੱਚ ਬਹੁਤ ਸ਼ਕਤੀ ਹੁੰਦੀ ਹੈ।
9. ਅਧਿਆਤਮਕ ਪੁਸਤਕਾਂ ਪੜ੍ਹੋ।

**ਤਣਾਓ ਨੂੰ ਦੂਰ ਕਰਨ ਦੇ ਤਰੀਕੇ**

**ਡੂੰਘਾ ਸਾਹ ਲੈਣ ਦੀ ਵਿਧੀ :**

1. ਨੀਚੇ ਲੇਟ ਜਾਓ ਅਤੇ ਆਪਣੇ ਹੱਥਾਂ ਨੂੰ ਆਪਣੇ ਪੇਟ 'ਤੇ ਰੱਖੋ, ਆਪਣੇ ਪੇਟ ਦੇ ਪੱਠਿਆਂ ਦਾ ਇਸਤੇਮਾਲ ਕਰਦੇ ਹੋਏ ਡੂੰਘਾ ਸਾਹ ਲਵੋ। ਸਾਹ ਪੇਟ ਨਾਲ ਲਵੋ, ਨਾ ਕਿ ਛਾਤੀ ਨਾਲ। ਪੇਟ ਸਾਹ ਲੈਣ ਸਮੇਂ ਉੱਪਰ ਅਤੇ ਸਾਹ ਛੱਡਣ ਸਮੇਂ ਥੱਲੇ ਹੋਣਾ ਚਾਹੀਦਾ ਹੈ।
2. ਉੱਪਰ ਲਿਖੇ ਤਰੀਕੇ ਨਾਲ ਸਾਹ ਹੌਲੀ ਹੌਲੀ ਲਵੋ, ਜਦੋਂ ਤੁਸੀਂ ਸਾਹ ਲੈਂਦੇ ਹੋ ਤਾਂ ਛੇ ਤੱਕ ਗਿਣੋ ਅਤੇ ਜਦੋਂ ਸਾਹ ਛੱਡਦੇ ਹੋ ਤਾਂ ਛੇ ਤੱਕ ਗਿਣੋ, ਇਹ ਹੈ ਡੂੰਘਾ ਸਾਹ ਲੈਣ ਦਾ ਸਹੀ ਤਰੀਕਾ।
3. ਦਿਨ ਵਿੱਚ ਵਾਰ ਵਾਰ ਇਸ ਤਰੀਕੇ ਨਾਲ ਡੂੰਘਾ ਸਾਹ ਲੈਣ ਦੀ ਕੋਸ਼ਿਸ਼ ਕਰੋ।

ਮਾਸ ਪੇਸ਼ੀਆਂ ਨੂੰ ਤਣਾਓ-ਰਹਿਤ ਕਰਨ ਦੀ ਵਿਧੀ :

ਮਾਸ ਪੇਸ਼ੀਆਂ ਦੇ ਤਣਾਓ ਨੂੰ ਦੂਰ ਕਰ ਕੇ ਤੁਸੀਂ ਹੋਰ ਵੀ ਜ਼ਿਆਦਾ ਆਰਾਮ ਮਹਿਸੂਸ ਕਰ ਸਕਦੇ ਹੋ :

1. ਇੱਕ ਸਮੇਂ ਇੱਕ ਅੰਗ ਦੀਆਂ ਮਾਸ ਪੇਸ਼ੀਆਂ ਨੂੰ ਹੌਲੀ-ਹੌਲੀ ਆਰਾਮ ਦੀ ਹਾਲਤ ਵਿੱਚ ਲਿਆਓ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

HEALING HERBS & MASSAGE
ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !
ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।
ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।

ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ
ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

# ਮੇਲਾ ਮਾਵਾਂ ਅਤੇ ਧੀਆਂ ਦਾ ਪਲੇਠੇ ਪ੍ਰੋਗਰਾਮ ਨੇ ਕਰਮਨ ਸ਼ਹਿਰ ਨੂੰ ਦਿੱਤੀ ਸੱਭਿਆਚਾਰਕ ਰੰਗਤ

## ਪੰਜਾਬੀਆਂ ਦੇ ਨਾਲ ਅਮੈਰੀਕਨ ਵੀ ਨੱਚੇ





ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ/ਸਾਡੇ ਲੋਕ): ਫਰਿਜ਼ਨੋ ਦਾ ਨਜ਼ਦੀਕੀ ਸ਼ਹਿਰ ਕਰਮਨ ਪੰਜਾਬੀ ਭਾਈਚਾਰੇ ਦਾ ਪਸੰਦੀਦਾ ਸਥਾਨ ਬਣ ਗਿਆ ਹੈ। ਇੱਥੇ ਪੰਜਾਬੀ ਭਾਈਚਾਰੇ ਦੀ ਵੱਸੋਂ ਵੀ ਬਹੁਤ ਵੱਡੀ ਗਿਣਤੀ ਵਿੱਚ ਹੈ। ਪਰ ਇੱਥੇ ਪਹਿਲੀ ਵਾਰ ਗੁਰਮੋਹਨ ਕੌਰ ਉੱਭੀ, ਕਿਰਨਜੋਤ ਕੌਰ ਢੇਸੀ, ਜਸਵੀਰ ਕੌਰ ਹੀਰ, ਪਰਮਜੀਤ ਕੌਰ ਗਰੇਵਾਲ, ਨਛੱਤਰ ਕੌਰ ਬਾਸੀ, ਜਗਜੋਤ ਕੌਰ ਢੇਸੀ, ਭਜਨ ਕੌਰ ਢੇਸੀ ਦੇ ਯਤਨਾਂ ਸਦਕਾ "ਮਾਵਾਂ ਅਤੇ ਧੀਆਂ ਦਾ ਮੇਲਾ" ਕਰਵਾਇਆ ਗਿਆ।

ਇਹ ਪ੍ਰੋਗਰਾਮ ਰੋਟਰੀ ਪਾਰਕ ਕਰਮਨ ਦੀਆਂ ਖੁੱਲ੍ਹੀਆਂ ਗਰਾਊਂਡਾ ਵਿੱਚ ਦਰੱਖਤਾਂ ਦੀ ਛਾਵੇ ਸ਼ੁਰੂ ਹੋਇਆ ਅਤੇ ਹਨੇਰਾ ਹੋਣ ਤੇ ਲਾਈਟਾ ਦੀ ਰੋਸ਼ਨੀ ਵਿੱਚ ਲੰਮਾ ਸਮਾਂ ਚੱਲਿਆ। ਇਸ ਵਿੱਚ ਇਲਾਕੇ ਭਰ ਤੋਂ ਮਾਵਾਂ, ਧੀਆਂ ਅਤੇ ਭੈਣਾਂ ਨੇ ਰਲ ਲਾਈਵ ਬੋਲੀਆਂ ਪਾਉਦੇ ਹੋਏ ਰਿਵਾਇਤੀ ਢੰਗ ਨਾਲ ਖੁਸ਼ੀਆਂ ਮਨਾਈਆਂ ਗਈਆਂ। ਇਸ ਦੇ ਨਾਲ-ਨਾਲ ਐਨ. ਡੀ. ਬ੍ਰਦਰਜ਼ ਵੱਲੋਂ ਡੀ. ਜੇ. ਦੀਆਂ ਸੇਵਾਵਾਂ ਵੀ ਦਿੱਤੀਆਂ ਗਈਆਂ। ਇਸ ਪ੍ਰੋਗਰਾਮ ਦਾ ਮਹੌਲ ਵੀ ਜਿੱਥੇ ਮਾਵਾਂ-ਧੀਆਂ ਦੇ ਵਿਰਾਸਤੀ ਰੰਗਾਂ ਦੀ ਯਾਦ ਦਿਵਾਉਂਦਾ ਸੀ ਉਥੇ ਤੀਆਂ ਵਾਂਗ ਪੈ ਰਹੇ ਵੱਖ-ਵੱਖ ਗਰੁੱਪਾਂ ਵਿੱਚ ਗਿੱਧੇ ਨੇ ਵੀ ਖੂਬ ਰੌਣਕਾਂ ਲਾਈਆਂ ਹੋਈਆਂ ਸਨ। ਇਸ ਪਰਿਵਾਰਿਕ ਪ੍ਰੋਗਰਾਮ ਦੌਰਾਨ ਖਾਣਿਆਂ ਦੇ ਸਟਾਲਾਂ ਤੋਂ ਇਲਾਵਾ ਗਹਿਣੇ ਅਤੇ ਕੱਪੜਿਆਂ ਦੇ ਸਟਾਲ ਵੀ ਹਾਜ਼ਰ ਔਰਤਾਂ ਲਈ ਖਿੱਚ ਦਾ ਕੇਂਦਰ ਰਹੇ।

ਇਸ ਮੇਲੇ ਦੌਰਾਨ ਵੱਖ-ਵੱਖ ਅਮਰੀਕੀ ਰਾਜਨੀਤਿਕ ਪਾਰਟੀਆਂ ਦੇ ਆਗੂ ਵੀ ਸ਼ਾਮਲ ਹੋਏ ਅਤੇ ਅੱਗੇ ਤੋਂ ਇਸੇ ਤਰ੍ਹਾਂ ਸਮਰਥਨ ਦੇਣ ਦੀ ਵਚਨਬੱਧਤਾ ਪ੍ਰਗਟਾਈ। ਕਰਮਨ ਸ਼ਹਿਰ ਦੀ ਅਮੈਰੀਕਨ ਮੂਲ ਦੀ ਮੇਅਰ ਮਰੀਆ ਪੈਚੀਕੋ ਨੇ ਮੇਲੇ ਵਿੱਚ ਸ਼ਾਮਲ ਹੋ ਕੇ ਜਿੱਥੇ ਵਿਚਾਰਾਂ ਦੀ ਸਾਂਝ ਪਾਈ, ਉੱਥੇ ਔਰਤਾਂ ਨਾਲ ਰਲ ਕੇ ਸਾਰੇ ਪ੍ਰੋਗਰਾਮ ਦੌਰਾਨ ਨੱਚਦੀ ਨਜ਼ਰ ਆਈ। ਕਰਮਨ ਸ਼ਹਿਰ ਦੀ ਪੁਲਿਸ ਵੱਲੋਂ ਨੁਮਾਇੰਦਗੀ ਕਰਦੇ ਹੋਏ ਅਫਸਰ ਬੀਬੀ ਟੈਰੀ ਕੱਬਉਜ ਅਤੇ ਹੋਰ ਵੀ ਅਮੈਰੀਕਨ ਮੂਲ ਦੀਆਂ ਔਰਤਾਂ ਅਤੇ ਬੱਚੀਆਂ ਨੇ ਪੰਜਾਬੀਆਂ ਨਾਲ ਰਲ ਕੇ ਖੂਬ ਅਨੰਦ ਮਾਣਿਆ। ਬੇਸ਼ੱਕ ਕਰਮਨ ਸ਼ਹਿਰ ਤੀਆਂ ਨੂੰ ਸਮਰਪਿਤ ਪਹਿਲਾ ਪ੍ਰੋਗਰਾਮ ਸੀ, ਪਰ ਇਸ ਮਾਵਾਂ ਅਤੇ ਧੀਆਂ ਦੇ ਮੇਲੇ ਨੂੰ ਸਫਲ ਬਣਾਉਣ ਵਿੱਚ ਇਲਾਕੇ ਭਰ ਦੀਆਂ ਔਰਤਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ। ਇਸ ਸਮੇਂ ਹਾਜਰੀਨ ਲਈ ਬਹੁਤ ਸਾਰੇ ਰੈਫਲ ਡਰਾਅ ਵੀ ਕੱਢੇ ਗਏ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਦੀ ਸੇਵਾ ਗੁਰਮੋਹਨ ਉੱਭੀ ਅਤੇ ਕਿਰਨਜੋਤ ਢੇਸੀ ਨੇ ਬਾਖੂਬੀ ਨਿਭਾਈ। ਸਾਰੇ ਪ੍ਰੋਗਰਾਮ ਦੇ ਪ੍ਰਬੰਧਾ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ "ਅਮੈਰੀਕਨ ਪੰਜਾਬੀ ਸਿੱਖ ਕਮਿਊਨਿਟੀ"ਕਰਮਨ ਦੇ ਮੈਂਬਰਾਂ ਨੇ ਰਲ ਕੇ ਪ੍ਰਬੰਧ ਕੀਤੇ ਹੋਏ ਸਨ। ਅੰਤ ਭਾਰੀ ਇਕੱਠ ਵਿੱਚ ਰੌਣਕਾਂ ਲਾਉਂਦਾ ਇਹ ਮਾਵਾਂ ਅਤੇ ਧੀਆਂ ਦਾ ਪਲੇਠਾ ਮੇਲਾ ਅਗਲੇ ਸਾਲ ਇਸੇ ਤਰ੍ਹਾਂ ਮਿਲਣ ਦੇ ਵਾਅਦੇ ਨਾਲ ਯਾਦਗਾਰੀ ਹੋ ਨਿਬੜਿਆ।

# ਜੰਮੂ-ਕਸ਼ਮੀਰ 'ਭਾਰਤ ਦਾ ਮਹੱਤਵਪੂਰਨ ਹਿੱਸਾ', CM ਉਮਰ ਅਬਦੁੱਲਾ ਨੂੰ ਮਿਲੇ ਅਮਰੀਕੀ ਰਾਜਦੂਤ



ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਅਗਸਤ 2026 ਵਿੱਚ ਸ਼੍ਰੀਨਗਰ ਦੀ ਆਪਣੀ ਫੇਰੀ ਦੌਰਾਨ ਜੰਮੂ-ਕਸ਼ਮੀਰ ਨੂੰ 'ਭਾਰਤ ਦਾ ਇੱਕ ਮਹੱਤਵਪੂਰਨ ਹਿੱਸਾ' ਦੱਸ ਕੇ ਅਮਰੀਕੀ ਰੁਖ ਵਿੱਚ ਸੰਭਾਵਿਤ ਤਬਦੀਲੀ ਦਾ ਸੰਕੇਤ ਦਿੱਤਾ ਹੈ। ਧਾਰਾ 370 ਨੂੰ ਰੱਦ ਕਰਨ ਤੋਂ ਬਾਅਦ ਇਹ ਕਿਸੇ ਸੇਵਾ ਨਿਭਾ ਰਹੇ ਅਮਰੀਕੀ ਰਾਜਦੂਤ ਦਾ ਪਹਿਲਾ ਇਕੱਲਾ ਦੌਰਾ ਸੀ, ਜਿੱਥੇ ਉਨ੍ਹਾਂ ਨੇ ਸ਼੍ਰੀਨਗਰ ਵਿੱਚ ਮੁੱਖ ਮੰਤਰੀ ਉਮਰ ਅਬਦੁੱਲਾ ਨਾਲ ਮੁਲਾਕਾਤ ਤੋਂ ਬਾਅਦ ਇਹ ਟਿੱਪਣੀਆਂ ਕੀਤੀਆਂ ਗਈਆਂ। ਇਸ ਦੌਰਾਨ ਸਰਜੀਓ ਗੋਰ ਨੇ ਇਹ ਵੀ ਸੰਕੇਤ ਦਿੱਤਾ ਕਿ ਅਮਰੀਕਾ ਜੰਮੂ-ਕਸ਼ਮੀਰ ਲਈ ਆਪਣੀ ਮੌਜੂਦਾ ਯਾਤਰਾ ਸਲਾਹ ਦੀ ਸਮੀਖਿਆ ਕਰ ਸਕਦਾ ਹੈ, ਕਿਉਂਕਿ ਖੇਤਰ ਵਿੱਚ ਸੁਰੱਖਿਆ ਸਥਿਤੀ ਵਿੱਚ ਸੁਧਾਰ ਹੋਇਆ ਹੈ।

ਗੋਰ ਨੇ ਮੁਲਾਕਾਤ ਤੋਂ ਬਾਅਦ ਬਹੁਤ ਕੁਝ ਨਹੀਂ ਕਿਹਾ ਪਰ ਉਸਨੇ ਜੰਮੂ-ਕਸ਼ਮੀਰ ਨੂੰ 'ਭਾਰਤ ਦਾ ਇੱਕ ਮਹੱਤਵਪੂਰਨ ਹਿੱਸਾ' ਕਹਿ ਕੇ ਇੱਕ ਕੂਟਨੀਤਕ ਵਿਵਾਦ ਛੇੜ ਦਿੱਤਾ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਗੋਰ ਨੇ ਕਿਹਾ, 'ਇੱਥੇ ਹਰ ਕੋਈ ਜਾਣਦਾ ਹੈ ਕਿ ਮੈਂ ਭਾਰਤ ਵਿੱਚ ਅਮਰੀਕੀ ਰਾਜਦੂਤ ਹਾਂ ਅਤੇ ਇਹ ਭਾਰਤ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਸ ਲਈ ਇਥੇ ਮੈਂ ਪਹਿਲੀ ਵਾਰ ਆਇਆ ਹਾਂ। ਇਹ ਇੱਕ ਬਹੁਤ ਸੁੰਦਰ ਜਗ ?ਹਾ ਹੈ। ਇਸ ਲਈ ਮੈਂ ਇੱਥੇ ਆ ਕੇ ਅਤੇ ਇਸਨੂੰ ਦੇਖ ਕੇ ਬਹੁਤ ਖੁਸ਼ ਹੋਇਆ ਹਾਂ।' ਅਮਰੀਕੀ ਰਾਜਦੂਤ ਦੀ ਕਸ਼ਮੀਰ ਯਾਤਰਾ 'ਤੇ ਉਮਰ ਅਬਦੁੱਲਾ ਦਾ ਜਵਾਬ ਕਸ਼ਮੀਰ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਨੂੰ ਸੱਦਾ ਦੇਣ ਦੇ ਰਾਜਨੀਤਿਕ ਜੋਖਮਾਂ ਨੂੰ ਉਜਾਗਰ ਕਰਦਾ ਹੈ, ਇਹ ਇੱਕ ਅਜਿਹਾ ਸਬਕ ਹੈ, ਜਿਥੇ 1950 ਦੇ ਦਹਾਕੇ ਵਿੱਚ ਸ਼ੇਖ ਅਬਦੁੱਲਾ ਦਾ ਤਜਰਬਾ ਹੋਰ ਸਹਾਇਤਾ ਪ੍ਰਦਾਨ ਕਰਦਾ ਹੈ।

# 'ਟਾਈਮਜ਼ ਸਕੁਏਅਰ' 'ਤੇ ਭਾਰਤੀ ਪ੍ਰਵਾਸੀ ਔਰਤਾਂ ਨੇ ਸਾੜ੍ਹੀਆਂ ਦੀ ਵਿਭਿੰਨਤਾ ਕੀਤੀ ਪ੍ਰਦਰਸ਼ਿਤ



ਨਿਊਯਾਰਕ : ਨਿਊਯਾਰਕ ਵਿੱਚ 'ਟਾਈਮਜ਼ ਸਕੁਏਅਰ' ਭਾਰਤੀ ਸਾੜ੍ਹੀਆਂ ਦੇ ਰੰਗਾਂ ਅਤੇ ਵਿਭਿੰਨ ਰੂਪਾਂ ਨਾਲ ਭਰਿਆ ਹੋਇਆ ਸੀ ਕਿਉਂਕਿ ਭਾਰਤੀ ਪ੍ਰਵਾਸੀ ਔਰਤਾਂ ਨੇ ਇੱਕ ਵਿਸ਼ੇਸ਼ ਸਮਾਗਮ ਵਿੱਚ ਸਾੜ੍ਹੀਆਂ ਦੀ ਸਦੀਵੀ ਸੁੰਦਰਤਾ, ਅਮੀਰ ਵਿਰਾਸਤ ਅਤੇ ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਮਾਣ ਨਾਲ ਪ੍ਰਦਰਸ਼ਿਤ ਕੀਤਾ। ਐਤਵਾਰ ਨੂੰ ਟਾਈਮਜ਼ ਸਕੁਏਅਰ 'ਤੇ 'ਸਾੜ੍ਹੀ ਗੋਜ਼ ਗਲੋਬਲ' ਦਾ ਤੀਜਾ ਐਡੀਸ਼ਨ ਆਯੋਜਿਤ ਕੀਤਾ ਗਿਆ ਸੀ। ਨਿਊਯਾਰਕ ਸਥਿਤ ਚੈਰਿਟੀ ਉਮਾ ਗਲੋਬਲ ਦੁਆਰਾ ਆਯੋਜਿਤ, ਔਰਤਾਂ ਅਤੇ ਨੌਜਵਾਨ ਔਰਤਾਂ ਨੇ ਕਢਾਈ, ਪੇਂਟਿੰਗਾਂ ਅਤੇ ਸ਼ਾਨਦਾਰ ਸਜਾਵਟ ਨਾਲ ਸਜੀਆਂ ਸਾੜ੍ਹੀਆਂ ਵਿੱਚ ਆਪਣੀ ਸੁੰਦਰਤਾ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਸਾੜ੍ਹੀਆਂ ਵਿੱਚ ਰਵਾਇਤੀ ਅਸਾਮੀ ਬੁਣਾਈ, ਲਖਨਊ ਦੀ ਚਿਕਨਕਾਰੀ, ਬਨਾਰਸੀ ਰੇਸ਼ਮ ਅਤੇ ਸ਼ਾਨਦਾਰ ਕਾਂਜੀਵਰਮ ਸ਼ਾਮਲ ਸਨ। ਇਹ ਸਾੜ੍ਹੀਆਂ ਵੱਖ-ਵੱਖ ਰੰਗਾਂ ਅਤੇ ਸ਼ਿਲਪਕਾਰੀ ਵਿੱਚ ਭਾਰਤ ਭਰ ਵਿੱਚ ਪਾਏ ਜਾਣ ਵਾਲੇ ਇਸ ਨੌਂ-ਗਜ਼ ਦੇ ਕੱਪੜੇ ਦੀ ਅਮੀਰ ਵਿਭਿੰਨਤਾ ਨੂੰ ਸੁੰਦਰਤਾ ਨਾਲ ਪ੍ਰਦਰਸ਼ਿਤ ਕਰਦੀਆਂ ਹਨ। ਸੁੰਦਰ ਕਢਾਈ, ਵਿਲੱਖਣ ਡਿਜ਼ਾਈਨ ਅਤੇ ਕਈ ਤਰ੍ਹਾਂ ਦੇ ਫੈਬਰਿਕ ਨਾਲ ਸਜੀਆਂ ਰੰਗੀਨ ਸਾੜ੍ਹੀਆਂ, ਮਾਣ ਨਾਲ ਆਪਣੇ ਰਵਾਇਤੀ ਪਹਿਰਾਵੇ ਨੂੰ ਪ੍ਰਦਰਸ਼ਿਤ ਕਰ ਰਹੀਆਂ ਸਨ। ਰਾਸ਼ਟਰੀ ਝੰਡਾ ਫੜ ਕੇ, ਉਹ ਇਕੱਠੀਆਂ ਨੱਚੀਆਂ, ਫੋਟੋਆਂ ਲਈ ਪੋਜ਼ ਦਿੱਤੇ ਅਤੇ ਆਪਣੀਆਂ ਸਾੜ੍ਹੀਆਂ ਬਾਰੇ ਕਹਾਣੀਆਂ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਆਪਣੇ ਸੱਭਿਆਚਾਰ ਅਤੇ ਅਮੀਰ ਵਿਰਾਸਤ ਦੇ ਰੰਗਾਂ ਦਾ ਪ੍ਰਦਰਸ਼ਨ ਵੀ ਕੀਤਾ। ਇਸ ਸਮਾਗਮ ਵਿੱਚ ਪੜ੍ਹੇ ਗਏ ਇੱਕ ਸੰਦੇਸ਼ ਵਿੱਚ ਨਿਊਯਾਰਕ ਦੀ ਗਵਰਨਰ ਕੈਥੀ ਹੋਕੁਲ ਨੇ ਕਿਹਾ ਕਿ ਇਹ ਸਮਾਗਮ ਉਨ੍ਹਾਂ ਔਰਤਾਂ ਨੂੰ ਸਨਮਾਨਿਤ ਕਰਨ ਅਤੇ ਮਨਾਉਣ ਦਾ ਮੌਕਾ ਸੀ ਜੋ 'ਸਾੜ੍ਹੀਆਂ ਪਹਿਨ ਕੇ ਸਾਡੇ ਭਾਈਚਾਰਿਆਂ ਵਿੱਚ ਸਕਾਰਾਤਮਕ ਬਦਲਾਅ ਲਿਆ ਰਹੀਆਂ ਹਨ, ਟਾਈਮਜ਼ ਸਕੁਏਅਰ ਵਿੱਚ ਆਪਣੀ ਵਿਰਾਸਤ ਦਾ ਮਾਣ ਨਾਲ ਜਸ਼ਨ ਮਨਾ ਰਹੀਆਂ ਹਨ।'

ਹੋਕੁਲ ਨੇ ਯੂਐਮਏ ਗਲੋਬਲ ਦੀ ਪ੍ਰਸ਼ੰਸਾ ਕੀਤੀ, ਇਸਨੂੰ ਔਰਤਾਂ, ਘੱਟ ਗਿਣਤੀਆਂ ਅਤੇ ਵਪਾਰਕ ਪੇਸ਼ੇਵਰਾਂ ਲਈ 'ਮਹੱਤਵਪੂਰਨ ਸਹਾਇਤਾ' ਕਿਹਾ। ਉਨ੍ਹਾਂ ਦੇ ਸੰਦੇਸ਼ ਵਿੱਚ ਕਿਹਾ ਗਿਆ ਹੈ, 'ਵਿਭਿੰਨਤਾ ਅਤੇ ਸਮਾਵੇਸ਼ ਪ੍ਰੋਗਰਾਮਾਂ, ਵਪਾਰਕ ਸਲਾਹ-ਮਸ਼ਵਰੇ ਅਤੇ ਸਲਾਹ ਦੇ ਮੌਕਿਆਂ ਰਾਹੀਂ, ਯੂਐਮਏ ਵਿਅਕਤੀਆਂ ਅਤੇ ਸੰਗਠਨਾਂ ਨੂੰ ਆਪਣੇ ਟੀਚੇ ਨਿਰਧਾਰਤ ਕਰਨ ਅਤੇ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਜਦੋਂ ਅਸੀਂ ਹਰ ਪਿਛੋਕੜ ਵਾਲੇ ਹਰੇਕ ਵਿਅਕਤੀ ਅਤੇ ਪੇਸ਼ੇਵਰ ਨੂੰ ਵਧਣ ਅਤੇ ਸਫਲ ਹੋਣ ਦਾ ਮੌਕਾ ਦਿੰਦੇ ਹਾਂ, ਤਾਂ ਅਸੀਂ ਇੱਕ ਅਜਿਹਾ ਭਵਿੱਖ ਬਣਾਉਣ ਵਿੱਚ ਮਦਦ ਕਰਦੇ ਹਾਂ ਜੋ ਸਾਡੇ ਸਾਰਿਆਂ ਲਈ ਬਿਹਤਰ ਹੋਵੇ।' ਇਸ ਮੌਕੇ 'ਤੇ ਬੋਲਦਿਆਂ ਨਿਊਯਾਰਕ ਵਿੱਚ ਭਾਰਤੀ ਕੌਂਸਲੇਟ ਦੇ ਕੌਂਸਲ ਜਨਰਲ (ਵਪਾਰ) ਰਾਜਲਕਸ਼ਮੀ ਅੱਪਾਸਾਹਿਬ ਕਦਮ ਨੇ ਕਿਹਾ ਕਿ ਸਾੜ੍ਹੀ ਭਾਰਤੀ ਕਲਾ, ਪਰੰਪਰਾ, ਸੱਭਿਆਚਾਰ ਅਤੇ ਮਿਹਨਤੀ ਬੁਣਕਰਾਂ ਦੀ ਇੱਕ ਜੀਵਤ ਵਿਰਾਸਤ ਹੈ। ਕਦਮ ਨੇ ਕਿਹਾ, 'ਸਾੜ੍ਹੀ ਇੱਕ ਗੈਰ-ਸਿਲਾਈ ਵਾਲਾ ਪੇਸ਼ਾ ਹੈ ਅਤੇ ਸਾਡੀ ਵਿਰਾਸਤ ਦਾ ਸਨਮਾਨ ਕਰਦੇ ਹੋਏ ਰਵਾਇਤੀ ਅਤੇ ਟਿਕਾਊ ਹੱਥ-ਖੱਡੀ ਪਰੰਪਰਾਵਾਂ ਰਾਹੀਂ ਸਥਾਨਕ ਕਾਰੀਗਰਾਂ ਨੂੰ ਸਸ਼ਕਤ ਬਣਾਉਂਦਾ ਹੈ। ਇਹ ਹਮੇਸ਼ਾ ਵਿਕਸਤ ਹੋ ਰਹੇ ਆਧੁਨਿਕ ਫੈਸ਼ਨ ਸੰਸਾਰ ਵਿੱਚ ਆਪਣੀ ਪਛਾਣ ਰੱਖਦਾ ਹੈ। ਇਹ ਸਾਡੇ ਪੁਰਖਿਆਂ ਦੀਆਂ ਅਮੀਰ ਕਹਾਣੀਆਂ ਨੂੰ ਵੀ ਸੁਰੱਖਿਅਤ ਰੱਖਦਾ ਹੈ, ਜੋ ਪੀੜ੍ਹੀ ਦਰ ਪੀੜ੍ਹੀ ਚਲੀਆਂ ਜਾਂਦੀਆਂ ਹਨ।'

# ਅਮਰੀਕਾ 'ਚ ਕਰੋੜਾਂ ਡਾਲਰ ਦੀ ਧੋਖਾਧੜੀ ਦੇ ਦੋਸ਼ 'ਚ ਭਾਰਤੀ ਨੌਜਵਾਨ ਗ੍ਰਿਫ਼ਤਾਰ



ਨਿਊਯਾਰਕ : ਅਮਰੀਕਾ ਵਿੱਚ ਬਜ਼ੁਰਗਾਂ ਨੂੰ ਨਿਸ਼ਾਨਾ ਬਣਾ ਕੇ ਕਰੋੜਾਂ ਡਾਲਰ ਦੀ ਧੋਖਾਧੜੀ ਦੇ ਮਾਮਲੇ ਵਿੱਚ ਇੱਕ ਭਾਰਤੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗੁਜਰਾਤ ਦਾ ਰਹਿਣ ਵਾਲਾ ਜੈ ਸੁਨੀਲਭਾਰਤੀ ਗੋਸਵਾਮੀ (21), ਨਿਊਜਰਸੀ ਦੇ ਜਰਸੀ ਸਿਟੀ ਵਿੱਚ ਰਹਿ ਰਿਹਾ ਸੀ ਅਤੇ ਉਸ ਨੂੰ ਕੈਨੇਡਾ ਵਿੱਚ ਉਸ ਸਮੇਂ ਹਿਰਾਸਤ ਵਿੱਚ ਲੈ ਲਿਆ ਗਿਆ, ਜਦੋਂ ਉਹ ਕਤਰ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਮਰੀਕੀ ਅਟਾਰਨੀ ਮਾਈਕਲ ਡਿਗਿਆਕੋਮੋ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਅਧਿਕਾਰੀਆਂ ਨੇ ਗੋਸਵਾਮੀ 'ਤੇ ਵਾਇਰ ਧੋਖਾਧੜੀ, ਧੋਖਾਧੜੀ ਦੀ ਸਾਜ਼ਿਸ਼, ਮਨੀ ਲਾਂਡਰਿੰਗ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ ਦੇ ਦੋਸ਼ ਲਗਾਏ ਹਨ। ਇਨ੍ਹਾਂ ਦੋਸ਼ਾਂ ਵਿੱਚ ਵੱਧ ਤੋਂ ਵੱਧ 20 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

ਗੋਸਵਾਮੀ ਨੂੰ 17 ਅਗਸਤ ਨੂੰ ਅਮਰੀਕੀ ਮੈਜਿਸਟ੍ਰੇਟ ਜੱਜ ਮਾਰਕ ਪੀਟਰਸਨ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ, ਜਿੱਥੇ ਉਸਨੂੰ ਕੁਝ ਸ਼ਰਤਾਂ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਇਸ ਤੋਂ ਅਗਲੇ ਹੀ ਦਿਨ ਉਹ ਕੈਨੇਡਾ ਲਈ ਰਵਾਨਾ ਹੋ ਗਿਆ। ਜਾਂਚ ਏਜੰਸੀਆਂ ਨੂੰ ਪਤਾ ਲੱਗਾ ਕਿ ਉਸਨੇ 18 ਅਗਸਤ ਦੀ ਸ਼ਾਮ ਨੂੰ ਟੋਰਾਂਟੋ ਤੋਂ ਕਤਰ ਦੇ ਦੋਹਾ ਲਈ ਇੱਕ ਉਡਾਣ ਟਿਕਟ ਖਰੀਦੀ ਸੀ। ਸੰਯੁਕਤ ਰਾਜ ਅਮਰੀਕਾ ਦੀ ਬੇਨਤੀ 'ਤੇ, ਕੈਨੇਡੀਅਨ ਅਧਿਕਾਰੀਆਂ ਨੇ ਗੋਸਵਾਮੀ ਨੂੰ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹਿਰਾਸਤ ਵਿੱਚ ਲੈ ਲਿਆ ਅਤੇ 20 ਅਗਸਤ ਨੂੰ ਉਸਨੂੰ ਗ੍ਰਿਫਤਾਰ ਕਰ ਲਿਆ।

# ਗੁਰਦੁਆਰਾ ਸਾਹਿਬ 'ਚ ਹੋਏ ਹਮਲੇ ਨੂੰ PM ਕਾਰਨੀ ਨੇ ਦੱਸਿਆ ਮੰਦਭਾਗਾ

### ਪੁਲਸ ਨੂੰ ਦਿੱਤੇ ਸਖ਼ਤ ਆਦੇਸ਼

ਟੋਰਾਂਟੋ : ਕੈਨੇਡਾ ਦੇ ਐਡਮਿੰਟਨ ਦੇ ਨਾਨਕਸਰ ਗੁਰਦੁਆਰੇ 'ਚ ਸ਼ੁੱਕਰਵਾਰ ਸਵੇਰੇ ਇਕ ਹਮਲਾ ਹੋਇਆ। ਰਿਪੋਰਟਾਂ ਅਨੁਸਾਰ, ਇਕ ਵਿਅਕਤੀ ਅਚਾਨਕ ਗੁਰਦੁਆਰੇ 'ਚ ਦਾਖਲ ਹੋਇਆ ਅਤੇ ਪ੍ਰਾਰਥਨਾ ਖੇਤਰ ਵੱਲ ਵਧਣ ਦੀ ਕੋਸ਼ਿਸ਼ ਕੀਤੀ। ਸਟਾਫ ਮੈਂਬਰਾਂ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਬਹਿਸ ਸ਼ੁਰੂ ਹੋ ਗਈ। ਇਸ ਦੌਰਾ ?ਨ ਗੁੱਸੇ 'ਚ ਆ ਕੇ, ਦੋਸ਼ੀ ਨੇ ਉੱਥੇ ਮੌਜੂਦ ਦੋ ਸ਼ਰਧਾਲੂਆਂ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਇਸ ਘਟਨਾ 'ਚ ਦੋ ਵਿਅਕਤੀ ਜ਼ਖ਼ਮੀ ਹੋ ਗਏ, ਇਕ 75 ਸਾਲਾ ਅਤੇ ਇਕ 51 ਸਾਲਾ, ਜੋ ਕਿ ਇਕ 75 ਸਾਲਾ ਬਜ਼ੁਰਗ ਸੀ, ਜ਼ਖਮੀ ਹੋ ਗਏ। ਦੋਵਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਇਸ ਦੌਰਾਨ, ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਘਟਨਾ ਨੂੰ ਭਿਆਨਕ ਦੱਸਿਆ ਹੈ।



ਐਡਮਿੰਟਨ ਪੁਲਸ ਦੇ ਅਨੁਸਾਰ, ਇਹ ਘਟਨਾ ਸਵੇਰੇ 5 ਵਜੇ ਦੇ ਕਰੀਬ ਵਾਪਰੀ। ਨੌਜਵਾਨ ਨੂੰ ਚਾਕੂ ਨਾਲ ਹਮਲਾ ਕਰਦੇ ਦੇਖ ਕੇ, ਰਾਹਗੀਰਾਂ ਨੇ ਤੁਰੰਤ ਉਸਨੂੰ ਫੜ ਲਿਆ। ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਸ ਨੇ ਦੱਸਿਆ ਕਿ 27 ਸਾਲਾ ਸ਼ੱਕੀ ਪਹਿਲਾਂ ਹੀ ਪੁਲਸ ਰਿਕਾਰਡ 'ਚ ਸੀ। ਉਸਦਾ 2015 ਤੋਂ ਹਿੰਸਕ ਹਮਲਿਆਂ ਦਾ ਲੰਮਾ ਇਤਿਹਾਸ ਹੈ। ਹਮਲੇ ਤੋਂ ਇਕ ਦਿਨ ਪਹਿਲਾਂ ਹੀ ਉਸਨੂੰ ਅਲਬਰਟਾ ਦੀ ਇਕ ਸੰਘੀ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਸੀ। ਉਸ ਨੂੰ ਐਡਮਿੰਟਨ 'ਚ ਇਕ ਨਿਰਧਾਰਤ ਹਾਫਵੇ ਹਾਊਸ ਵਿੱਚ ਰਿਪੋਰਟ ਕਰਨਾ ਚਾਹੀਦਾ ਸੀ, ਪਰ ਉਹ ਉੱਥੇ ਨਹੀਂ ਪਹੁੰਚਿਆ।

ਫਿਲਹਾਲ ਪੁਲਸ ਇਸ ਵੇਲੇ ਹਮਲੇ ਦੇ ਪਿੱਛੇ ਦੇ ਉਦੇਸ਼ ਦੀ ਜਾਂਚ ਕਰ ਰਹੀ ਹੈ। ਇਸ ਘਟਨਾ ਪਿੱਛੇ ਕੋਈ ਨਫ਼ਰਤ ਜਾਂ ਸਿੱਖ ਵਿਰੋਧੀ ਵਿਚਾਰਧਾਰਾ ਸੀ ਜਾਂ ਨਹੀਂ, ਇਸ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਇਸ ਦੌਰਾਨ ਵਿਸ਼ਵ ਸਿੱਖ ਸੰਗਠਨ ਨੇ ਇਸ ਘਟਨਾ ਨੂੰ ਬਹੁਤ ਚਿੰਤਾਜਨਕ ਦੱਸਿਆ ਹੈ। ਇਹ ਦਾਅਵਾ ਕੀਤਾ ਗਿਆ ਸੀ ਕਿ ਹਮਲੇ ਦੌਰਾਨ ਗੁਰਦੁਆਰੇ ਦੇ ਅੰਦਰ ਸਿੱਖ ਗ੍ਰੰਥਾਂ ਦੀ ਵੀ ਬੇਅਦਬੀ ਕੀਤੀ ਗਈ ਸੀ। ਪੁਲਸ ਨੇ ਕਿਹਾ ਹੈ ਕਿ ਇਸ ਪਹਿਲੂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਹਮਲੇ ਦੀ ਨਿੰਦਾ ਕਰਦੇ ਹੋਏ ਇਸਨੂੰ ਇਕ ਭਿਆਨਕ ਘਟਨਾ ਦੱਸਿਆ ਅਤੇ ਜ਼ਖਮੀਆਂ ਅਤੇ ਪ੍ਰਭਾਵਿਤ ਭਾਈਚਾਰੇ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ। ਇਸ ਘਟਨਾ ਤੋਂ ਬਾਅਦ, ਗੁਰਦੁਆਰੇ ਨੂੰ ਅਸਥਾਈ ਤੌਰ 'ਤੇ ਜਨਤਾ ਲਈ ਬੰਦ ਕਰ ਦਿੱਤਾ ਗਿਆ ਹੈ। ਪੁਲਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ।

ਇਸ ਦੌਰਾਨ ਮਾਰਕ ਕਾਰਨੀ ਨੇ X 'ਤੇ ਲਿਖਿਆ, 'ਅੱਜ ਸਵੇਰੇ ਐਡਮਿੰਟਨ ਦੇ ਨਾਨਕਸਰ ਗੁਰਦੁਆਰੇ 'ਤੇ ਹੋਇਆ ਹਮਲਾ ਭਿਆਨਕ ਹੈ। ਮੇਰੀਆਂ ਸੰਵੇਦਨਾਵਾਂ ਉਨ੍ਹਾਂ ਦੋ ਲੋਕਾਂ ਨਾਲ ਹਨ ਜੋ ਜ਼ਖ਼ਮੀ ਹੋਏ ਹਨ। ਇਸ ਭਿਆਨਕ ਘਟਨਾ ਨਾਲ ਹਿੱਲੇ ਹੋਏ ਸਮੁੱਚੇ ਭਾਈਚਾਰੇ ਨਾਲ ਮੇਰੀਆਂ ਭਾਵਨਾਵਾਂ ਹਨ। ਕਿਸੇ ਨੂੰ ਵੀ ਆਪਣੇ ਧਾਰਮਿਕ ਸਥਾਨ 'ਤੇ ਕਦੇ ਵੀ ਅਸੁਰੱਖਿਅਤ ਮਹਿਸੂਸ ਨਹੀਂ ਕਰਨਾ ਚਾਹੀਦਾ। ਮੈਂ ਐਡਮਿੰਟਨ ਪੁਲਸਸ ਸੇਵਾ ਦਾ ਉਨ੍ਹਾਂ ਦੇ ਤੁਰੰਤ ਜਵਾਬ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ।'

# ਅਮਰੀਕਾ ਨੇ 20 ਅਰਬ ਡਾਲਰ ਦੇ ਕੈਨੇਡੀਅਨ ਉਤਪਾਦਾਂ 'ਤੇ ਲਗਾਇਆ 50 ਫ਼ੀਸਦੀ ਟੈਰਿਫ

ਟੋਰਾਂਟੋ : ਕੈਨੇਡਾ ਤੇ ਅਮਰੀਕਾ ਦੇ ਉੱਚ ਪੱਧਰੀ ਸਰਕਾਰੀ ਨੁਮਾਇੰਦਿਆਂ ਵਿਚਕਾਰ ਵਪਾਰ ਸਮਝੌਤੇ 'ਤੇ ਚੱਲ ਰਹੀ ਗੱਲਬਾਤ ਬੀਤੀ ਰਾਤ ਅਚਾਨਕ ਬੰਦ ਕਰ ਦਿੱਤੀ ਗਈ। ਗੱਲਬਾਤ ਟੁੱਟਣ ਤੋਂ ਤੁਰੰਤ ਬਾਅਦ ਅਮਰੀਕਾ ਵੱਲੋਂ ਕੈਨੇਡੀਅਨ ਵਸਤਾਂ 'ਤੇ 50 ਫ਼ੀਸਦੀ ਨਵੇਂ




ਟੈਰਿਫ ਲਾਗੂ ਕਰ ਦਿੱਤੇ ਗਏ, ਜੋ ਲਗਭਗ 20 ਤੋਂ 28 ਅਰਬ ਡਾਲਰ ਤੱਕ ਦੇ ਬਰਾਮਦ ਨੂੰ ਸਿੱਧਾ ਪ੍ਰਭਾਵਿਤ ਕਰ ਸਕਦੇ ਹਨ। ਅਮਰੀਕਾ ਵਲੋਂ ਕੈਨੇਡਾ ਵਿਚ ਉਦਯੋਗਾਂ ਦੇ ਸਮਾਨ ਉੱਪਰ ਲੱਕ ਤੋੜਵੇਂ ਟੈਰਿਫ ਲਾਗੂ ਕਰਨ ਤੋਂ ਬਾਅਦ ਕੈਨੇਡਾ ਸਰਕਾਰ ਨੇ ਵੀ ਪ੍ਰਤੀਕਿਰਿਆ ਦੇ ਤੌਰ 'ਤੇ ਅਮਰੀਕੀ ਵਸਤਾਂ ਉੱਪਰ ਬਰਾਬਰ ਦੇ ਟੈਰਿਫ ਲਾਗੂ ਕਰਨ ਦਾ ਐਲਾਨ ਕੀਤਾ ਹੈ। ਪਿਛਲੇ ਕੁਝ ਹਫ਼ਤਿਆਂ ਤੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੈਨੇਡੀਅਨ ਉਤਪਾਦਾਂ 'ਤੇ 50 ਫ਼ੀਸਦ ਟੈਰਿਫ ਲਗਾਉਣ ਦੀ ਧਮਕੀ ਦੇ ਰਹੇ ਸਨ, ਜਿਸ ਨੂੰ ਰੋਕਣ ਲਈ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੇ ਗੱਲਬਾਤ ਸ਼ੁਰੂ ਕੀਤੀ ਸੀ। ਤਿੰਨ ਦਿਨ ਪਹਿਲਾਂ ਟਰੰਪ ਨੇ ਸੰਕੇਤ ਦਿੱਤਾ ਸੀ ਕਿ ਸਮਝੌਤਾ ਹੋ ਗਿਆ ਹੈ, ਪਰ ਕੈਨੇਡਾ ਸਰਕਾਰ ਨੇ ਸਪੱਸ਼ਟ ਕੀਤਾ ਸੀ ਕਿ ਕਾਨੂੰਨੀ ਭਾਸ਼ਾ ਤੇ ਅੰਤਿਮ ਸ਼ਰਤਾਂ 'ਤੇ ਅਜੇ ਕੰਮ ਜਾਰੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ ਅਮਰੀਕਾ ਨੇ ਆਖ਼ਰੀ ਪਲ 'ਤੇ ਸਮਝੌਤੇ ਦੀਆਂ ਸ਼ਰਤਾਂ ਬਦਲ ਦਿੱਤੀਆਂ, ਜੋ ਕੈਨੇਡਾ ਲਈ ਆਰਥਿਕ ਤੌਰ 'ਤੇ ਮੰਨਣਯੋਗ ਨਹੀਂ ਸਨ। ਅਜਿਹੇ 'ਚ ਕਾਰਨੀ ਨੇ ਵਾਸ਼ਿੰਗਟਨ ਭੇਜੇ ਆਪਣੇ ਨੁਮਾਇੰਦਿਆਂ ਨੂੰ ਤੁਰੰਤ ਵਾਪਸ ਰਾਜਧਾਨੀ ਓਟਾਵਾ ਬੁਲਾ ਲਿਆ ਤੇ ਗੱਲਬਾਤ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ। ਮਾਰਕ ਕਾਰਨੀ ਨੇ ਕਿਹਾ ਕਿ ਕੈਨੇਡਾ ਕਿਸੇ ਵੀ ਕੀਮਤ 'ਤੇ ਅਜਿਹਾ ਸਮਝੌਤਾ ਨਹੀਂ ਕਰੇਗਾ, ਜੋ ਦੇਸ਼ ਦੇ ਹਿੱਤਾਂ ਦੀ ਰੱਖਿਆ ਨਾ ਕਰਦਾ ਹੋਵੇ। ਗੌਰਤਲਬ ਹੈ ਕਿ ਅਮਰੀਕਾ ਵਲੋਂ ਲਗਾਏ ਗਏ 50 ਫ਼ੀਸਦ ਟੈਰਿਫ ਕੈਨੇਡਾ ਲਈ ਵੱਡਾ ਆਰਥਿਕ ਅਤੇ ਉਦਯੋਗਕ ਝਟਕਾ ਹਨ। ਇਹ ਟੈਰਿਫ ਲੱਕੜ, ਸ਼ਰਾਬਾਂ, ਖੇਤੀਬਾੜੀ ਦੇ ਉਤਪਾਦ ਤੇ ਹੋਰ ਕਈ ਸਮਾਨ 'ਤੇ ਲਾਗੂ ਹੋਏ ਹਨ। 2025 'ਚ ਕੈਨੇਡਾ ਦੇ ਕਰੀਬ 72 ਫ਼ੀਸਦ ਬਰਾਮਦ ਅਮਰੀਕਾ ਨੂੰ ਜਾਂਦੇ ਸਨ, ਇਸ ਲਈ ਇਹ ਟੈਰਿਫ ਦੋਵਾਂ ਦੇਸ਼ਾਂ ਦੀਆਂ ਅਰਥ ਵਿਵਸਥਾਵਾਂ 'ਤੇ ਵੱਡਾ ਦਬਾਅ ਪਾਉਣ ਵਾਲੇ ਅਤੇ ਦੋਵਾਂ ਦੇਸ਼ਾਂ ਵਿਚ ਲੋਕਾਂ ਵਾਸਤੇ ਮਹਿਗਾਈ ਹੋਰ ਵਧਣ ਦੇ ਆਸਾਰ ਹਨ। ਕਾਰਨੀ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਦੇ ਹਰੇਕ ਨਵੇਂ ਟੈਰਿਫ ਦਾ ਜਵਾਬ ਬਰਾਬਰ ਦੇ ਟੈਰਿਫ ਲਗਾ ਕੇ ਦਿੱਤਾ ਜਾਵੇਗਾ।

# ਕੈਨੇਡਾ ਦੇ ਗੁਰਦੁਆਰੇ 'ਚ ਵਾਪਰੀ ਵੱਡੀ ਵਾਰਦਾਤ : ਦੋ ਵਿਅਕਤੀਆਂ 'ਤੇ ਤੇਜ਼ਧਾਰ ਚੀਜ਼ ਨਾਲ ਕੀਤਾ ਹਮਲਾ

ਐਡਮਿੰਟਨ : ਕੈਨੇਡਾ ਦੇ ਐਡਮਿੰਟਨ ਦੇ ਇੱਕ ਗੁਰਦੁਆਰੇ ਵਿੱਚ ਸ਼ੁੱਕਰਵਾਰ ਸਵੇਰੇ ਇੱਕ 27 ਸਾਲਾ ਹਥਿਆਰਬੰਦ ਵਿਅਕਤੀ ਨੇ ਦੋ ਲੋਕਾਂ 'ਤੇ ਸਕ੍ਰਿਊਡ੍ਰਾਈਵਰ ਨਾਲ ਹਮਲਾ ਕਰਕੇ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ। ਪੁਲਸ ਇਹ ਪਤਾ ਲਗਾਉਣ ਲਈ ਇਸ ਘਟਨਾ ਦੀ ਜਾਂਚ ਕਰ ਰਹੀ ਹੈ ਕਿ ਕੀ ਇਹ ਹਮਲਾ ਨਫ਼ਰਤ ਤੋਂ ਪ੍ਰੇਰਿਤ ਸੀ ਜਾਂ ਨਹੀਂ। ਇਹ ਘਟਨਾ ਸ਼ੁੱਕਰਵਾਰ ਸਵੇਰੇ 5 ਵਜੇ (ਸਥਾਨਕ ਸਮੇਂ) ਉੱਤਰ-ਪੂਰਬੀ ਐਡਮਿੰਟਨ ਦੇ ਨਾਨਕਸਰ ਸਿੱਖ ਗੁਰਦੁਆਰੇ ਵਿੱਚ ਵਾਪਰੀ ਹੈ, ਜਿਸ ਤੋਂ ਬਾਅਦ ਹਫੜਾ-ਦਫੜੀ ਮਚ ਗਈ।



ਪੁਲਸ ਨੇ ਕਿਹਾ ਕਿ ਦੋਸ਼ੀ ਗੁਰਦੁਆਰੇ ਵਿੱਚ ਦਾਖਲ ਹੋਇਆ ਅਤੇ ਉਸ ਨੇ ਦਰਬਾਰ ਹਾਲ ਵਿੱਚ ਜਾਣ ਦੀ ਕੋਸ਼ਿਸ਼ ਕੀਤੀ ਪਰ ਗੁਰਦੁਆਰਾ ਸਟਾਫ ਨੇ ਉਸਨੂੰ ਰੋਕ ਲਿਆ। ਐਡਮਿੰਟਨ ਪੁਲਸ ਸਰਵਿਸ (ਈਪੀਐਸ) ਨੇ ਸ਼ੁੱਕਰਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਇਸ ਤੋਂ ਬਾਅਦ ਝਗੜਾ ਇੰਨਾ ਵਧ ਗਿਆ ਅਤੇ ਦੋਸ਼ੀ ਨੇ 75 ਅਤੇ 51 ਸਾਲ ਦੀ ਉਮਰ ਦੇ ਦੋ ਆਦਮੀਆਂ 'ਤੇ ਹਮਲਾ ਕੀਤਾ। ਕਾਰਜਕਾਰੀ ਈਪੀਐਸ ਇੰਸਪੈਕਟਰ ਏਰਿਕ ਸਟੀਵਰਟ ਨੇ ਸ਼ੁੱਕਰਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਪੁਲਸ ਦੀ ਨਫ਼ਰਤ ਅਪਰਾਧ ਇਕਾਈ ਮਾਮਲੇ ਦੀ ਜਾਂਚ ਕਰ ਰਹੀ ਹੈ। ਨਾਨਕਸਰ ਗੁਰਦੁਆਰਾ ਗੁਰਸਿੱਖ ਮੰਦਰ ਦੇ ਉਪ ਪ੍ਰਧਾਨ ਜ਼ੋਰਾ ਗਰੇਵਾਲ ਨੇ ਕਿਹਾ ਕਿ ਚਸ਼ਮਦੀਦਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਘਟਨਾ ਸਮੇਂ ਗੁਰਦੁਆਰੇ ਵਿੱਚ ਸਵੇਰ ਦੀ ਅਰਦਾਸ ਹੋ ਰਹੀ ਸੀ ਅਤੇ ਬਹੁਤ ਸਾਰੇ ਲੋਕ ਮੌਜੂਦ ਸਨ। ਪੁਲਸ ਅਨੁਸਾਰ, ਘਟਨਾ ਵਿੱਚ ਜ਼ਖ਼ਮੀ ਹੋਏ ਲੋਕ ਸ਼ਰਧਾਲੂ ਹਨ, ਜਦੋਂ ਕਿ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਵਿੱਚੋਂ ਇੱਕ ਗੁਰਦੁਆਰੇ ਦਾ ਗ੍ਰੰਥੀ ਹੈ ਅਤੇ ਦੂਜਾ ਇੱਕ ਵਲੰਟੀਅਰ ਹੈ, ਜੋ ਲੰਬੇ ਸਮੇਂ ਤੋਂ ਉੱਥੇ ਸੇਵਾ ਕਰ ਰਿਹਾ ਹੈ। ਗਰੇਵਾਲ ਨੇ ਕਿਹਾ ਕਿ ਜਦੋਂ ਗੁਰਦੁਆਰੇ ਦੇ ਅੰਦਰ ਲੋਕਾਂ ਨੇ ਹਥਿਆਰਬੰਦ ਵਿਅਕਤੀ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਸ਼ੱਕੀ ਨੇ ਗ੍ਰੰਥੀ 'ਤੇ ਸਕ੍ਰਿਊਡ ?ਰਾਈਵਰ ਨਾਲ ਕਈ ਵਾਰ ਹਮਲਾ ਕੀਤਾ ਅਤੇ ਇਸ ਤੋਂ ਬਾਅਦ ਬਜ਼ੁਰਗ ਵਲੰਟੀਅਰ 'ਤੇ ਵੀ ਹਮਲਾ ਕੀਤਾ। ਰਿਪੋਰਟ ਦੇ ਅਨੁਸਾਰ ਦੋਵਾਂ ਪੀੜਤਾਂ ਨੂੰ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ ਅਤੇ ਉਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

### ਅਮਰੀਕਾ 'ਚ FBI ਦਾ ਵੱਡਾ ਐਕਸ਼ਨ

# ਲਾਰੈਂਸ ਬਿਸ਼ਨੋਈ ਗੈਂਗ ਦੇ ਗੁਰਗੇ ਕਮਲ ਵਿਰੁੱਧ 'ਮੋਸਟ ਵਾਂਟੇਡ' ਨੋਟਿਸ ਜਾਰੀ; ਫ਼ਿਰੌਤੀ ਨੈੱਟਵਰਕ 'ਤੇ ਕੱਸਿਆ ਸ਼ਿਕੰਜਾ

ਲਾਸ ਏਂਜਲਸ/ਵਾਸ਼ਿੰਗਟਨ : ਅਮਰੀਕੀ ਜਾਂਚ ਏਜੰਸੀ FBI (Federal Bureau of Investigation) ਨੇ ਅੰਤਰਰਾਸ਼ਟਰੀ ਅਪਰਾਧ ਸਿੰਡੀਕੇਟਾਂ ਵਿਰੁੱਧ ਸਖ਼ਤ ਕਾਰਵਾਈ ਕਰਦੇ ਹੋਏ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਭਾਰਤੀ ਨਾਗਰਿਕ 'ਕਮਲ' (No Name Given Kamal) ਨੂੰ ਆਪਣੀ 'ਮੋਸਟ ਵਾਂਟੇਡ' ਸੂਚੀ ਵਿੱਚ ਸ਼ਾਮਲ ਕਰ ਲਿਆ ਹੈ। ਮੁਲਜ਼ਮ ਵਿਰੁੱਧ ਕੈਲੀਫ਼ੋਰਨੀਆ ਵਿੱਚ ਕਾਰੋਬਾਰੀਆਂ ਨੂੰ ਧਮਕਾ ਕੇ ਫ਼ਿਰੌਤੀ ਵਸੂਲਣ ਅਤੇ ਵਪਾਰ ਵਿੱਚ ਅੜਿੱਕਾ ਪਾਉਣ ਦੇ ਦੋਸ਼ਾਂ ਤਹਿਤ ਫੈਡਰਲ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਹਨ।




ਜਾਂਚ ਨਾਲ ਜੁੜੇ ਮੁੱਖ ਵੇਰਵੇ

**ਅਦਾਲਤੀ ਵਾਰੰਟ:** ਯੂ.ਐੱਸ. ਡਿਸਟ੍ਰਿਕਟ ਕੋਰਟ (ਸੈਂਟਰਲ ਡਿਸਟ੍ਰਿਕਟ ਆਫ਼ ਕੈਲੀਫ਼ੋਰਨੀਆ) ਵੱਲੋਂ ਕਮਲ ਵਿਰੁੱਧ ਅਮਰੀਕੀ ਸੰਘੀ ਕਾਨੂੰਨਾਂ ਤਹਿਤ ਫ਼ਿਰੌਤੀ ਰਾਹੀਂ ਵਪਾਰ ਨੂੰ ਨੁਕਸਾਨ ਪਹੁੰਚਾਉਣ ਦੀ ਸਾਜ਼ਿਸ਼ (Conspiracy to Interfere with Commerce by Extortion) ਦੇ ਦੋਸ਼ ਆਇਦ ਕੀਤੇ ਗਏ ਹਨ।

**'ਆਪ੍ਰੇਸ਼ਨ ਹਾਰਡ ਬਾਲ' ਤਹਿਤ ਵੱਡਾ ਸ਼ਿਕੰਜਾ:** ਅਮਰੀਕੀ ਨਿਆਂ ਵਿਭਾਗ ਅਤੇ FBI ਵੱਲੋਂ ਚਲਾਈ ਗਈ ਇਸ ਵਿਸ਼ੇਸ਼ ਮੁਹਿੰਮ ਤਹਿਤ ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ ਅਤੇ ਰਵਿੰਦਰ ਢਾਂਡਾ ਸਿੰਡੀਕੇਟ ਨਾਲ ਜੁੜੇ ਨੈੱਟਵਰਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

**37 ਮੁਲਜ਼ਮ ਨਾਮਜ਼ਦ, 24 ਗ੍ਰਿਫ਼ਤਾਰੀਆਂ:** ਇਸ ਆਪ੍ਰੇਸ਼ਨ ਅਧੀਨ ਹੁਣ ਤੱਕ ਕੁੱਲ 37 ਵਿਅਕਤੀਆਂ 'ਤੇ ਦੋਸ਼ ਲਗਾਏ ਗਏ ਹਨ, ਜਿਨ੍ਹਾਂ ਵਿੱਚੋਂ 24 ਸ਼ੱਕੀਆਂ ਨੂੰ ਹਿਰਾਸਤ ਵਿੱਚ ਲਿਆ ਜਾ ਚੁੱਕਾ ਹੈ (11 ਗ੍ਰਿਫ਼ਤਾਰੀਆਂ ਇਕੱਲੇ ਕੈਲੀਫ਼ੋਰਨੀਆ ਵਿੱਚੋਂ ਹੋਈਆਂ ਹਨ)।



**ਵਾਂਟੇਡ ਸੂਚੀ ਦਾ ਵਿਸਥਾਰ:** ਕਮਲ ਤੋਂ ਪਹਿਲਾਂ ਜੱਗੂ ਭਗਵਾਨਪੁਰੀਆ ਗਰੁੱਪ ਦੇ ਮੇਜਰ ਸਿੰਘ ਤੇ ਨਿਤੀਸ਼ ਕੌਸ਼ਲ ਅਤੇ ਢਾਂਡਾ ਗਰੁੱਪ ਦੇ ਅੰਮ੍ਰਿਤਪਾਲ ਸਿੰਘ ਵਿਰੁੱਧ ਵੀ 629 ਵੱਲੋਂ ਵਾਂਟੇਡ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ।

**ਜਨਤਾ ਅਤੇ ਗਵਾਹਾਂ ਲਈ ਸੂਚਨਾ :** FBI ਨੇ ਮੁਲਜ਼ਮ ਦੀ ਭਾਲ ਲਈ ਆਮ ਜਨਤਾ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਜੇਕਰ ਕਿਸੇ ਕੋਲ ਮੁਲਜ਼ਮ ਕਮਲ ਬਾਰੇ ਕੋਈ ਪੁਖ਼ਤਾ ਜਾਣਕਾਰੀ ਹੋਵੇ, ਤਾਂ ਹੇਠ ਲਿਖੇ ਮਾਧਿਅਮਾਂ ਰਾਹੀਂ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ:

**ਆਨਲਾਈਨ ਪੋਰਟਲ:** ਗੁਪਤ ਜਾਣਕਾਰੀ ਭੇਜਣ ਲਈ tips.fbi.gov 'ਤੇ ਜਾਓ।

ਟੋਲ-ਫ੍ਰੀ ਹੈਲਪਲਾਈਨ: ਕਾਲ ਕਰੋ 1-800-CALL-FBI (1-800-225-5324)।

**ਦੂਤਾਵਾਸ ਜਾਂ ਸਥਾਨਕ ਦਫ਼ਤਰ:** ਆਪਣੇ ਨਜ਼ਦੀਕੀ FBI ਫੀਲਡ ਦਫ਼ਤਰ ਜਾਂ ਸਥਾਨਕ ਅਮਰੀਕੀ ਦੂਤਾਵਾਸ/ਕੌਂਸਲੇਟ ਨਾਲ ਸੰਪਰਕ ਕਰੋ।

ਇਹ ਕਾਰਵਾਈ ਸਪੱਸ਼ਟ ਕਰਦੀ ਹੈ ਕਿ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿਦੇਸ਼ੀ ਧਰਤੀ ਤੋਂ ਚੱਲ ਰਹੇ ਅੰਤਰਰਾਸ਼ਟਰੀ ਗੈਂਗਸਟਰ ਨੈੱਟਵਰਕਾਂ ਅਤੇ ਫ਼ ?ਰੌਤੀ ਰੈਕੇਟਾਂ ਵਿਰੁੱਧ ਜ਼ੀਰੋ-ਟਾਲਰੈਂਸ ਨੀਤੀ ਤਹਿਤ ਸਖ਼ਤ ਕਦਮ ਚੁੱਕ ਰਹੀਆਂ ਹਨ।

ਡਿਸਕਲੇਮਰ (Disclaimer):

ਡਿਸਕਲੇਮਰ: ਇਹ ਖ਼ਬਰ ਸਰਕਾਰੀ ਜਾਂਚ ਏਜੰਸੀਆਂ (FBI) ਅਤੇ ਅਦਾਲਤੀ ਦਸਤਾਵੇਜ਼ਾਂ 'ਤੇ ਆਧਾਰਿਤ ਹੈ। ਅਮਰੀਕੀ ਕਾਨੂੰਨ ਅਨੁਸਾਰ ਅਦਾਲਤ ਵਿੱਚ ਦੋਸ਼ ਸਾਬਤ ਹੋਣ ਤੱਕ ਕਿਸੇ ਵੀ ਮੁਲਜ਼ਮ ਨੂੰ ਕਾਨੂੰਨੀ ਤੌਰ 'ਤੇ ਬੇਕਸੂਰ ਮੰਨਿਆ ਜਾਂਦਾ ਹੈ।

# ਧੋਖਾਧੜੀ ਮਾਮਲੇ 'ਚ ਭਾਰਤੀ ਮੂਲ ਦੇ ਜੋੜੇ ਨੂੰ 5 ਸਾਲ ਕੈਦ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਅਰਕੰਸਸ ਦੇ ਸ਼ਹਿਰ ਜੈਂਟਰੀ ਵਿਖੇ ਇੱਕ ਬਜ਼ੁਰਗ ਧੋਖਾਧੜੀ ਯੋਜਨਾ ਵਿੱਚ ਸ਼ਾਮਿਲ ਭਾਰਤੀ ਮੂਲ ਦੇ ਜੋੜੇ ਨੂੰ ਚੋਰੀ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ ਗਈ ਹੈ। ਉਨ੍ਹਾਂ ਨੂੰ ਇਕ ਗੁਪਤ ਕਾਰਵਾਈ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਨਾਂ ਵਿਚ ਗਜੇਰਾ ਪ੍ਰਸ਼ਾਂਤ ਤੇ ਧਾਰਾਬੇਨ ਬਾਵੜੀਆ ਸ਼ਾਮਲ ਹਨ। ਦੋਵਾਂ ਨੂੰ ਪੰਜ ਸਾਲ



ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜੈਂਟਰੀ ਪੁਲਿਸ ਵਿਭਾਗ ਅਨੁਸਾਰ, ਜੋੜੇ ਨੂੰ 21 ਅਪ੍ਰੈਲ ਨੂੰ ਇੱਕ ਜਾਅਲੀ ਪੇਪਾਲ ਰਿਫੰਡ ਘੁਟਾਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਇਸ ਯੋਜਨਾ ਵਿੱਚ ਪੀੜਤਾਂ ਨੂੰ ਇਹ ਕਿਹਾ ਗਿਆ ਸੀ ਕਿ ਪੈਸੇ ਗਲਤੀ ਨਾਲ ਉਨ੍ਹਾਂ ਨੂੰ ਭੇਜ ਦਿੱਤੇ ਗਏ ਹਨ ਜੋ ਵਾਪਿਸ ਕਰਨੇ ਪੈਣਗੇ। ਜੈਂਟਰੀ ਪੁਲਿਸ ਡਿਟੈਕਟਿਵ ਰਿਆਨ ਲੌਫਟਸ ਨੇ ਕਿਹਾ ਕਿ ਘੁਟਾਲੇਬਾਜ਼ ਅਕਸਰ ਪੀੜਤਾਂ 'ਤੇ ਦਬਾਅ ਪਾਉਂਦੇ ਸਨ ਕਿ ਜੇਕਰ ਪੈਸੇ ਵਾਪਸ ਨਾ ਕੀਤੇ ਤਾਂ ਉਹ ਆਪਣੀਆਂ ਨੌਕਰੀਆਂ ਗੁਆ ਸਕਦੇ ਹਨ।


COMPLETE SOLAR & BATTERY
STARTING AT $23,000
For a standard 5kW Solar & 14kWh Battery system
Price is for installation on code-compliant homes.
Electrical panel or roof upgrades are extra.
TSP
ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

# ਹਰੀਕੇ ਪੱਤਣ 'ਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦਗਾਰ ਬਣਾਉਣ ਦੀ ਪ੍ਰਕਿਰਿਆ ਸ਼ੁਰੂ

## ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਯਾਦਗਾਰ ਨੂੰ ਲੈ ਕੇ ਅਹਿਮ ਕਦਮ



ਅੰਮ੍ਰਿਤਸਰ : ਪੰਜਾਬ ਵਿੱਚ ਕਾਲੇ ਦੌਰ ਦੌਰਾਨ ਲਵਾਰਸ ਲਾਸ਼ਾਂ ਸਾੜਨ ਦੇ ਮਾਮਲੇ ਨੂੰ ਉਭਾਰਨ ਵਾਲੇ ਮਰਹੂਮ ਜਸਵੰਤ ਸਿੰਘ ਖਾਲੜਾ ਦੀ ਯਾਦਗਾਰ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਯਾਦਗਾਰ ਹਰੀਕੇ ਪੱਤਣ 'ਤੇ ਬਣਾਈ ਜਾਵੇਗੀ।

**ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਫ਼ੈਸਲੇ ਨੂੰ ਪ੍ਰਵਾਨਗੀ :** ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਯਾਦਗਾਰ ਬਣਾਉਣ ਦੇ ਇਸ ਫ਼ੈਸਲੇ ਨੂੰ ਰਸਮੀ ਤੌਰ 'ਤੇ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਹ ਮਾਮਲਾ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵਿੱਚ ਵਿਚਾਰਿਆ ਗਿਆ ਸੀ, ਜਿੱਥੋਂ ਇਸ ਨੂੰ ਰਸਮੀ ਪ੍ਰਵਾਨਗੀ ਮਿਲ ਗਈ ਹੈ।

**ਜ਼ਮੀਨ ਪ੍ਰਾਪਤ ਕਰਨ ਅਤੇ ਡਿਜ਼ਾਈਨ ਨੂੰ ਅੰਤਿਮ ਰੂਪ ਦੇਣ ਦੀ ਤਿਆਰੀ :** ਸ਼੍ਰੋਮਣੀ ਕਮੇਟੀ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਸਿੱਖ ਸੰਸਥਾ ਵੱਲੋਂ ਇਸ ਮਾਮਲੇ ਵਿੱਚ ਹੁਣ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਇਸ ਤਹਿਤ ਸਭ ਤੋਂ ਪਹਿਲਾਂ ਜ਼ਮੀਨ ਪ੍ਰਾਪਤ ਕਰਨ ਲਈ ਕਾਰਵਾਈ ਕੀਤੀ ਜਾਵੇਗੀ। ਉਸ ਤੋਂ ਬਾਅਦ ਯਾਦਗਾਰ ਦਾ ਡਿਜ਼ਾਈਨ, ਆਕਾਰ ਅਤੇ ਰੰਗ-ਰੂਪ ਕੀ ਹੋਵੇਗਾ, ਇਸ ਬਾਰੇ ਚਰਚਾ ਕਰਕੇ ਯਾਦਗਾਰ ਦੇ ਡਿਜ਼ਾਈਨ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।

**ਖਾਲੜਾ ਮਿਸ਼ਨ ਔਰਗਨਾਈਜੇਸ਼ਨ ਦਾ ਸੁਝਾਅ ਅਤੇ ਮੰਗ :** ਇਸ ਦੌਰਾਨ, ਖਾਲੜਾ ਪਰਿਵਾਰ ਦੀ ਸਰਪ੍ਰਸਤੀ ਹੇਠ ਚੱਲ ਰਹੀ ਜਥੇਬੰਦੀ 'ਖਾਲੜਾ ਮਿਸ਼ਨ ਔਰਗਨਾਈਜੇਸ਼ਨ' ਨੇ ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦਿੱਤਾ ਹੈ ਕਿ ਜਸਵੰਤ ਸਿੰਘ ਖਾਲੜਾ ਦੀ ਯਾਦਗਾਰ 'ਤੇ ਅਜਿਹੇ ਹੋਰ ਵੀ ਸਿੱਖਾਂ ਦੇ ਨਾਂ ਲਿਖੇ ਜਾਣ, ਜਿਨ੍ਹਾਂ ਨੂੰ ਪੁਲੀਸ ਨੇ ਕਥਿਤ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰ ਦਿੱਤਾ ਸੀ। ਇਸ ਤੋਂ ਇਲਾਵਾ ਖਾਲੜਾ ਦੇ ਅਧੂਰੇ ਕੰਮ ਨੂੰ ਪੂਰਾ ਕਰਨ ਲਈ ਜਾਂਚ ਨੂੰ ਅੱਗੇ ਵਧਾਉਣ ਦੀ ਵੀ ਮੰਗ ਕੀਤੀ ਗਈ ਹੈ।

**ਝੂਠੇ ਮੁਕਾਬਲਿਆਂ ਵਿੱਚ ਮਾਰੇ ਗਏ ਲੋਕਾਂ ਦਾ ਯਾਦਗਾਰ 'ਤੇ ਹੋਵੇ ਜ਼ਿਕਰ :** ਜਥੇਬੰਦੀ ਦੇ ਆਗੂ ਐਡਵੋਕੇਟ ਜਗਦੀਪ ਸਿੰਘ ਰੰਧਾਵਾ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਜਦੋਂ ਵੀ ਯਾਦਗਾਰ ਬਣਾਵੇ, ਤਾਂ ਉਸ ਯਾਦਗਾਰ 'ਤੇ ਅਜਿਹੇ ਸਿੱਖਾਂ ਦਾ ਵੀ ਜ਼ਿਕਰ ਸ਼ਾਮਲ ਹੋਵੇ, ਜਿਨ੍ਹਾਂ ਨੂੰ ਉਸ ਵੇਲੇ ਕਥਿਤ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਲਵਾਰਸ ਦੱਸ ਕੇ ਵੱਖ-ਵੱਖ ਸ਼ਮਸ਼ਾਨਘਾਟਾਂ ਵਿੱਚ ਸਾੜ ਦਿੱਤਾ ਗਿਆ ਸੀ। ਜਸਵੰਤ ਸਿੰਘ ਖਾਲੜਾ ਅਜਿਹੇ ਲੋਕਾਂ ਦੇ ਹੱਕਾਂ ਵਾਸਤੇ ਹੀ ਲੜ ਰਹੇ ਸਨ।

**ਅਧੂਰੀ ਜਾਂਚ ਪੂਰੀ ਕਰਨ ਲਈ 'ਪੀਪਲ ਕਮਿਸ਼ਨ' ਬਣਾਉਣ ਦੀ ਮੰਗ :** ਆਗੂ ਨੇ ਆਖਿਆ ਕਿ ਖਾਲੜਾ ਦਾ ਅਧੂਰਾ ਰਹਿ ਗਿਆ ਕੰਮ ਪੂਰਾ ਕਰਨ ਦੀ ਲੋੜ ਹੈ। ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਜਾਂ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਅਜਿਹੀ ਜਾਂਚ ਕਮੇਟੀ ਜਾਂ ਪੀਪਲ ਕਮਿਸ਼ਨ ਬਣਾਇਆ ਜਾਵੇ, ਜੋ ਇਸ ਮਾਮਲੇ ਦੀ ਅਧੂਰੀ ਰਹਿ ਗਈ ਜਾਂਚ ਨੂੰ ਪੂਰਾ ਕਰੇ। ਉਨ੍ਹਾਂ ਦੱਸਿਆ ਕਿ ਜਸਵੰਤ ਸਿੰਘ ਖਾਲੜਾ ਨੇ ਉਸ ਵੇਲੇ ਲਗਪਗ 25 ਹਜ਼ਾਰ ਲਵਾਰਸ ਲਾਸ਼ਾਂ ਦਾ ਅੰਕੜਾ ਦਿੱਤਾ ਸੀ, ਜਿਨ੍ਹਾਂ ਵਿੱਚੋਂ ਹੁਣ ਤੱਕ ਸਿਰਫ਼ ਕੁਝ ਹਜ਼ਾਰ ਲਵਾਰਸ ਲਾਸ਼ਾਂ ਬਾਰੇ ਹੀ ਵੇਰਵੇ ਮਿਲੇ ਹਨ ਅਤੇ ਅਜਿਹੇ ਲਾਪਤਾ ਲੋਕਾਂ ਨੂੰ ਅੱਜ ਵੀ ਉਨ੍ਹਾਂ ਦੇ ਪਰਿਵਾਰ ਉਡੀਕ ਰਹੇ ਹਨ।

**ਫ਼ਿਲਮ ਦੀ ਆਮਦ ਤੋਂ ਬਾਅਦ ਭਖਿਆ ਮਾਮਲਾ ਅਤੇ ਸ਼ਰਧਾਂਜਲੀ ਸਮਾਗਮ :** ਦੱਸਣਯੋਗ ਹੈ ਕਿ ਹਾਲ ਹੀ ਵਿੱਚ ਜਸਵੰਤ ਸਿੰਘ ਖਾਲੜਾ 'ਤੇ ਆਧਾਰਿਤ ਫ਼ਿਲਮ ਦੀ ਆਮਦ ਤੋਂ ਬਾਅਦ ਇਹ ਮਾਮਲਾ ਮੁੜ ਭਖਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ 'ਤੇ, ਸ਼੍ਰੋਮਣੀ ਕਮੇਟੀ ਵੱਲੋਂ ਹਰੀਕੇ ਪੱਤਣ ਵਿਖੇ ਜਸਵੰਤ ਸਿੰਘ ਖਾਲੜਾ ਅਤੇ ਅਜਿਹੇ ਹੋਰ ਸਿੱਖ ਵਿਅਕਤੀਆਂ (ਜਿਨ੍ਹਾਂ ਦੀਆਂ ਲਾਸ਼ਾਂ ਨੂੰ ਉਸ ਵੇਲੇ ਹਰੀਕੇ ਦਰਿਆ ਵਿੱਚ ਰੋੜ੍ਹ ਦਿੱਤਾ ਗਿਆ ਸੀ) ਨਮਿਤ ਸ਼ਰਧਾਂਜਲੀ ਸਮਾਗਮ ਕੀਤਾ ਗਿਆ ਹੈ। ਇਸੇ ਮੌਕੇ ਸ਼੍ਰੋਮਣੀ ਕਮੇਟੀ ਨੂੰ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਯਾਦਗਾਰ ਬਣਾਉਣ ਵਾਸਤੇ ਆਖਿਆ ਗਿਆ ਸੀ।

# ਡੇਰਾ ਸਿਰਸਾ ਮੁਖੀ ਨੂੰ ਫਿਰ ਮਿਲੀ 21 ਦਿਨਾਂ ਦੀ ਫ਼ਰਲੋ



ਚੰਡੀਗੜ੍ਹ : ਡੇਰਾ ਮੁਖੀ ਗੁਰਮੀਤ ਰਾਮ ਰਹੀਮ ਇਕ ਵਾਰ ਫਿਰ ਜੇਲ੍ਹ ਤੋਂ ਬਾਹਰ ਆ ਗਿਆ ਹੈ। ਉਸ ਦੀ 21 ਦਿਨ ਦੀ ਫਰਲੋ ਮਨਜ਼ੂਰ ਹੋਈ ਹੈ। ਉਹ ਮੰਗਲਵਾਰ ਸਵੇਰੇ ਲਗਭਗ 6:05 ਵਜੇ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਬਾਹਰ ਨਿਕਲਿਆ। ਉਸਦੇ ਕਾਫਲੇ ਵਿਚ ਦੋ ਲੈਂਡ ਕਰੂਜ਼ਰ, ਦੋ ਫਾਰਚੂਨਰ, ਦੋ ਇਨੋਵਾ ਅਤੇ ਦੋ ਪੁਲਿਸ ਐਸਕਾਰਟ ਵਾਹਨ ਸ਼ਾਮਿਲ ਸਨ। ਉਹ ਸਵੇਰੇ ਲਗਭਗ 8 ਵਜੇ ਸਿਰਸਾ ਡੇਰੇ ਪਹੁੰਚਿਆ। ਦੋ ਸਾਧਵੀਆਂ ਨਾਲ ਜਬਰ ਜਨਾਹ ਦੇ ਮਾਮਲੇ ਵਿਚ ਡੇਰਾ ਮੁਖੀ 20 ਸਾਲ ਦੀ ਕੈਦ ਕੱਟ ਰਿਹਾ ਹੈ। ਡੇਰਾ ਮੁਖੀ ਅੱਜ ਸਵੇਰੇ ਰੋਹਤਕ ਦੇ ਪਿੰਡ ਸੁਨਾਰੀਆ ਸਥਿਤ ਜ਼ਿਲ੍ਹਾ ਜੇਲ੍ਹ 'ਚੋਂ 21 ਦਿਨਾਂ ਦੀ ਫ਼ਰਲੋ 'ਤੇ ਬਾਹਰ ਆ ਗਿਆ ਹੈ। ਜੇਲ੍ਹ ਪ੍ਰਸ਼ਾਸਨ ਵਲੋਂ ਉਸ ਨੂੰ 21 ਦਿਨਾਂ ਦੀ ਅਸਥਾਈ ਰਿਹਾਈ ਦਿੱਤੀ ਗਈ ਹੈ। ਡੇਰਾ ਮੁਖੀ ਨੂੰ ਅਗਸਤ 2017 'ਚ ਸਾਧਵੀਆਂ ਨਾਲ ਸਰੀਰਕ ਸ਼ੋਸ਼ਣ ਦੇ ਮਾਮਲੇ 'ਚ ਸਜ਼ਾ ਹੋਈ ਸੀ। ਇਹ ਨੌਂ ਸਾਲਾਂ ਵਿਚ 17ਵੀਂ ਵਾਰ ਹੈ ਜਦੋਂ ਉਸਨੂੰ ਪੈਰੋਲ ਜਾਂ ਫਰਲੋ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ। ਉਸ ਨੂੰ ਇਸ ਸਾਲ ਜਨਵਰੀ ਮਹੀਨੇ ਵਿਚ 40 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਇਸ ਤੋਂ ਬਾਅਦ, ਉਸ ਨੂੰ 26 ਮਈ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ। ਉਹ 30 ਦਿਨਾਂ ਦੀ ਪੈਰੋਲ ਪੂਰੀ ਕਰਨ ਤੋਂ ਬਾਅਦ 25 ਜੂਨ ਨੂੰ ਸੁਨਾਰੀਆ ਜੇਲ੍ਹ ਵਾਪਸ ਆਇਆ ਸੀ। ਸੁਰੱਖਿਆ ਕਾਰਨਾਂ ਕਰਕੇ ਜੇਲ੍ਹ ਦੇ ਆਸ-ਪਾਸ ਪੁਲਿਸ ਵਲੋਂ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ। ਜਾਣਕਾਰੀ ਅਨੁਸਾਰ ਫ਼ਰਲੋ ਦੌਰਾਨ ਰਾਮ ਰਹੀਮ ਸਿਰਸਾ ਸਥਿਤ ਆਪਣੇ ਮੁੱਖ ਡੇਰੇ 'ਚ ਰਹੇਗਾ। ਜ਼ਿਕਰਯੋਗ ਹੈ ਕਿ ਡੇਰਾ ਮੁਖੀ ਨੂੰ ਦੋ ਸ਼ਰਧਾਲੂ ਔਰਤਾਂ ਨਾਲ ਜਬਰ ਜਨਾਹ ਦੇ ਦੋਸ਼ ਹੇਠ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਸਾਲ 2017 ਵਿਚ ਦੋਸ਼ੀ ਕਰਾਰ ਦਿੰਦਿਆਂ 20 ਸਾਲ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਸੀ, ਜਿਸ ਤੋਂ ਬਾਅਦ ਉਹ ਸੁਨਾਰੀਆ ਜੇਲ੍ਹ ਵਿੱਚ ਬੰਦ ਹੈ।

# ਮੀਰੀ-ਪੀਰੀ ਖਾਲਸਾ ਮਾਰਚ ਦਾ ਦੂਜਾ ਪੜਾਅ ਆਰੰਭ

## ਜਥੇਦਾਰ ਵੱਲੋਂ ਸਿੱਖਾਂ ਨੂੰ ਗੁਰੂ ਦੋਖੀ ਅਤੇ ਪੰਥ ਵਿਰੋਧੀ ਤਾਕਤਾਂ ਤੋਂ ਸੁਚੇਤ ਹੋਣ ਦਾ ਸੱਦਾ




ਤਲਵੰਡੀ ਸਾਬੋ (ਬਠਿੰਡਾ) : ਮੀਰੀ-ਪੀਰੀ ਦੇ ਸਿਧਾਂਤ ਦਾ ਸੁਨੇਹਾ ਘਰ-ਘਰ ਪਹੁੰਚਾਉਣ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਅਕਾਲ ਤਖ਼ਤ ਤੋਂ ਆਰੰਭ ਹੋਏ ਮੀਰੀ-ਪੀਰੀ ਖਾਲਸਾ ਮਾਰਚ ਦਾ ਦੂਜਾ ਪੜਾਅ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਖਾਲਸਾਈ ਜਾਹੋ-ਜਲਾਲ ਨਾਲ ਸ਼ੁਰੂ ਹੋਇਆ। ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਇਹ ਮਾਰਚ 4 ਸਤੰਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪਹੁੰਚ ਕੇ ਸੰਪੂਰਨ ਹੋਵੇਗਾ।

ਤਖ਼ਤ ਸ੍ਰੀ ਦਮਦਮਾ ਸਾਹਿਬ ਵਿੱਚ ਸੰਬੋਧਨ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਦੀ ਸਿਰਜਣਾ ਕਰ ਕੇ ਸਿੱਖਾਂ ਨੂੰ ਮੀਰੀ-ਪੀਰੀ ਦਾ ਸਿਧਾਂਤ ਬਖ਼ਸ਼ਿਆ। ਇਹ ਸਿਧਾਂਤ ਸਿੱਖ ਨੂੰ ਅਧਿਆਤਮਿਕਤਾ ਦੇ ਨਾਲ ਸਮਾਜਿਕ ਜ਼ਿੰਮੇਵਾਰੀ ਨਿਭਾਉਣ, ਚੜ੍ਹਦੀਕਲਾ ਵਿੱਚ ਰਹਿਣ ਅਤੇ ਜ਼ੁਲਮ ਵਿਰੁੱਧ ਡਟ ਕੇ ਖੜ੍ਹਨ ਦਾ ਸੰਦੇਸ਼ ਦਿੰਦਾ ਹੈ। ਉਨ੍ਹਾਂ ਕਿਹਾ ਕਿ ਪੰਥ ਵਿਰੋਧੀ ਤਾਕਤਾਂ ਵੱਲੋਂ ਸਿੱਖ ਸੰਸਥਾਵਾਂ ਤੇ ਵਿਰਾਸਤ ਨੂੰ ਕਮਜ਼ੋਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਲਈ ਕੌਮ ਨੂੰ ਗੁਰੂ ਦੋਖੀ ਅਤੇ ਖਾਲਸਾ ਪੰਥ ਵਿਰੋਧੀ ਸੋਚ ਨੂੰ ਪਛਾਣਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਖਾਲਸਾ ਮਾਰਚ ਦਾ ਮੁੱਖ ਮਕਸਦ ਸੰਗਤ ਅਤੇ ਖਾਸ ਕਰ ਕੇ ਨੌਜਵਾਨਾਂ ਨੂੰ ਸਿੱਖ ਸਿਧਾਂਤਾਂ ਨਾਲ ਜੋੜਨਾ ਅਤੇ ਪੰਥ ਵਿਰੋਧੀ ਵਿਚਾਰਧਾਰਾ ਤੋਂ ਸੁਚੇਤ ਕਰਨਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਖਾਲਸਾ ਮਾਰਚ ਨੂੰ ਸੰਗਤ ਵੱਲੋਂ ਮਿਲਿਆ ਭਰਵਾਂ ਹੁੰਗਾਰਾ ਇਹ ਦਰਸਾਉਂਦਾ ਹੈ ਕਿ ਸਿੱਖ ਹਮੇਸ਼ਾ ਅਕਾਲ ਤਖ਼ਤ ਤੇ ਗੁਰੂਆਂ ਪ੍ਰਤੀ ਸਮਰਪਿਤ ਹਨ। ਉਨ੍ਹਾਂ ਨਸ਼ਿਆਂ ਦੀ ਵਧ ਰਹੀ ਸਮੱਸਿਆ 'ਤੇ ਚਿੰਤਾ ਪ੍ਰਗਟ ਕਰਦਿਆਂ ਨੌਜਵਾਨਾਂ ਨੂੰ ਸਿੱਖ ਵਿਰਸੇ ਨਾਲ ਜੋੜਨ ਲਈ ਸਾਂਝੇ ਯਤਨ ਕਰਨ ਦੀ ਅਪੀਲ ਕੀਤੀ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਨੇ ਮਾਰਚ ਵਿੱਚ ਸ਼ਾਮਲ ਸੰਗਤ ਦਾ ਧੰਨਵਾਦ ਕੀਤਾ।

ਮਾਰਚ ਵਿੱਚ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਸਿਕੰਦਰ ਸਿੰਘ ਮਲੂਕਾ, ਤਜਿੰਦਰ ਸਿੰਘ ਮਿੱਡੂਖੇੜਾ, ਜਨਮੇਜਾ ਸਿੰਘ ਸੇਖੋਂ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ, ਰਜਿੰਦਰ ਸਿੰਘ ਮਹਿਤਾ, ਗੁਰਚਰਨ ਸਿੰਘ ਗਰੇਵਾਲ, ਬਲਬੀਰ ਸਿੰਘ ਘੁੰਨਸ ਆਦਿ ਹਾਜ਼ਰ ਸਨ।

# ਨੌਜਵਾਨ ਖੇਡ ਮੈਦਾਨਾਂ ਵੱਲ ਆਉਣ: ਗੜਗੱਜ

## ਮੀਰੀ-ਪੀਰੀ ਖ਼ਾਲਸਾ ਮਾਰਚ ਵਿੱਚ ਨਸ਼ੇ ਛੱਡਣ ਦਾ ਸੱਦਾ



ਭੀਖੀ (ਮਾਨਸਾ) : ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜਿੱਥੇ ਪੰਥ ਵਿਰੋਧੀ ਤਾਕਤਾਂ ਸਿੱਖ ਸੰਸਥਾਵਾਂ ਨੂੰ ਚੁਣੌਤੀ ਦੇਣ ਦਾ ਯਤਨ ਕਰ ਰਹੀਆਂ ਹਨ, ਉੱਥੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਤੋਰਿਆ ਜਾ ਰਿਹਾ ਹੈ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਦਾ ਤਿਆਗ ਕਰ ਕੇ ਖੇਡ ਮੈਦਾਨਾਂ ਵੱਲ ਆਉਣ ਦਾ ਸੱਦਾ ਦਿੱਤਾ। ਉਹ ਅੱਜ ਭੀਖੀ ਵਿੱਚ ਮੀਰੀ-ਪੀਰੀ ਖ਼ਾਲਸਾ ਮਾਰਚ ਦੌਰਾਨ ਜੁੜੀ ਸੰਗਤ ਨੂੰ ਸੰਬੋਧਨ ਕਰ ਰਹੇ ਸਨ।

ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਨੌਜਵਾਨਾਂ ਨੂੰ ਵਿੱਦਿਆ, ਹੁਨਰ, ਖੇਡਾਂ, ਮਿਹਨਤ ਅਤੇ ਗੁਰਮਤਿ ਨਾਲ ਜੋੜਨਾ ਸਮੇਂ ਦੀ ਲੋੜ ਹੈ। ਸਿੱਖ ਦੀ ਅਸਲ ਤਾਕਤ ਅਤੇ ਪਛਾਣ ਗੁਰੂ ਨਾਲ ਜੁੜਨ ਵਿੱਚ ਹੈ। ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਹਾਕਮ ਬਦਲਦੇ ਹਨ, ਕਾਨੂੰਨ ਅਤੇ ਨੀਤੀਆਂ ਵੀ ਬਦਲਦੀਆਂ ਰਹਿੰਦੀਆਂ ਹਨ, ਪਰ ਗੁਰੂ ਸਦੀਵੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕੁਦਰਤੀ ਆਫ਼ਤਾਂ ਸਮੇਂ ਜਦੋਂ ਸਰਕਾਰਾਂ ਵੀ ਹੱਥ ਖੜ੍ਹੇ ਕਰ ਗਈਆਂ ਸਨ ਤਾਂ ਸਿੱਖਾਂ ਨੇ ਗੁਰੂ ਵੱਲੋਂ ਬਖ਼ਸ਼ੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਗੁਰੂ ਕੀਆਂ ਗੋਲਕਾਂ ਤੋਂ ਪੀੜਤਾਂ ਦੀ ਮਦਦ ਕੀਤੀ। ਇਹ ਰਵਾਇਤਾਂ ਪੰਥ ਵਿਰੋਧੀ ਸੋਚ ਰੱਖਣ ਵਾਲਿਆਂ ਨੂੰ ਰਾਸ ਨਹੀਂ ਆਉਂਦੀਆਂ ਅਤੇ ਉਹ ਗੁਰੂ ਘਰ ਦੀਆਂ ਗੋਲਕਾਂ 'ਤੇ ਸਵਾਲ ਕਰਦੇ ਹਨ। ਉਨ੍ਹਾਂ ਸੰਗਤ ਨੂੰ ਅਜਿਹੀ ਸੋਚ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਹਰ ਪਿੰਡ ਵਿੱਚ 29 ਅਗਸਤ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਜਥੇਦਾਰ ਗਿਆਨੀ ਟੇਕ ਸਿੰਘ, ਗਿਆਨੀ ਅਮਰਜੀਤ ਸਿੰਘ, ਗੁਰਪ੍ਰੀਤ ਸਿੰਘ ਝੱਬਰ, ਬਾਬਾ ਬੂਟਾ ਸਿੰਘ ਤੇ ਪ੍ਰੇਮ ਕੁਮਾਰ ਅਰੋੜਾ ਮੌਜੂਦ ਸਨ।

# ਬਾਦਲ ਪਰਿਵਾਰ ਨੂੰ ਨਿਸ਼ਾਨਾ ਬਣਾਉਣ ਪਿੱਛੇ ਪੰਜਾਬ 'ਤੇ ਕਬਜ਼ੇ ਦੀ ਸਾਜ਼ਿਸ਼: ਸੁਖਬੀਰ ਬਾਦਲ




ਮਲੋਟ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਲੋਟ ਵਿਖੇ ਇੱਕ ਰੈਲੀ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਆਮ ਆਦਮੀ ਪਾਰਟੀ ਨੂੰ ਘੇਰਦਿਆਂ ਕਿਹਾ ਕਿ ਉਹ ਪੰਜਾਬ ਨੂੰ ਲੁੱਟਣ ਅਤੇ ਕੁੱਟਣ ਖਾਤਰ ਹੀ ਸੱਤਾ ਵਿੱਚ ਆਏ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਪੰਜਾਬ ਦੀ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀ ਲੜਾਈ ਲੜੀ ਹੈ। ਉਨ੍ਹਾਂ ਸਰਦਾਰ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਅਤੇ ਅਕਾਲੀ ਆਗੂਆਂ 'ਤੇ ਹੋਏ ਹਮਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਕਾਲੀ ਦਲ ਨੇ ਮੁਸ਼ਕਿਲ ਦੌਰ ਵਿੱਚ ਵੀ ਪੰਜਾਬ ਦੇ ਹਿੱਤਾਂ ਤੋਂ ਪਿੱਛੇ ਹਟਣ ਦੀ ਬਜਾਏ ਸੰਘਰਸ਼ ਜਾਰੀ ਰੱਖਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹਮੇਸ਼ਾ ਅਮਨ, ਭਾਈਚਾਰਕ ਸਾਂਝ ਅਤੇ ਵਿਕਾਸ ਨੂੰ ਤਰਜੀਹ ਦਿੱਤੀ ਹੈ ਅਤੇ ਅੱਜ ਵੀ ਪੰਜਾਬ ਨੂੰ ਅਜਿਹੀ ਹੀ ਸਿਆਸਤ ਦੀ ਲੋੜ ਹੈ, ਜੋ ਲੋਕਾਂ ਨੂੰ ਵੰਡਣ ਦੀ ਬਜਾਏ ਇਕਜੁੱਟ ਕਰੇ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਪੰਜਾਬ ਦੀਆਂ ਧਾਰਮਿਕ ਸੰਸਥਾਵਾਂ ਦੀ ਮਰਿਆਦਾ ਅਤੇ ਸੂਬੇ ਦੀ ਭਾਈਚਾਰਕ ਸਾਂਝ ਦੀ ਰਾਖੀ ਲਈ ਆਪਣੀ ਲੜਾਈ ਜਾਰੀ ਰੱਖੇਗਾ। ਇਸ ਰੈਲੀ ਵਿੱਚ ਲੋਕਾਂ ਨੇ ਆਪ ਮੁਹਾਰੇ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਹਰਪ੍ਰੀਤ ਸਿੰਘ ਕੋਟਭਾਈ, ਪਰਮਿੰਦਰ ਸਿੰਘ ਕੋਲਿਆਂਵਾਲੀ, ਲਵਪ੍ਰੀਤ ਸਿੰਘ, ਲੱਪੀ ਈਨਾਂਖੇੜਾ, ਚੇਅਰਮੈਨ ਬਸੰਤ ਸਿੰਘ ਕੰਗ, ਅਮਰੀਕ ਸਿੰਘ ਕਲਸੀ, ਕੌਂਸਲਰ ਕੇਵਲ ਅਰੋੜਾ, ਪ੍ਰੀਤ ਰਾਜਪਾਲ ਅਤੇ ਅਸ਼ੋਕ ਬਜਾਜ ਆਦਿ ਆਗੂ ਹਾਜ਼ਰ ਸਨ।

### ਇਤਿਹਾਸ ਦੇ ਕਟਹਿਰੇ ਵਿੱਚ ਸਿੱਖ ਹਸਤੀ ਅਤੇ ਸੰਵਿਧਾਨਕ ਸੱਚ

ਕਿਸੇ ਵੀ ਕੌਮ ਦੀ ਹੋਂਦ-ਹਸਤੀ ਦੀ ਲੜਾਈ ਕੇਵਲ ਜੰਗ ਦੇ ਮੈਦਾਨਾਂ ਵਿੱਚ ਹੀ ਨਹੀਂ, ਸਗੋਂ ਆਉਣ ਵਾਲੀਆਂ ਨਸਲਾਂ ਦੇ ਕਾਨੂੰਨੀ ਅਤੇ ਸੰਵਿਧਾਨਕ ਦਸਤਾਵੇਜ਼ਾਂ ਦੇ ਪੰਨਿਆਂ ਵਿੱਚ ਵੀ ਲੜੀ ਜਾਂਦੀ ਹੈ। ਸੰਨ 1951 ਦਾ ਹਿੰਦੂ ਕੋਡ ਬਿੱਲ ਅਤੇ ਭਾਰਤੀ ਸੰਵਿਧਾਨ ਦੀ ਧਾਰਾ 25 (ਵਿਆਖਿਆ 99) ਅਜਿਹੇ ਹੀ ਇਤਿਹਾਸਕ ਮੋੜ ਹਨ, ਜਿੱਥੇ ਆਜ਼ਾਦ ਭਾਰਤ ਦੇ ਨਵੇਂ ਨਿਜ਼ਾਮ ਨੇ ਸਿੱਖ ਕੌਮ ਦੀ ਨਿਆਰੀ ਅਤੇ ਪ੍ਰਭੂਸੱਤਾ-ਸੰਪੰਨ ਪਛਾਣ ਨੂੰ ਇੱਕ ਬਹੁ-ਗਿਣਤੀ ਦੇ ਕਾਨੂੰਨੀ ਘੇਰੇ ਅੰਦਰ ਜਜ਼ਬ ਕਰਨ ਦੀ ਪਹਿਲੀ ਵੱਡੀ ਸੰਵਿਧਾਨਕ ਕੋਸ਼ਿਸ਼ ਕੀਤੀ। ਇਹ ਖੋਜ ਪੱਤਰ ਕੇਵਲ ਇੱਕ ਸੁੱਕਾ-ਸੜਿਆ ਕਾਨੂੰਨੀ ਮਸਲਾ ਨਹੀਂ, ਸਗੋਂ ਇਹ ਸਿੱਖ ਇਤਿਹਾਸ ਦੇ ਉਸ ਅਣਗੌਲੇ ਪਰ ਬੇਹੱਦ ਨਾਜ਼ੁਕ ਅਧਿਆਇ ਦਾ ਜੀਵੰਤ ਦਸਤਾਵੇਜ਼ ਹੈ, ਜਿੱਥੇ ਇੱਕ ਪਾਸੇ ਰਾਸ਼ਟਰੀ ਏਕੀਕਰਨ ਦੇ ਨਾਂ ਹੇਠ ਕੇਂਦਰੀ ਕਾਨੂੰਨੀ ਇਕਸਾਰਤਾ ਥੋਪਣ ਵਾਲੇ ਡਾ. ਬੀ. ਆਰ. ਅੰਬੇਦਕਰ ਖੜ੍ਹੇ ਸਨ ਅਤੇ ਦੂਜੇ ਪਾਸੇ ਪੰਜਾਬ ਦੇ ਪਿੰਡਾਂ ਦੀ ਰੂਹ ਵਿੱਚੋਂ ਉਪਜੇ ਸਦੀਵੀ 'ਰਵਾਇਤੀ ਕਾਨੂੰਨ' (Customary Law) ਅਤੇ ਗੁਰੂ ਸਾਹਿਬਾਨ ਦੁਆਰਾ ਬਖਸ਼ੀ ਵਿਲੱਖਣ ਸਿੱਖ ਹਸਤੀ ਦੀ ਰਾਖੀ ਲਈ ਸੰਸਦ ਵਿੱਚ ਹਿੱਕ ਡਾਹ ਕੇ ਖੜ੍ਹੇ ਸਰਦਾਰ ਹੁਕਮ ਸਿੰਘ ਅਤੇ ਸਰਦਾਰ ਭੁਪਿੰਦਰ ਸਿੰਘ ਮਾਨ ਵਰਗੇ ਦੂਰਅੰਦੇਸ਼ ਸਿੱਖ ਪ੍ਰਤੀਨਿਧ ਸਨ। ਆਪਣੇ ਹੱਕਾਂ ਅਤੇ ਇਤਿਹਾਸ ਤੋਂ ਬੇਖ਼ਬਰ ਕੌਮਾਂ ਅਕਸਰ ਕਾਨੂੰਨ ਦੇ ਅਦਿੱਖ ਜਾਲ ਵਿੱਚ ਉਲਝ ਕੇ ਆਪਣਾ ਵਜੂਦ ਗੁਆ ਬੈਠਦੀਆਂ ਹਨ। ਕੈਲੀਫੋਰਨੀਆ ਤੋਂ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਅਵਾਜ਼ ਡਾ. ਗੁਰਿੰਦਰ ਸਿੰਘ ਗਰੇਵਾਲ ਜੀ ਦਾ ਇਹ ਬੇਹੱਦ ਬਾਰੀਕੀ ਨਾਲ ਲਿਖਿਆ ਲੇਖ ਬਸਤੀਵਾਦੀ ਅਦਾਲਤਾਂ ਦੀਆਂ ਗਲਤ ਮਿਸਾਲਾਂ ਅਤੇ ਆਜ਼ਾਦ ਭਾਰਤ ਦੇ ਕਾਨੂੰਨ ਨਿਰਮਾਤਾਵਾਂ ਦੀ ਸੌੜੀ ਸੋਚ ਦਾ ਪਰਦਾਫਾਸ਼ ਕਰਦਾ ਹੈ। ਇਹ ਲੇਖ ਸਾਡੇ ਪਾਠਕਾਂ ਦੇ ਸਾਹਮਣੇ ਇਹ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਸਿੱਖਾਂ ਨੂੰ ਸੰਵਿਧਾਨਕ ਤੌਰ 'ਤੇ ਹਿੰਦੂ ਸ਼੍ਰੇਣੀ ਵਿੱਚ ਸ਼ਾਮਲ ਕਰਨਾ ਕੇਵਲ ਇੱਕ ਪ੍ਰਸ਼ਾਸਨਿਕ ਸਹੂਲਤ ਸੀ ਜਾਂ ਫਿਰ ਇਹ ਗੁਰੂ ਨਾਨਕ ਸਾਹਿਬ ਦੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦੇ ਸਿਧਾਂਤ 'ਤੇ ਇੱਕ ਗੁਪਤ ਵਾਰ—ਇੱਕ 'ਸੰਵਿਧਾਨਕ ਨਸਲਕੁਸ਼ੀ' ਸੀ ? ਆਓ, ਇਤਿਹਾਸ ਦੀ ਇਸ ਕਾਨੂੰਨੀ ਪੈੜ ਦਾ ਖੁਰਾ ਨੱਪੀਏ, ਇਸ ਸੰਘਰਸ਼ ਦੀ ਗੰਭੀਰਤਾ ਨੂੰ ਸਮਝੀਏ ਅਤੇ ਆਪਣੀ ਅਗਲੀ ਪੀੜ੍ਹੀ ਨੂੰ ਆਪਣੀ ਨਿਆਰੀ ਹਸਤੀ ਦੇ ਸੰਵਿਧਾਨਕ ਸੱਚ ਤੋਂ ਜਾਣੂ ਕਰਵਾਈਏ। ---ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

# ਬੀ.ਆਰ. ਅੰਬੇਦਕਰ ਅਤੇ ਸਿੱਖ ਪ੍ਰਤੀਨਿਧ

## 1951 ਦੇ ਹਿੰਦੂ ਕੋਡ ਬਿੱਲ 'ਤੇ ਸੰਸਦੀ ਬਹਿਸਾਂ

### ਸ. ਹੁਕਮ ਸਿੰਘ ਅਤੇ ਸ. ਭੂਪਿੰਦਰ ਸਿੰਘ ਮਾਨ ਵੱਲੋਂ ਸਿੱਖ ਹਸਤੀ (ਪਛਾਣ) ਦੀ ਰਾਖੀ ਲਈ ਦਿੱਤੀਆਂ ਦਲੀਲਾਂ ਦਾ ਇੱਕ ਕਾਨੂੰਨੀ ਅਤੇ ਇਤਿਹਾਸਕ ਵਿਸ਼ਲੇਸ਼ਣ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

2. ਅਦਾਲਤੀ ਮਿਸਾਲਾਂ ਦੀ ਮਾਨਤਾ (The Authority of Judicial Precedent): ਅੰਬੇਦਕਰ ਨੇ ਲਗਭਗ 120 ਸਾਲ ਪੁਰਾਣੀਆਂ ਬਸਤੀਵਾਦੀ ਅਦਾਲਤੀ ਮਿਸਾਲਾਂ 'ਤੇ ਬਹੁਤ ਜ਼ਿਆਦਾ ਭਰੋਸਾ ਕੀਤਾ। ਉਨ੍ਹਾਂ ਨੇ ਪ੍ਰਿਵੀ ਕੌਂਸਲ ਦੇ ਫੈਸਲਿਆਂ ਦਾ ਹਵਾਲਾ ਦਿੱਤਾ ਜੋ ਸਿੱਖਾਂ ਨੂੰ ਦੀਵਾਨੀ ਉਦੇਸ਼ਾਂ ਲਈ ਹਿੰਦੂ ਕਾਨੂੰਨ ਦੇ ਅਧੀਨ ਮੰਨਦੇ ਸਨ ਜਦੋਂ ਤੱਕ ਕਿ ਕੋਈ ਵੱਖਰਾ ਰੀਤੀ-ਰਿਵਾਜ ਸਾਬਤ ਨਾ ਹੋਇਆ ਹੋਵੇ। ਇਸ ਤਰਕ ਨੂੰ ਮਜ਼ਬੂਤ ਕਰਨ ਲਈ, ਉਨ੍ਹਾਂ ਨੇ ਸਾਂਝੇ-ਕਾਨੂੰਨ ਦੇ ਸਿਧਾਂਤ ਸਟੇਅਰ ਡੀਸਾਈਸਿਸ ਦਾ ਸਹਾਰਾ ਲਿਆ ਅਤੇ ਦਲੀਲ ਦਿੱਤੀ ਕਿ ਲੰਬੇ ਸਮੇਂ ਤੋਂ ਸਥਾਪਿਤ ਅਦਾਲਤੀ ਫੈਸਲਿਆਂ ਨੂੰ ਆਮ ਤੌਰ 'ਤੇ ਬਦਲਿਆ ਨਹੀਂ ਜਾਣਾ ਚਾਹੀਦਾ ਕਿਉਂਕਿ ਸਮਾਜ ਨੇ ਉਨ੍ਹਾਂ ਦੇ ਆਲੇ-ਦੁਆਲੇ ਖੁਦ ਨੂੰ ਸੰਗਠਿਤ ਕੀਤਾ ਹੋਇਆ ਹੈ। ਭਾਵੇਂ ਕਿਸੇ ਪੁਰਾਣੇ ਫੈਸਲੇ ਦੀ ਆਲੋਚਨਾ ਕੀਤੀ ਜਾ ਸਕਦੀ ਹੈ, ਪਰ ਕਾਨੂੰਨੀ ਨਿਸ਼ਚਤਤਾ ਲਈ ਨਿਰੰਤਰਤਾ ਦੀ ਲੋੜ ਹੁੰਦੀ ਹੈ ਨਾ ਕਿ ਲਗਾਤਾਰ ਸੋਧਾਂ ਦੀ।

3. ਕੋਈ ਸੂਬਾਈ ਛੋਟ ਨਹੀਂ (No Provincial Exceptions): ਅੰਬੇਦਕਰ ਨੇ ਉਨ੍ਹਾਂ ਸੁਝਾਵਾਂ ਨੂੰ ਰੱਦ ਕਰ ਦਿੱਤਾ ਕਿ ਪੰਜਾਬ ਜਾਂ ਪੈਪਸੂ ਨੂੰ ਵੱਖਰਾ ਸਲੂਕ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਐਲਾਨ ਕੀਤਾ ਕਿ ਹਿੰਦੂ ਕੋਡ ਪੂਰੇ ਭਾਰਤ ਵਿੱਚ ਇਕਸਾਰ ਰੂਪ ਵਿੱਚ ਲਾਗੂ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਨਜ਼ਰੀਏ ਤੋਂ, ਸੂਬਿਆਂ ਜਾਂ ਭਾਈਚਾਰਿਆਂ ਨੂੰ ਇਸ ਤੋਂ ਬਾਹਰ ਰਹਿਣ ਦੀ ਇਜਾਜ਼ਤ ਦੇਣਾ ਇੱਕ ਇਕਸਾਰ ਰਾਸ਼ਟਰੀ ਕਾਨੂੰਨੀ ਪ੍ਰਣਾਲੀ ਦੇ ਉਦੇਸ਼ ਨੂੰ ਕਮਜ਼ੋਰ ਕਰੇਗਾ। ਉਨ੍ਹਾਂ ਦਾ ਮੰਨਣਾ ਸੀ ਕਿ ਇਹ ਕੋਡ ਜਾਂ ਤਾਂ ਪੂਰੀ ਤਰ੍ਹਾਂ ਲਾਗੂ ਹੋਣਾ ਚਾਹੀਦਾ ਹੈ ਜਾਂ ਬਿਲਕੁਲ ਵੀ ਲਾਗੂ ਨਹੀਂ ਹੋਣਾ ਚਾਹੀਦਾ।

4. ਰਾਸ਼ਟਰੀ ਏਕੀਕਰਨ (National Integration): ਅੰਬੇਦਕਰ ਨੇ ਉਸ ਚੀਜ਼ ਨੂੰ ਵੀ ਚੁਣੌਤੀ ਦਿੱਤੀ ਜਿਸ ਨੂੰ ਉਹ ਫਿਰਕੂ ਅੰਤਰਾਂ 'ਤੇ ਬਹੁਤ ਜ਼ਿਆਦਾ ਜ਼ੋਰ ਦੇਣ ਵਜੋਂ ਦੇਖਦੇ ਸਨ। ਉਨ੍ਹਾਂ ਨੇ ਸੰਸਦ ਨੂੰ ਅਪੀਲ ਕੀਤੀ ਕਿ ਉਹ ਵੱਖਰੀਆਂ ਪਛਾਣਾਂ ਨੂੰ ਕਾਇਮ ਰੱਖਣ ਦੀ ਬਜਾਏ ਕਾਨੂੰਨੀ ਏਕਤਾ ਨੂੰ ਉਤਸ਼ਾਹਿਤ ਕਰੇ। ਉਨ੍ਹਾਂ ਦੀ ਚਿੰਤਾ ਇਹ ਸੀ ਕਿ ਵੱਖਰੇਵੇਂ 'ਤੇ ਲਗਾਤਾਰ ਜ਼ੋਰ ਦੇਣਾ ਗਣਰਾਜ ਦੇ ਸ਼ੁਰੂਆਤੀ ਸਾਲਾਂ ਦੌਰਾਨ ਰਾਸ਼ਟਰੀ ਏਕੀਕਰਨ ਨੂੰ ਕਮਜ਼ੋਰ ਕਰੇਗਾ। ਇਸ ਅਨੁਸਾਰ, ਉਨ੍ਹਾਂ ਨੇ ਦਲੀਲ ਦਿੱਤੀ ਕਿ ਗੈਰ-ਮੁਸਲਿਮ ਭਾਈਚਾਰਿਆਂ ਨੂੰ ਇਤਿਹਾਸਕ ਵੰਡਾਂ 'ਤੇ ਜ਼ੋਰ ਦੇਣ ਦੀ ਬਜਾਏ ਸਾਂਝੀਆਂ ਕਾਨੂੰਨੀ ਸੰਸਥਾਵਾਂ ਦੀ ਭਾਲ ਕਰਨੀ ਚਾਹੀਦੀ ਹੈ।




ਸਿੱਖ ਪ੍ਰਤੀਨਿਧੀਆਂ ਦਾ ਖੰਡਨ (The Sikh Representatives' Rebuttal)

ਸਰਦਾਰ ਹੁਕਮ ਸਿੰਘ ਅਤੇ ਸਰਦਾਰ ਭੂਪਿੰਦਰ ਸਿੰਘ ਮਾਨ ਨੇ ਲਗਭਗ ਹਰ ਪੜਾਅ 'ਤੇ ਅੰਬੇਦਕਰ ਦੇ ਵਿਸ਼ਲੇਸ਼ਣ ਨੂੰ ਰੱਦ ਕਰ ਦਿੱਤਾ। ਉਨ੍ਹਾਂ ਨੇ ਦਲੀਲ ਦਿੱਤੀ ਕਿ ਉਨ੍ਹਾਂ ਦੇ ਨਤੀਜੇ ਗਲਤ ਇਤਿਹਾਸਕ ਧਾਰਨਾਵਾਂ, ਸੀਮਤ ਲਾਗੂ ਹੋਣ ਵਾਲੀਆਂ ਬਸਤੀਵਾਦੀ ਮਿਸਾਲਾਂ ਅਤੇ ਪੰਜਾਬ ਦੀਆਂ ਕਾਨੂੰਨੀ ਪਰੰਪਰਾਵਾਂ ਦੀ ਨਾਕਾਫ਼ੀ ਸਮਝ 'ਤੇ ਅਧਾਰਤ ਸਨ।

ਕਾਨੂੰਨੀ ਵਰਗੀਕਰਨ ਬਨਾਮ ਧਾਰਮਿਕ ਪਛਾਣ: ਸਿੱਖ ਨੁਮਾਇੰਦਿਆਂ ਨੇ ਜ਼ੋਰ ਦਿੱਤਾ ਕਿ ਮੁੱਖ ਮੁੱਦਾ ਪ੍ਰਸ਼ਾਸਨਿਕ ਸਹੂਲਤ ਨਹੀਂ ਬਲਕਿ ਸੰਵਿਧਾਨਕ ਪਛਾਣ (identity) ਸੀ। ਪ੍ਰਸਤਾਵਿਤ ਹਿੰਦੂ ਕੋਡ ਬਿੱਲ ਦੀ ਧਾਰਾ 2 ਸਪੱਸ਼ਟ ਤੌਰ 'ਤੇ ਹਿੰਦੂਆਂ, ਸਿੱਖਾਂ, ਬੋਧੀਆਂ ਅਤੇ ਜੈਨੀਆਂ ਨੂੰ ਇੱਕ ਕਾਨੂੰਨੀ ਢਾਂਚੇ ਦੇ ਅਧੀਨ ਰੱਖਦੀ ਸੀ। ਉਨ੍ਹਾਂ ਲਈ, ਇਹ ਧਾਰਾ 25 ਦੀ ਵਿਆਖਿਆ 99 ਦੀ ਭਾਸ਼ਾ ਨਾਲ ਬਹੁਤ ਮਿਲਦੀ-ਜੁਲਦੀ ਸੀ ਅਤੇ ਇਸ ਲਈ ਉਸੇ ਸੰਵਿਧਾਨਕ ਚਿੰਤਾ ਨੂੰ ਹੋਰ ਮਜ਼ਬੂਤ ਕਰਦੀ ਸੀ। ਉਨ੍ਹਾਂ ਦਲੀਲ ਦਿੱਤੀ ਕਿ ਅਜਿਹਾ ਕਾਨੂੰਨੀ ਖਰੜਾ ਲਾਜ਼ਮੀ ਤੌਰ 'ਤੇ ਪ੍ਰਤੀਕਾਤਮਕ ਨਤੀਜੇ ਲੈ ਕੇ ਆਉਂਦਾ ਹੈ ਕਿਉਂਕਿ ਇਹ ਵੱਖ-ਵੱਖ ਧਾਰਮਿਕ ਭਾਈਚਾਰਿਆਂ ਨੂੰ ਇੱਕ ਸਾਂਝੇ ਕਾਨੂੰਨੀ ਲੇਬਲ ਦੇ ਅਧੀਨ ਰੱਖਦਾ ਹੈ। ਹੁਕਮ ਸਿੰਘ ਦੇ ਅਨੁਸਾਰ, ਕਈ ਸਿੱਖਾਂ ਨੂੰ ਡਰ ਸੀ ਕਿ ਇਹ ਸਿੱਖ ਭਾਈਚਾਰੇ ਨੂੰ ਆਪਣੇ ਅੰਦਰ ਜਜ਼ਬ (absorb) ਕਰਨ ਅਤੇ ਇਸ ਦੀਆਂ ਵੱਖਰੀਆਂ ਪਰੰਪਰਾਵਾਂ ਅਤੇ ਸੱਭਿਆਚਾਰ ਨੂੰ ਹੌਲੀ-ਹੌਲੀ ਮਿਟਾਉਣ ਦੀ ਕੋਸ਼ਿਸ਼ ਸੀ।

ਇਤਿਹਾਸਕ ਹਕੀਕਤ ਬਨਾਮ ਬਸਤੀਵਾਦੀ ਵਰਗੀਕਰਨ: ਭੂਪਿੰਦਰ ਸਿੰਘ ਮਾਨ ਨੇ ਉਨ੍ਹੀਵੀਂ ਸਦੀ ਦੇ ਅਦਾਲਤੀ ਫੈਸਲਿਆਂ 'ਤੇ ਅੰਬੇਦਕਰ ਦੇ ਭਰੋਸੇ ਨੂੰ ਰੱਦ ਕਰ ਦਿੱਤਾ। ਉਨ੍ਹਾਂ ਨੇ ਦਲੀਲ ਦਿੱਤੀ ਕਿ ਉਹ ਫੈਸਲੇ ਮੁੱਖ ਤੌਰ 'ਤੇ ਪੰਜਾਬ ਦੇ ਖੇਤੀਬਾੜੀ ਖੇਤਰ ਤੋਂ ਬਾਹਰ ਰਹਿਣ ਵਾਲੇ ਸ਼ਹਿਰੀ ਵਪਾਰਕ ਸਿੱਖਾਂ ਨਾਲ ਸਬੰਧਤ ਸਨ। ਸਿੱਖਾਂ ਦੀ ਵੱਡੀ ਬਹੁਗਿਣਤੀ ਕਦੇ ਵੀ ਬ੍ਰਾਹਮਣਵਾਦੀ ਹਿੰਦੂ ਕਾਨੂੰਨ ਦੇ ਅਧੀਨ ਨਹੀਂ ਰਹੀ ਸੀ। ਇਸ ਦੀ ਬਜਾਏ, ਉਹ ਪੰਜਾਬ ਦੇ ਰਵਾਇਤੀ ਕਾਨੂੰਨ (Punjab Customary Law) ਦੇ ਅਧੀਨ ਰਹਿੰਦੇ ਸਨ—ਜੋ ਕਿ ਪੰਜਾਬ ਕਾਨੂੰਨ ਐਕਟ ਦੇ ਅਧੀਨ ਰਸਮੀ ਤੌਰ 'ਤੇ ਮਾਨਤਾ ਪ੍ਰਾਪਤ ਇੱਕ ਨਿਰਪੱਖ ਕਾਨੂੰਨੀ ਪ੍ਰਣਾਲੀ ਸੀ। ਨਤੀਜੇ ਵਜੋਂ, ਉਨ੍ਹਾਂ ਨੇ ਅੰਬੇਦਕਰ ਦੀ ਇਤਿਹਾਸਕ ਨੀਂਹ ਨੂੰ ਅਧੂਰਾ ਮੰਨਿਆ ਕਿਉਂਕਿ ਇਸ ਨੇ ਮੁੱਖ ਸਿੱਖ ਆਬਾਦੀ ਦੇ ਕਾਨੂੰਨੀ ਤਜ਼ਰਬੇ ਦੀ ਬਜਾਏ ਅਪਵਾਦ ਵਾਲੀਆਂ ਸਥਿਤੀਆਂ ਦਾ ਸਮਾਨੀਕਰਨ (generalization) ਕੀਤਾ ਸੀ।

ਸਲਾਹ-ਮਸ਼ਵਰਾ ਅਤੇ ਪ੍ਰਤੀਨਿਧਤਾ: ਸਿੱਖ ਮੈਂਬਰਾਂ ਨੇ ਅੰਬੇਦਕਰ ਦੇ ਇਸ ਦਾਅਵੇ ਦਾ ਵੀ ਖੰਡਨ ਕੀਤਾ ਕਿ ਲੋੜੀਂਦਾ ਸਲਾਹ-ਮਸ਼ਵਰਾ ਕੀਤਾ ਗਿਆ ਸੀ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ:

- ਅਸਲ ਸਿਲੈਕਟ ਕਮੇਟੀ ਵਿੱਚ ਕੋਈ ਵੀ ਸਿੱਖ ਮੈਂਬਰ ਸ਼ਾਮਲ ਨਹੀਂ ਸੀ;
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਸਮੀ ਤੌਰ 'ਤੇ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ ਸੀ;
- ਅਤੇ ਕਿਸੇ ਵੀ ਪ੍ਰਤੀਨਿਧ ਸਿੱਖ ਸੰਸਥਾ ਨੇ ਇਸ ਬਿੱਲ ਦਾ ਸਮਰਥਨ ਨਹੀਂ ਕੀਤਾ ਸੀ।

ਭੂਪਿੰਦਰ ਸਿੰਘ ਮਾਨ ਨੇ ਸਰਕਾਰ ਨੂੰ ਚੁਣੌਤੀ ਦਿੱਤੀ ਕਿ ਉਹ ਸੰਸਦ ਦੇ ਇੱਕ ਵੀ ਅਜਿਹੇ ਸਿੱਖ ਮੈਂਬਰ ਦੀ ਪਛਾਣ ਕਰੇ ਜਿਸ ਨੇ ਇਸ ਕਾਨੂੰਨ ਦਾ ਪੂਰੀ ਤਰ੍ਹਾਂ ਸਮਰਥਨ ਕੀਤਾ ਹੋਵੇ। ਲੇਖ ਦੇ ਅਨੁਸਾਰ, ਸਰਕਾਰ ਅਜਿਹੀ ਕੋਈ ਮਿਸਾਲ ਪੇਸ਼ ਕਰਨ ਵਿੱਚ ਅਸਮਰੱਥ ਰਹੀ।

(ਚਲਦਾ)

# ਉਦਯੋਗਿਕ ਵਿਵਾਦ ਤੇ ਹੱਕ



ਉਦਯੋਗ ਦੀ ਪਰਿਭਾਸ਼ਾ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਭਾਰਤ ਦੇ ਕਿਰਤ ਕਾਨੂੰਨਾਂ ਵਿੱਚ ਇੱਕ ਇਤਿਹਾਸਕ ਮੋੜ ਹੈ। ਨੌਂ ਜੱਜਾਂ ਦੇ ਇੱਕ ਸੰਵਿਧਾਨਕ ਬੈਂਚ ਨੇ ਇਹ ਫ਼ੈਸਲਾ ਸੁਣਾਇਆ ਹੈ ਕਿ ਸਾਲ 1978 ਦੇ 'ਬੰਗਲੂਰੂ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਬਨਾਮ ਆਰ. ਰਾਜੱਪਾ' ਕੇਸ ਵਿੱਚ ਦਿੱਤੀ ਗਈ ਵਿਆਪਕ ਵਿਆਖਿਆ, 'ਉਦਯੋਗਿਕ ਸਬੰਧ ਕੋਡ (ਆਈ ਆਰ ਸੀ) 2020' ਤਹਿਤ ਆਉਣ ਵਾਲੇ ਨਵੇਂ ਵਿਵਾਦਾਂ 'ਤੇ ਲਾਗੂ ਨਹੀਂ ਹੋਵੇਗੀ। ਇਸ ਫ਼ੈਸਲੇ ਨੇ ਨਵੇਂ ਕਿਰਤ ਕਾਨੂੰਨ ਨੂੰ ਉਸ ਪੁਰਾਣੇ ਫ਼ੈਸਲੇ ਤੋਂ ਅੱਡ ਕਰ ਦਿੱਤਾ ਹੈ, ਜਿਸ ਨੇ ਤਕਰੀਬਨ ਅੱਧੀ ਸਦੀ ਤੱਕ ਉਦਯੋਗਿਕ ਨਿਆਂਇਕ ਪ੍ਰਣਾਲੀ ਨੂੰ ਸਰੂਪ ਬਖ਼ਸ਼ਿਆ ਸੀ। ਇਸ 48 ਸਾਲ ਪੁਰਾਣੇ ਫ਼ੈਸਲੇ ਨੇ 'ਉਦਯੋਗ' ਸ਼ਬਦ ਨੂੰ ਇੱਕ ਵਿਆਪਕ ਅਰਥ ਦਿੱਤਾ ਸੀ, ਜਿਸ ਨੂੰ ਮਜ਼ਦੂਰ-ਪੱਖੀ ਮੰਨਿਆ ਜਾਂਦਾ ਸੀ। ਇਸ ਦੇ 'ਟ੍ਰਿਪਲ ਟੈਸਟ' (ਤਿੰਨ ਸ਼ਰਤਾਂ ਵਾਲੇ ਮਾਪਦੰਡ) ਵਿੱਚ ਉਹ ਸਾਰੀਆਂ ਵਿਵਸਥਿਤ ਗਤੀਵਿਧੀਆਂ ਸ਼ਾਮਿਲ ਸਨ, ਜਿਨ੍ਹਾਂ ਵਿੱਚ ਮਾਲਕ ਅਤੇ ਕਰਮਚਾਰੀ ਮਿਲ ਕੇ ਵਸਤਾਂ ਤੇ ਸੇਵਾਵਾਂ ਦਾ ਉਤਪਾਦਨ ਜਾਂ ਵੰਡ ਕਰਦੇ ਹਨ, ਭਾਵੇਂ ਉਸ ਵਿੱਚ ਮੁਨਾਫ਼ਾ ਕਮਾਉਣ ਦਾ ਉਦੇਸ਼ ਹੋਵੇ ਜਾਂ ਨਾ। ਇਸ ਦੇ ਨਤੀਜੇ ਵਜੋਂ ਹਸਪਤਾਲਾਂ, ਵਿੱਦਿਅਕ ਅਦਾਰਿਆਂ, ਕਲੱਬਾਂ ਅਤੇ ਸਰਕਾਰੀ ਭਲਾਈ ਸੰਸਥਾਵਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀ ਵੀ 'ਉਦਯੋਗਿਕ ਵਿਵਾਦ ਐਕਟ, 1947' ਤਹਿਤ ਸੁਰੱਖਿਆ ਦੀ ਮੰਗ ਕਰ ਸਕਦੇ ਸਨ।

ਨਵਾਂ ਫ਼ੈਸਲਾ ਉਸ ਪੁਰਾਣੇ ਇਤਿਹਾਸ ਨੂੰ ਖ਼ਤਮ ਨਹੀਂ ਕਰਦਾ। ਅਦਾਲਤ ਨੇ ਪੁਰਾਣੇ ਰੱਦ ਕੀਤੇ ਗਏ 1947 ਦੇ ਐਕਟ (ਅਤੇ ਵਿਚਾਰ ਅਧੀਨ ਚੱਲ ਰਹੇ ਮਾਮਲਿਆਂ) ਤਹਿਤ ਆਉਣ ਵਾਲੇ ਵਿਵਾਦਾਂ ਲਈ 'ਟ੍ਰਿਪਲ ਟੈਸਟ' ਦੇ ਮੂਲ ਆਧਾਰ ਨੂੰ ਬਰਕਰਾਰ ਰੱਖਿਆ ਹੈ। ਹਾਲਾਂਕਿ, ਇਸ ਨੇ ਇਸ ਟੈਸਟ ਦੇ ਕੁਝ ਪਹਿਲੂਆਂ ਨੂੰ ਹੋਰ ਸਪੱਸ਼ਟ ਕੀਤਾ ਹੈ ਅਤੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ 1978 ਦਾ ਫ਼ੈਸਲਾ 'ਆਈ ਆਰ ਸੀ' ਦੀ ਧਾਰਾ 2(ਪੀ) ਤਹਿਤ 'ਉਦਯੋਗ' ਦੀ ਪਰਿਭਾਸ਼ਾ ਨੂੰ ਕੰਟਰੋਲ ਕਰਨ ਵਾਲੀ ਮੁੱਖ ਵਿਆਖਿਆ ਵਜੋਂ ਵਰਤਿਆ ਨਹੀਂ ਜਾ ਸਕਦਾ। ਇਸ ਲਈ ਭਵਿੱਖ ਦੇ ਕੇਸਾਂ ਦਾ ਫ਼ੈਸਲਾ ਨਵੇਂ ਕਾਨੂੰਨ ਦੇ 'ਸ਼ਬਦਾਂ ਅਤੇ ਸੰਦਰਭ' ਦੇ ਆਧਾਰ 'ਤੇ ਹੀ ਕੀਤਾ ਜਾਵੇਗਾ।

ਇਹ ਫ਼ੈਸਲਾ ਅਦਾਲਤਾਂ ਅਤੇ ਮਾਲਕਾਂ ਨੂੰ ਇੱਕ ਨਵਾਂ ਕਾਨੂੰਨੀ ਢਾਂਚਾ ਪ੍ਰਦਾਨ ਕਰਦਾ ਹੈ। ਇਸ ਦੇ ਨਾਲ ਹੀ ਇਹ ਪੁਰਾਣੇ ਕਾਨੂੰਨ ਤਹਿਤ ਪੈਦਾ ਹੋਏ ਵਿਵਾਦਾਂ ਵਿੱਚ ਮੌਜੂਦ ਉਮੀਦਾਂ ਨੂੰ ਵੀ ਬਰਕਰਾਰ ਰੱਖਦਾ ਹੈ। ਜਦੋਂ ਤੱਕ ਅਦਾਲਤਾਂ 'ਆਈ ਆਰ ਸੀ' ਤਹਿਤ ਫ਼ੈਸਲਿਆਂ ਦਾ ਕੋਈ ਸਿਲਸਿਲਾ ਤੈਅ ਨਹੀਂ ਕਰ ਲੈਂਦੀਆਂ, ਉਦੋਂ ਤੱਕ ਇਸ ਬਦਲਾਅ ਕਾਰਨ ਕੁਝ ਅਨਿਸ਼ਚਿਤਤਾ ਵੀ ਪੈਦਾ ਹੋ ਸਕਦੀ ਹੈ। ਜਸਟਿਸ ਬੀ ਵੀ ਨਗਰਤਨਾ ਦਾ ਵੱਖਰਾ ਨਜ਼ਰੀਆ ਇੱਕ ਅਹਿਮ ਮੁੱਦਾ ਉਠਾਉਂਦਾ ਹੈ ਕਿ ਕਾਨੂੰਨੀ ਸਪੱਸ਼ਟਤਾ ਆਪਣੇ ਆਪ ਵਿੱਚ ਉਦਯੋਗਿਕ ਸ਼ਾਂਤੀ ਦਾ ਇੱਕ ਜ਼ਰੂਰੀ ਹਿੱਸਾ ਹੈ। ਕਾਨੂੰਨ ਬਦਲਣ ਨਾਲ ਕਿਰਤ ਸੁਰੱਖਿਆ ਘਟਣੀ ਨਹੀਂ ਚਾਹੀਦੀ। ਮਾਲਕਾਂ ਅਤੇ ਕਾਮਿਆਂ ਦੋਵਾਂ ਨੂੰ ਆਪਣੇ ਬਣਦੇ ਹੱਕਾਂ ਬਾਰੇ ਪੂਰੀ ਸਪੱਸ਼ਟਤਾ ਨਾਲ ਪਤਾ ਹੋਣਾ ਚਾਹੀਦਾ ਹੈ। ਇਸ ਸਾਲ ਦੇ ਸ਼ੁਰੂ ਵਿੱਚ ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿੱਚ ਹੋਈ ਉਦਯੋਗਿਕ ਗੜਬੜੀ ਦੇ ਮੱਦੇਨਜ਼ਰ ਨਵੇਂ ਕਾਨੂੰਨੀ ਢਾਂਚੇ ਵਿੱਚ ਸਾਰਿਆਂ ਲਈ ਬਰਾਬਰੀ ਅਤੇ ਇਨਸਾਫ਼ ਵਾਲਾ ਮਾਹੌਲ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



### ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

**'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ**

(**ਲੜੀ**-14)

ਅੜੀਏ! ਕੋਈ ਮੰਗ ਵੀਰੇ ਤੋਂ ਵਧਾਈ।
ਬੜੀਆਂ ਵਧਾਈਆਂ ਘਰ ਰੱਖ ਭਾਬੋ,
ਮੈਂ ਡੋਰੀਆ ਲੈ ਜਾਣਾ।
ਅੜੀਏ! ਮੈਂ ਡੋਰੀਆ ਲੈ ਜਾਣਾ।
ਡੋਰੀਆ ਤਾਂ ਮੇਰਾ ਚੱਕੀ ਦਾ ਪਰੋਲ਼ਾ,
ਕੋਈ ਮੰਗ ਵੀਰੇ ਤੋਂ ਸੋਨਾ ਅੜੀਏ।
ਕੋਈ ਮੰਗ ਵੀਰੇ ਤੋਂ ਚਾਂਦੀ।
ਸੋਨਾ ਚਾਂਦੀ ਘਰ ਰੱਖ ਭਾਬੋ,
ਮੈਂ ਡੋਰੀਆ ਲੈ ਜਾਣਾ!
ਅੜੀਏ! ਮੈਂ ਡੋਰੀਆ ਲੈ ਜਾਣਾ।
ਆ ਮੇਰੀ ਨਣਦੇ, ਖਾ ਲਾ ਜਣਦੇ,
ਤੂੰ ਡੋਰੀਆ ਲੈ ਜਾਮੀਂ, ਅੜੀਏ!
ਤੂੰ ਡੋਰੀਆ ਲੈ ਜਾਮੀਂ।
ਡੋਰੀਆ ਤਾਂ ਤੇਰਾ ਚੱਕੀ ਦਾ ਪਰੋਲ਼ਾ,
ਮੇਰੇ ਜਣਦੇ ਗਾਲ਼ੀ ਕਿਉਂ ਦਿੱਤੀ ਭਾਬੋ।
ਮੇਰੇ ਜਣਦੇ ਗਾਲ਼ੀ ਕਿਉਂ ਦਿੱਤੀ।
ਭਾਈਆ ਘਾਹ ਖੁਤੇਂਦਿਆ,
ਕੋਈ ਨਣਦੇ ਜਾਂਦੀ ਦੇਖੀ।
ਅੜਿਆ! ਕੋਈ ਨਣਦੇ ਜਾਂਦੀ ਦੇਖੀ।
ਕਿਹੋ ਜਿਹੀ ਤੇਰੀ ਨਣਦੇ ਬੀਬੀ,
ਕਿਹੋ ਜਿਹਾ ਨਣਦੋਈਆ?
ਅੜੀਏ! ਕੋਈ ਕਿਹੋ ਜਿਹਾ ਨਣਦੋਈਆ?
ਕਾਲੀ ਪੀਲੀ ਨਣਦੇ ਮੇਰੀ,
ਕੋਈ ਕਾਨ੍ਹ ਜਿਹਾ ਨਣਦੋਈਆ!
ਭਾਈਆ! ਕੋਈ ਕਾਨ੍ਹ ਜਿਹਾ ਨਣਦੋਈਆ!
ਰੁੱਸੀ ਨਣਦੇ ਲੰਘ ਗਈ ਵੇ ਪੀਆ,
ਲੰਘ ਗਈ ਆ ਦਰਿਆ।
ਦਰਾਣੀਆਂ ਜਠਾਣੀਆਂ ਪੁੱਛਣ ਲੱਗੀਆਂ,
ਕੀ ਮਿਲ਼ੀ ਵਧਾਈ ਆ।
ਵੀਰ ਤਾਂ ਮੇਰਾ ਦੇਸਾਂ ਦਾ ਰਾਜਾ,
ਭਾਬੋ ਧੀ ਪਰਾਈ।
ਬਾਰੀਂ ਬਰਸੀਂ ਵੀਰਾ ਆਇਆ,
ਉਨ੍ਹੇਂ ਰੁੱਸੀ ਭੈਣ ਮਨਾਈ।
ਅੜੀਓ! ਉਨ੍ਹੇਂ ਰੁੱਸੀ ਭੈਣ ਮਨਾਈ।

*ਹੋਲਰ-ਨਵ ਜਨਮਿਆ ਬਾਲ

**ਨਣਦੇ ਭਰਜਾਈ ਦਾ ਜੋੜ**

ਹਾਂ ਨੀ! ਨਣਦੇ ਭਰਜਾਈ ਦਾ ਜੋੜ,
ਦੋਨੋਂ ਜਣੀਆਂ ਕੱਤਦੀਆਂ।
ਹਾਂ ਨੀ! ਕੱਤਦੀਆਂ ਕੱਤਦੀਆਂ ਬਹਿਸ ਪਈਆਂ।
ਭਾਬੋ! ਜੇ ਘਰ ਜਨਮੇਗਾ ਲਾਲ,
ਤਾਂ ਤੂੰ ਸਾਨੂੰ ਕੀ ਦੇਮੇਂਗੀ?
ਨਣਦੇ! ਜੇ ਘਰ ਜਨਮੇਗਾ ਲਾਲ,
ਹੱਥਾਂ ਦੇ ਕੰਙਣ ਮੈਂ ਦੇਮਾਂਗੀ।
ਹਾਂ ਨੀ! ਭਾਬੋ ਨੂੰ ਲੱਗੀਆਂ ਪੀੜਾਂ,
ਨਣਦਾਂ ਸਹੁਰੇ ਗਈਆਂ।
ਹਾਂ ਨੀ! ਭਾਬੋ ਨੂੰ ਜਨਮਿਆਂ ਲਾਲ,
ਨਣਦਾਂ ਆ ਨੀ ਗਈਆਂ।
ਭਾਬੋ ਦੇ-ਦੇ ਕੌਲ ਕਰਾਰ,
ਜਿਹੜੇ ਸਾਡੇ ਨਾਲ ਕੀਤੇ।
ਨਣਦੇ ਆਪਣੀ ਘੜਤ ਘੜਾ ਲਾ,
ਸੁੱਚੇ ਮੋਤੀ ਲਾ-ਲਾ।
ਆਪਣੀ ਬਾਹੀਂ ਪਾ ਲਾ,
ਮੈਂ ਇਹ ਕੰਙਣ ਨਾ ਦੇਵਾਂਗੀ।
ਹਾਂ ਨੀ! ਕਚਿਹਰੀਓਂ ਉੱਠ ਕੇ ਸਹੁਰਾ ਆਇਆ,
ਨੂੰਹੇਂ ਰੱਖ ਲਾ ਸਾਡੜੀ ਲਾਜ,
ਧੀਓ ਸਾਡੀ ਰੁੱਸ ਚੱਲੀ।
ਸਹੁਰਿਆ ਆਪਣੀ ਘੜਤ ਘੜਾ ਲਾ,
ਸੁੱਚੇ ਮੋਤੀ ਲਾ-ਲਾ।
ਧੀ ਦੀ ਬਾਹੀਂ ਪਾ ਲਾ,
ਮੈਂ ਇਹ ਕੰਙਣ ਨਾ ਦੇਵਾਂਗੀ।
ਹਾਂ ਨੀ! ਚੱਕੀਓਂ ਉੱਠ ਕੇ ਸੱਸ ਆਈ,
ਨੂੰਹੇਂ ਰੱਖ ਲਾ ਸਾਡੜੀ ਲਾਜ।
ਧੀਓ ਸਾਡੀ ਰੁੱਸ ਚੱਲੀ,
ਸੱਸੇ! ਆਪਣੀ ਘੜਤ ਘੜਾ ਲਾ।
ਸੁੱਚੇ ਮੋਤੀ ਲਾ-ਲਾ,
ਧੀ ਦੀ ਬਾਹੀਂ ਪਾ ਲਾ,
ਮੈਂ ਇਹ ਕੰਙਣ ਨਾ ਦੇਮਾਂਗੀ।
ਹਾਂ ਨੀ ਹਲ਼ ਛੱਡ ਕੇ ਜੇਠ ਆਇਆ,
ਭਾਬੋ ਰੱਖ ਲਾ ਸਾਡੜੀ ਲਾਜ।
ਭੈਣਾਂ ਸਾਡੀ ਰੁੱਸ ਚੱਲੀ,
ਜੇਠਾ ਆਪਣੀ ਘੜਤ ਘੜਾ ਲਾ।
ਸੁੱਚੇ ਮੋਤੀ ਲਾ-ਲਾ,
ਭੈਣ ਦੀ ਬਾਹੀਂ ਪਾ ਲਾ,
ਮੈਂ ਇਹ ਕੰਙਣ ਨਾ ਦੇਮਾਂਗੀ।
ਹਾਂ ਨੀ! ਚੌਂਕਿਓਂ ਉੱਠ ਕੇ ਜਠਾਣੀ ਆਈ।
ਦਰਾਣੀਏ ਰੱਖ ਲਾ ਸਾਡੜੀ ਲਾਜ,
ਨਣਦੇ ਸਾਡੀ ਰੁੱਸ ਚੱਲੀ।
ਜਠਾਣੀਏਂ ਆਪਣੀ ਘੜਤ ਘੜਾ ਲਾ,
ਸੁੱਚੇ ਮੋਤੀ ਲਾ-ਲਾ।
ਨਣਦ ਦੀ ਬਾਹੀਂ ਪਾ ਲਾ,
ਮੈਂ ਇਹ ਕੰਙਣ ਨਾ ਦੇਮਾਂਗੀ।
ਹਾਂ ਨੀ! ਦਫਤਰੋਂ ਉੱਠ ਕੇ ਕੌਂਤ ਆਇਆ,
ਨਾਜੋ ਰੱਖ ਲਾ ਸਾਡੜੀ ਲਾਜ।
ਭੈਣਾਂ ਸਾਡੀ ਰੁੱਸ ਚੱਲੀ,
ਕੌਂਤਾ! ਆਪਣੀ ਘੜਤ ਘੜਾ ਲਾ।
ਸੁੱਚੇ ਮੋਤੀ ਲਾ-ਲਾ,
ਭੈਣ ਦੀ ਬਾਹੀਂ ਪਾ ਲਾ।
ਮੈਂ ਇਹ ਕੰਙਣ ਨਾ ਦੇਮਾਂਗੀ।



**ਹਰਿਆ ਨੀ ਮਾਏਂ, ਹਰਿਆ ਨੀ ਭੈਣੇ!**

ਹਰਿਆ ਨੀ ਮਾਏਂ, ਹਰਿਆ ਨੀ ਭੈਣੇ!
ਹਰਿਆ ਤੇ ਭਾਗੀਂ ਭਰਿਆ।
ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆ,
ਸੋਈਓ ਦਿਹਾੜਾ ਭਾਗੀਂ ਭਰਿਆ।
ਜੰਮਦਾ ਤਾਂ ਹਰਿਆ ਪੱਟ ਲਪੇਟਿਆ,
ਕੁੱਛੜ ਦਿਓ ਨੀ ਇਨ੍ਹਾਂ ਮਾਈਆਂ।
ਨ੍ਹਾਤਾ ਤੇ ਧੋਤਾ ਹਰਿਆ ਪੱਟ ਲਪੇਟਿਆ,
ਕੁੱਛੜ ਦਿਓ ਨੀ ਇਨ੍ਹਾਂ ਭੈਣਾਂ।
ਕੀ ਕੁਛ ਮਿਲਿਆ ਦਾਈਆਂ ਤੇ ਮਾਈਆਂ,
ਕੀ ਕੁਛ ਮਿਲਿਆ ਸਕੀਆਂ ਭੈਣਾਂ।
ਪੰਜ ਰੁਪਈਏ ਇਨ੍ਹਾਂ ਦਾਈਆਂ ਤੇ ਮਾਈਆਂ,
ਪੱਟ ਦਾ ਤੇਵਰ ਸਕੀਆਂ ਭੈਣਾਂ।
ਪੁੱਛਦੀ ਪਛਾਂਦੀ ਮਾਲਣ ਗਲ਼ੀ 'ਚ ਆਈ,
ਸ਼ਾਦੀ ਵਾਲਾ ਘਰ ਕਿਹੜਾ?
ਉੱਤੇ ਤੰਬੂ, ਮਾਲਣ ਸਬਜ਼ ਕਨਾਤਾਂ,
ਸ਼ਾਦੀ ਵਾਲਾ ਘਰ ਇਹੋ।
ਆ ਮੇਰੀ ਮਾਲਣ, ਬੈਠ ਦਲੀਜੇ,
ਕਰ ਨੀ ਸਿਹਰੇ ਦਾ ਮੁੱਲ।
ਇਕ ਲੱਖ ਚੰਬਾ, ਦੋ ਲੱਖ ਮਰੂਆ,
ਤ੍ਰੈ ਲਖ ਸਿਹਰੇ ਦਾ ਮੁੱਲ।
ਲੈ ਮੇਰੀ, ਮਾਲਣ ਬੰਨ੍ਹ ਨੀ ਸਿਹਰਾ,
ਬੰਨ੍ਹ ਨੀ ਲਾਲ ਜੀ ਦੇ ਮੱਥੇ।
ਹਰਿਆ ਨੀ ਮਾਏਂ, ਹਰਿਆ ਨੀ ਭੈਣੇ!
ਹਰਿਆ ਤੇ ਭਾਗੀਂ ਭਰਿਆ।

(ਚਲਦਾ)

# ਨਿਸ਼ਚੈ ਕਰ ਅਪਨੀ ਜੀਤ ਕਰੋਂ

ਨਾਇਬ ਸਿੰਘ ਪੰਨੀਵਾਲੀਆ

ਸੰਸਾਰ ਪ੍ਰਸਿੱਧ ਰੂਸੀ ਨਾਵਲ 'ਅਸਲੀ ਇਨਸਾਨ ਦੀ ਕਹਾਣੀ' ਦਾ ਮੁੱਖ ਪਾਤਰ 'ਅਲੈਕਸੇਈ ਮਾਰੇਸੇਯੇਵ' ਦੂਸਰੀ ਸੰਸਾਰ ਜੰਗ ਸਮੇਂ ਜਰਮਨਾਂ ਵਿਰੁੱਧ ਇੱਕ ਹਵਾਈ ਹਮਲੇ ਵਿੱਚ ਜ਼ਖ਼ਮੀ ਹੋ ਜਾਂਦਾ ਹੈ ਤੇ ਆਪਣੇ ਦੋਵੇਂ ਪੈਰ ਗੁਆ ਬੈਠਦਾ ਹੈ। ਪਰ ਉਸਦੇ ਅੰਦਰ ਜਨੂੰਨ ਦੀ ਹੱਦ ਤੱਕ ਇਹ ਦ੍ਰਿੜ ਵਿਸ਼ਵਾਸ ਭਰਿਆ ਹੋਇਆ ਹੈ ਕਿ ਉਸ ਨੇ ਇੱਕ ਦਿਨ ਫਿਰ ਲੜਾਕੂ ਜਹਾਜ਼ ਉਡਾਉਣਾ ਹੈ ਤੇ ਅਖ਼ੀਰ ਉਹ ਆਪਣੇ ਦ੍ਰਿੜ ਨਿਸ਼ਚੈ ਤੇ ਸਖ਼ਤ ਮਿਹਨਤ ਦੇ ਸਹਾਰੇ ਆਪਣੇ ਰਾਹ 'ਚ ਆਉਣ ਵਾਲੀ ਹਰੇਕ ਰੁਕਾਵਟ ਨੂੰ ਪਾਰ ਕਰਦਾ ਹੋਇਆ ਨਕਲੀ ਪੈਰਾਂ ਸਹਾਰੇ ਆਪਣੀ ਮੰਜ਼ਿਲ ਸਰ ਕਰ ਲੈਂਦਾ ਹੈ। ਬਾਰ੍ਹਵੀਂ ਦਾ ਇਮਤਿਹਾਨ ਪਾਸ ਕਰਨ ਉਪਰੰਤ ਮੇਰੀ ਵੱਡੀ ਲੜਕੀ ਦਾ ਅਗਲਾ ਨਿਸ਼ਾਨਾ ਗ੍ਰੈਜੂਏਸ਼ਨ ਅਤੇ ਫਿਰ ਪੋਸਟ ਗ੍ਰੈਜੂਏਸ਼ਨ ਕਰਨਾ ਸੀ। ਉਸ ਨੇ ਗ੍ਰੈਜੂਏਸ਼ਨ ਵਿੱਚ ਦਾਖ਼ਲਾ ਵੀ ਲੈ ਲਿਆ ਸੀ। ਮਾਂ-ਬਾਪ ਹੋਣ ਦੇ ਨਾਤੇ ਸਾਡੀ ਤਰਜੀਹ ਕੁਝ ਹੋਰ ਸੀ। ਅਸੀਂ ਚਾਹੁੰਦੇ ਸਾਂ ਕਿ ਉਸ ਨੂੰ ਜਲਦੀ ਕੋਈ ਨੌਕਰੀ ਮਿਲ ਜਾਵੇ ਤੇ ਉਪਰੰਤ ਅਸੀਂ ਉਸਦੇ ਵਿਆਹ ਬਾਰੇ ਸੋਚੀਏ। ਉਨ੍ਹਾਂ ਸਮਿਆਂ 'ਚ ਈ ਟੀ ਟੀ ਦੀ ਟ?ਰੇਨਿੰਗ ਕਰ ਲੈਣ ਨੂੰ ਨੌਕਰੀ ਦੀ ਪੱਕੀ ਗਾਰੰਟੀ ਸਮਝਿਆ ਜਾਂਦਾ ਸੀ। ਸੰਯੋਗ ਵੱਸ ਉਨ੍ਹਾਂ ਦਿਨਾਂ ਵਿੱਚ ਹੀ ਈ ਟੀ ਟੀ ਦੇ ਨਵੇਂ ਸੈਸ਼ਨ ਲਈ ਪ੍ਰਵੇਸ਼ ਪ੍ਰੀਖਿਆ ਦੀਆਂ ਤਾਰੀਖ਼ਾਂ ਦਾ ਐਲਾਨ ਹੋ ਗਿਆ। ਸੋ, ਅਸੀਂ ਵੀ ਉਸ ਨੂੰ ਪ੍ਰਵੇਸ਼ ਪ੍ਰੀਖਿਆ ਦੇਣ ਲਈ ਪ੍ਰੇਰਿਤ ਕਰਨ ਲੱਗ ਪਏ। ਨਾ ਚਾਹੁੰਦਿਆਂ ਹੋਇਆਂ ਵੀ ਉਸ ਨੇ ਪ੍ਰਵੇਸ਼ ਪ੍ਰੀਖਿਆ ਵਿੱਚ ਬੈਠਣਾ ਪ੍ਰਵਾਨ ਕਰ ਲਿਆ ਤੇ ਵਧੀਆ ਮੈਰਿਟ ਨਾਲ ਪਾਸ ਵੀ ਹੋ ਗਈ। ਹੁਣ ਅਸੀਂ ਉਸ ਉੱਪਰ ਈ ਟੀ ਟੀ ਕਰਨ ਲਈ ਹੋਰ ਵੀ ਵਧੇਰੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਆਪਣੀਆਂ ਇੱਛਾਵਾਂ ਨੂੰ ਦਰ-ਕਿਨਾਰ ਕਰਦਿਆਂ ਉਸ ਨੇ ਇੱਕ ਆਗਿਆਕਾਰੀ ਬੇਟੀ ਹੋਣ ਦੇ ਨਾਤੇ ਸਾਡੀ ਇੱਛਾ ਅੱਗੇ ਸਿਰ ਝੁਕਾਅ ਦਿੱਤਾ। ਈ ਟੀ ਟੀ ਕਰਨ ਉਪਰੰਤ ਉਸ ਨੂੰ ਕੁਝ ਸਮਾਂ ਸਰਵਿਸ ਨਾ ਮਿਲੀ ਤਾਂ ਉਸ ਨੇ ਗ੍ਰੈਜੂਏਸ਼ਨ ਲਈ ਪ੍ਰਾਈਵੇਟ ਦਾਖ਼ਲਾ ਭਰ ਦਿੱਤਾ ਤੇ ਘਰ ਬੈਠ ਕੇ ਹੀ ਪੜ੍ਹਾਈ ਸ਼ੁਰੂ ਕਰ ਦਿੱਤੀ। ਇਨ੍ਹਾਂ ਦਿਨਾਂ ਵਿੱਚ ਹੀ ਮੇਰੀ ਦੂਸਰੀ ਬੇਟੀ ਨੇ ਬੀ ਐੱਡ ਦੀ ਪ੍ਰਵੇਸ਼ ਪ੍ਰੀਖਿਆ ਪਾਸ ਕਰ ਲਈ ਸੀ, ਪਹਿਲਾਂ ਉਸਦਾ ਇਰਾਦਾ ਦੂਰ ਦੇ ਸ਼ਹਿਰ ਦੇ ਇੱਕ ਉੱਘੇ ਬੀ ਐੱਡ ਕਾਲਜ ਵਿੱਚ ਦਾਖ਼ਲਾ ਲੈਣ ਦਾ ਸੀ। ਪਰ ਫਿਰ ਉਸ ਨੇ ਆਪਣਾ ਫ਼ੈਸਲਾ ਬਦਲਦੇ ਹੋਏ ਸਾਡੇ ਸ਼ਹਿਰ ਦੇ ਨਜ਼ਦੀਕੀ ਕਾਲਜ ਵਿੱਚ ਦਾਖ਼ਲਾ ਲੈਣ ਦਾ ਮਨ ਬਣਾ ਲਿਆ। ਅਸੀਂ ਸੋਚਦੇ ਸਾਂ ਕਿ ਸਾਡੇ ਉੱਪਰ ਪੈਣ ਵਾਲੇ ਵਾਧੂ ਆਰਥਿਕ ਬੋਝ ਨੂੰ ਘਟਾਉਣ ਲਈ ਉਹ ਆਪਣਾ ਇਰਾਦਾ ਬਦਲ ਰਹੀ ਸੀ। ਪਰ ਅਸਲ ਵਿੱਚ ਉਹ ਗ੍ਰੈਜੂਏਸ਼ਨ ਦੀ ਪੜ੍ਹਾਈ ਵਿੱਚ ਆਪਣੀ ਵੱਡੀ ਭੈਣ ਦੀ ਮਦਦ ਕਰਨਾ ਚਾਹੁੰਦੀ ਸੀ। ਇਸ ਲਈ ਜ਼ਰੂਰੀ ਸੀ ਕਿ ਉਹ ਹਰ ਰੋਜ਼ ਘਰ ਵਾਪਿਸ ਆਵੇ।

ਆਖ਼ਰ ਦੋਵਾਂ ਭੈਣਾਂ ਦੀ ਮਿਹਨਤ ਰੰਗ ਲਿਆਈ, ਵੱਡੀ ਬੇਟੀ ਨੇ ਗ੍ਰੈਜੂਏਸ਼ਨ ਮੁਕੰਮਲ ਕਰ ਲਈ ਅਤੇ ਛੋਟੀ ਨੇ ਬੀ ਐੱਡ ਪਾਸ ਕਰ ਲਈ। ਅੱਗੇ ਵੀ ਦੋਵਾਂ ਦਾ ਕਿਸਮਤ ਨੇ ਸਾਥ ਦਿੱਤਾ, ਵੱਡੀ ਬੇਟੀ ਨੂੰ ਈ ਟੀ ਟੀ ਟੀਚਰ ਦੀ ਅਤੇ ਛੋਟੀ ਬੇਟੀ ਨੂੰ ਐੱਸ ਐੱਸ ਮਿਸਟ?ਰੈੱਸ ਦੀ ਨੌਕਰੀ ਮਿਲ ਗਈ। ਹੁਣ ਅਸੀਂ ਦੋਵਾਂ ਬੇਟੀਆਂ ਦੀ ਪੜ੍ਹਾਈ ਤੇ ਨੌਕਰੀ ਵੱਲੋਂ ਨਿਸ਼ਚਿੰਤ ਹੋ ਗਏ ਸਾਂ। ਇਸ ਲਈ ਅਸੀਂ ਉਨ੍ਹਾਂ ਦੀਆਂ ਸ਼ਾਦੀਆਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਇੱਕ ਯੋਗ ਲੜਕਾ ਮਿਲ ਜਾਣ 'ਤੇ ਅਸੀਂ ਵੱਡੀ ਬੇਟੀ ਦਾ ਵਿਆਹ ਕਰ ਦਿੱਤਾ। ਹੁਣ ਅਸੀਂ ਤਾਂ ਆਪਣੇ ਵੱਲੋਂ ਪੂਰੀ ਤਰ੍ਹਾਂ ਬੇਫਿਕਰ ਹੋ ਗਏ ਸਾਂ ਪਰ ਵੱਡੀ ਬੇਟੀ ਦੀਆਂ



ਅੱਖਾਂ ਵਿੱਚ ਤਾਂ ਹੋਰ ਹੀ ਸੁਪਨੇ ਸਨ। ਉਹ ਬੀ ਐੱਡ ਕਰਕੇ ਆਪਣੀ ਛੋਟੀ ਭੈਣ ਦੇ ਬਰਾਬਰ ਪਹੁੰਚਣ ਦੀ ਤਮੰਨਾ ਰੱਖਦੀ ਸੀ। ਉਸ ਨੇ ਆਪਣੇ ਪਤੀ ਅਤੇ ਸੱਸ-ਸਹੁਰੇ ਪਾਸੋਂ ਆਗਿਆ ਲੈ ਕੇ ਪੱਤਰ-ਵਿਹਾਰ ਬੀ ਐੱਡ ਕੋਰਸ ਵਿੱਚ ਦਾਖ਼ਲਾ ਲੈ ਲਿਆ। ਹੁਣ ਉਸ ਦੇ ਮੋਢਿਆਂ ਉੱਪਰ ਤੀਹਰੀ ਜ਼ਿੰਮੇਵਾਰੀ ਆ ਪਈ ਸੀ। ਸਕੂਲ ਵਿੱਚ ਵਿਦਿਆਰਥੀਆਂ ਦੀ ਸਿੱਖਿਆ ਸਬੰਧੀ ਜ਼ਿੰਮੇਵਾਰੀ, ਆਪਣੀ ਪੜ੍ਹਾਈ ਦੀ ਜ਼ਿੰਮੇਵਾਰੀ ਤੇ ਸਹੁਰੇ ਘਰ ਵਿੱਚ ਕੰਮਕਾਰ ਦੀਆਂ ਜ਼ਿੰਮੇਵਾਰੀਆਂ। ਪਰ ਉਸ ਦੀ ਨਜ਼ਰ ਅਰਜਨ ਵਾਂਗ ਆਪਣੇ ਨਿਸ਼ਾਨੇ 'ਤੇ ਟਿਕੀ ਹੋਈ ਸੀ। ਇਸ ਲਈ ਉਸ ਨੇ ਅਡੋਲ ਰਹਿੰਦਿਆਂ ਤੇ ਸਾਰੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਦਿਨ-ਰਾਤ ਮਿਹਨਤ ਕੀਤੀ ਤੇ ਬੀ ਐੱਡ ਮੁਕੰਮਲ ਕਰਕੇ ਆਪਣੀ ਮੰਜ਼ਿਲ ਵੱਲ ਇਕ ਕਦਮ ਹੋਰ ਵਧਾ ਲਿਆ। ਜਲਦੀ ਹੀ ਉਸਦੀ ਮੈਥ ਮਿਸਟਰੈੱਸ ਵਜੋਂ ਤਰੱਕੀ ਹੋ ਗਈ। ਅੱਜ ਮੇਰੀਆਂ ਦੋਵੇਂ ਬੇਟੀਆਂ ਸਫ਼ਲ ਅਧਿਆਪਕ ਹਨ ਅਤੇ ਸਫ਼ਲ ਤੇ ਖੁਸ਼ਹਾਲ ਵਿਆਹੁਤਾ ਜੀਵਨ ਬਿਤਾ ਰਹੀਆਂ ਹਨ। ਮੈਂ ਸਮਝਦਾ ਹਾਂ ਕਿ ਕਾਮਯਾਬੀ ਦੇ ਇਸ ਮੁਕਾਮ ਤੱਕ ਪਹੁੰਚਣ ਵਿੱਚ ਸਾਡੀ ਅਗਵਾਈ ਤੋਂ ਵੱਧ ਉਨ੍ਹਾਂ ਦੀ ਆਪਣੀ ਸਖ਼ਤ ਮਿਹਨਤ ਅਤੇ ਜਿੱਤ ਪ੍ਰਤੀ ਦ੍ਰਿੜ ਨਿਸ਼ਚੈ ਦਾ ਯੋਗਦਾਨ ਹੈ।

# ਦਿੱਲੀ 'ਚ ਸਿੱਖਾਂ ਵਲੋਂ ਰਾਹੁਲ ਗਾਂਧੀ ਦੀ ਰਿਹਾਇਸ਼ ਬਾਹਰ ਰੋਸ ਮੁਜ਼ਾਹਰਾ







ਨਵੀਂ ਦਿੱਲੀ : 1984 ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੀ ਮੌਤ ਤੋਂ ਬਾਅਦ ਕਾਂਗਰਸ ਦੇ ਸੰਸਦ ਮੈਂਬਰ ਦੀਪੇਂਦਰ ਹੁੱਡਾ ਵਲੋਂ ਉਸ (ਸੱਜਣ ਕੁਮਾਰ) ਨੂੰ ਕਾਂਗਰਸ ਪਾਰਟੀ ਦਾ 'ਰੋਲ ਮਾਡਲ' ਦੱਸੇ ਜਾਣ ਦੇ ਬਿਆਨ ਨੇ ਤੂਲ ਫੜ ਲਿਆ ਹੈ। ਸਿੱਖਾਂ ਵਲੋਂ ਇਸ ਦਾ ਭਾਰੀ ਵਿਰੋਧ ਸ਼ੁਰੂ ਹੋ ਗਿਆ ਹੈ ਅਤੇ ਇਸੇ ਮਸਲੇ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਨਿਚਰਵਾਰ ਨੂੰ ਲੋਕ-ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਰਿਹਾਇਸ਼ ਨੇੜੇ ਰੋਸ ਮੁਜ਼ਾਹਰਾ ਕਰਦਿਆਂ ਦੀਪੇਂਦਰ ਹੁੱਡਾ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ। ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਰੋਸ ਮੁਜ਼ਾਹਰੇ ਦੌਰਾਨ ਮੰਗ ਕੀਤੀ ਕਿ ਦੀਪੇਂਦਰ ਹੁੱਡਾ ਨੂੰ ਤੁਰੰਤ ਪਾਰਟੀ 'ਚੋਂ ਬਰਖ਼ਾਸਤ ਕੀਤਾ ਜਾਵੇ ਅਤੇ ਨਾਲ ਹੀ 1984 ਦੇ ਪੀੜਤਾਂ ਕੋਲੋਂ ਮੁਆਫ਼ੀ ਮੰਗੀ ਜਾਵੇ। ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਬਹੁਤ ਹੀ ਸ਼ਰਮ ਵਾਲੀ ਗੱਲ ਹੈ ਕਿ 1984 ਦੇ ਸਿੱਖ ਕਤਲੇਆਮ ਦੇ ਕੇਸਾਂ ਵਿਚ ਦੋਹਰੀ ਉਮਰ ਕੈਦ ਭੁਗਤ ਰਹੇ ਜ਼ਾਲਮ ਕਾਤਲ ਸੱਜਣ ਕੁਮਾਰ ਨੂੰ ਕਾਂਗਰਸ ਦੇ ਦੀਪੇਂਦਰ ਹੁੱਡਾ ਵਰਗੇ ਆਗੂ ਪਾਰਟੀ ਦਾ ਰੋਲ ਮਾਡਲ ਦੱਸ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਰਾਹੁਲ ਗਾਂਧੀ ਦੇ ਥਾਪੜੇ ਸਦਕਾ ਹੀ ਹੁੱਡਾ ਨੇ ਇਹ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੀ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕਰਵਾਉਣ ਵਾਲਾ ਆਗੂ ਕਿਸੇ ਦਾ ਵੀ ਰੋਲ ਮਾਡਲ ਹੋ ਸਕਦਾ ਹੈ? ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਲਈ ਇਹ ਰੋਲ ਮਾਡਲ ਸੀ ਤਾਂ ਇਸ ਤੋਂ ਖ਼ੁਦ ਸਮਝਿਆ ਜਾ ਸਕਦਾ ਹੈ ਕਿ ਕਾਂਗਰਸ ਪਾਰਟੀ ਸਿੱਖਾਂ ਪ੍ਰਤੀ ਕਿਸ ਤਰੀਕੇ ਦੀ ਮਾਨਸਿਕਤਾ ਰੱਖਦੀ ਹੈ। ਉਨ੍ਹਾਂ ਕਿਹਾ ਕਿ ਇਹ ਵੀ ਇਕ ਸੱਚਾਈ ਹੈ ਕਿ ਗਾਂਧੀ ਪਰਿਵਾਰ ਨੇ ਸਾਰੀ ਉਮਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਦੀ ਪੁਸ਼ਤ ਪਨਾਹੀ ਕੀਤੀ ਹੈ।

# ਜ਼ਮੀਨ ਅਸਮਾਨ ਦਾ ਫਰਕ ਹੈ ਹਿੰਦੂਆਂ ਤੇ ਸਿੱਖਾਂ ਵਿਚ

ਸੌਦਾ ਸਾਧ ਨੇ ਸਿਖੀ ਅਤੇ ਸਿੱਖਾਂ ਨਾਲ ਗਲਤ ਕੀਤਾ ਤਾਂ ਹਰ ਸਿਖ ਡੇਰੇ ਖਿਲਾਫ ਹੋਗਿਆ ਜਦਕਿ ਓਹੀ ਕੁਛ ਹਿਦੂਆਂ ਨਾਲ ਹੋਇਆ ਪਰ ਹਿਦੂ ਦੜ ਵੱਟਕੇ ਬਹਿ ਗਏ।

ਸੌਦਾ ਸਾਧ ਸਿਖ ਕੌਮ ਦੇ ਮਾਮਲਿਆਂ ਵਿਚ ਸਲਾਖਾਂ ਪਿਛੇ ਨਹੀ ਹੈ। ਓਹ ਹਿੰਦੂਆਂ ਦੇ ਮਾਮਲਿਆਂ ਵਿਚ ਸਜਾ ਭੁਗਤ ਰਿਹਾ ਹੈ। ਸਿੱਖ ਕੌਮ ਨਾਲ ਸਬੰਧਤ ਕੇਸ ਤਾਂ ਕੋਈ ਚਲਣ ਈ ਨਹੀ ਦਿਤਾ ਗਿਆ।



ਜਿਹੜੀਆਂ ਕੁੜੀਆਂ ਨਾਲ ਸੌਦਾ ਸਾਧ ਨੇ ਬਲਾਤਕਾਰ ਕੀਤੇ ਜਿਨਾ ਲੋਕਾਂ ਦੇ ਕਤਲ ਹੋਏ ਜਿਨਾ ਬਲਾਤਕਾਰਾਂ ਤੇ ਕਤਲਾਂ ਕਰਕੇ ਅਦਾਲਤ ਨੇ ਉਮਰਕੇਦ ਦੀ ਸਜਾ ਦਿਤੀ ਓਹ ਹਿੰਦੂਆਂ ਦੇ ਮਾਮਲੇ ਹਨ। ਪਰ ਸਾਰੀ ਅਦਾਲਤੀ ਸੁਣਵਾਈ ਦੌਰਾਨ -ਸਜਾ ਸੁਣਾਉਣ ਮੌਕੇ-ਸਜਾ ਮਿਲਣ ਮਗਰੋ ਹਿਦੂ ਓਸ ਹਿਦੂ ਬੱਚੀਆਂ ਦੇ ਬਲਾਤਕਾਰੀ ਤੇ ਹਿਦੂਆਂ ਦੇ ਕਾਤਲ ਦੀ ਹਮਾਇਤ ਵਿਚ ਰਹੇ ਜਦਕਿ ਸਿਖ ਓਸ ਮੌਕੇ ਖਿਲਾਫ ਡਟੇ ਰਹੇ। ਹਿੰਦੂਆਂ ਨੂੰ ਆਪਦੀ ਕੌਮ ਦੀ ਇਜਤ ਦਾ ਕੋਈ ਖਿਆਲ ਈ ਨਹੀ। ਹਿਦੂਆਂ ਦੀ ਅਣਖ ਕਿਥੇ ਮਰ ਗਈ। ਪਰ ਸਿਖ ਡਟੇ ਹੋਏ ਹਨ। ਹੁਣ ਵੀ ਜਦ ਸੌਦੇ ਸਾਧ ਨੂੰ ਲਗਾਤਾਰ ਪੈਰੋਲ ਦੇਕੇ ਜੇਹਲ ਤੋ ਬਾਹਰ ਕੱਢਿਆ ਜਾਂਦਾ ਹੈ ਤਾਂ ਹਿਦੂ ਬਚੀਆਂ ਨਾਲ ਬਲਾਤਕਾਰ ਕਰਨ ਵਾਲੇ ਤੇ ਹਿੰਦੂਆਂ ਦੇ ਕਾਤਲ ਉਤੇ ਸਰਕਾਰ ਦੀ ਨਜਾਇਜ਼ ਮੇਹਰਬਾਨੀ ਦਾ ਸਿਖ ਵਿਰੋਧ ਕਰਦੇ ਹਨ ਪਰ ਹਿੰਦੂਆਂ ਨੂੰ ਕੋਈ ਸ਼ਰਮ ਹਯਾ ਨਹੀ।

ਸੌਦੇ ਸਾਧ ਉਤੇ ਛਤਰਪਤੀ ਪਤਰਕਾਰ ਅਤੇ ਆਪਦਾ ਚੇਲਿਆਂ ਨੂੰ ਨਾਮਰਦ ਬਣਾਉਣ ਵਾਲਾ ਕੇਸ ਵੀ ਹਿਦੂਆਂ ਦਾ ਕੇਸ ਹੈ।

ਸਿਖਾਂ ਦਾ ਕਿਹੜਾ ਮਸਲਾ ਹੈ ਜੋ ਅਦਾਲਤ ਨੇ ਨਜਿਠਿਆ ਹੈ?

ਕੋਈ ਵੀ ਨਹੀ।

ਸਲਾਬਤਪੁਰਾ-ਬਰਗਾੜੀ-ਬਹਿਬਲ ਸਮੇਤ ਕੋਈ ਵੀ ਕੇਸ ਭਾਰਤੀ ਹਕੂਮਤੀ ਨਿਜਾਮ ਨੇ ਚਲਣ ਨਹੀ ਦਿਤਾ। ਸਿੱਖਾਂ ਦਾ ਇਕ ਹਿੱਸਾ ਅਜੇ ਵੀ ਅਦਾਲਤੀ ਸਿਸਟਿਮ ਰਾਹੀਂ ਯਤਨਸ਼ੀਲ ਹੈ। ਪਰ ਬਹੁਤੇ ਸਿੱਖ ਸਮਝਦੇ ਨੇ ਕਿ ਆਪਦਾ ਕੰਮ ਆਪਦੇ ਹੱਥੀ ਈ ਸੰਵਾਰਨਾ ਪੈਣਾ ਹੈ। ਅਕਸਰ ਈ ਪੁਲਿਸ ਦਾਅਵੇ ਕਰਦੀ ਹੈ ਕਿ ਗ੍ਰਿਫਤਾਰ ਹੋਏ ਸਿਖ ਨੌਜਵਾਨਾਂ ਨੇ ਡੇਰਾ ਮੁਖੀ ਤੇ ਬੇਅਦਬੀ ਦੇ ਦੋਸ਼ੀਆਂ ਨੂੰ ਨਿਸ਼ਾਨਾ ਬਣਾਉਣ ਦਾ ਪਰਣ ਕੀਤਾ ਹੋਇਆ ਹੈ। ਕਿਆ ਬਾਤ ਹੈ। ਸਿੱਖ ਨੌਜਵਾਨ ਆਪਣੇ ਤੌਰ ਤੇ ਹੀ ਕੁਛ ਇਹੋ ਜਿਹਾ ਕਰਨ ਦੀ ਰੀਝ ਰਖਦੇ ਨੇ ਕਿ ਹਰ ਸਿਖ ਨਿਹਾਲ ਹੋ ਜਾਵੇ ਤੇ ਦੁਨੀਆ ਕਹੇ ਕਿ ਸਿਖ ਤਾਂ ਇਓ ਈ ਕਰਦੇ ਹੁੰਦੇ ਨੇ।

ਕਮਾਲ ਹੈ ਕਿ ਜਿਹੜੀ ਕੌਮ ਇਨਸਾਫ ਦੀ ਰਾਹ ਉਤੇ ਹਰ ਹਰਬਾ ਵਰਤ ਰਹੀ ਹੈ ਜਾਨ ਦੀ ਪਰਵਾਹ ਨਹੀ ਕਰਦੀ ਓਸ ਸਿਖ ਕੌਮ ਨੂੰ ਸੌਦੇ ਸਾਧ ਦੀ ਵਾਰ ਵਾਰ ਪੈਰੋਲ ਦਾ ਵਿਰੋਧ ਕਰਨ ਮੌਕੇ ਕਿਸੇ ਹਿਦੂ ਨੂੰ ਸ਼ਰਮ ਨਹੀ ਆਉਂਦੀ ਕਿ ਅਸੀ ਵੀ ਸਿੱਖਾਂ ਵਾਂਗ ਹਿਦੂਆਂ ਦੀ ਇਜਤ ਅਣਖ ਗੈਰਤ ਨੂੰ ਕਲੰਕ ਲਾਓਣ ਵਾਲੇ ਸੌਦੇ ਸਾਧ ਖਿਲਾਫ ਕੁਛ ਕਰੀਏ। ਕਦੇ ਨਹੀ ਸੁਣਿਆ ਕਿ ਹਰਿਆਣੇ ਦੇ ਹਿਦੂ ਨੌਜਵਾਨ ਪੁਲਿਸ ਨੇ ਗਿਫਤਾਰ ਕੀਤੇ ਨੇ ਜਿਹੜੇ ਸੌਦੇ ਸਾਧ ਨੂੰ ਸੋਧਣਾ ਚਾਹੁੰਦੇ ਸੀ।

ਆਖਰ ਹਿਦੂ ਨੌਜਵਾਨਾ ਅੰਦਰ ਓਹ ਅੱਗ ਕਿਓ ਨਹੀ ਜੋ ਸਿੱਖ ਨੌਜਵਾਨਾ ਵਿਚ ਹੈ?

-ਸਰਬਜੀਤ ਸਿੰਘ ਘੁਮਾਣ

# ਭਾਰਤ ਬਣੇਗਾ 'ਗਲੋਬਲ ਸਪੇਸ ਟੈਲੇਂਟ' ਦੀ ਪਹਿਲੀ ਪਸੰਦ : ਮੋਦੀ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਕਾਰੀ ਨੀਤੀਆਂ ਵਿਚ ਨਿਰੰਤਰਤਾ ਦੀ ਮਹੱਤਤਾ ਉਜਾਗਰ ਕੀਤੀ ਤੇ ਕਿਹਾ ਕਿ ਸਰਕਾਰ ਦੇ ਫ਼ੈਸਲਿਆਂ 'ਤੇ ਸਟਾਰਟਅੱਪਸ ਵਲੋਂ ਜਤਾਇਆ ਗਿਆ ਭਰੋਸਾ ਬੇਹੱਦ ਮਹੱਤਵਪੂਰਨ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਕੌਮੀ ਪੁਲਾੜ ਦਿਵਸ (ਨੈਸ਼ਨਲ ਸਪੇਸ ਡੇ) ਮੌਕੇ ਦੇਸ਼ ਦੇ ਪ੍ਰਮੁੱਖ ਅੰਤਰਿਕਸ਼ (ਸਪੇਸ) ਸਟਾਰਟਅੱਪਸ ਦੇ ਸੀ.ਈ.ਓਜ਼ ਨਾਲ ਵਿਸ਼ੇਸ਼ ਮੁਲਾਕਾਤ ਕੀਤੀ । ਇਸ ਦੌਰਾਨ ਉਨ੍ਹਾਂ ਨੌਜਵਾਨ ਉੱਦਮੀਆਂ ਦੇ ਉਤਸ਼ਾਹ ਤੇ ਨਵੀਨਤਾਕਾਰੀ ਸੋਚ ਦੀ ਸ਼ਲਾਘਾ ਕਰਦਿਆਂ ਸਪੇਸ ਤਕਨਾਲੋਜੀ ਦੀ ਵਰਤੋਂ ਆਮ ਨਾਗਰਿਕਾਂ ਦੇ ਰੋਜ਼ਾਨਾ ਜੀਵਨ ਨੂੰ ਸੁਖਾਲਾ ਬਣਾਉਣ ਲਈ ਕਰਨ ਦਾ ਸੱਦਾ ਦਿੱਤਾ । ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਕੌਮਾਂਤਰੀ ਪੱਧਰ 'ਤੇ ਅਜਿਹਾ ਮਾਹੌਲ ਸਿਰਜਣਾ ਚਾਹੀਦਾ ਹੈ ਕਿ ਦੁਨੀਆ ਭਰ ਦੇ ਪੇਸ਼ੇਵਰ ਸਪੇਸ ਖੇਤਰ ਵਿਚ ਆਪਣਾ ਕਰੀਅਰ ਬਣਾਉਣ ਲਈ ਭਾਰਤ ਨੂੰ ਹੀ ਆਪਣੀ ਪਹਿਲੀ ਪਸੰਦ ਬਣਾਉਣ । ਪ੍ਰਧਾਨ ਮੰਤਰੀ ਮੋਦੀ ਨੇ ਸਰਕਾਰੀ ਨੀਤੀਆਂ ਵਿਚ ਨਿਰੰਤਰਤਾ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਟਾਰਟਅੱਪਸ ਦਾ ਸਰਕਾਰ ਦੇ ਫ਼ੈਸਲਿਆਂ 'ਤੇ ਵਿਸ਼ਵਾਸ ਪ੍ਰਗਟਾਉਣਾ ਇੱਕ ਵੱਡੀ ਪ੍ਰਾਪਤੀ ਹੈ । ਉਨ੍ਹਾਂ ਕਿਹਾ ਕਿ ਜਦੋਂ ਵੀ ਪੁਲਾੜ ਖੇਤਰ ਵਿਚ ਕੋਈ ਵੱਡੀ ਸਫਲਤਾ ਮਿਲਦੀ ਹੈ, ਤਾਂ ਪੂਰੀ ਦੁਨੀਆ ਦੀਆਂ ਨਜ਼ਰਾਂ ਭਾਰਤੀ ਸਟਾਰਟਅੱਪਸ 'ਤੇ ਹੋਣੀਆਂ ਚਾਹੀਦੀਆਂ ਹਨ । ਵਿਦੇਸ਼ਾਂ ਤੋਂ ਵਾਪਸ ਪਰਤ ਰਹੇ ਭਾਰਤੀ ਮਾਹਿਰਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਇਸਨੂੰ ਦੇਸ਼ ਦੇ ਸਪੇਸ ਮਿਸ਼ਨਾਂ ਲਈ ਇੱਕ ਉਤਸ਼ਾਹਜਨਕ ਸੰਕੇਤ ਦੱਸਿਆ ਤੇ ਉਮੀਦ ਪ੍ਰਗਟਾਈ ਕਿ ਭਾਰਤੀ ਸਟਾਰਟਅੱਪਸ ਆਪਣੀ ਬੱਲੇਬਾਜ਼ੀ ਨਾਲ ਪੂਰੇ ਵਿਸ਼ਵ ਦੇ ਹੁਨਰ ਨੂੰ ਚੁੰਬਕ ਵਾਂਗ ਆਪਣੀ ਪਾਸੇ ਖਿੱਚਣ ਦੇ ਸਮਰਥ ਹਨ ।

# ਤੁਰੰਤ ਨਹੀਂ ਖੁੱਲ੍ਹੇਗਾ ਹੋਰਮੁਜ਼ ਸਟ੍ਰੇਟ ! 60 ਦਿਨਾਂ 'ਚ ਹੋਵੇਗੀ ਨਵੇਂ ਨੇਵੀਗੇਸ਼ਨ ਸਿਸਟਮ ਦੇ ਗੱਲਬਾਤ

ਤਹਿਰਾਨ : ਈਰਾਨ ਦੇ ਉਪ ਵਿਦੇਸ਼ ਮੰਤਰੀ (ਕਾਨੂੰਨੀ ਅਤੇ ਅੰਤਰਰਾਸ਼ਟਰੀ ਮਾਮਲੇ) ਕਾਜ਼ਮ ਗ਼ਰੀਬਾਬਾਦੀ ਨੇ ਹੋਰਮੁਜ਼ ਸਟਰੇਟ ਬਾਰੇ ਈਰਾਨ ਅਤੇ ਓਮਾਨ ਵਿਚਕਾਰ ਹੋਏ ਸਮਝੌਤੇ ਦੀ ਜਾਣਕਾਰੀ ਦਿੱਤੀ। ਨਾਲ ਹੀ ਸਪੱਸ਼ਟ ਕੀਤਾ ਕਿ ਇਸ ਸਮਝੌਤੇ ਦਾ ਮਤਲਬ ਇਹ ਨਹੀਂ ਹੈ ਕਿ ਜਲਡਮਰੂ ਤੁਰੰਤ ਖੋਲ੍ਹਿਆ ਜਾਵੇਗਾ। ਇਹ ਜਾਣਕਾਰੀ ਈਰਾਨੀ ਸਮਾਚਾਰ ਏਜੰਸੀ ਤਸਨੀਮ ਦੁਆਰਾ ਦਿੱਤੀ ਗਈ। ਗ਼ਰੀਬਾਬਾਦੀ ਦੇ ਅਨੁਸਾਰ ਓਮਾਨ ਨਾਲ ਸਮਝੌਤਾ ਅਤੇ ਹੋਰਮੁਜ਼ ਸਟ੍ਰੇਟ ਨੂੰ ਦੁਬਾਰਾ ਖੋਲ੍ਹਣਾ ਦੋ ਵੱਖ-ਵੱਖ ਮੁੱਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 58 ਸਾਲਾਂ ਤੋਂ, ਜਹਾਜ਼ ਓਮਾਨੀ ਵਾਲੇ ਪਾਸੇ ਦੇ ਪਾਣੀਆਂ ਵਿੱਚੋਂ ਲੰਘ ਰਹੇ ਹਨ, ਜਿਸ ਨਾਲ ਈਰਾਨ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਹੋਰਮੁਜ਼ ਸਟਰੇਟ ਹੁਣ ਈਰਾਨ ਦੀ ਰਾਸ਼ਟਰੀ ਸੁਰੱਖਿਆ ਦਾ ਮਾਮਲਾ ਹੈ ਅਤੇ ਪ੍ਰਵੇਸ਼ ਅਤੇ ਨਿਕਾਸ ਮਾਰਗਾਂ ਵਿੱਚ ਬੁਨਿਆਦੀ ਬਦਲਾਅ ਜ਼ਰੂਰੀ ਹਨ।



ਦੋਵਾਂ ਦੇਸ਼ਾਂ ਵਿਚਕਾਰ ਹੋਏ ਸਮਝੌਤੇ ਦੇ ਤਹਿਤ ਫ਼ਾਰਸ ਦੀ ਖਾੜੀ ਵਿੱਚ ਦਾਖਲਾ ਰਸਤਾ ਈਰਾਨੀ ਪਾਣੀਆਂ ਵਿੱਚੋਂ ਲੰਘੇਗਾ, ਜਦੋਂ ਕਿ ਨਿਕਾਸ ਰਸਤਾ ਓਮਾਨ ਦੇ ਖੇਤਰੀ ਪਾਣੀਆਂ ਵਿੱਚੋਂ ਲੰਘੇਗਾ। ਹਾਲਾਂਕਿ ਦੋਵਾਂ ਰੂਟਾਂ 'ਤੇ ਜਹਾਜ਼ ਈਰਾਨੀ ਪਾਣੀਆਂ ਵਿੱਚੋਂ ਲੰਘਣਗੇ। ਉਪ ਵਿਦੇਸ਼ ਮੰਤਰੀ ਨੇ ਨਵੇਂ ਰੂਟ ਨੂੰ 'ਦੋ-ਪਾਸੜ ਹਾਈਵੇਅ' ਦੱਸਿਆ, ਕਿਹਾ ਕਿ ਇਸਦੀ ਕੁੱਲ ਚੌੜਾਈ ਲਗਭਗ ਸੱਤ ਮੀਲ ਹੋਵੇਗੀ। ਉਨ੍ਹਾਂ ਅੱਗੇ ਕਿਹਾ ਕਿ ਇਹ ਰੂਟ ਅਸਥਾਈ ਹੈ। ਈਰਾਨ ਅਤੇ ਓਮਾਨ ਅਗਲੇ 30 ਤੋਂ 60 ਦਿਨਾਂ ਵਿੱਚ ਇੱਕ ਸਥਾਈ ਰੂਟ 'ਤੇ ਗੱਲਬਾਤ ਕਰਨ ਦੀ ਉਮੀਦ ਕਰ ਰਹੇ ਹਨ, ਜੋ ਪਿਛਲੀ ਸਮੁੰਦਰੀ ਆਵਾਜਾਈ ਪ੍ਰਣਾਲੀ ਨੂੰ ਬਦਲ ਦੇਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਹੋਰਮੁਜ਼ ਰਾਹੀਂ ਦੱਖਣੀ ਰਸਤਾ ਬੰਦ ਰਹੇਗਾ ਅਤੇ ਅੰਤਰਰਾਸ਼ਟਰੀ ਸਮੁੰਦਰੀ ਸੰਗਠਨ (IMO) ਨੂੰ ਇਸ ਬਾਰੇ ਸੂਚਿਤ ਕੀਤਾ ਜਾਵੇਗਾ। ਜੇਕਰ ਈਰਾਨ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਹੋਰਮੁਜ਼ ਸਟ੍ਰੇਟ ਬੰਦ ਰਹੇਗਾ। ਗ਼ਰੀਬਾਬਾਦੀ ਨੇ ਇਹ ਵੀ ਦੋਸ਼ ਲਗਾਇਆ ਕਿ ਅਮਰੀਕਾ ਦੁਆਰਾ ਬਣਾਇਆ ਗਿਆ ਗੈਰ-ਕਾਨੂੰਨੀ ਦੱਖਣੀ ਰਸਤਾ ਉਸ ਦੇ ਆਪਣੇ ਸਮਝੌਤਾ ਪੱਤਰ ਦੇ ਤਹਿਤ ਜ਼ਿੰਮੇਵਾਰੀਆਂ ਦੀ ਉਲੰਘਣਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਈਰਾਨ ਦੁਆਰਾ ਹੋਰਮੁਜ਼ ਸਟ੍ਰੇਟ ਬੰਦ ਕਰਨ ਨਾਲ ਅਮਰੀਕਾ ਨੂੰ ਆਪਣੇ ਪਿਛਲੇ ਰੁਖ਼ ਤੋਂ ਪਿੱਛੇ ਹਟਣ ਲਈ ਮਜਬੂਰ ਹੋਣਾ ਪਿਆ।

# ਕਿਸਾਨ ਭਵਨ 'ਚ 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਵਿਸ਼ੇਸ਼ ਬੁੱਧੀਜੀਵੀ ਸੰਮੇਲਨ; ਪੰਜਾਬ ਦੇ ਭਵਿੱਖੀ ਰੋਡਮੈਪ 'ਤੇ ਗੰਭੀਰ ਮੰਥਨ

## 15 ਪ੍ਰਮੁੱਖ ਵਿਦਵਾਨਾਂ ਤੇ ਸੀਨੀਅਰ ਪੱਤਰਕਾਰਾਂ ਨੇ ਰੱਖੇ ਵਿਚਾਰ; ਖੇਤੀ ਨੀਤੀ ਦਸਤਾਵੇਜ਼, 40 ਨੁਕਾਤੀ ਬੁਕਲੇਟ ਅਤੇ 'ਅੰਮ੍ਰਿਤਸਰ ਚੱਲੋ' ਦਾ ਸੱਦਾ ਪੱਤਰ ਜਾਰੀ



ਚੰਡੀਗੜ੍ਹ: ਪੰਜਾਬ ਦੀਆਂ ਮੌਜੂਦਾ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਚੁਣੌਤੀਆਂ ਦੇ ਸਾਰਥਕ ਹੱਲ ਤਲਾਸ਼ਣ ਦੇ ਮਕਸਦ ਨਾਲ ਚੰਡੀਗੜ੍ਹ ਸਥਿਤ ਕਿਸਾਨ ਭਵਨ ਵਿਖੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ 'ਭਵਿੱਖ ਦੀਆਂ ਚੁਣੌਤੀਆਂ ਤੇ ਹੱਲ' ਵਿਸ਼ੇ 'ਤੇ ਇੱਕ ਰੋਜ਼ਾ ਵਿਸ਼ੇਸ਼ ਬੁੱਧੀਜੀਵੀ ਸੰਮੇਲਨ ਕਰਵਾਇਆ ਗਿਆ। ਇਸ ਵਿਚਾਰ-ਗੋਸ਼ਠੀ ਵਿੱਚ ਪੰਜਾਬ ਦੇ ਉੱਘੇ ਚਿੰਤਕਾਂ, ਲੇਖਕਾਂ, ਸਿੱਖਿਆ ਸ਼ਾਸਤਰੀਆਂ ਅਤੇ ਸੀਨੀਅਰ ਪੱਤਰਕਾਰਾਂ ਨੇ ਸ਼ਿਰਕਤ ਕਰਕੇ ਸੂਬੇ ਦੇ ਭਵਿੱਖੀ ਰੋਡਮੈਪ 'ਤੇ ਡੂੰਘਾ ਮੰਥਨ ਕੀਤਾ।

ਸਮਾਗਮ ਦਾ ਆਗਾਜ਼ ਮੰਚ ਸੰਚਾਲਕ ਰੰਗਵੀਰ ਰਾਠੌੜ ਵੱਲੋਂ ਸੰਮੇਲਨ ਦੇ ਮੁੱਖ ਟੀਚਿਆਂ ਦੀ ਰੂਪ-ਰੇਖਾ ਸਾਂਝੀ ਕਰਨ ਨਾਲ ਹੋਇਆ। ਇਸ ਉਪਰੰਤ ਬਾਪੂ ਤਰਸੇਮ ਸਿੰਘ ਨੇ ਜਥੇਬੰਦੀ ਦਾ ਅਧਿਕਾਰਕ ਲਿਖਤੀ ਸੰਦੇਸ਼ ਪੜ੍ਹ ਕੇ ਸੁਣਾਇਆ। ਸੰਮੇਲਨ ਦੌਰਾਨ ਪੰਜਾਬ ਦੇ ਲਗਭਗ 15 ਪ੍ਰਮੁੱਖ ਬੁੱਧੀਜੀਵੀਆਂ ਨੇ ਸੂਬੇ ਦੀ ਕਿਸਾਨੀ, ਆਰਥਿਕਤਾ, ਸੰਘੀ ਢਾਂਚੇ ਅਤੇ ਨੌਜਵਾਨੀ ਨੂੰ ਦਰਪੇਸ਼ ਚੁਣੌਤੀਆਂ 'ਤੇ ਆਪਣੇ ਉਸਾਰੂ ਸੁਝਾਅ ਰੱਖੇ।

**ਦਿਨ ਦੀ ਇਤਿਹਾਸਕ ਮਹੱਤਤਾ:** ਸੀਨੀਅਰ ਪੱਤਰਕਾਰ ਅਤੇ ਲੇਖਕ ਜਗਤਾਰ ਸਿੰਘ (ਸਾਬਕਾ ਪੱਤਰਕਾਰ 'ਇੰਡੀਅਨ ਐਕਸਪ੍ਰੈਸ') ਨੇ ਇਤਿਹਾਸਕ ਪੰਨਿਆਂ ਨੂੰ ਯਾਦ ਕਰਦਿਆਂ ਜ਼ਿਕਰ ਕੀਤਾ ਕਿ ਅੱਜ ਦੇ ਦਿਨ ਹੀ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਦਮਦਮੀ ਟਕਸਾਲ ਦੇ 14ਵੇਂ ਮੁਖੀ ਵਜੋਂ ਦਸਤਾਰਬੰਦੀ ਹੋਈ ਸੀ। ਉਨ੍ਹਾਂ ਨੇ ਕੌਮ ਅਤੇ ਗੁਰੂ ਆਸ਼ੇ ਪ੍ਰਤੀ ਸਮਰਪਿਤ ਹੋ ਕੇ ਨੰਗੇ ਪੈਰੀਂ ਤੁਰਨ ਅਤੇ ਸ਼ਹਾਦਤ ਦਾ ਮਾਰਗ ਚੁਣਿਆ ਸੀ।

**ਖੇਤੀ ਨੀਤੀ ਦਸਤਾਵੇਜ਼ ਤੇ 40 ਨੁਕਾਤੀ ਬੁਕਲੇਟ ਜਾਰੀ:** ਸੰਮੇਲਨ ਦੌਰਾਨ ਜਥੇਬੰਦੀ ਵੱਲੋਂ ਪੰਜਾਬ ਦੇ ਖੇਤੀ ਸੰਕਟ ਨੂੰ ਹੱਲ ਕਰਨ ਲਈ ਇੱਕ ਖ਼ਾਸ 'ਖੇਤੀ ਨੀਤੀ ਦਸਤਾਵੇਜ਼', 40 ਨੁਕਾਤੀ ਨੀਤੀ ਬੁਕਲੇਟ ਅਤੇ 'ਅੰਮ੍ਰਿਤਸਰ ਚੱਲੋ' ਦਾ ਸੱਦਾ ਪੱਤਰ ਜਾਰੀ ਕੀਤਾ ਗਿਆ। ਸੀਨੀਅਰ ਪੱਤਰਕਾਰ ਸੁਖਦੇਵ ਸਿੰਘ (ਸਾਬਕਾ ਪੱਤਰਕਾਰ 'ਦ ਟ੍ਰਿਬਿਊਨ') ਸਮੇਤ ਕਈ ਬੁਲਾਰਿਆਂ ਨੇ ਲਿਖਤੀ ਨੁਕਤੇ ਸਾਂਝੇ ਕੀਤੇ। ਜਥੇਬੰਦੀ ਵੱਲੋਂ ਬਾਕੀ ਵਿਦਵਾਨਾਂ ਨੂੰ ਵੀ 10 ਦਿਨਾਂ ਦੇ ਅੰਦਰ ਆਪਣੇ ਲਿਖਤੀ ਸੁਝਾਅ ਭੇਜਣ ਦੀ ਬੇਨਤੀ ਕੀਤੀ ਗਈ।

**ਸਿਰਫ਼ ਵਿਦਵਾਨਾਂ ਦੀ ਆਵਾਜ਼ ਨੂੰ ਤਰਜੀਹ:** ਇਸ ਸਮਾਗਮ ਦੀ ਮੁੱਖ ਖ਼ਾਸੀਅਤ ਇਹ ਰਹੀ ਕਿ ਪਾਰਟੀ ਦੇ ਪ੍ਰਮੁੱਖ ਆਗੂਆਂ ਅਤੇ ਪ੍ਰਬੰਧਕਾਂ ਨੇ ਖ਼ੁਦ ਸਿਆਸੀ ਭਾਸ਼ਣਬਾਜ਼ੀ ਕਰਨ ਦੀ ਬਜਾਏ ਪੂਰਾ ਸਮਾਂ ਬੁਲਾਏ ਗਏ ਬੁੱਧੀਜੀਵੀਆਂ, ਮਾਹਰਾਂ ਅਤੇ ਵਿਸ਼ਲੇਸ਼ਕਾਂ ਦੇ ਵਿਚਾਰ ਸੁਣਨ ਨੂੰ ਸਮਰਪਿਤ ਰੱਖਿਆ।

**ਹਰ ਮਹੀਨੇ ਹੋਵੇਗਾ ਵਿਚਾਰ ਮੰਥਨ:** ਸਮਾਪਤੀ ਮੌਕੇ ਧੰਨਵਾਦ ਕਰਦਿਆਂ ਬਾਪੂ ਤਰਸੇਮ ਸਿੰਘ ਨੇ ਐਲਾਨ ਕੀਤਾ ਕਿ ਜਥੇਬੰਦੀ ਦੀਆਂ ਲੋਕ-ਪੱਖੀ ਨੀਤੀਆਂ ਨੂੰ ਵਿਗਿਆਨਕ ਅਤੇ ਠੋਸ ਆਧਾਰ ਦੇਣ ਲਈ ਹਰ ਮਹੀਨੇ ਅਜਿਹੇ ਸੰਮੇਲਨ ਕਰਵਾਏ ਜਾਣਗੇ। ਆਏ ਹੋਏ ਸਮੂਹ ਸੁਝਾਵਾਂ ਦਾ ਨਿਚੋੜ ਤਿਆਰ ਕਰਕੇ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਜਾਵੇਗਾ।

ਸੰਮੇਲਨ ਦੀ ਸਮਾਪਤੀ ਪ੍ਰੈੱਸ ਕਾਨਫ਼ਰੰਸ ਅਤੇ ਆਪਸੀ ਵਿਚਾਰ-ਵਟਾਂਦਰੇ ਨਾਲ ਹੋਈ। ਸਿਆਸੀ ਮਾਹਰਾਂ ਅਨੁਸਾਰ ਅਜਿਹੇ ਬੌਧਿਕ ਸੰਮੇਲਨ ਪੰਜਾਬ ਵਿੱਚ ਨਵੀਂ ਸਿਆਸੀ ਅਤੇ ਸਮਾਜਿਕ ਲਹਿਰ ਨੂੰ ਦਿਸ਼ਾ ਦੇਣ ਵਿੱਚ ਅਹਿਮ ਸਾਬਤ ਹੋ ਸਕਦੇ ਹਨ।

ਡਿਸਕਲੇਮਰ (Disclaimer): ਇਹ ਖ਼ਬਰ ਕਿਸਾਨ ਭਵਨ ਚੰਡੀਗੜ੍ਹ ਵਿਖੇ ਹੋਏ ਸਮਾਗਮ ਦੀ ਕਾਰਵਾਈ, ਪ੍ਰਬੰਧਕਾਂ ਵੱਲੋਂ ਜਾਰੀ ਪ੍ਰੈੱਸ ਬਿਆਨਾਂ ਅਤੇ ਬੁਲਾਰਿਆਂ ਦੇ ਵਿਚਾਰਾਂ 'ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਲਈ ਇਹ ਰਿਪੋਰਟ ਪ੍ਰਕਾਸ਼ਿਤ ਕਰ ਰਿਹਾ ਹੈ।

# ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ ਲਈ ਸਤੌਜ ਵਿਖੇ ਕੀਤੀ ਗਈ ਵਿਸ਼ਾਲ ਰੈਲੀ

## ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਵਾਅਦੇ ਪੂਰੇ ਨਾਂ ਕਰਕੇ ਕੀਤਾ ਧੋਖਾ

ਚੀਮਾ : ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੰਚ ਦੇ ਸੱਦੇ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪਿੰਡ ਸਤੌਜ ਵਿਖੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਮਹਿੰਗਾਈ ਭੱਤਾ ਜਾਰੀ ਕਰਨ, ਪਰਖ ਕਾਲ ਤੇ ਕੇਂਦਰੀ ਸਕੇਲ ਰੱਦ ਕਰਨ, ਦੀਆਂ ਮੰਗਾਂ ਨੂੰ ਲੈ ਕੇ ਇੱਕ ਵਿਸ਼ਾਲ ਰੈਲੀ ਸੂਬਾ ਕਨਵੀਨਰ ਜਸਵੀਰ ਸਿੰਘ ਤਲਵਾੜਾ, ਸੁਖਜੀਤ ਸਿੰਘ ਡਿੰਪੀ ਅਤੇ ਗੁਰਜੰਟ ਸਿੰਘ ਕੋਕਰੀ ਕਲਾਂ ਦੀ ਸਾਂਝੀ ਅਗਵਾਈ ਹੇਠ ਕੀਤੀ ਗਈ। ਆਗੂਆਂ ਵੱਲੋਂ ਸੰਬੋਧਨ ਕਰਦਿਆਂ ਕਿਹਾ ਗਿਆ ਕਿ ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਉਪਰੰਤ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇਗੀ। ਮੁਲਾਜ਼ਮਾਂ ਦੀਆਂ ਮਹਿੰਗਾਈ ਭੱਤੇ ਦੀਆਂ ਕਿਸਤਾਂ ਜਾਰੀ ਕੀਤੀਆਂ ਜਾਣ। ਪਰਖ ਸਮਾਂ ਤੇ ਠੇਕਾ ਆਧਾਰਤ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕੀਤਾ ਜਾਵੇ ਤੇ ਆਊਟਸੋਰਸਿੰਗ ਖਤਮ ਕੀਤੀ ਜਾਵੇ। ਪਰ ਸਰਕਾਰ ਦੇ ਸਾਢੇ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ। ਬੇਰੁਜ਼ਗਾਰਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਸਕੂਲਾਂ ਵਿੱਚ 31 ਹਜਾਰ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਪਬਲਿਕ ਭਲਾਈ ਦੇ ਵਿਭਾਗਾਂ ਵਿੱਚ ਹਜ਼ਾਰਾਂ ਅਸਾਮੀਆਂ ਭਰਨ ਦੀ ਬਜਾਏ ਡੰਗ ਟਪਾਇਆ ਜਾ ਰਿਹਾ ਹੈ। ਜਦਕਿ ਪੰਜਾਬ ਸਰਕਾਰ ਆਪਣੇ ਕੰਮਾਂ ਦੇ ਪ੍ਰਚਾਰ ਲਈ ਪੰਜਾਬ ਦੇ ਖਜ਼ਾਨੇ ਦਾ ਕਰੋੜਾਂ ਰੁਪਏ ਪਾਣੀ ਦੀ ਤਰ੍ਹਾਂ ਬਹਾਏ ਜਾ ਰਹੇ ਹਨ।





ਇਸ ਮੌਕੇ ਰੈਲੀ ਨੂੰ ਸੰਬੋਧਨ ਕਰਦਿਆਂ ਸੁਖਵਿੰਦਰ ਸਿੰਘ ਚਾਹਲ, ਟਹਿਲ ਸਿੰਘ ਸਰਾਭਾ, ਪ੍ਰਗਟਜੀਤ ਸਿੰਘ ਕਿਸ਼ਨਪੁਰਾ, ਜਗਸੀਰ ਸਹੋਤਾ, ਰਣਦੀਪ ਸਿੰਘ ਫਤਿਹਗੜ, ਜਰਨੈਲ ਸਿੰਘ ਪੱਟੀ, ਰਣਵੀਰ ਢੱਡੇ ਦਿਗਵਜੇ ਪਾਲ ਸ਼ਰਮਾ, ਰਣਜੀਤ ਰਾਣਵਾ, ਹਰਜਿੰਦਰ ਪਾਲ ਪੰਨੂ, ਸੁਰਿੰਦਰ ਪੁਆਰੀ, ਹਰਵਿੰਦਰ ਬਿਲਗਾ, ਕੁਲਵਿੰਦਰ ਸਿੰਘ ਜਸਵਿੰਦਰ ਜੱਸਾ ਸਰਬਜੀਤ ਸਿੰਘ ਪੂਨਾਵਾਲ, ਸਤਨਾਮ ਸਿੰਘ, ਵਰਿੰਦਰ ਵਿੱਕੀ, ਸੰਤ ਪ੍ਰਕਾਸ਼, ਸਾਹਿਲ ਸ਼ਰਮਾ, ਭਜਨ ਸਿੰਘ ਗਿੱਲ, ਹਰਨੇਕ ਸਿੰਘ, ਸੁਰੇਸ਼ ਕਾਂਸਲ, ਬਾਰਾ ਸਿੰਘ, ਸੁਰਿੰਦਰ ਕੁੱਸਾ ਨੇ ਕਿਹਾ ਕਿ ਰਾਜਸਥਾਨ, ਛੱਤੀਸਗੜ੍ਹ, ਝਾਰਖੰਡ, ਹਿਮਾਚਲ ਪ੍ਰਦੇਸ਼ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਆਪਣੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਚੁੱਕੀਆਂ ਹਨ। ਪਰ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਇਸ ਨੂੰ ਬੁਰੀ ਤਰ੍ਹਾਂ ਲਾਗੂ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਉਹਨਾਂ ਕਿਹਾ ਕਿ ਸਰਕਾਰ ਨੇ 18-11-2022 ਨੂੰ ਇੱਕ ਅਧੂਰਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਾਅਦ ਵੀ ਉਸਦੀ ਦੀਆਂ ਸਪਸ਼ਟ ਹਦਾਇਤਾਂ ਜਾਰੀ ਨਹੀਂ ਕੀਤੀਆਂ। ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਨਿਰਾਸ਼ਾ ਹੈ। ਇੱਕ ਪਾਸੇ 2004 ਤੋਂ ਬਾਅਦ ਭਰਤੀ ਮੁਲਾਜ਼ਮ ਪੁਰਾਣੀ ਪੈਨਸ਼ਨ ਦੀ ਉਡੀਕ ਕਰ ਰਹੇ ਹਨ। ਦੂਜੇ ਪਾਸੇ ਪੰਜਾਬ ਸਰਕਾਰ ਦੇ ਵੱਖ-ਵੱਖ ਪੱਤਰਾਂ ਕਾਰਨ ਕਈ ਮੁਲਾਜ਼ਮਾਂ ਨੂੰ ਕੇਂਦਰੀ ਤਨਖਾਹ ਸਕੇਲਾਂ ਦੇ ਮੁਕਾਬਲੇ ਘੱਟ ਤਨਖਾਹ ਮਿਲ ਰਹੀ ਹੈ। 15-01-2015 ਨੂੰ ਜਾਰੀ ਕਾਲੇ ਪੱਤਰ ਰਾਹੀਂ ਨਵੇਂ ਭਰਤੀ ਮੁਲਾਜ਼ਮਾਂ ਨੂੰ ਤਿੰਨ ਸਾਲ ਲਈ ਜਬਰੀ ਪਰਖ ਸਮੇਂ ਤੇ ਰੱਖ ਕੇ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸ ਕਾਰਨ ਮੁਲਾਜ਼ਮ ਦੋਹਰੀ ਮਾਰ ਦਾ ਸ਼ਿਕਾਰ ਹੋ ਰਹੇ ਹਨ। ਆਮ ਆਦਮੀ ਪਾਰਟੀ ਦੇ ਆਗੂ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਦੇ ਧਰਨਿਆਂ ਵਿੱਚ ਸ਼ਾਮਿਲ ਹੁੰਦੇ ਰਹੇ ਅਤੇ ਵੱਡੇ ਵੱਡੇ ਵਾਅਦੇ ਕਰਦੇ ਰਹੇ ਪਰ ਹੁਣ ਸਰਕਾਰ ਬਣਨ ਤੇ ਆਪਣੇ ਹੀ ਵਾਅਦਿਆਂ ਤੋਂ ਪਿੱਛੇ ਹਟ ਰਹੇ ਹਨ ਜਦ ਕਿ ਦੂਜੇ ਪਾਸੇ ਪੰਜਾਬ ਦੇ ਐਮਐਲਏ ਸਮੇਤ ਮੁੱਖ ਮੰਤਰੀ ਦੂਜੇ ਸੂਬਿਆਂ ਦੇ ਮੁੱਖ ਮੰਤਰੀ ਤੇ ਮੈਂਬਰਾਂ ਤੋਂ ਵੱਧ ਤਨਖਾਹਾਂ ਤੇ ਸਹੂਲਤਾਂ ਦਾ ਨਿੱਘ ਮਾਣ ਰਹੇ ਹਨ।

ਇਸ ਤੋਂ ਬਾਅਦ ਇਕੱਠੇ ਹੋਏ ਹੋਏ ਐਨਪੀਐਸ ਮੁਲਾਜ਼ਮ ਨਆਰੇ ਮਾਰਦੇ ਹੋਏ ਵੱਡੀ ਗਿਣਤੀ ਵਿੱਚ ਪਿੰਡ ਸਤੌਜ ਵੱਲ ਵਧਣੇ ਸ਼ੁਰੂ ਹੋਏ। ਪੁਲਿਸ ਵੱਲੋ ਲਗਾਏ ਤਿੰਨ ਵੈਰੀਕੇਡਾਂ ਨੂੰ ਤੋੜਦੇ ਅਤੇ ਧੱਕਾ ਮੁੱਕੀ ਹੁੰਦੇ ਹੋਏ ਜਦੋਂ ਐਨਪੀਐਸ ਮੁਲਾਜ਼ਮ ਨਆਰੇ ਮਾਰਦੇ ਹੋਏ ਅੱਗੇ ਵਧ ਰਹੇ ਸਨ ਤਾਂ ਪੁਲਿਸ ਨੇ ਐਨਪੀਐਸ ਮੁਲਾਜ਼ਮਾਂ ਤੇ ਪਾਣੀ ਦੀਆਂ ਵੁਛਾੜਾਂ ਕੀਤੀਆਂ। ਅੰਤ ਵਿੱਚ ਪ੍ਰਸ਼ਾਸਨ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੰਚ ਦੀ ਮੁੱਖ ਮੰਤਰੀ ਨਾਲ ਹਾਂਜੀ 27 ਅਗਸਤ ਦੀ ਮੀਟਿੰਗ ਤੈਅ ਕਰਵਾਈ ਇਸ ਤੋਂ ਬਾਅਦ ਐਨਪੀਐਸ ਮੁਲਾਜ਼ਮਾਂ ਦਾ ਗੁੱਸਾ ਸ਼ਾਂਤ ਹੋਇਆ।

## ਪੰਜਾਬੀ ਅਕਾਦਮਿਕਤਾ ਤੇ ਚਿੰਤਨ ਦਾ ਧਰੂ-ਤਾਰਾ: ਡਾ. ਗੁਰਪਾਲ ਸਿੰਘ ਸੰਧੂ

ਪੰਜਾਬੀ ਭਾਸ਼ਾ, ਸਾਹਿਤਕ ਆਲੋਚਨਾ ਅਤੇ ਵਿਰਸੇ ਦੇ ਸਿਖ਼ਰਲੇ ਵਿਦਵਾਨ ਦੀ ਸ਼ਖ਼ਸੀਅਤ 'ਤੇ ਇੱਕ ਝਾਤ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰਕ ਚਿੰਤਨ ਦੇ ਖੇਤਰ ਵਿੱਚ ਡਾ. ਗੁਰਪਾਲ ਸਿੰਘ ਸੰਧੂ ਇੱਕ ਅਜਿਹਾ ਮਾਣਮੱਤਾ ਤੇ ਸਤਿਕਾਰਤ ਨਾਮ ਹਨ, ਜਿਨ੍ਹਾਂ ਨੇ ਆਪਣੀ ਡੂੰਘੀ ਖੋਜ-ਦ੍ਰਿਸ਼ਟੀ ਅਤੇ ਅਕਾਦਮਿਕ ਵਚਨਬੱਧਤਾ ਨਾਲ ਮਾਂ-ਬੋਲੀ ਦੀ ਸੇਵਾ ਵਿੱਚ ਨਵੇਂ ਮੀਲ-ਪੱਥਰ ਸਥਾਪਤ ਕੀਤੇ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ 'ਪੰਜਾਬੀ ਸਕੂਲ ਆਫ਼ ਸਟੱਡੀਜ਼' ਦੇ ਮੁਖੀ ਵਜੋਂ ਉਚੇਰੀ ਸਿੱਖਿਆ ਅਤੇ ਖੋਜ ਕਾਰਜਾਂ ਦੀ ਸ਼ਾਨਦਾਰ ਅਗਵਾਈ ਕਰ ਰਹੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉੱਚ ਸਿੱਖਿਆ ਹਾਸਲ ਕਰਨ ਵਾਲੇ ਡਾ. ਸੰਧੂ ਕੇਵਲ ਇੱਕ ਸੁਹਿਰਦ ਅਧਿਆਪਕ ਹੀ ਨਹੀਂ, ਸਗੋਂ ਪੰਜਾਬੀ ਲੋਕਧਾਰਾ, ਮੱਧਕਾਲੀ ਚਿੰਤਨ ਅਤੇ ਆਧੁਨਿਕ ਪੰਜਾਬੀ ਕਵਿਤਾ ਦੇ ਗੰਭੀਰ ਖੋਜਕਾਰ ਤੇ ਸੁਲਝੇ ਹੋਏ ਆਲੋਚਕ ਵਜੋਂ ਜਾਣੇ ਜਾਂਦੇ ਹਨ। ਦੇਸ਼-ਵਿਦੇਸ਼ ਦੀਆਂ ਵੱਕਾਰੀ ਕਾਨਫਰੰਸਾਂ ਵਿੱਚ ਪੇਸ਼ ਕੀਤੇ ਉਨ੍ਹਾਂ ਦੇ ਖੋਜ-ਪੱਤਰ ਅਤੇ ਨਾਮਵਰ ਖੋਜ-ਰਸਾਲਿਆਂ ਵਿੱਚ ਛਪੇ ਆਰਟੀਕਲ ਪੰਜਾਬੀ ਆਲੋਚਨਾ ਜਗਤ ਦੀ ਅਮੀਰ ਵਿਰਾਸਤ ਹਨ। ਉਨ੍ਹਾਂ ਦੀ ਸੁਯੋਗ ਰਹਿਨੁਮਾਈ ਹੇਠ ਦਰਜਨਾਂ ਖੋਜਾਰਥੀਆਂ ਨੇ ਐੱਮ. ਫਿਲ ਅਤੇ ਪੀ-ਐੱਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕਰਕੇ ਪੰਜਾਬੀ ਅਕਾਦਮਿਕਤਾ ਦੇ ਘੇਰੇ ਨੂੰ ਹੋਰ ਵਿਸ਼ਾਲ ਕੀਤਾ ਹੈ। ਮਾਂ-ਬੋਲੀ ਪ੍ਰਤੀ ਉਨ੍ਹਾਂ ਦੇ ਅਥਾਹ ਸਮਰਪਣ ਅਤੇ ਬੌਧਿਕ ਘਾਲਣਾ ਨੂੰ ਸਤਿਕਾਰ ਸਹਿਤ ਸਲਾਮ ਕਰਦਿਆਂ, ਅਸੀਂ ਪ੍ਰੋਫ਼ੈਸਰ ਸੁਖਪਾਲ ਸਿੰਘ ਥਿੰਦ ਵੱਲੋਂ ਲਿਖਿਆ ਖੋਜ-ਭਰਪੂਰ ਲੇਖ 'ਸਫ਼ਲ ਵਿਦਵਾਨ : ਗੁਰਪਾਲ ਸੰਧੂ' ਆਪਣੇ ਸਤਿਕਾਰਯੋਗ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਦਿਲੀ ਮਾਣ ਅਤੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ। — ਸਤਨਾਮ ਸਿੰਘ

# ਸ.ਫਲ ਵਿਦਵਾਨ : ਗੁਰਪਾਲ ਸੰਧੂ



(ਭਾਗ ਦੂਜਾ)

ਮੈਂ ਹੱਸਣ ਦਾ ਯਤਨ ਕਰਦਿਆਂ ਉਹਨਾਂ ਵੱਲ ਵੇਖਦਾ ਰਿਹਾ। ਮੈਂ ਵੀ ਆਪਣੇ ਗਾਈਡ ਦਾ ਵਿਗਿਆਨਕ ਗਲਪ ਵਾਲਾ ਉਹ ਲੇਖ ਪੜ੍ਹਿਆ ਸੀ। ਪੂਰਾ ਸਿਰਲੇਖ ਤਾਂ 'ਅਕਾਸ਼ ਵਿੱਚ ਕੂੜੇ ਦੀ ਟੋਕਰੀ' ਸੀ ਪਰ ਗੁਰਪਾਲ ਬੜੀ ਚਲਾਕੀ ਨਾਲ ਪਹਿਲੇ ਦੋ ਸ਼ਬਦ ਨੱਪ ਕੇ ਆਪਣੀ ਮਰਜੀ ਦੇ ਅਰਥ ਕੱਢ ਗਿਆ ਸੀ। ਉਹ ਟੌਲੀ ਵਿੱਚ ਛਾਇਆ ਪਿਆ ਸੀ। ਕਿਸੇ ਹੋਰ ਨੂੰ ਘੱਟ ਹੀ ਗੱਲ ਕਰਨ ਦੇ ਰਿਹਾ ਸੀ। ਫਿਰ ਉਹ ਮੇਰੇ ਟਾਪਿਕ ਬਾਰੇ ਪੁੱਛਣ ਲੱਗ ਪਿਆ। ਮੈਂ 'ਪੰਜਾਬੀ ਨਾਵਲ ਦਾ ਸਮਾਜ- ਸ਼ਾਸਤਰ' 'ਪੰਜਾਬੀ ਕਹਾਣੀ ਦਾ ਚਿਹਨ ਵਿਗਿਆਨਕ ਅਧਿਐਨ' 'ਪੰਜਾਬੀ ਨਾਵਲ ਦਾ ਤੁਲਨਾਤਮਕ ਅਧਿਐਨ' ਜਿਹੇ ਕੁਝ ਵਿਚਾਰੇ ਜਾ ਰਹੇ ਟਾਪਿਕ ਦੱਸੇ। ਨਾਂਹ ਵਿੱਚ ਸਿਰ ਮਾਰਦਿਆਂ ਉਸ ਨੇ ਸਭ ਤੇ ਕਾਂਟਾ ਮਾਰ ਦਿੱਤਾ। ਚਿਹਨ ਵਿਗਿਆਨ ਬਾਰੇ ਸੁਣਦਿਆਂ ਉਸ ਕੁਝ ਹੁੰਗਾਰਾ ਜਿਹਾ ਭਰਿਆ ਪਰ ਅਗਲੇ ਹੀ ਪਲ ਇਸ ਨੂੰ ਵੀ ਰੱਦ ਕਰ ਦਿੱਤਾ, "ਮੈਂ ਨਾਵਲ ਤੇ ਇਹ ਸਭ ਕਰ ਲਿਆ, ਤੂੰ ਕੀ ਨਵਾਂ ਕਰ ਲਵੇਂਗਾ ? ਨਵਾਂ ਕਰ ਕੁਝ ਨਵਾਂ !"

"ਕੀ ਨਵਾਂ ਕਰਾਂ ? ਦੱਸੋ ਫਿਰ ?" ਮੈਂ ਫਟਾਫਟ ਇਵੇਂ ਬੋਲਿਆ ਜਿਵੇਂ ਇਸ ਪ੍ਰਸ਼ਨ ਨੂੰ ਹੀ ਉਡੀਕ ਰਿਹਾ ਹੋਵਾਂ।

" 'ਨੈਰੇਟੋਲੋਜੀ' ਨਵਾਂ ਖੇਤਰ ਐ, ਜੇ ਕਰਨਾ ਤਾਂ ਇਸ ਵਿੱਚ ਕੰਮ ਕਰ।" ਗੁਰਪਾਲ ਨੇ ਫੱਟ ਮੋੜਵਾਂ ਉੱਤਰ ਦਿੱਤਾ। ਮੈਂ ਪਹਿਲੀ ਵਾਰ ਇਹ ਸ਼ਬਦ ਸੁਣਿਆ ਸੀ। ਮੈਨੂੰ ਸਮਝ ਨਾ ਲੱਗੇ, ਕੀ ਉੱਤਰ ਦਿਆਂ। ਚੁੱਪ ਜਿਹੇ ਖੜ੍ਹੇ ਨੂੰ ਵੇਖ ਕੇ ਗੁਰਪਾਲ ਦੱਸਣ ਲੱਗ ਪਿਆ, "ਬਿਰਤਾਂਤ ਸ਼ਾਸਤਰ, ਬਿਰਤਾਂਤਾਂ ਦੀ ਸਾਇੰਟਫਿਕ ਸਟੱਡੀ ਦਾ ਮਾਡਲ ...।" ਉਹ ਕੁਝ ਦੇਰ ਇਸ ਖੇਤਰ ਦੇ ਵਿਦਵਾਨਾਂ ਬਾਰੇ ਗੱਲ ਕਰਦਾ ਰਿਹਾ। ਗੱਲਾਂ ਕਰਦਿਆਂ ਰੋਲਾਂ ਬਾਰਤ ਦਾ ਦੋ ਤਿੰਨ ਵਾਰ ਜਿਕਰ ਕੀਤਾ। ਬਿਲਕੁਲ ਇਵੇਂ ਜਿਵੇਂ ਉਹ ਉਸ ਨੂੰ ਅਕਸਰ ਮਿਲਣ ਗਿਲਣ ਆਉਂਦਾ ਹੋਵੇ। ਉਸ ਨਾਲ ਸ਼ਾਮ ਸਮੇਂ ਚਾਹ ਦਾ ਕੱਪ ਪੀਣ। ਉਹ ਬੋਲਦਾ ਗਿਆ ਅਤੇ ਮੈਂ ਮੂੰਹ ਟੱਡੀ ਉਸ ਵੱਲ ਵੇਖਦਾ ਰਿਹਾ। ਮੈਨੂੰ ਬੰਦਾ ਗਿਆਨ ਦਾ ਭੰਡਾਰ ਜਾਪਿਆ। ਉਸਦਾ ਪਲਾਂ ਵਿੱਚ ਮੇਰੇ ਨਾਲ ਖੁੱਲ੍ਹ ਜਾਣਾ ਮੈਨੂੰ ਹੋਰ ਵੀ ਸੁਖਮਈ ਅਹਿਸਾਸ ਨਾਲ ਭਰ ਗਿਆ। ਹੁਣ ਤੱਕ ਵਿਭਾਗ ਦੇ ਜਿਆਦਤਰ ਰਿਸਰਚ ਸਕਾਲਰ ਮੈਨੂੰ ਬਹੁਤ ਘੁੱਟੇ ਘੁੱਟੇ ਜਿਹੇ ਮਿਲੇ ਸਨ। ਰਤਾ ਮਾਸਾ ਵੀ ਵਿਰਲ ਨਾ ਦੇਣ ਵਾਲੇ। ਹਲਕੀ ਜਿਹੀ ਸਮਾਇਲ ਦੇ ਕੇ ਕੋਲੋਂ ਦੀ ਲੰਘ ਜਾਣ ਵਾਲੇ। ਪਰ ਇਹ ਬੰਦਾ ਤਾਂ ਮਿਲਦੇ ਸਾਰ ਹੀ ਦਿਲ ਦੇ ਪੂਰੇ ਬੂਹੇ ਖੋਲ੍ਹ ਕੇ ਮਿਲਿਆ ਸੀ। ਮੈਂ ਚੁੰਬਕ ਵਾਂਗ ਉਸ ਵੱਲ ਖਿੱਚਿਆ ਗਿਆ। ਟੋਲੀ ਖਿੱਲਰਨ ਲੱਗੀ ਤਾਂ ਮੈਂ ਉਸਦਾ ਉਚੇਚਾ ਥੈਂਕਸ ਕਰਦਿਆਂ ਕਿਹਾ , "ਮੈਂ ਬਿਰਤਾਂਤ ਸ਼ਾਸਤਰ ਤੇ ਹੀ ਕੰਮ ਕਰਾਂਗਾ, ਅੱਜ ਹੀ ਧੀਰ ਸਾਹਿਬ ਨਾਲ ਗੱਲ ਕਰਦਾ ਹਾਂ।"

ਗੱਲ ਸੁਣ ਉਹ ਫਿਰ ਉੱਚੀ ਦੇਣੀ ਹੱਸਿਆ, "ਓਏ ਜਸਵਿੰਦਰ! ਸਮਝਾ ਇਸ ਨੂੰ ਕੋਈ ਅਕਲ ਦੀ ਗੱਲ ...ਇਹ ਟੌਪਿਕ ਉਸਦੇ ਵੱਸ ਦੀ ਗੱਲ ਹੈਨੀ।" ਮਦਾਰੀ ਦੇ ਡੰਮਰੂ ਘੁੰਮਾਉਣ ਵਾਂਗ ਗੁਰਪਾਲ ਨੇ ਸੱਜਾ ਹੱਥ ਹਵਾ ਵਿੱਚ ਘੁੰਮਾ ਦਿੱਤਾ। ਟੋਏ 'ਚੋਂ ਕੱਢ ਕੇ ਉਸ ਨੇ ਮੈਨੂੰ ਉਸੇ ਪਲ ਖੂਹ ਵਿੱਚ ਸੁੱਟ ਦਿੱਤਾ। ਉਹ ਤੁਰਨ ਲਈ ਕਾਹਲਾ ਸੀ ਪਰ ਮੈਂ ਤਾਂ ਅੱਜ ਆਪਣੀਆਂ ਸਾਰੀਆਂ ਮਰਜਾਂ ਦਾ ਇਲਾਜ ਕਰ ਲੈਣਾ ਚਾਹੁੰਦਾ ਸਾਂ। ਤੁਰਦੇ ਤੁਰਦੇ ਅੱਗੇ ਪੁੱਛਣਾ ਪਾਈ – "ਡਾਕਟਰ ਸਾਬ੍ਹ ! ਫਿਰ ਤੁਸੀਂ ਹੀ ਦੱਸੋ, ਕਿਸ ਦੇ ਲੜ ਲੱਗਾਂ ?"

ਮੇਰਾ ਪ੍ਰਸ਼ਨ ਸੁਣ ਉਹ ਇੱਕਦਮ ਸੋਚ ਵਿੱਚ ਪੈ

ਪ੍ਰੋ. ਸੁਖਪਾਲ ਸਿੰਘ ਥਿੰਦ



ਗਿਆ। ਆਪਣੇ ਸੱਜੇ ਹੱਥ ਦੀਆਂ ਪਹਿਲੀਆਂ ਦੋ ਉਂਗਲਾਂ ਨੂੰ ਉਸ ਨੇ ਮੱਥੇ ਤੇ ਪੁੜਪੁੜੀ ਕੋਲ ਇਵੇਂ ਦੋ ਤਿੰਨ ਵਾਰ ਮਾਰਿਆ ਜਿਵੇਂ ਆਪਣੇ ਦਿਮਾਗੀ ਤਬਲੇ ਦੇ ਪੁੜੇ ਨੂੰ ਕੱਸ ਰਿਹਾ ਹੋਵੇ। ਕੁਝ ਸਕਿੰਟਾਂ ਬਾਅਦ ਉਹ ਇਵੇਂ ਬੋਲਿਆ ਜਿਵੇਂ ਉਸ ਨੂੰ ਕੋਈ ਇਲਹਾਮ ਹੋਇਆ ਹੋਵੇ , "ਡਾ. ਅਰਸ਼ੀ ਹੀ ਇਸ ਟਾਪਿਕ ਨਾਲ ਇਨਸਾਫ਼ ਕਰ ਸਕਦੇ ਨੇ ... ਪਰ ਜੇ ਉਹ ਕੰਮ ਕਰਾਉਣਾ ਮੰਨ ਜਾਣ... ਉਨ੍ਹਾਂ ਨੂੰ ਮਨਾਉਣਾ ਤੇਰੇ ਜਿੰਮੇ।" ਗੱਲ ਮੁਕਾ ਪ੍ਰੋ. ਗੁਰਪਾਲ ਬਾਏ ਕਹਿ ਤੁਰਦਾ ਬਣਿਆ ਪਰ ਮੈਂ ਉਥੇ ਹੀ ਵਿਭਾਗ ਸਾਹਮਣੇ ਕਿੰਨੀ ਦੇਰ ਖੜ੍ਹਾ ਰਿਹਾ। ਕਈ ਕੁਝ ਸੋਚਦਾ ਵਿਚਾਰਦਾ ਅੰਦਰੇ ਅੰਦਰ ਆਪਣੀਆਂ ਭਵਿੱਖੀ ਰਣਨੀਤੀਆਂ ਘੜਦਾ ਰਿਹਾ। ਪੰਦਰਾਂ ਕੁ ਮਿੰਟਾਂ ਵਿੱਚ ਡਾ. ਗੁਰਪਾਲ ਮੇਰੇ ਅੰਦਰਲਾ ਪੁਰਾਣਾ ਬੀਜਿਆ ਪੁੱਟ ਉਖਾੜ ਕਈ ਕੁਝ ਨਵਾਂ ਬੀਜ ਗਿਆ ਸੀ। ਅਗਲੇ ਦਸਾਂ ਮਿੰਟਾਂ ਤੱਕ ਮੈਂ ਡਾ. ਅਰਸ਼ੀ ਦੇ ਕਮਰੇ ਵਿੱਚ ਬੈਠਾ ਉਨ੍ਹਾਂ ਨਾਲ 'ਬਿਰਤਾਂਤ ਸ਼ਾਸਤਰ' ਦੀਆਂ ਕਹਾਣੀਆਂ ਪਾ ਰਿਹਾ ਸਾਂ। ਵਿਦਿਆਰਥੀਆਂ ਵਿੱਚ ਆਪਣੀ ਸਨਕ ਲਈ ਮਸ਼ਹੂਰ ਡਾ. ਗੁਰਚਰਨ ਸਿੰਘ ਅਰਸ਼ੀ ਨੇ ਆਸ ਦੇ ਉਲਟ ਮੇਰਾ ਚੰਗਾ ਸਵਾਗਤ ਕੀਤਾ। ਗਾਈਡ ਬਣਨ ਲਈ ਵੀ ਪੈਂਦੀ ਸੱਟੇ ਹਾਂ ਕਰ ਦਿੱਤੀ। ਅਗਲੇ ਅੱਧੇ ਘੰਟੇ ਵਿੱਚ 'ਹੀਰ ਵਾਰਿਸ ਦਾ ਬਿਰਤਾਂਤ ਸ਼ਾਸਤਰੀ ਅਧਿਐਨ' ਵਿਸ਼ਾ ਫਾਈਨਲ ਵੀ ਹੋ ਗਿਆ। ਹਾਂ ਹੁੰਦਿਆਂ ਹੀ ਡਾ. ਧੀਰ ਹੋਰਾਂ ਦਾ ਦਵਾਰ ਟੱਪ ਆਉਣ ਲਈ ਪੱਕਾ ਮਨ ਬਣਾ ਲਿਆ। ਬਾਅਦ ਵਿੱਚ ਅਜਿਹਾ ਕੀਤਾ ਵੀ। ਹੁਣ ਤੀਹ ਸਾਲ ਬਾਅਦ ਇਹ ਗੱਲ ਸੋਚਦਾ ਹਾਂ ਤਾਂ ਡਾ. ਧੀਰ ਮੈਨੂੰ ਬਹੁਤ ਪਿਆਰੇ ਅਤੇ ਵੱਡੇ ਇਨਸਾਨ ਜਾਪਦੇ ਹਨ। ਉਨ੍ਹਾਂ ਵਿਭਾਗ ਦੇ ਮੁਖੀ ਹੋਣ ਦੇ ਬਾਵਜੂਦ ਮੇਰੇ ਨਾਲ ਰਤਾ ਕੌੜ ਨਹੀਂ ਸੀ ਰੱਖੀ। ਮੇਰੇ ਕਿਸੇ ਕੰਮ ਵਿੱਚ ਲੱਤ ਨਹੀਂ ਸੀ ਅੜਾਈ। ਪਰ ਇਹ ਗੁਰਪਾਲ ਦਾ ਹੀ ਕਮਾਲ ਸੀ ਕਿ ਮੇਰਾ ਜਿਹੜਾ ਕੰਮ ਛੇ ਮਹੀਨਿਆਂ ਵਿੱਚ ਨਹੀਂ ਸੀ ਹੋ ਸਕਿਆ ਉਹ ਉਸਦੇ ਮਿਲਣ ਬਾਅਦ ਘੰਟੇ ਕੁ ਵਿੱਚ ਹੀ ਸੁਲਝ ਗਿਆ ਸੀ। ਡਾ. ਅਰਸ਼ੀ ਦੇ ਕਮਰੇ ਵਿੱਚੋਂ ਬਾਹਰ ਨਿੱਕਲਿਆਂ ਤਾਂ ਯੂਨੀਵਰਸਿਟੀ ਇੱਕ ਵਾਰ ਫਿਰ ਆਪਣੀ ਆਪਣੀ ਜਾਪਣ ਲੱਗ ਪਈ। ਹੁਣ ਮੇਰੀਆਂ ਸੋਚਾਂ ਵਿੱਚ ਕੇਵਲ ਤੇ ਕੇਵਲ ਗੁਰਪਾਲ ਛਾਇਆ ਹੋਇਆ ਸੀ। ਜਾਦੂ ਦੀ ਛੜੀ ਵਰਗਾ ਡਾ. ਗੁਰਪਾਲ। ਉਹ ਛੜੀ ਜਿਸ ਨੂੰ ਜਦੋਂ ਮਰਜੀ ਹਵਾ ਵਿੱਚ ਘੁੰਮਾਓ ਤੇ ਮਨਚਾਹੀਆਂ ਮੁਰਾਦਾਂ ਪਾਓ।

ਦੋ ਕੁ ਦਿਨ ਬਾਅਦ ਉਹ ਫਿਰ ਵਿਭਾਗ ਵਿੱਚ ਮਿਲਿਆ। ਮੈਂ ਉਸ ਨੂੰ ਭੱਜ ਕੇ ਮਿਲਿਆ। ਇਵੇਂ ਜਿਵੇਂ ਵਿੱਛੜਿਆ ਮਹਿਬੂਬ ਮਸਾਂ-ਮਸਾਂ ਮਿਲਿਆ ਹੋਵੇ। ਸਾਰੀ ਵਿਥਿਆ ਉਸ ਨੂੰ ਸੁਣਾਈ। ਉਹ ਖੁਸ਼ ਹੋ ਕੇ ਬੋਲਿਆ , "ਮਿਲਾ ਹੱਥ, ਆਪਾਂ ਗੁਰਭਾਈ ਬਣਗੇ ...!" ਮੈਂ ਹੈਰਾਨੀ ਨਾਲ ਉਸ ਵੱਲ ਤੱਕਿਆ। ਉਸ ਵੇਲੇ ਤੱਕ ਮੈਨੂੰ ਨਹੀਂ ਸੀ ਪਤਾ ਕਿ ਉਸ ਡਾ. ਅਰਸ਼ੀ ਹੇਠ ਪੀ.ਐਚ.ਡੀ. ਕੀਤੀ ਹੈ। ਗੱਲ ਕਰਦਿਆਂ ਉਸ ਆਪਣਾ ਸੱਜਾ ਹੱਥ ਮੇਰੇ ਵੱਲ ਵਧਾਇਆ। ਮੈਂ ਉਸਦਾ ਹੱਥ ਦੋਨਾਂ ਹੱਥਾਂ ਵਿੱਚ ਘੁੱਟ ਕੇ ਫੜ ਲਿਆ। ਮੈਂ ਇਹ ਹੱਥ ਹੁਣ ਕਿਸੇ ਵੀ ਕੀਮਤ ਤੇ ਛੱਡਣਾ ਨਹੀਂ ਸਾਂ ਚਾਹੁੰਦਾ। ਤੁਰਨ ਲੱਗਿਆ ਉਹ ਯੂਨੀਵਰਸਿਟੀ ਦੇ ਸਾਹਮਣੇ ਅਰਬਨ ਅਸਟੇਟ ਵਿੱਚਲੀ ਆਪਣੀ ਕੋਠੀ ਦਾ ਪਤਾ ਦੇ ਗਿਆ। ਮੈਂ ਅਗਲੇ ਦਿਨ ਹੀ ਕੋਠੀ ਜਾ ਪਹੁੰਚਿਆ। ਗੇਟ ਉਸਦੀ ਪਤਨੀ ਮਨਜੀਤ ਨੇ ਖੋਲ੍ਹਿਆ। ਉਸ ਨੂੰ ਸ਼ਾਇਦ ਗੁਰਪਾਲ ਮੇਰੇ ਬਾਰੇ ਦੱਸ ਚੁੱਕਾ ਸੀ। ਉਹ ਗੇਟ ਖੋਲ੍ਹਦਿਆਂ ਖੁੱਲ੍ਹ ਕੇ ਹੱਸਦਿਆਂ ਬੋਲੀ, "ਆਜੋ ਆਜੋ ਡਾ. ਸਾਹਬ, ਲੰਘ ਆਓ ਅੰਦਰ ...!" ਆਪਣੇ ਲਈ 'ਡਾ. ਸਾਹਬ' ਸ਼ਬਦ ਸੁਣ ਕੇ ਅੰਦਰੇ ਅੰਦਰ ਫੁਲਝੜੀ ਫੁੱਟੀ। ਗੁਰਪਾਲ ਵਰਗੀ ਹੀ ਹੱਟੀ ਕੱਟੀ ਮਨਜੀਤ ਦੇ ਪਿੱਛੇ ਪਿੱਛੇ ਪੋਲੇ ਪੋਲੇ ਪੈਰ ਧਰਦਾ ਮੈਂ ਡਰਾਇੰਗ ਰੂਮ ਵਿੱਚ ਦਾਖਲ ਹੋ ਗਿਆ। ਗੁਰਪਾਲ ਸੋਫੇ ਤੇ ਬੈਠਾ ਆਸ-ਪਾਸ ਕਿਤਾਬਾਂ ਦਾ ਖਲਾਰਾ ਪਾਈ ਬੈਠਾ ਸੀ। ਪੰਜ ਛੇ ਅੰਗ੍ਰੇਜ਼ੀ ਦੀਆਂ ਅਤੇ ਦੋ ਕੁ ਪੰਜਾਬੀ ਦੀਆਂ। ਮਨਜੀਤ ਵੀ ਕੋਲ ਹੀ ਬੈਠ ਗਈ। ਬੈਠਦਿਆਂ ਸਾਰ ਦੋਨਾਂ ਨੇ ਗੱਲਾਂ ਦੇ ਗਲੋਟੇ ਲਾਹੁਣੇ ਸ਼ੁਰੂ ਕਰ ਦਿੱਤੇ। ਦੋਨੋ ਇੱਕ ਦੂਜੇ ਤੋਂ ਵੱਧ ਕੇ। ਕਦੇ ਝਕਾਨੀ ਦੇ ਕੇ ਮਨਜੀਤ ਗੋਲ ਕਰ ਜਾਵੇ ਤੇ ਕਦੇ ਗੁਰਪਾਲ ਦਾਅ ਲਾ ਜਾਵੇ। ਐਡੇ ਵੱਡੇ 'ਪਲੇਅਰਾਂ' ਵਿੱਚ ਮੈਂ ਤਾਂ ਮੂਕ ਦਰਸ਼ਕ ਹੀ ਸਾਂ। ਕੇਵਲ ਹੱਸਣ ਵਾਲਾ ਤੇ ਵਿੱਚ ਵਾਰ ਪੋਲੀਆਂ ਪੋਲੀਆਂ ਤਾੜੀਆਂ ਮਾਰਨ ਵਾਲਾ। ਏਨੀ ਖੁੱਲ੍ਹ ਕੇ ਖੇਡਣ ਵਾਲੀ ਜੋੜੀ ਨੂੰ ਐਨਾ ਨੇੜਿਓ ਵੇਖਣ ਦਾ ਮੇਰਾ ਪਹਿਲਾ ਮੌਕਾ ਸੀ। ਦੋਨੋਂ ਜਿਵੇਂ ਹੱਡਾਂ ਪੈਰਾਂ ਤੋਂ ਮੋਕਲੇ ਸਨ ਉਵੇਂ ਹੀ ਉਨ੍ਹਾਂ ਦੀ ਗੱਲਬਾਤ ਖੁੱਲ੍ਹੀ-ਖਲਾਸੀ ਸੀ। ਦੋਨੋ ਗੱਲ ਕਰਕੇ ਜੋਰ ਦੀ ਤਾੜੀ ਮਾਰਕੇ ਹੱਸਦੇ ਤਾਂ ਹੇਠਲਾ ਸੋਫਾ ਵੀ ਚੀਕੂ ਚੀਕੂ ਕਰਦਾ ਉਨ੍ਹਾਂ ਨਾਲ ਹੀ ਹੁੰਗਾਰਾ ਭਰਦਾ ਜਾਪਦਾ।

ਗੱਲਾਂ ਵਿੱਚ ਹੀ ਪਤਾ ਲੱਗਾ ਕਿ ਮਨਜੀਤ ਪਿੱਛਿਓ ਹੁਸ਼ਿਆਰਪੁਰ ਜਿਲ੍ਹੇ ਤੋਂ ਸੀ। ਮਤਲਬ ਖਾਲਸ ਦੁਆਬਣ। ਮਨਜੀਤ ਨੇ ਬਿਨ੍ਹਾਂ ਸਮਾਂ ਗੁਆਇਆਂ ਰਿਸ਼ਤੇਦਾਰੀ ਗੰਢਣੀ ਸ਼ੁਰੂ ਕਰ ਦਿੱਤੀ, "ਸਾਰੇ ਦੁਆਬੀਏ ਮੈਨੂੰ ਦੀਦੀ ਕਹਿੰਦੇ ਨੇ ... ਜਸਵਿੰਦਰ ਸੈਣੀ ਨੂੰ ਪੁੱਛ ਲਈਂ ਭਾਮੇਂ ...!"

(ਚਲਦਾ)

# ਮਘਦਾ ਰਹੀਂ ਵੇ ਸੂਰਜਾ

ਡਾ. ਦਲਬੀਰ ਸਿੰਘ

ਜਦੋਂ ਕਣਕ ਵੱਢਣ ਦਾ ਸਮਾਂ ਆਉਂਦਾ ਤਾਂ ਸਾਨੂੰ ਬੜਾ ਚਾਅ ਚੜ੍ਹ ਜਾਂਦਾ। ਅਸੀਂ ਆਪਣੇ ਪਿਤਾ ਜੀ ਨਾਲ ਤੜਕਸਾਰ ਹੀ ਆਪਣੀ ਪੈਲੀ ਵੱਲ ਤੁਰ ਪੈਂਦੇ। ਪਿਤਾ ਜੀ ਨੇ ਆਖਣਾ, "ਠੰਢੇ-ਠੰਢੇ ਵਾਹਵਾ ਕੰਮ ਨਿੱਬੜ ਜਾਂਦੈ।" ਅਸੀਂ ਕਣਕ, ਅਲਸੀ, ਮੂੰਗੀ, ਜਵਾਰ, ਬਰਸੀਨ, ਸਣ, ਮੱਕੀ ਅਤੇ ਸਰ੍ਹੋਂ ਆਦਿ ਫ਼ਸਲਾਂ ਬੀਜਦੇ ਹੁੰਦੇ ਸੀ। ਕੋਲੋਂ ਹੀ ਘੱਗਰ ਨਦੀ ਲੰਘਦੀ ਸੀ, ਜਿਸ ਕਰਕੇ ਪੈਲੀ ਨੂੰ ਪਾਣੀ ਉੱਥੋਂ ਹੀ ਲਾ ਲੈਂਦੇ। ਕਣਕ ਵੱਢਣ ਤੋਂ ਬਾਅਦ ਭਰੀਆਂ/ਪੰਡਾਂ ਬੰਨ੍ਹ ਕੇ ਲਾਈਨਾਂ ਬਣਾ-ਬਣਾ ਕੇ ਉੱਥੇ ਹੀ ਰੱਖੀ ਜਾਣੀਆਂ। ਉਨ੍ਹਾਂ ਦਿਨਾਂ ਵਿੱਚ ਹਨੇਰੀ-ਝੱਖੜ ਆਉਣ ਕਰਕੇ ਕਈ ਵਾਰ ਇੱਕ ਖੇਤ ਦੀਆਂ ਭਰੀਆਂ ਦੂਜੇ ਖੇਤ ਜਾ ਰਲਦੀਆਂ। ਫਿਰ ਅਸੀਂ ਆਪਣੀ ਫ਼ਸਲ ਦਾ ਹੁਲੀਆ ਪਛਾਣ ਕੇ ਭਰੀਆਂ/ਪੰਡਾਂ ਵਾਪਸ ਲੈ ਕੇ ਆਇਆ ਕਰਦੇ। ਖੇਤੀਬਾੜੀ ਜਾਂ ਹੋਰ ਕੰਮਾਂ-ਕਾਰਾਂ ਵਿੱਚ ਅਕਸਰ ਲੋਕ 'ਮਾਂਗੀ' (ਸਹਿਯੋਗ) ਪਾਇਆ ਕਰਦੇ। ਇੱਕ ਦਿਨ ਮਾਂਗੀ ਪਾ ਕੇ ਕਿਸੇ ਦਾ ਟਰੈਕਟਰ-ਥਰੈਸ਼ਰ ਲਿਆਉਣਾ ਅਤੇ ਸ਼ਾਮ ਤੱਕ ਕਣਕ ਦਾ ਬੋਹਲ ਲਾ ਲੈਣਾ। 'ਬਸ, ਸ਼ਾਮ ਤੱਕ ਕਣਕ ਘਰ ਪਹੁੰਚ ਜਾਵੇ' ਸਭ ਇਹੀ ਕਹੀ ਜਾਂਦੇ ਅਤੇ ਨਾਲੇ ਫਟਾਫਟ ਭਰੀਆਂ ਸੁੱਟੀ ਜਾਂਦੇ। ਗੁਰੂ ਘਰ ਦਾ ਹਿੱਸਾ ਕੱਢਣ ਤੋਂ ਬਾਅਦ ਬਾਕੀ ਕਣਕ ਚੁੱਕਣ ਤੋਂ ਪਹਿਲਾਂ ਸਾਨੂੰ ਰਿੜੀ (ਪਹਿਲੀ ਕਣਕ ਦਾ ਆਟਾ ਜਾਂ ਪ੍ਰਸ਼ਾਦ) ਮਿਲਦੀ। ਸਾਰੀ ਕਣਕ ਘਰ ਪਹੁੰਚਾਉਣ ਤੋਂ ਬਾਅਦ ਤਰਕਾਲਾਂ ਵੇਲੇ ਅਸੀਂ ਤਿੰਨੇ ਭਰਾ 'ਲੱਛੇ' ਕੋਲ ਜਲੇਬੀਆਂ ਲੈਣ ਪਹੁੰਚ ਜਾਂਦੇ। ਉਸ ਦਾ ਪੂਰਾ ਨਾਂ ਲਛਮਣ ਦਾਸ ਸੀ। ਪਿੰਡਾਂ ਦਾ ਆਪਣਾ ਹੀ ਰਿਵਾਜ ਹੁੰਦਾ ਹੈ, ਲਛਮਣ ਨੂੰ ਲੱਛਾ ਅਤੇ ਕ੍ਰਿਸ਼ਨ ਨੂੰ ਕਿੱਛੂ ਕਹਿਣ ਦਾ।

ਲਛਮਣ ਦਾਸ, ਪਿਆਰਾ ਲਾਲ ਅਤੇ ਗਰੀਬ ਦਾਸ, ਇਹ ਕਈ ਭਰਾ ਸਨ। ਪਿਆਰੇ ਲਾਲ ਅਤੇ ਗਰੀਬ ਦਾਸ ਦੀਆਂ ਕਰਿਆਨੇ ਦੀਆਂ ਦੁਕਾਨਾਂ ਇੱਕ-ਦੂਜੇ ਤੋਂ ਹਟਵੀਆਂ ਸਨ। ਲੱਛਾ ਸਾਈਕਲ ਰਿਪੇਅਰ ਦਾ ਕੰਮ ਕਰਦਾ, ਪਰ ਹਾੜ੍ਹੀ-ਸਾਉਣੀ ਉਹ ਹਲਵਾਈ ਵੀ ਬਣ ਜਾਂਦਾ ਅਤੇ ਲਾਲ-ਪੀਲੇ ਰੰਗ ਦੀਆਂ ਜਲੇਬੀਆਂ ਕੱਢ-ਕੱਢ ਕੇ ਪੂਰੇ ਪਿੰਡ ਨੂੰ ਖਵਾਉਂਦਾ। ਲੋਕ ਦਾਣੇ ਲੈ ਕੇ ਉਸ ਕੋਲ ਆਈ ਜਾਂਦੇ ਅਤੇ ਉਹ ਉਨ੍ਹਾਂ ਨੂੰ ਭੱਠੀ ਦੁਆਲੇ ਹੀ ਬਿਠਾ ਲੈਂਦਾ। ਫਿਰ ਉਹ ਅਖ਼ਬਾਰਾਂ ਵਿੱਚ ਪਾ-ਪਾ ਕੇ ਲੋਕਾਂ ਨੂੰ ਤੋਲ-ਤੋਲ ਕੇ ਜਲੇਬੀਆਂ ਦਿੰਦਾ। ਅੱਧੀਆਂ ਕੁ ਜਲੇਬੀਆਂ ਤਾਂ ਅਸੀਂ ਰਾਹ ਵਿੱਚ ਹੀ ਨਿਬੇੜ ਦਿਆ ਕਰਦੇ। ਘਰ ਜਾ ਕੇ, 'ਬਸ, ਲੱਛੇ ਨੇ ਇੰਨੀਆਂ ਕੁ ਹੀ ਦਿੱਤੀਆਂ ਨੇ' ਕਹਿ ਕੇ ਚੁੱਪ-ਚਾਪ ਚੌਂਕੇ ਵਾਲੀ ਬੰਨੀ 'ਤੇ ਧਰ ਦਿੰਦੇ।

'ਕੋਈ ਗੱਲ ਨਹੀਂ, ਕੱਲ੍ਹ ਨੂੰ ਹੋਰ ਲੈ ਆਵਾਂਗੇ' ਆਖਦਿਆਂ ਸਾਰਿਆਂ ਨੇ ਉਸੇ ਅਖ਼ਬਾਰ 'ਤੇ ਰੱਖੀਆਂ ਚਾਰ-ਚਾਰ ਜਲੇਬੀਆਂ ਨਾਲ ਜੁਟ ਜਾਣਾ। ਰਿੜੀ ਤਾਂ ਇੱਕ ਦਿਨ ਮਿਲਦੀ ਪਰ ਜਲੇਬੀਆਂ ਕਈ-ਕਈ ਦਿਨ ਚੱਲਦੀਆਂ। ਇਸੇ ਚਾਅ ਕਰਕੇ ਹੀ ਅਸੀਂ ਘਰ ਦਾ ਕੰਮ ਹੱਥੋ-ਹੱਥੀ ਨਿਬੇੜ ਦਿੰਦੇ। ਲੱਛਾ ਹਾੜ੍ਹੀ-ਸਾਉਣੀ ਲਾਲ-ਪੀਲੀਆਂ ਜਲੇਬੀਆਂ ਦਾ ਲੰਗਰ ਲਾਉਂਦਾ ਪਰ ਅੱਗੇ-ਪਿੱਛੇ ਉਹ ਆਪਣੇ ਪੱਕੇ ਕੰਮ 'ਤੇ ਆ ਜਾਂਦਾ, ਸਾਈਕਲਾਂ ਦੇ ਪੈਂਚਰ ਲਾਉਣ ਤੋਂ ਬਾਅਦ ਟਿਊਬਾਂ ਘੁਮਾ-ਘੁਮਾ ਕੇ ਵੇਖਦਾ। ਇਸੇ ਤਰ੍ਹਾਂ ਮਹਿਰਿਆਂ ਦਾ ਮੰਗਤ ਸਿੰਘ, ਜਿਸ ਨੂੰ ਸਾਰਾ ਪਿੰਡ 'ਮੰਗਾ' ਕਹਿ ਕੇ ਬੁਲਾਉਂਦਾ, ਸਿਆਲ ਦੇ ਦਿਨਾਂ ਵਿੱਚ ਸਵੇਰੇ-ਸਵੇਰੇ ਮੂੰਹ-ਹਨੇਰੇ ਹੋਕਾ ਦਿੰਦਾ, "ਤਾਜ਼ੇ ਰਸ, ਡਬਲ ਰੋਟੀਆਂ ਲਓ ਜੀ!"ਉਹ ਸਾਈਕਲ 'ਤੇ ਚੜ੍ਹ ਕੇ ਪੂਰੇ ਪਿੰਡ ਦਾ ਚੱਕਰ ਲਾਉਂਦਾ। ਦਿਨੇ ਉਹ ਸਕੂਲ ਕੋਲ ਕਦੇ ਮਰੁੰਡਾ, ਕਦੇ ਅਮਰੂਦ, ਕਦੇ ਜਾਮਣ ਅਤੇ ਕਦੇ ਬਰਫ਼ ਦੇ ਰੰਗ-ਬਿਰੰਗੇ ਰਸ-ਗੋਲੇ ਬਣਾ-ਬਣਾ ਕੇ ਵੇਚਦਾ।

ਇਸੇ ਤਰ੍ਹਾਂ ਦਲਿਤ ਪਰਿਵਾਰ ਦਾ ਇੱਕ ਨੌਜਵਾਨ, ਜੋ ਬੋਲਣ ਤੋਂ ਅਸਮਰੱਥ ਸੀ, ਨੂੰ ਪਿੰਡ ਦੇ ਸਾਰੇ ਲੋਕ 'ਗੂੰਗਾ' ਕਹਿ ਕੇ ਹੀ ਬੁਲਾਉਂਦੇ ਸਨ। ਪਰਮਾਤਮਾ ਨੇ ਉਸ ਨੂੰ ਕਿਰਤ ਦੀ ਅਜਿਹੀ ਦਾਤ ਬਖ਼ਸ਼ੀ ਸੀ ਕਿ ਇੰਝ ਜਾਪਦਾ ਸੀ ਜਿਵੇਂ ਦਰਗਾਹ ਵਿੱਚ ਅਰਦਾਸ ਉਸੇ ਦੀ ਹੀ ਸੁਣੀ ਜਾਣੀ ਹੋਵੇ। ਵਾਢੀਆਂ ਸਮੇਂ ਉਹ ਮੋਢੇ 'ਤੇ ਵਹਿੰਗੀ ਰੱਖ ਕੇ, ਦੋਹਾਂ ਪਾਸੇ ਦੋ-ਦੋ ਘੜੇ ਪਾਣੀ ਦੇ ਭਰ ਕੇ, ਸਾਰਾ-



ਸਾਰਾ ਦਿਨ ਨੰਗੇ ਪੈਰੀਂ ਵਾਢੀ ਵਿੱਚ ਲੱਗੇ ਲੋਕਾਂ ਨੂੰ ਖੇਤ-ਦਰ-ਖੇਤ ਪਾਣੀ ਪਿਆਉਂਦਾ ਅਤੇ ਪੁੰਨ ਖੱਟ ਕੇ ਸ਼ਾਮ ਤੱਕ ਆਪਣੇ ਘੜੇ ਭਰ ਲੈਂਦਾ। ਹਾੜ੍ਹੀ-ਸਾਉਣੀ ਬਦਲੇ ਉਸ ਨੂੰ ਦਾਣਾ-ਫੱਕਾ ਜਾਂ ਕੱਪੜਾ-ਲੀੜਾ ਮਿਲ ਜਾਂਦਾ। ਜਦੋਂ ਬਰਸਾਤਾਂ ਦੇ ਦਿਨਾਂ ਵਿੱਚ ਘੱਗਰ ਵਿੱਚ ਪਾਣੀ ਦਾ ਪੱਧਰ ਵਧ ਜਾਂਦਾ ਤਾਂ ਉਹ ਮਲਾਹ ਬਣ ਕੇ ਬੇੜੀ ਨੂੰ ਚੱਪੂਆਂ ਨਾਲ ਠੱਲ੍ਹ-ਠੱਲ੍ਹ ਕੇ ਲੋਕਾਂ ਨੂੰ ਘੱਗਰ ਪਾਰ ਕਰਾਉਂਦਾ।

ਅਸਲ ਵਿੱਚ, ਗੁਰੂ ਨਾਨਕ ਸਾਹਿਬ ਜੀ ਦੇ 'ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ' ਦੇ ਹੁਕਮ ਨੂੰ ਪੱਲੇ ਬੰਨ੍ਹ ਕੇ ਵਿਚਰਦੇ ਉਹ ਭੋਲੇ-ਭਾਲੇ ਕਿਰਤੀ ਲੋਕ ਸਨ। ਅੱਜ ਦੇ ਇਨਸਾਨ ਨੂੰ ਰੋਜ਼ਗਾਰ ਚਾਹੀਦਾ ਹੈ, ਮੁਫ਼ਤ ਵਾਲੀਆਂ ਰਿਉੜੀਆਂ ਨਹੀਂ। ਅੱਜ ਅਸੀਂ ਕਾਲਜਾਂ ਦੇ ਬੱਚਿਆਂ ਨੂੰ ਅਰਥਸ਼ਾਸਤਰ ਵਿੱਚ ਪੜ੍ਹਾਉਂਦੇ ਹਾਂ ਕਿ ਕਿਸੇ ਚੀਜ਼ ਦੀ ਮੰਗ ਉਸ ਦੀ ਪੂਰਤੀ ਨੂੰ ਖ਼ੁਦ-ਬ-ਖ਼ੁਦ ਪੈਦਾ ਕਰ ਲੈਂਦੀ ਹੈ। ਉਨ੍ਹਾਂ ਭੋਲੇ-ਭਾਲੇ ਲੋਕਾਂ ਕੋਲ ਕੁਦਰਤੀ ਤੌਰ 'ਤੇ ਹੀ ਇਹ ਗੁਣ ਸਨ, ਜਿਸ ਚੀਜ਼ ਦਾ ਸੀਜ਼ਨ ਹੁੰਦਾ, ਉਹ ਉਸੇ ਅਨੁਸਾਰ ਆਪਣਾ ਕਿੱਤਾ ਬਦਲ ਲੈਂਦੇ। ਅਜੋਕੇ ਸਮੇਂ ਵਿੱਚ ਵੀ ਕਿਰਤੀ ਬੰਦੇ 'ਘਾਲਿ ਖਾਇ ਕਿਛੁ ਹਥਹੁ ਦੇਇ' ਦੇ ਸਿਧਾਂਤ ਅਨੁਸਾਰ ਸੱਚੀ-ਸੁੱਚੀ ਕਿਰਤ ਕਰਨ ਵਿੱਚ ਹੀ ਵਿਸ਼ਵਾਸ ਰੱਖਦੇ ਹਨ ਅਤੇ ਦਿਲੋਂ ਅਮੀਰ ਹੋ ਕੇ ਵੰਡ ਕੇ ਛਕਦੇ ਹਨ।

**ਮਨੁੱਖੀ ਇਤਿਹਾਸ ਗਵਾਹ ਹੈ ਕਿ ਹਨੇਰੇ ਅਤੇ ਅਨਿਆਂ ਦੇ ਦੌਰ ਵਿੱਚੋਂ ਹੀ ਅਜਿਹੀਆਂ ਇਨਕਲਾਬੀ ਲਹਿਰਾਂ ਜਨਮ ਲੈਂਦੀਆਂ ਹਨ, ਜੋ ਸਦੀਆਂ ਦੀ ਸਮਾਜਿਕ ਗ਼ੁਲਾਮੀ ਨੂੰ ਤੋੜ ਕੇ ਬਰਾਬਰੀ ਦਾ ਨਵਾਂ ਸੂਰਜ ਚਾੜ੍ਹਦੀਆਂ ਹਨ। 12 ਰਬੀ-ਉਲ-ਅੱਵਲ ਦਾ ਇਤਿਹਾਸਕ ਦਿਹਾੜਾ ਕੇਵਲ ਇੱਕ ਧਾਰਮਿਕ ਸ਼ਰਧਾ ਦਾ ਪ੍ਰਤੀਕ ਨਹੀਂ, ਸਗੋਂ ਮਾਨਵਤਾ ਦੇ ਹੱਕਾਂ, ਆਰਥਿਕ ਨਿਆਂ ਅਤੇ ਸਰਵਸਾਂਝੀਵਾਲਤਾ ਦੇ ਉਸ ਅਮਲੀ ਮਾਡਲ ਦੀ ਯਾਦ ਦਿਵਾਉਂਦਾ ਹੈ ਜਿਸਨੇ ਕਬਾਇਲੀ ਵੰਡ ਅਤੇ ਸ਼ੋਸ਼ਣ ਨੂੰ ਜੜ੍ਹੋਂ ਉਖਾੜ ਦਿੱਤਾ ਸੀ। ਅੱਜ ਜਦੋਂ ਸਮੁੱਚੀ ਦੁਨੀਆ ਮੁੜ ਨਫ਼ਰਤ, ਨਸਲੀ ਵਿਤਕਰੇ ਅਤੇ ਆਰਥਿਕ ਪਾੜੇ ਦੇ ਡੂੰਘੇ ਸੰਕਟ ਨਾਲ ਜੂਝ ਰਹੀ ਹੈ, ਪੈਗੰਬਰ ਹਜ਼ਰਤ ਮੁਹੰਮਦ (ਸੱਲੱਲਾਹੁ ਅਲੈਹਿ ਵਸੱਲਮ) ਵੱਲੋਂ ਦਿੱਤਾ 'ਮੀਸਾਕ-ਏ-ਮਦੀਨਾ' ਦਾ ਸੰਵਿਧਾਨਕ ਢਾਂਚਾ ਅਤੇ 'ਹੱਜਤ-ਉਲ-ਵਿਦਾ' ਦਾ ਮਨੁੱਖੀ ਅਧਿਕਾਰ ਚਾਰਟਰ ਵਿਸ਼ਵ ਸ਼ਾਂਤੀ ਲਈ ਇੱਕ ਸਦੀਵੀ ਚਾਨਣ-ਮੁਨਾਰਾ ਹਨ। ਅੱਜ ਦੇ ਵਿਸ਼ੇਸ਼ ਅੰਕ ਵਿੱਚ ਅਸੀਂ ਇਸ ਇਤਿਹਾਸਕ ਇਨਕਲਾਬ ਦੇ ਸਮਾਜਿਕ, ਆਰਥਿਕ ਅਤੇ ਸੰਵਿਧਾਨਕ ਪਹਿਲੂਆਂ ਨੂੰ ਦਰਸਾਉਂਦਾ ਇਹ ਖੋਜ-ਭਰਪੂਰ ਲੇਖ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ। - ਸਤਨਾਮ ਸਿੰਘ ਖਾਲਸਾ**

### ਹਜ਼ਰਤ ਮੁਹੰਮਦ ਸਾਹਿਬ ਦੇ ਜਨਮ ਦਿਹਾੜੇ 'ਤੇ ਵਿਸ਼ੇਸ਼

# ਜਦੋਂ ਅਗਿਆਨਤਾ ਦੇ ਹਨੇਰੇ 'ਚ ਮਨੁੱਖੀ ਹੱਕਾਂ ਅਤੇ ਰਹਿਮਤ ਦਾ ਸੂਰਜ ਚੜ੍ਹਿਆ

**'ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ (12 ਰਬੀ-ਉਲ-ਅੱਵਲ-ਈਦ ਮੀਲਾਦ-ਉਨ-ਨਬੀ) 'ਤੇ ਸਮੂਹ ਮਾਨਵਤਾ ਨੂੰ ਮੁਬਾਰਕਬਾਦ ! ਉਹਨਾਂ ਦਾ ਜੀਵਨ ਪੂਰੀ ਦੁਨੀਆ ਲਈ 'ਰਹਿਮਤੁਲ-ਲਿਲ-ਆਲਮੀਨ' (ਸਮੁੱਚੀ ਕਾਇਨਾਤ ਲਈ ਰਹਿਮਤ), ਅਮਨ, ਆਪਸੀ ਭਾਈਚਾਰੇ ਅਤੇ ਮਜ਼ਲੂਮਾਂ ਦੇ ਹੱਕਾਂ ਦੀ ਰਾਖੀ ਦਾ ਸਦੀਵੀ ਸੁਨੇਹਾ ਹੈ।'**



ਇਸਲਾਮੀ ਕੈਲੰਡਰ ਦੇ ਤੀਜੇ ਮਹੀਨੇ ਦੀ 12ਵੀਂ ਤਾਰੀਖ਼ (12 ਰਬੀ-ਉਲ-ਅੱਵਲ) ਆਲਮੀ ਇਤਿਹਾਸ ਵਿੱਚ ਮਹਿਜ਼ ਇੱਕ ਤਾਰੀਖ਼ ਨਹੀਂ, ਸਗੋਂ ਮਨੁੱਖੀ ਚੇਤਨਾ, ਬਰਾਬਰੀ ਅਤੇ ਸਮਾਜਿਕ ਨਿਆਂ ਦੇ ਇੱਕ ਨਵੇਂ ਯੁੱਗ ਦਾ ਆਗਾਜ਼ ਹੈ। ਮੁਸਲਿਮ ਜਗਤ ਵੱਲੋਂ ਇਸ ਮੁਬਾਰਕ ਦਿਨ ਨੂੰ ਈਦ ਮੀਲਾਦ-ਉਨ-ਨਬੀ ਵਜੋਂ ਮਨਾਇਆ ਜਾਂਦਾ ਹੈ। ਸੰਨ 570 ਈਸਵੀ ਵਿੱਚ ਮੱਕੇ ਦੀ ਧਰਤੀ 'ਤੇ ਇਸਲਾਮ ਦੇ ਆਖ਼ਰੀ ਪੈਗੰਬਰ, ਹਜ਼ਰਤ ਮੁਹੰਮਦ (ਸੱਲੱਲਾਹੁ ਅਲੈਹਿ ਵਸੱਲਮ) ਦਾ ਆਗਮਨ ਹੋਇਆ, ਜਿਨ੍ਹਾਂ ਨੂੰ ਕੁਰਾਨ ਮਜੀਦ ਨੇ 'ਰਹਿਮਤੁਲ-ਲਿਲ-ਆਲਮੀਨ' (ਸਮੁੱਚੇ ਸੰਸਾਰਾਂ ਲਈ ਰਹਿਮਤ) ਐਲਾਨਿਆ।

**ਇਤਿਹਾਸਕ ਪਿਛੋਕੜ: ਦੌਰ-ਏ-ਜਾਹਿਲੀਅਤ ਅਤੇ ਇਨਕਲਾਬੀ ਮੋੜ**

ਪੈਗੰਬਰ ਸਾਹਿਬ ਦੀ ਆਮਦ ਤੋਂ ਪਹਿਲਾਂ ਦਾ ਸਮਾਂ 'ਦੌਰ-ਏ-ਜਾਹਿਲੀਅਤ' (ਘੋਰ ਅਗਿਆਨਤਾ ਦਾ ਯੁੱਗ) ਵਜੋਂ ਜਾਣਿਆ ਜਾਂਦਾ ਹੈ, ਜਦੋਂ ਅਰਬ ਖ਼ਿੱਤਾ ਸਮਾਜਿਕ, ਆਰਥਿਕ ਅਤੇ ਆਤਮਿਕ ਪਤਨ ਦੀ ਡੂੰਘੀ ਖੱਡ ਵਿੱਚ ਡਿੱਗਿਆ ਹੋਇਆ ਸੀ:

**ਕਬਾਇਲੀ ਵੰਡ:** ਪਵਿੱਤਰ ਕਾਬਾ ਵਿੱਚ ਲਗਭਗ 360 ਮੂਰਤੀਆਂ ਸਥਾਪਿਤ ਸਨ ਅਤੇ ਕਬਾਇਲੀ ਹੰਕਾਰ ਕਾਰਨ ਸਦੀਆਂ ਪੁਰਾਣੀਆਂ ਖ਼ੂਨੀ ਲੜਾਈਆਂ ਆਮ ਸਨ।

**ਔਰਤਾਂ 'ਤੇ ਜ਼ੁਲਮ:** ਔਰਤ ਨੂੰ ਕੇਵਲ ਵਸਤੂ ਸਮਝਿਆ ਜਾਂਦਾ ਸੀ ਅਤੇ ਨਵਜੰਮੀਆਂ ਧੀਆਂ ਨੂੰ ਜਿਊਂਦਾ ਦਫ਼ਨਾਉਣ ਦੀ ਲਾਹਨਤ (ਵਦ-ਉਲ-ਬਨਾਤ) ਪ੍ਰਚੱਲਿਤ ਸੀ।

**ਆਰਥਿਕ ਸ਼ੋਸ਼ਣ:** ਸੂਦਖੋਰੀ ਦੇ ਜਾਲ ਨੇ ਗ਼ਰੀਬਾਂ ਨੂੰ ਤਾਉਮਰ ਗ਼ੁਲਾਮ ਬਣਾ ਰੱਖਿਆ ਸੀ।

ਹਜ਼ਰਤ ਮੁਹੰਮਦ ਸਾਹਿਬ ਨੇ ਇਸ ਵਿਵਸਥਾ ਨੂੰ ਬਦਲ ਕੇ 'ਤੌਹੀਦ' (ਇੱਕ ਨਿਰਾਕਾਰ ਰੱਬ ਦੀ ਬੰਦਗੀ) ਦਾ ਇਨਕਲਾਬੀ ਸੰਦੇਸ਼ ਦਿੱਤਾ ਅਤੇ ਸੰਨ 630 ਈਸਵੀ ਵਿੱਚ ਮੱਕੇ ਦੀ ਫ਼ਤਹਿ ਮੌਕੇ ਕਾਬਾ ਨੂੰ ਮੁੜ ਇਸਦੇ ਮੂਲ ਏਕੇਸ਼ਵਰਵਾਦੀ ਸਰੂਪ ਵਿੱਚ ਬਹਾਲ ਕੀਤਾ।

ਪੈਗੰਬਰ ਸਾਹਿਬ ਦਾ ਅਮਲੀ ਜੀਵਨ ਅਤੇ ਸਰਵਉੱਚ ਆਦਰਸ਼

ਸੱਚਾਈ ਅਤੇ ਭਰੋਸੇਯੋਗਤਾ: ਨਬੂਅਤ ਦੇ ਐਲਾਨ ਤੋਂ ਪਹਿਲਾਂ ਹੀ ਸਮੁੱਚਾ ਮੱਕਾ ਆਪ ਜੀ ਨੂੰ 'ਅਲ-ਅਮੀਨ' (ਅਮਾਨਤਦਾਰ) ਅਤੇ 'ਅਲ-ਸਾਦਿਕ' (ਸੱਚਾ) ਕਹਿ ਕੇ ਸਤਿਕਾਰਦਾ ਸੀ।

**ਸਮਾਜਿਕ ਬਰਾਬਰੀ:** ਹਬਸ਼ਾ ਦੇ ਇੱਕ ਸਾਬਕਾ ਗ਼ੁਲਾਮ, ਹਜ਼ਰਤ ਬਿਲਾਲ (ਰਜ਼ੀ.) ਨੂੰ ਇਸਲਾਮ ਦਾ ਪਹਿਲਾ 'ਮੁਅੱਜ਼ਿਨ' (ਆਜ਼ਾਨ ਦੇਣ ਵਾਲਾ) ਥਾਪ ਕੇ ਨਸਲੀ ਵਿਤਕਰੇ ਦਾ ਖ਼ਾਤਮਾ ਕੀਤਾ।

**ਔਰਤਾਂ ਦੇ ਹੱਕ:** ਔਰਤਾਂ ਨੂੰ ਜਾਇਦਾਦ ਵਿੱਚ ਕਾਨੂੰਨੀ ਹਿੱਸੇਦਾਰੀ, ਨਿਕਾਹ ਵਿੱਚ ਸਹਿਮਤੀ ਦਾ ਹੱਕ ਅਤੇ ਸਮਾਜ ਵਿੱਚ ਮਾਣਯੋਗ ਰੁਤਬਾ ਬਖ਼ਸ਼ਿਆ।

**ਖਿਮਾ ਅਤੇ ਅਮਨ:** ਮੱਕੇ ਦੀ ਫ਼ਤਹਿ ਵੇਲੇ ਸ਼ਕਤੀ ਦੇ ਸਿਖ਼ਰ 'ਤੇ ਹੁੰਦਿਆਂ ਵੀ ਸਮੂਹਿਕ ਮੁਆਫ਼ੀ ਦਾ ਐਲਾਨ ਕਰਕੇ ਦੋ ਦਹਾਕਿਆਂ ਦੇ ਜ਼ੁਲਮਾਂ ਨੂੰ ਬਖ਼ਸ਼ ਦਿੱਤਾ।

**ਖ਼ੁਤਬਾ ਹੱਜਤ-ਉਲ-ਵਿਦਾ: ਮਨੁੱਖੀ ਅਧਿਕਾਰਾਂ ਦਾ ਪਹਿਲਾ ਸਰਵਵਿਆਪੀ ਚਾਰਟਰ**

ਸੰਨ 632 ਈਸਵੀ (10 ਹਿਜਰੀ) ਵਿੱਚ ਆਪਣੇ ਆਖ਼ਰੀ ਹੱਜ ਦੌਰਾਨ ਮੈਦਾਨ-ਏ-ਅਰਾਫ਼ਾਤ ਵਿਖੇ ਦਿੱਤਾ ਗਿਆ ਉਪਦੇਸ਼ ਦੁਨੀਆ ਦਾ ਪਹਿਲਾ ਲਿਖਤੀ ਮਨੁੱਖੀ ਅਧਿਕਾਰ ਘੋਸ਼ਣਾ-ਪੱਤਰ ਮੰਨਿਆ ਜਾਂਦਾ ਹੈ:

**ਸਰਵਵਿਆਪੀ ਬਰਾਬਰੀ:** 'ਸਾਰੇ ਮਨੁੱਖ ਆਦਮ ਦੀ ਔਲਾਦ ਹਨ। ਕਿਸੇ ਅਰਬੀ ਨੂੰ ਗ਼ੈਰ-ਅਰਬੀ 'ਤੇ ਅਤੇ ਕਿਸੇ ਗੋਰੇ ਨੂੰ ਕਾਲੇ 'ਤੇ ਕੋਈ ਉੱਚਤਾ ਹਾਸਲ ਨਹੀਂ; ਉੱਚਤਾ ਦਾ ਇਕੋ-ਇਕ ਆਧਾਰ ਨੇਕ ਕਿਰਦਾਰ ਅਤੇ ਤਕਵਾ ਹੈ।'

**ਜਾਨ-ਮਾਲ ਦੀ ਸੁਰੱਖਿਆ:** ਹਰ ਨਾਗਰਿਕ ਦੀ ਜਾਨ, ਮਾਲ ਅਤੇ ਇੱਜ਼ਤ ਨੂੰ ਅਸੁਰੱਖਿਅਤ ਅਤੇ ਪਵਿੱਤਰ ਐਲਾਨਿਆ ਗਿਆ।

**ਸੂਦਖੋਰੀ ਦਾ ਖ਼ਾਤਮਾ:** ਸਾਰੇ ਪੁਰਾਣੇ ਵਿਆਜ ਰੱਦ ਕੀਤੇ ਗਏ।

| ਸੰਕਲਪ | ਖ਼ੁਤਬਾ ਹੱਜਤ-ਉਲ-ਵਿਦਾ (632 ਈ.) | ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਘੋਸ਼ਣਾ (1948) |
|---|---|---|
| ਮਨੁੱਖੀ ਬਰਾਬਰੀ | ਨਸਲ, ਰੰਗ ਅਤੇ ਭਾਸ਼ਾ ਦੇ ਭੇਦਭਾਵ ਤੋਂ ਬਿਨਾਂ ਸਾਰੇ ਬਰਾਬਰ। | ਧਾਰਾ 1 ਤੇ 2: ਸਾਰੇ ਮਨੁੱਖ ਆਜ਼ਾਦ ਅਤੇ ਬਰਾਬਰ ਪੈਦਾ ਹੋਏ ਹਨ। |
| ਜੀਵਨ ਤੇ ਮਾਲ ਦੀ ਸੁਰੱਖਿਆ | ਹਰ ਨਾਗਰਿਕ ਦੀ ਜਾਨ ਅਤੇ ਸੰਪਤੀ ਦਾ ਨੁਕਸਾਨ ਅਪਰਾਧ ਹੈ। | ਧਾਰਾ 3: ਜੀਵਨ, ਆਜ਼ਾਦੀ ਅਤੇ ਨਿੱਜੀ ਸੁਰੱਖਿਆ ਦਾ ਅਧਿਕਾਰ। |
| ਨਿੱਜੀ ਜਵਾਬਦੇਹੀ | ਜੁਰਮ ਕਰਨ ਵਾਲਾ ਖ਼ੁਦ ਜ਼ਿੰਮੇਵਾਰ; ਪਿਤਾ ਦੇ ਗੁਨਾਹ ਦੀ ਸਜ਼ਾ ਪੁੱਤਰ ਨੂੰ ਨਹੀਂ। | ਧਾਰਾ 7 ਤੇ 11: ਕਾਨੂੰਨ ਅੱਗੇ ਸਮਾਨਤਾ ਅਤੇ ਨਿਰਪੱਖ ਸੁਣਵਾਈ। |

ਮੀਸਾਕ-ਏ-ਮਦੀਨਾ: ਦੁਨੀਆ ਦਾ ਪਹਿਲਾ ਲਿਖਤੀ ਸੰਵਿਧਾਨ

ਸੰਨ 622 ਈਸਵੀ ਵਿੱਚ ਮਦੀਨਾ ਹਿਜਰਤ ਉਪਰੰਤ ਪੈਗੰਬਰ ਸਾਹਿਬ ਨੇ ਬਹੁ-ਸੱਭਿਆਚਾਰਕ ਸਮਾਜ ਲਈ ਲਗਭਗ 52 ਧਾਰਾਵਾਂ ਵਾਲਾ ਇਤਿਹਾਸਕ ਸਮਝੌਤਾ ਤਿਆਰ ਕੀਤਾ:

ਸਾਂਝੀ ਕੌਮੀਅਤ: ਮੁਸਲਮਾਨ, ਯਹੂਦੀ ਅਤੇ ਹੋਰ ਕਬੀਲੇ ਮਿਲ ਕੇ ਇੱਕ ਸਾਂਝੀ ਸਿਆਸੀ ਇਕਾਈ (ਕੌਮ) ਬਣੇ। ਨਾਗਰਿਕਤਾ ਨੂੰ ਧਰਮ ਨਾਲੋਂ ਵੱਖ ਕਰਕੇ ਖੇਤਰੀ ਵਫ਼ਾਦਾਰੀ ਨਾਲ ਜੋੜਿਆ ਗਿਆ।

ਧਾਰਮਿਕ ਆਜ਼ਾਦੀ: 'ਯਹੂਦੀਆਂ ਲਈ ਉਨ੍ਹਾਂ ਦਾ ਧਰਮ ਹੈ ਅਤੇ ਮੁਸਲਮਾਨਾਂ ਲਈ ਉਨ੍ਹਾਂ ਦਾ ਧਰਮ।' ਹਰ ਵਰਗ ਨੂੰ ਪੂਰਨ ਖ਼ੁਦਮੁਖ਼ਤਿਆਰੀ ਦਿੱਤੀ ਗਈ।

ਕਾਨੂੰਨ ਦਾ ਰਾਜ: ਕਬਾਇਲੀ ਦਬਾਅ ਦੀ ਥਾਂ ਨਿਆਂ ਵਿਅਕਤੀਗਤ ਅਤੇ ਨਿਰਪੱਖ ਬਣਾਇਆ ਗਿਆ।

ਮਦੀਨਾ ਦਾ ਆਰਥਿਕ ਮਾਡਲ ਅਤੇ 'ਮੁਆਖ਼ਾਤ' ਪ੍ਰਣਾਲੀ

ਮਦੀਨਾ ਦਾ ਆਰਥਿਕ ਢਾਂਚਾ ਪੂੰਜੀਵਾਦੀ ਸ਼ੋਸ਼ਣ ਅਤੇ ਕੱਟੜ ਸਮਾਜਵਾਦ ਤੋਂ ਮੁਕਤ ਇੱਕ ਲੋਕ-ਭਲਾਈ ਮਾਡਲ ਸੀ:

**ਸੂਕ-ਏ-ਮਦੀਨਾ:** ਟੈਕਸ-ਮੁਕਤ ਅਤੇ ਏਕਾਧਿਕਾਰ-ਮੁਕਤ ਨਵਾਂ ਬਾਜ਼ਾਰ ਸਥਾਪਿਤ ਕੀਤਾ ਗਿਆ।

**ਸ਼ੋਸ਼ਣ 'ਤੇ ਪਾਬੰਦੀ:** ਸੂਦ (ਵਿਆਜ), ਜ਼ਖ਼ੀਰਾਅੰਦੋਜ਼ੀ ਅਤੇ ਨਾਪ-ਤੋਲ ਵਿੱਚ ਹੇਰਾਫੇਰੀ 'ਤੇ ਮੁਕੰਮਲ ਰੋਕ ਲਗਾਈ ਗਈ।

**ਵਿੱਤੀ ਪੁਨਰ-ਵੰਡ:** ਅਮੀਰਾਂ 'ਤੇ ਸਾਲਾਨਾ 2.5% ਜ਼ਕਾਤ ਅਤੇ ਖੇਤੀਬਾੜੀ ਉਪਜ 'ਤੇ ਉਸ਼ਰ ਲਾਗੂ ਕਰਕੇ ਬੈਤ-ਉਲ-ਮਾਲ (ਕੇਂਦਰੀ ਖ਼ਜ਼ਾਨੇ) ਰਾਹੀਂ ਗ਼ਰੀਬਾਂ ਤੱਕ ਸਹਾਇਤਾ ਪਹੁੰਚਾਈ ਗਈ।

**ਮੁਆਖ਼ਾਤ (ਭਾਈਚਾਰਾ ਪ੍ਰਣਾਲੀ):** ਮੱਕੇ ਤੋਂ ਬੇਘਰ ਹੋ ਕੇ ਆਏ ਪ੍ਰਵਾਸੀਆਂ (ਮੁਹਾਜਿਰੀਨ) ਦੇ ਮੁੜ-ਵਸੇਬੇ ਲਈ ਮਦੀਨਾ ਵਾਸੀਆਂ (ਅੰਸਾਰ) ਨਾਲ ਇੱਕ-ਇੱਕ ਜੋੜਾ ਬਣਾ ਕੇ ਕਾਨੂੰਨੀ ਭਰਾ ਬਣਾਇਆ ਗਿਆ। ਅੰਸਾਰਾਂ ਨੇ ਆਪਣੀ ਅੱਧੀ ਜਾਇਦਾਦ ਅਤੇ ਬਾਗ਼ ਸਾਂਝੇ ਕੀਤੇ। ਜਦੋਂ ਹਜ਼ਰਤ ਸਾਦ ਬਿਨ ਰਬੀਅ (ਰਜ਼ੀ.) ਨੇ ਅੱਧੀ ਦੌਲਤ ਦੀ ਪੇਸ਼ਕਸ਼ ਕੀਤੀ, ਤਾਂ ਪ੍ਰਵਾਸੀ ਹਜ਼ਰਤ ਅਬਦੁਰ ਰਹਿਮਾਨ ਬਿਨ ਔਫ਼ (ਰਜ਼ੀ.) ਨੇ ਕਿਹਾ: 'ਮੈਨੂੰ ਸਿਰਫ਼ ਬਾਜ਼ਾਰ ਦਾ ਰਾਹ ਦੱਸ ਦਿਓ।' ਉਨ੍ਹਾਂ ਨੇ ਮਿਹਨਤ ਨਾਲ ਵਪਾਰ ਸ਼ੁਰੂ ਕਰਕੇ ਆਤਮ-ਨਿਰਭਰਤਾ ਦੀ ਮਿਸਾਲ ਕਾਇਮ ਕੀਤੀ।

**ਅਜੋਕੇ ਦੌਰ ਵਿੱਚ ਸਾਰਥਕਤਾ**

ਦੁਨੀਆ ਭਰ ਵਿੱਚ 12 ਰਬੀ-ਉਲ-ਅੱਵਲ ਮੌਕੇ ਸੀਰਤ ਕਾਨਫ਼ਰੰਸਾਂ, ਮਹਿਫ਼ਿਲਾਂ ਅਤੇ ਲੰਗਰ-ਖ਼ੈਰਾਤ ਦੇ ਪ੍ਰਬੰਧ ਕੀਤੇ ਜਾਂਦੇ ਹਨ। ਅਜੋਕੇ ਯੁੱਗ ਵਿੱਚ, ਜਦੋਂ ਸੰਸਾਰ ਨਫ਼ਰਤ, ਅਸਹਿਣਸ਼ੀਲਤਾ ਅਤੇ ਆਰਥਿਕ ਪਾੜੇ ਨਾਲ ਜੂਝ ਰਿਹਾ ਹੈ, ਇਹ ਦਿਹਾੜਾ ਮਨੁੱਖੀ ਸਾਂਝ, ਸਮਾਜਿਕ ਨਿਆਂ ਅਤੇ ਵਿਸ਼ਵ ਸ਼ਾਂਤੀ ਦੀ ਸਿਰਜਣਾ ਦਾ ਸਦੀਵੀ ਹੋਕਾ ਦਿੰਦਾ ਹੈ।

# 2 ਬਿਲੀਅਨ ਡਾਲਰ ਨਾਲ ਬਣਨਗੇ ਪ੍ਰਮਾਣੂ ਮਾਈਕ੍ਰੋ-ਰਿਐਕਟਰ : ਅਮਰੀਕੀ ਫੌਜ

ਵਾਸ਼ਿੰਗਟਨ : ਅਮਰੀਕੀ ਫੌਜ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਉਹ ਨਿਊਯਾਰਕ ਤੋਂ ਟੈਕਸਾਸ ਤੱਕ ਪੰਜ ਫੌਜੀ ਠਿਕਾਣਿਆਂ 'ਤੇ ਪ੍ਰਮਾਣੂ ਮਾਈਕ੍ਰੋ-ਰਿਐਕਟਰ ਲਗਾਉਣ ਦੀ ਯੋਜਨਾ ਬਣਾ ਰਹੀ ਹੈ। ਇਹ ਰਿਐਕਟਰ ਵਪਾਰਕ ਪਾਵਰ ਗਰਿੱਡ ਤੋਂ ਸੁਤੰਤਰ ਊਰਜਾ ਦਾ ਇੱਕ ਭਰੋਸੇਯੋਗ ਸਰੋਤ ਹੋਣਗੇ। ਇਹ ਐਲਾਨ ਉਦੋਂ ਆਇਆ ਹੈ ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਅਗਲੀ ਪੀੜ੍ਹੀ ਦੇ ਪ੍ਰਮਾਣੂ ਊਰਜਾ ਦੇ ਵਿਕਾਸ ਨੂੰ ਹਮਲਾਵਰ ਢੰਗ ਨਾਲ ਅੱਗੇ ਵਧਾ ਰਿਹਾ ਹੈ। ਇਸ ਵਿੱਚ ਡੇਟਾ ਸੈਂਟਰਾਂ ਤੋਂ ਤੇਜ਼ੀ ਨਾਲ ਵੱਧ ਰਹੀ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਵੱਡੇ ਪ੍ਰਮਾਣੂ ਰਿਐਕਟਰਾਂ ਲਈ ਅਰਬਾਂ ਡਾਲਰ ਦੇ ਕਰਜ਼ੇ ਦੇਣਾ ਅਤੇ ਫੌਜੀ ਅਤੇ ਨਾਗਰਿਕ ਵਰਤੋਂ ਲਈ ਉੱਨਤ ਰਿਐਕਟਰ ਡਿਜ਼ਾਈਨ ਅਤੇ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਪਾਇਲਟ ਪ੍ਰੋਗਰਾਮ ਸ਼ਾਮਲ ਹੈ।

ਵਰਤਮਾਨ ਵਿੱਚ ਅਮਰੀਕਾ ਵਿੱਚ ਕੋਈ ਵੀ ਪ੍ਰਮਾਣੂ ਮਾਈਕ੍ਰੋ-ਰਿਐਕਟਰ ਵਪਾਰਕ ਪਾਵਰ ਗਰਿੱਡ ਨੂੰ ਬਿਜਲੀ ਸਪਲਾਈ ਨਹੀਂ ਕਰ ਰਿਹਾ ਹੈ। ਫੌਜ ਦੁਆਰਾ ਚੁਣੀਆਂ ਗਈਆਂ ਪੰਜ ਕੰਪਨੀਆਂ ਨੂੰ ਪੰਜ ਸਾਲਾਂ ਵਿੱਚ ਮਾਈਕ੍ਰੋ-ਰਿਐਕਟਰਾਂ ਦੇ ਮਾਲਕ ਬਣਨ, ਉਨ੍ਹਾਂ ਦੇ ਨਿਰਮਾਣ ਅਤੇ ਸੰਚਾਲਨ ਲਈ ਕੁੱਲ 2.2 ਬਿਲੀਅਨ ਡਾਲਰ ਤੱਕ ਦਿੱਤੇ ਜਾਣਗੇ, ਬਸ਼ਰਤੇ ਉਹ ਆਪਣੇ ਪ੍ਰਦਰਸ਼ਨ ਲਈ ਤੈਅ ਕੀਤੇ ਟੀਚਿਆਂ ਨੂੰ ਪੂਰਾ ਕਰੇ। ਫੌਜ 20 ਤੋਂ ਵੱਧ ਪ੍ਰਮਾਣੂ ਮਾਈਕ੍ਰੋ-ਰਿਐਕਟਰ ਬਣਾਉਣ ਅਤੇ ਚਲਾਉਣ ਦੀ ਉਮੀਦ ਕਰਦੀ ਹੈ। ਫੌਜ ਅਤੇ ਉਦਯੋਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਈਕ੍ਰੋ-ਰਿਐਕਟਰ ਗਰਿੱਡ ਆਊਟੇਜ ਦੀ ਸਥਿਤੀ ਵਿੱਚ ਫੌਜੀ ਠਿਕਾਣਿਆਂ 'ਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਲਈ ਬਿਜਲੀ ਦਾ ਇੱਕ ਮਜ਼ਬੂਤ ਸਰੋਤ ਪ੍ਰਦਾਨ ਕਰ ਸਕਦੇ ਹਨ। ਇਹ ਰਿਐਕਟਰ ਕਈ ਸਾਲਾਂ ਤੱਕ ਬਿਨਾਂ ਈਂਧਨ ਭਰੇ ਕੰਮ ਕਰ ਸਕਦੇ ਹਨ। ਫੌਜ ਸਕੱਤਰ ਡੈਨ ਡ੍ਰਿਸਕੋਲ ਨੇ ਕਿਹਾ ਕਿ ਇਹ ਇਕਰਾਰਨਾਮੇ ਫੌਜ ਦੀ ਆਪਣੀਆਂ ਸਥਾਪਨਾਵਾਂ ਨੂੰ ਸੁਰੱਖਿਅਤ ਅਤੇ ਭਰੋਸੇਯੋਗ ਢੰਗ ਨਾਲ ਨਿਰੰਤਰ ਬਿਜਲੀ ਪ੍ਰਦਾਨ ਕਰਨ ਦੀ ਸਮਰੱਥਾ ਨੂੰ ਵਧਾਉਣਗੇ। ਉਸ ਨੇ ਕਿਹਾ, 'ਅਸੀਂ ਸੰਭਾਵੀ ਤੌਰ 'ਤੇ ਕਮਜ਼ੋਰ ਬਾਹਰੀ ਪਾਵਰ ਗਰਿੱਡਾਂ 'ਤੇ ਨਿਰਭਰ ਕੀਤੇ ਬਿਨਾਂ, ਦੁਨੀਆ ਭਰ ਵਿੱਚ ਫੌਜੀ ਸ਼ਕਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਤਾਇਨਾਤ ਕਰਨ ਲਈ ਊਰਜਾ ਸਵੈ-ਨਿਰਭਰ ਹੋਣ ਲਈ ਜ਼ਰੂਰੀ ਊਰਜਾ ਸੁਰੱਖਿਆ ਦਾ ਨਿਰਮਾਣ ਕਰ ਰਹੇ ਹਾਂ।'



# ਈਦ ਮੀਲਾਦ-ਉਨ-ਨਬੀ ਮੌਕੇ ਹਜ਼ਰਤਬਲ ਦਰਗਾਹ 'ਚ ਉਮੜਿਆ ਸ਼ਰਧਾਲੂਆਂ ਦਾ ਸੈਲਾਬ; ਪਵਿੱਤਰ ਨਿਸ਼ਾਨੀ (ਮੋਈ-ਏ-ਮੁਕੱਦਸ) ਦੇ ਕਰਵਾਏ ਦੀਦਾਰ

**ਪੈਗੰਬਰ ਹਜ਼ਰਤ ਮੁਹੰਮਦ (ਸ.) ਦੇ ਜਨਮ ਦਿਹਾੜੇ 'ਤੇ ਘਾਟੀ 'ਚ ਧਾਰਮਿਕ ਸ਼ਰਧਾ ਤੇ ਉਤਸ਼ਾਹ; ਹਜ਼ਾਰਾਂ ਸੰਗਤਾਂ ਨੇ ਕੀਤੀ ਵਿਸ਼ੇਸ਼ ਅਰਦਾਸ, ਵਕ਼ਫ਼ ਬੋਰਡ ਵੱਲੋਂ ਪੁਖ਼ਤਾ ਪ੍ਰਬੰਧ**







ਸ੍ਰੀਨਗਰ (ਜੰਮੂ-ਕਸ਼ਮੀਰ), (ਏ.ਐੱਨ.ਆਈ.): ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਜਨਮ ਦਿਹਾੜੇ ਈਦ ਮੀਲਾਦ-ਉਨ-ਨਬੀ (Eid Milad-un-Nabi / Mawlid) ਦੇ ਮੁਬਾਰਕ ਮੌਕੇ 'ਤੇ ਜੰਮੂ-ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਸਥਿਤ ਪ੍ਰਸਿੱਧ ਡੱਲ ਝੀਲ ਕੰਢੇ ਬਣੀ ਦਰਗਾਹ ਹਜ਼ਰਤਬਲ (Hazratbal Shrine) ਵਿਖੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਨਤਮਸਤਕ ਹੋਏ।

ਨਮਾਜ਼ ਉਪਰੰਤ ਦਰਗਾਹ ਦੇ ਮੁੱਖ ਮੌਲਵੀ (Head Priest) ਵੱਲੋਂ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਨਾਲ ਸਬੰਧਤ ਪਵਿੱਤਰ ਨਿਸ਼ਾਨੀ ਮੋਈ-ਏ-ਮੁਕੱਦਸ (Holy Relic/ਦਾੜ੍ਹੀ ਮੁਬਾਰਕ ਦਾ ਪਵਿੱਤਰ ਵਾਲ) ਦੇ ਸੰਗਤਾਂ ਨੂੰ ਦੀਦਾਰ ਕਰਵਾਏ ਗਏ। ਇਸ ਅਧਿਆਤਮਿਕ ਪਲ ਦੌਰਾਨ ਪੂਰੇ ਦਰਗਾਹ ਪਰਿਸਰ ਵਿੱਚ ਭਗਤੀ ਅਤੇ ਸ਼ਰਧਾ ਦਾ ਮਾਹੌਲ ਬਣ ਗਿਆ।

**ਦਰਗਾਹ ਹਜ਼ਰਤਬਲ ਵਿਖੇ ਸਭ ਤੋਂ ਵੱਡਾ ਇਕੱਠ:** ਕਸ਼ਮੀਰ ਘਾਟੀ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪੁਰਸ਼, ਔਰਤਾਂ, ਬਜ਼ੁਰਗ ਅਤੇ ਨੌਜਵਾਨ ਮੰਗਲਵਾਰ ਰਾਤ ਤੋਂ ਹੀ ਹਜ਼ਰਤਬਲ ਪਹੁੰਚਣੇ ਸ਼ੁਰੂ ਹੋ ਗਏ ਸਨ। ਸੰਗਤਾਂ ਨੇ ਰਾਤ ਭਰ ਚੱਲਣ ਵਾਲੀਆਂ ਵਿਸ਼ੇਸ਼ ਨਮਾਜ਼ਾਂ (Night-long prayers), ਕੁਰਆਨ ਤਿਲਾਵਤ ਅਤੇ ਨਾਤ-ਖ਼ਵਾਨੀ ਵਿੱਚ ਹਿੱਸਾ ਲੈ ਕੇ ਸ਼ਾਂਤੀ ਅਤੇ ਤਰੱਕੀ ਦੀਆਂ ਦੁਆਵਾਂ ਮੰਗੀਆਂ।

**ਹਰੇਕ ਨਮਾਜ਼ ਬਾਅਦ ਪਵਿੱਤਰ ਨਿਸ਼ਾਨੀ ਦੇ ਦੀਦਾਰ:** ਪਰੰਪਰਾ ਅਨੁਸਾਰ ਈਦ ਮੀਲਾਦ-ਉਨ-ਨਬੀ ਦੇ ਪਵਿੱਤਰ ਦਿਹਾੜੇ 'ਤੇ ਹਰੇਕ ਨਮਾਜ਼ (ਫ਼ਜ਼ਰ, ਜ਼ੁਹਰ, ਅਸਰ, ਮਗ਼ਰਿਬ ਅਤੇ ਇਸ਼ਾ) ਤੋਂ ਬਾਅਦ ਸ਼ਰਧਾਲੂਆਂ ਨੂੰ ਪਵਿੱਤਰ ਨਿਸ਼ਾਨੀ ਦੇ ਦੀਦਾਰ ਕਰਵਾਏ ਗਏ, ਜਿਸ ਦੌਰਾਨ ਸੰਗਤਾਂ ਦਰੂਦ-ਓ-ਅਜ਼ਕਾਰ ਦਾ ਜਾਪ ਕਰਦੀਆਂ ਨਜ਼ਰ ਆਈਆਂ।

**ਜੰਮੂ-ਕਸ਼ਮੀਰ ਵਕ਼ਫ਼ ਬੋਰਡ ਵੱਲੋਂ ਵਿਸ਼ੇਸ਼ ਪ੍ਰਬੰਧ:** ਵੱਡੇ ਇਕੱਠ ਦੇ ਮੱਦੇਨਜ਼ਰ ਜੰਮੂ-ਕਸ਼ਮੀਰ ਵਕ਼ਫ਼ ਬੋਰਡ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਪੀਣ ਵਾਲੇ ਪਾਣੀ, ਰੌਸ਼ਨੀ, ਸਫ਼ਾਈ, ਡਾਕਟਰੀ ਸਹਾਇਤਾ ਅਤੇ ਟਰਾਂਸਪੋਰਟ ਦੇ ਵਿਆਪਕ ਪ੍ਰਬੰਧ ਕੀਤੇ ਗਏ ਸਨ। ਪੂਰੀ ਦਰਗਾਹ ਨੂੰ ਸੁੰਦਰ ਲਾਈਟਾਂ ਨਾਲ ਸਜਾਇਆ ਗਿਆ।

**ਘਾਟੀ ਭਰ 'ਚ ਧਾਰਮਿਕ ਪ੍ਰੋਗਰਾਮ:** ਹਜ਼ਰਤਬਲ ਤੋਂ ਇਲਾਵਾ ਸ਼੍ਰੀਨਗਰ ਦੀਆਂ ਹੋਰ ਪ੍ਰਮੁੱਖ ਖ਼ਾਨਗਾਹਾਂ, ਜਾਮੀਆ ਮਸਜਿਦ ਅਤੇ ਦੱਖਣੀ ਤੇ ਉੱਤਰੀ ਕਸ਼ਮੀਰ ਦੀਆਂ ਮਸਜਿਦਾਂ ਵਿੱਚ ਵੀ ਮੀਲਾਦ ਮਹਿਫ਼ਲਾਂ ਕਰਵਾਈਆਂ ਗਈਆਂ, ਜਿੱਥੇ ਧਾਰਮਿਕ ਵਿਦਵਾਨਾਂ ਨੇ ਪੈਗੰਬਰ ਮੁਹੰਮਦ ਸਾਹਿਬ ਦੇ ਜੀਵਨ, ਸਿੱਖਿਆਵਾਂ ਅਤੇ ਮਨੁੱਖਤਾ ਲਈ ਉਨ੍ਹਾਂ ਦੇ ਸ਼ਾਂਤੀ ਦੇ ਸੰਦੇਸ਼ 'ਤੇ ਚਾਨਣਾ



**ਵਿੱਤਰ ਅਵਸ਼ੇਸ਼ (ਮੋਏ-ਏ-ਮੁਕੱਦਸ) ਦੇ ਦੀਦਾਰ:** ਹਜ਼ਰਤਬਲ ਦਰਗਾਹ ਵਿਖੇ ਵਿਸ਼ੇਸ਼ ਨਮਾਜ਼ ਉਪਰੰਤ ਪੈਗੰਬਰ ਸਾਹਿਬ ਦੇ ਪਵਿੱਤਰ ਅਵਸ਼ੇਸ਼ ਨੂੰ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਪ੍ਰਦਰਸ਼ਿਤ ਕੀਤਾ ਗਿਆ। ਕਸ਼ਮੀਰ ਘਾਟੀ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪਹੁੰਚੇ ਪੁਰਸ਼ਾਂ, ਔਰਤਾਂ ਅਤੇ ਬਜ਼ੁਰਗਾਂ ਨੇ ਹੱਥ ਜੋੜ ਕੇ ਅਮਨ-ਸ਼ਾਂਤੀ, ਖ਼ੁਸ਼ਹਾਲੀ ਅਤੇ ਆਪਸੀ ਭਾਈਚਾਰਕ ਸਾਂਝ ਦੀ ਦੁਆ ਮੰਗੀ।

**ਰਾਤ ਭਰ ਚੱਲੀਆਂ ਵਿਸ਼ੇਸ਼ ਪ੍ਰਾਰਥਨਾਵਾਂ (ਸ਼ਬ-ਖ਼ਵਾਨੀ):** ਈਦ ਮਿਲਾਦ-ਉਨ-ਨਬੀ ਦੀ ਪੂਰਵ ਸੰਧਿਆ ਤੋਂ ਹੀ ਸ਼ਰਧਾਲੂ ਦਰਗਾਹ ਵਿਖੇ ਇਕੱਤਰ ਹੋਣੇ ਸ਼ੁਰੂ ਹੋ ਗਏ ਸਨ। ਸਾਰੀ ਰਾਤ ਕੁਰਾਨ-ਖ਼ਵਾਨੀ ਅਤੇ ਨਾਤ-ਸ਼ਰੀਫ਼ ਦਾ ਸਿਲਸਿਲਾ ਜਾਰੀ ਰਿਹਾ, ਜਿੱਥੇ ਧਾਰਮਿਕ ਵਿਦਵਾਨਾਂ ਨੇ ਪੈਗੰਬਰ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਅਤੇ ਮਾਨਵਤਾ ਪ੍ਰਤੀ ਉਨ੍ਹਾਂ ਦੇ ਸੰਦੇਸ਼ 'ਤੇ ਚਾਨਣਾ ਪਾਇਆ।

**ਪੂਰੀ ਘਾਟੀ ਵਿੱਚ ਧਾਰਮਿਕ ਉਤਸ਼ਾਹ:** ਸ੍ਰੀਨਗਰ ਤੋਂ ਇਲਾਵਾ ਅਨੰਤਨਾਗ, ਬਾਰਾਮੂਲਾ, ਕੁਪਵਾੜਾ ਅਤੇ ਬਡਗਾਮ ਸਮੇਤ ਜੰਮੂ-ਕਸ਼ਮੀਰ ਦੀਆਂ ਸਾਰੀਆਂ ਪ੍ਰਮੁੱਖ ਮਸਜਿਦਾਂ ਅਤੇ ਦਰਗਾਹਾਂ ਨੂੰ ਖ਼ੂਬਸੂਰਤ ਰੌਸ਼ਨੀਆਂ ਅਤੇ ਲਾਈਟਾਂ ਨਾਲ ਸਜਾਇਆ ਗਿਆ। ਥਾਂ-ਥਾਂ 'ਤੇ ਮਿਲਾਦ ਜਲੂਸ ਕੱਢੇ ਗਏ ਅਤੇ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ।

**ਪ੍ਰਸ਼ਾਸਨ ਅਤੇ ਵਕ਼ਫ਼ ਬੋਰਡ ਵੱਲੋਂ ਸਖ਼ਤ ਪ੍ਰਬੰਧ:** ਜੰਮੂ-ਕਸ਼ਮੀਰ ਵਕ਼ਫ਼ ਬੋਰਡ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ ਦੀ ਵੱਡੀ ਆਮਦ ਦੇ ਮੱਦੇਨਜ਼ਰ ਪੀਣ ਵਾਲੇ ਸਾਫ਼ ਪਾਣੀ, ਮੈਡੀਕਲ ਕੈਂਪਾਂ, ਸਫ਼ਾਈ ਅਤੇ ਆਵਾਜਾਈ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ। ਸੁਰੱਖਿਆ ਦੇ ਲਿਹਾਜ਼ ਨਾਲ ਪੁਲਿਸ ਅਤੇ ਸੁਰੱਖਿਆ ਬਲਾਂ ਦੀਆਂ ਟੀਮਾਂ ਦਰਗਾਹ ਦੇ ਆਲੇ-ਦੁਆਲੇ ਤਾਇਨਾਤ ਰਹੀਆਂ।

## ਈਦ ਮੀਲਾਦ-ਉਨ-ਨਬੀ ਮੌਕੇ ਇਤਿਹਾਸਕ ਹਜ਼ਰਤਬਲ ਦਰਗਾਹ 'ਚ ਉਮੜਿਆ ਸ਼ਰਧਾ ਦਾ ਸੈਲਾਬ;

## ਪਵਿੱਤਰ ਨਿਸ਼ਾਨੀ 'ਮੋਈ-ਏ-ਮੁਕੱਦਸ' ਦੇ ਦੀਦਾਰ

### ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਪ੍ਰਕਾਸ਼ ਪੁਰਬ 'ਤੇ ਘਾਟੀ 'ਚ ਅਧਿਆਤਮਿਕ ਰੰਗ; ਹਜ਼ਾਰਾਂ ਸ਼ਰਧਾਲੂਆਂ ਨੇ ਅਮਨ, ਚੈਨ ਤੇ ਖ਼ੁਸ਼ਹਾਲੀ ਲਈ ਮੰਗੀਆਂ ਦੁਆਵਾਂ

ਸ੍ਰੀਨਗਰ (ਜੰਮੂ-ਕਸ਼ਮੀਰ) : ਇਸਲਾਮ ਧਰਮ ਦੇ ਬਾਨੀ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਮੁਬਾਰਕ ਜਨਮ ਦਿਹਾੜੇ ਈਦ ਮੀਲਾਦ-ਉਨ-ਨਬੀ (Eid Milad-un-Nabi / Mawlid) ਦੇ ਪਵਿੱਤਰ ਮੌਕੇ 'ਤੇ ਕਸ਼ਮੀਰ ਘਾਟੀ ਪੂਰੀ ਤਰ੍ਹਾਂ ਅਧਿਆਤਮਿਕ ਰੰਗ ਵਿੱਚ ਰੰਗੀ ਨਜ਼ਰ ਆਈ। ਇਸ ਮੌਕੇ ਡਲ ਝੀਲ ਦੇ ਕੰਢੇ ਸਥਿਤ ਇਤਿਹਾਸਕ ਦਰਗਾਹ ਹਜ਼ਰਤਬਲ (Hazratbal Shrine) ਵਿਖੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਦਾ ਵੱਡਾ ਇਕੱਠ ਹੋਇਆ।

ਸਮਾਗਮ ਦੌਰਾਨ ਜਿਵੇਂ ਹੀ ਦਰਗਾਹ ਦੇ ਮੁੱਖ ਮੌਲਵੀ ਵੱਲੋਂ ਪੈਗੰਬਰ ਸਾਹਿਬ ਨਾਲ ਸਬੰਧਤ ਪਵਿੱਤਰ ਨਿਸ਼ਾਨੀ 'ਮੋਈ-ਏ-ਮੁਕੱਦਸ' (ਦਾੜ੍ਹੀ ਮੁਬਾਰਕ ਦਾ ਪਵਿੱਤਰ ਵਾਲ) ਦੇ ਦੀਦਾਰ ਕਰਵਾਏ ਗਏ, ਤਾਂ ਸਮੁੱਚਾ ਮਾਹੌਲ ਸ਼ਰਧਾ ਅਤੇ ਭਾਵੁਕਤਾ ਨਾਲ ਭਰ ਗਿਆ। ਹੱਥ ਉਠਾ ਕੇ ਹਜ਼ਾਰਾਂ ਅਕੀਦਤਮੰਦਾਂ ਨੇ ਵਾਦੀ ਸਮੇਤ ਸਮੁੱਚੀ ਮਨੁੱਖਤਾ ਦੀ ਸ਼ਾਂਤੀ, ਖ਼ੁਸ਼ਹਾਲੀ ਅਤੇ ਭਾਈਚਾਰਕ ਸਾਂਝ ਲਈ ਦੁਆਵਾਂ ਮੰਗੀਆਂ।

**ਦਰਗਾਹ ਹਜ਼ਰਤਬਲ ਵਿਖੇ ਅਕੀਦਤ ਦਾ ਸੈਲਾਬ:** ਕਸ਼ਮੀਰ ਘਾਟੀ ਦੇ ਵੱਖ-ਵੱਖ ਜ਼ਿਲ੍ਹਿਆਂ—ਅਨੰਤਨਾਗ, ਬਾਰਾਮੂਲਾ, ਕੁਪਵਾੜਾ ਅਤੇ ਬਡਗਾਮ ਤੋਂ ਵੱਡੀ ਗਿਣਤੀ ਵਿੱਚ ਮਰਦ, ਔਰਤਾਂ, ਬਜ਼ੁਰਗ ਅਤੇ ਬੱਚੇ ਪੁੱਜੇ। ਸੰਗਤ ਨੇ ਵਿਸ਼ੇਸ਼ ਨਮਾਜ਼ ਅਦਾ ਕੀਤੀ ਅਤੇ ਪਵਿੱਤਰ ਨਿਸ਼ਾਨੀ ਦੇ ਦਰਸ਼ਨ ਕਰਕੇ ਅਧਿਆਤਮਿਕ ਸ਼ਾਂਤੀ ਪ੍ਰਾਪਤ ਕੀਤੀ।

**ਨਾਤ-ਖ਼ਵਾਨੀ, ਤਿਲਾਵਤ ਤੇ ਦਰੂਦ-ਓ-ਸਲਾਮ ਦੇ ਜਾਪ:** ਈਦ ਮੀਲਾਦ ਦੇ ਸੰਬੰਧ ਵਿੱਚ ਦਰਗਾਹ ਪਰਿਸਰ ਵਿੱਚ ਵਿਸ਼ੇਸ਼ ਧਾਰਮਿਕ ਮਹਿਫ਼ਲਾਂ ਸਜਾਈਆਂ ਗਈਆਂ। ਕਾਰੀ ਸਾਹਿਬਾਨ ਵੱਲੋਂ ਕੁਰਆਨ ਦੀ ਪਵਿੱਤਰ ਤਿਲਾਵਤ ਅਤੇ ਸ਼ਾਇਰਾਂ ਵੱਲੋਂ ਪੈਗੰਬਰ ਸਾਹਿਬ ਦੀ ਸ਼ਾਨ ਵਿੱਚ ਖ਼ੂਬਸੂਰਤ ਨਾਤ-ਏ-ਰਸੂਲ (ਸ.) ਅਤੇ ਦਰੂਦ-ਓ-ਸਲਾਮ ਦੇ ਜਾਪ ਕੀਤੇ ਗਏ।

**ਅਮਨ, ਸਹਿਣਸ਼ੀਲਤਾ ਅਤੇ ਮਨੁੱਖਤਾ ਦਾ ਪੈਗ਼ਾਮ:** ਧਾਰਮਿਕ ਵਿਦਵਾਨਾਂ ਅਤੇ ਮੌਲਵੀਆਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਫ਼ਲਸਫ਼ੇ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਪੈਗੰਬਰ ਸਾਹਿਬ ਨੇ ਹਮੇਸ਼ਾ ਦਇਆ, ਨਿਆਂ, ਸਹਿਣਸ਼ੀਲਤਾ, ਗ਼ਰੀਬਾਂ ਦੀ ਮਦਦ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ, ਜੋ ਅੱਜ ਦੇ ਦੌਰ ਵਿੱਚ ਸਭ ਤੋਂ ਵੱਧ ਪ੍ਰਾਸੰਗਿਕ ਹੈ।

**ਪ੍ਰਸ਼ਾਸਨ ਅਤੇ ਵਕ਼ਫ਼ ਬੋਰਡ ਦੇ ਪੁਖ਼ਤਾ ਪ੍ਰਬੰਧ:** ਜੰਮੂ-ਕਸ਼ਮੀਰ ਵਕ਼ਫ਼ ਬੋਰਡ ਅਤੇ ਸ੍ਰੀਨਗਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਆਵਾਜਾਈ ਦੇ ਸੁਚਾਰੂ ਸੰਚਾਲਨ ਲਈ ਵਿਸ਼ੇਸ਼ ਬੱਸ ਸੇਵਾਵਾਂ, ਪੀਣ ਵਾਲੇ ਪਾਣੀ ਦੀ ਵਿਵਸਥਾ, ਮੈਡੀਕਲ ਕੈਂਪ ਅਤੇ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਅਮਲ ਵਿੱਚ ਲਿਆਂਦੇ ਗਏ।

ਦਰਗਾਹ ਹਜ਼ਰਤਬਲ ਤੋਂ ਇਲਾਵਾ ਘਾਟੀ ਦੀਆਂ ਹੋਰ ਪ੍ਰਮੁੱਖ ਖ਼ਾਨਗਾਹਾਂ—ਜਿਵੇਂ ਕਿ ਖ਼ਾਨਕਾਹ-ਏ-ਮੌਲਾ, ਦਸਤਗੀਰ ਸਾਹਿਬ ਅਤੇ ਚਰਾਰ-ਏ-ਸ਼ਰੀਫ਼ ਵਿਖੇ ਵੀ ਵਿਸ਼ੇਸ਼ ਧਾਰਮਿਕ ਇਕੱਠ ਹੋਏ, ਜਿੱਥੇ ਦੇਰ ਰਾਤ ਤੱਕ ਇਬਾਦਤ ਦਾ ਸਿਲਸਿਲਾ ਜਾਰੀ ਰਿਹਾ।

ਡਿਸਕਲੇਮਰ (Disclaimer) : ਇਹ ਖ਼ਬਰ ਜੰਮੂ-ਕਸ਼ਮੀਰ ਵਕ਼ਫ਼ ਬੋਰਡ, ਸਥਾਨਕ ਪ੍ਰਸ਼ਾਸਨ ਅਤੇ ਸ੍ਰੀਨਗਰ ਤੋਂ ਜ਼ਮੀਨੀ ਪੱਤਰਕਾਰਾਂ ਵੱਲੋਂ ਜਾਰੀ ਰਿਪੋਰਟਾਂ 'ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਲਈ ਇਹ ਰਿਪੋਰਟ ਪ੍ਰਕਾਸ਼ਿਤ ਕਰ ਰਿਹਾ ਹੈ।





## ਪੰਜਾਬ ਦੀ ਸਿਆਸਤ 'ਚ ਵੱਡਾ ਭੂਚਾਲ

# ਰੇਪ ਕੇਸ ਰਫ਼ਾ-ਦਫ਼ਾ ਕਰਨ ਲਈ 5 ਕਰੋੜ ਦੀ ਕਥਿਤ ਮੰਗ ਦੇ ਦੋਸ਼ਾਂ 'ਤੇ ਸੀਐੱਮ ਦੀ ਪਤਨੀ ਡਾ. ਗੁਰਪ੍ਰੀਤ ਕੌਰ ਦਾ ਪਲਟਵਾਰ

### ਸਾਬਕਾ ਜੱਜ ਰਣਜੀਤ ਸਿੰਘ ਦੇ ਦਾਅਵਿਆਂ ਨੂੰ ਦੱਸਿਆ ਮਨਘੜਤ; ਸਬੂਤ ਪੇਸ਼ ਕਰਨ ਦੀ ਦਿੱਤੀ ਖੁੱਲ੍ਹੀ ਚੁਣੌਤੀ, NHRC ਵੱਲੋਂ ਪੰਜਾਬ ਦੇ ਡੀਜੀਪੀ ਤੇ ਮੁੱਖ ਸਕੱਤਰ ਨੂੰ ਨੋਟਿਸ ਜਾਰੀ

ਚੰਡੀਗੜ੍ਹ/ਪਟਿਆਲਾ : ਅੰਮ੍ਰਿਤਸਰ ਨਾਲ ਸਬੰਧਤ ਇੱਕ ਜਬਰ-ਜ਼ਨਾਹ (ਰੇਪ) ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਬਦਲੇ 5 ਕਰੋੜ ਰੁਪਏ ਦੀ ਕਥਿਤ ਰਿਸ਼ਵਤ ਮੰਗਣ ਦੇ ਦੋਸ਼ਾਂ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਪੂਰੀ ਤਰ੍ਹਾਂ ਬੇਬੁਨਿਆਦ, ਝੂਠੇ ਅਤੇ ਸਿਆਸੀ ਬਦਲਾਖੋਰੀ ਤੋਂ ਪ੍ਰੇਰਿਤ ਕਰਾਰ ਦਿੱਤਾ ਹੈ। ਡਾ. ਮਾਨ ਨੇ ਦੋਸ਼ ਲਗਾਉਣ ਵਾਲਿਆਂ ਨੂੰ ਸਬੂਤ ਜਨਤਕ ਕਰਨ ਦੀ ਸਿੱਧੀ ਚੁਣੌਤੀ ਦਿੰਦਿਆਂ ਮਾਣਹਾਨੀ ਦੀ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ।

ਪਟਿਆਲਾ ਵਿਖੇ ਤੀਆਂ ਦੇ ਸਮਾਗਮ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਮਾਨ ਨੇ ਕਿਹਾ ਕਿ ਮੁੱਖ ਮੰਤਰੀ ਅਤੇ ਸਰਕਾਰ ਦੇ ਅਕਸ ਨੂੰ ਢਾਹ ਲਾਉਣ ਲਈ ਅਜਿਹੇ ਸਸਤੇ ਹੱਥਕੰਡੇ ਵਰਤੇ ਜਾ ਰਹੇ ਹਨ। ਇਸ ਮੌਕੇ ਪੰਜਾਬ



ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ।

**ਕੀ ਹਨ ਲਗਾਏ ਗਏ ਦੋਸ਼ ?:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਰਣਜੀਤ ਸਿੰਘ ਨੇ ਇੱਕ ਨਿੱਜੀ ਚੈਨਲ 'ਤੇ ਦਾਅਵਾ ਕੀਤਾ ਸੀ ਕਿ ਅੰਮ੍ਰਿਤਸਰ ਦੇ ਇੱਕ ਕਾਰੋਬਾਰੀ ਵਿਰੁੱਧ ਦਰਜ ਰੇਪ ਕੇਸ ਨੂੰ ਖ਼ਾਰਜ ਕਰਵਾਉਣ ਲਈ 5 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਸ ਪੂਰੇ ਲੈਣ-ਦੇਣ ਵਿੱਚ ਕਥਿਤ ਤੌਰ 'ਤੇ ਮੁੱਖ ਮੰਤਰੀ ਦੀ ਪਤਨੀ ਦੇ ਨਾਂ ਅਤੇ ਉਨ੍ਹਾਂ ਦੇ ਇੱਕ ਕਰੀਬੀ ਰਿਸ਼ਤੇਦਾਰ ਦਾ ਹਵਾਲਾ ਵਰਤਿਆ ਗਿਆ ਸੀ।

**ਡਾ. ਗੁਰਪ੍ਰੀਤ ਕੌਰ ਵੱਲੋਂ ਕਾਨੂੰਨੀ ਨੋਟਿਸ:** ਡਾ. ਗੁਰਪ੍ਰੀਤ ਕੌਰ ਮਾਨ ਵੱਲੋਂ ਸਾਬਕਾ ਜਸਟਿਸ ਰਣਜੀਤ ਸਿੰਘ ਅਤੇ ਸੰਬੰਧਿਤ ਖ਼ਬਰ ਐਂਕਰ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਨੋਟਿਸ ਵਿੱਚ ਬਿਨਾਂ ਸ਼ਰਤ ਜਨਤਕ ਮੁਆਫ਼ੀ ਮੰਗਣ ਲਈ ਕਿਹਾ ਗਿਆ ਹੈ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਅਦਾਲਤ ਵਿੱਚ ਅਪਰਾਧਿਕ ਮਾਣਹਾਨੀ (Criminal Defamation) ਦਾ ਕੇਸ ਦਰਜ ਕਰਨ ਦੀ ਗੱਲ ਕਹੀ ਗਈ ਹੈ।

**ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (NHRC) ਦੀ ਦਖ਼ਲਅੰਦਾਜ਼ੀ:** ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ (NHRC) ਨੇ ਸਾਬਕਾ ਜੱਜ ਵੱਲੋਂ ਲਗਾਏ ਗਏ ਦੋਸ਼ਾਂ ਦਾ ਖ਼ੁਦ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਤੋਂ ਜਵਾਬ ਤਲਬ ਕੀਤਾ ਹੈ। NHRC ਨੇ ਪੰਜਾਬ ਦੇ ਮੁੱਖ ਸਕੱਤਰ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ (DGP) ਨੂੰ ਦੋ ਹਫ਼ਤਿਆਂ ਦੇ ਅੰਦਰ ਵਿਸਥਾਰਪੂਰਵਕ 'ਐਕਸ਼ਨ ਟੇਕਨ ਰਿਪੋਰਟ' (ATR) ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

**ਵਿਸ਼ੇਸ਼ ਪਹਿਲੂ: ਦੋਵਾਂ ਧਿਰਾਂ ਦਾ ਪੱਖ**

| ਧਿਰ | ਮੁੱਖ ਰੁਖ਼ / ਬਿਆਨ |
|---|---|
| ਜਸਟਿਸ ਰਣਜੀਤ ਸਿੰਘ (ਸੇਵਾਮੁਕਤ) | ਦਾਅਵਾ ਕੀਤਾ ਕਿ ਰੇਪ ਕੇਸ ਨੂੰ ਰਫ਼ਾ-ਦਫ਼ਾ ਕਰਨ ਲਈ 5 ਕਰੋੜ ਦੀ ਮੰਗ ਹੋਈ ਅਤੇ ਉੱਚ ਅਹੁਦੇਦਾਰਾਂ ਦੇ ਨਾਂ ਵਰਤੇ ਗਏ। |
| ਡਾ. ਗੁਰਪ੍ਰੀਤ ਕੌਰ ਮਾਨ | ਦੋਸ਼ਾਂ ਨੂੰ ਪੂਰੀ ਤਰ੍ਹਾਂ ਮਨਘੜਤ ਦੱਸਿਆ; ਸਬੂਤ ਦੇਣ ਦੀ ਚੁਣੌਤੀ ਦਿੱਤੀ ਅਤੇ ਅਪਰਾਧਿਕ ਮਾਣਹਾਨੀ ਦਾ ਨੋਟਿਸ ਭੇਜਿਆ। |
| ਪੰਜਾਬ ਸਰਕਾਰ (ਸਿਹਤ ਮੰਤਰੀ)<br>ਵਿਰੋਧੀ ਧਿਰਾਂ (ਕਾਂਗਰਸ /ਭਾਜਪਾ/ਅਕਾਲੀ ਦਲ) | ਦੋਸ਼ਾਂ ਨੂੰ ਸਰਕਾਰ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ।<br>ਮੁੱਖ ਮੰਤਰੀ ਦਫ਼ਤਰ ਤੋਂ ਸਪੱਸ਼ਟੀਕਰਨ ਅਤੇ ਉੱਚ ਪੱਧਰੀ ਨਿਰਪੱਖ ਜਾਂਚ ਦੀ ਮੰਗ ਕੀਤੀ। |

**ਵਿਰੋਧੀ ਧਿਰਾਂ ਦਾ ਸਰਕਾਰ 'ਤੇ ਹਮਲਾ:** ਇਸ ਮਾਮਲੇ ਦੇ ਸਾਹਮਣੇ ਆਉਂਦਿਆਂ ਹੀ ਪੰਜਾਬ ਦੀ ਸਿਆਸਤ ਪੂਰੀ ਤਰ੍ਹਾਂ ਗਰਮਾ ਗਈ ਹੈ। ਕਾਂਗਰਸ, ਭਾਰਤੀ ਜਨਤਾ ਪਾਰਟੀ (BJP) ਅਤੇ ਸ਼੍ਰੋਮਣੀ ਅਕਾਲੀ ਦਲ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਦਿਆਂ ਕਿਹਾ ਹੈ ਕਿ ਇੰਨੇ ਉੱਚ ਪੱਧਰੀ ਦੋਸ਼ਾਂ ਦੀ ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਜਾਂ ਸੀ.ਬੀ.ਆਈ. (CBI) ਤੋਂ ਕਰਵਾਈ ਜਾਣੀ ਚਾਹੀਦੀ ਹੈ।

ਇਹ ਮਾਮਲਾ ਹੁਣ ਕਾਨੂੰਨੀ ਅਤੇ ਸਿਆਸੀ ਦੋਵਾਂ ਮੋਰਚਿਆਂ 'ਤੇ ਭਖ ਚੁੱਕਾ ਹੈ। ਜਿੱਥੇ NHRC ਦੇ ਨੋਟਿਸ ਮਗਰੋਂ ਪੁਲਿਸ ਪ੍ਰਸ਼ਾਸਨ 'ਤੇ ਜਵਾਬਦੇਹੀ ਦਾ ਦਬਾਅ ਹੈ, ਉੱਥੇ ਹੀ ਕਾਨੂੰਨੀ ਨੋਟਿਸ ਤੋਂ ਬਾਅਦ ਇਹ ਮਾਮਲਾ ਅਦਾਲਤੀ ਕਾਰਵਾਈ ਵੱਲ ਵਧਦਾ ਨਜ਼ਰ ਆ ਰਿਹਾ ਹੈ।

ਡਿਸਕਲੇਮਰ (Disclaimer): ਇਹ ਖ਼ਬਰ ਜਨਤਕ ਬਿਆਨਾਂ, ਪ੍ਰੈੱਸ ਕਾਨਫ਼ਰੰਸਾਂ, ਕਾਨੂੰਨੀ ਨੋਟਿਸਾਂ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (NHRC) ਵੱਲੋਂ ਜਾਰੀ ਨੋਟਿਸ ਦੇ ਵੇਰਵਿਆਂ 'ਤੇ ਆਧਾਰਿਤ ਹੈ। ਸਾਰੇ ਦੋਸ਼ ਅਜੇ ਜਾਂਚ ਅਧੀਨ ਹਨ ਅਤੇ ਕਿਸੇ ਵੀ ਧਿਰ ਦੇ ਦੋਸ਼ ਅਦਾਲਤ ਵਿੱਚ ਸਾਬਤ ਨਹੀਂ ਹੋਏ ਹਨ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਲਈ ਇਹ ਰਿਪੋਰਟ ਪ੍ਰਕਾਸ਼ਿਤ ਕਰ ਰਿਹਾ ਹੈ।

# ਜਥੇਦਾਰ ਵੱਲੋਂ ਵਿਸ਼ਵ ਭਰ ਦੀ ਸਿੱਖ ਸੰਗਤ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ 29 ਅਗਸਤ ਨੂੰ ਅਰਦਾਸ ਕਰਨ ਦੀ ਅਪੀਲ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿਸ਼ਵ ਭਰ ਦੀ ਸਿੱਖ ਸੰਗਤ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 29 ਅਗਸਤ ਨੂੰ ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਅਤੇ ਰਿਹਾਈ ਲਈ ਅਰਦਾਸ ਸਮਾਗਮ ਉਲੀਕਿਆ ਗਿਆ ਹੈ। ਇਸ ਤਹਿਤ ਦੇਸ਼-ਦੁਨੀਆ ਦੀ ਸਮੂਹ ਸਿੱਖ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੀ ਆਪੋ-ਆਪਣੀਆਂ ਥਾਵਾਂ ਉੱਤੇ ਅਰਦਾਸ ਕਰਨ।



ਉਨ੍ਹਾਂ ਕਿਹਾ ਕਿ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਸਨ, ਤਾਂ ਉਸ ਸਮੇਂ ਬਾਬਾ ਬੁੱਢਾ ਜੀ ਨੇ ਸ਼ਬਦ ਚੌਕੀਆਂ ਕੱਢੀਆਂ ਸਨ, ਜਿਸ ਨਾਲ ਕੌਮ ਵਿੱਚ ਚੜ੍ਹਦੀ ਕਲਾ ਆਈ ਸੀ। ਉਸ ਵੇਲੇ ਵੀ ਸਿੱਖਾਂ ਨੇ ਸ਼ਬਦ ਗੁਰੂ ਦਾ ਆਸਰਾ ਲਿਆ ਸੀ ਅਤੇ ਅੱਜ ਵੀ ਸਿੱਖਾਂ ਨੂੰ ਸ਼ਬਦ ਗੁਰੂ ਦਾ ਹੀ ਆਸਰਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਦੀ ਸਿੱਖ ਸੰਗਤ ਨੇ ਇਸੇ ਇਤਿਹਾਸ ਤੋਂ ਸੇਧ ਲੈਂਦਿਆਂ 29 ਅਗਸਤ ਨੂੰ ਇੱਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਅਤੇ ਰਿਹਾਈ ਲਈ ਅਰਦਾਸ ਜ਼ਰੂਰ ਕਰਨੀ ਹੈ। ਉਨ੍ਹਾਂ ਕਿਹਾ ਕਿ ਸਿੱਖੀ ਅੰਦਰ ਅਰਦਾਸ ਦੇ ਸੰਕਲਪ ਵਿੱਚ ਬਹੁਤ ਸ਼ਕਤੀ ਹੈ ਅਤੇ ਗੁਰੂ ਸਾਹਿਬ ਦੇ ਸਨਮੁਖ ਪੂਰਨ ਭਰੋਸੇ ਤਹਿਤ ਕੀਤੀ ਗਈ ਅਰਦਾਸ ਜ਼ਰੂਰ ਸਫ਼ਲ ਹੁੰਦੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਬੰਦੀ ਸਿੰਘ ਪਿਛਲੇ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਹਨ ਅਤੇ ਸਰਕਾਰਾਂ ਵੱਲੋਂ ਵਿਤਕਰੇ ਭਰੀ ਨੀਤੀ ਤੇ ਦੋਹਰੇ ਮਾਪਦੰਡਾਂ ਤਹਿਤ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ, ਜਿਸ ਵਿਰੁੱਧ ਸਮੁੱਚੀ ਸਿੱਖ ਕੌਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਇੱਕਜੁੱਟ ਹੋ ਕੇ ਵਿਸ਼ਵ ਪੱਧਰ ਉੱਤੇ ਆਵਾਜ਼ ਉਠਾਉਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਲੀਕੇ ਗਏ ਸਮਾਗਮਾਂ ਤਹਿਤ 27 ਅਗਸਤ ਨੂੰ ਸਮੂਹ ਗੁਰਦੁਆਰਾ ਸਾਹਿਬਾਨ ਅੰਦਰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 29 ਅਗਸਤ ਨੂੰ ਭੋਗ ਉਪਰੰਤ ਬੰਦੀ ਸਿੰਘਾਂ ਲਈ ਅਰਦਾਸ ਕੀਤੀ ਜਾਵੇਗੀ।

# ਨੋਟਿਸ ਦਾ ਡਰ ਨਹੀਂ, ਅਦਾਲਤ 'ਚ ਕੇਸ ਲੜਾਂਗਾ: ਜਸਟਿਸ ਰਣਜੀਤ ਸਿੰਘ

### ਮੁੱਖ ਮੰਤਰੀ ਦੀ ਪਤਨੀ ਦੇ ਕਾਨੂੰਨੀ ਨੋਟਿਸ ਭੇਜਣ ਦੇ ਦਾਅਵੇ ਮਗਰੋਂ ਸਾਬਕਾ ਜਸਟਿਸ ਨੇ ਪੱਖ ਰੱਖਿਆ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਵੱਲੋਂ ਕਾਨੂੰਨੀ ਨੋਟਿਸ ਭੇਜੇ ਜਾਣ ਦੇ ਦਾਅਵੇ ਮਗਰੋਂ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਅਤੇ ਸੇਵਾਮੁਕਤ ਜਸਟਿਸ ਰਣਜੀਤ ਸਿੰਘ ਨੇ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਹਾਲੇ ਕੋਈ ਵੀ ਕਾਨੂੰਨੀ ਨੋਟਿਸ ਪ੍ਰਾਪਤ ਨਹੀਂ ਹੋਇਆ ਹੈ। ਜੇ ਨੋਟਿਸ ਮਿਲਦਾ ਵੀ ਹੈ ਤਾਂ ਉਨ੍ਹਾਂ ਨੂੰ ਕੋਈ ਡਰ ਨਹੀਂ ਹੈ ਅਤੇ ਉਹ ਨੋਟਿਸ ਦਾ ਕੋਈ ਜਵਾਬ ਨਹੀਂ ਦੇਣਗੇ।

ਜਸਟਿਸ ਰਣਜੀਤ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਨੋਟਿਸ ਦੇ ਆਧਾਰ 'ਤੇ ਜੇ ਕਿਸੇ ਨੇ ਅਦਾਲਤ ਵਿੱਚ ਜਾਣਾ ਹੈ ਤਾਂ ਜਾ ਸਕਦਾ ਹੈ, ਉਹ ਕਾਨੂੰਨੀ ਲੜਾਈ ਲੜਨ ਲਈ ਤਿਆਰ ਹਨ। ਉਹ ਅਦਾਲਤ ਵਿੱਚ ਆਪਣੇ ਤੱਥ ਪੇਸ਼ ਕਰਨਗੇ। ਇਸ ਵਿੱਚ ਸਿਰਫ਼ ਇਕ-ਦੋ ਨਹੀਂ ਬਲਕਿ ਕਈ



ਪੁਲੀਸ ਅਧਿਕਾਰੀ ਅਤੇ ਹੋਰ ਅਧਿਕਾਰੀਆਂ ਦੇ ਨਾਮ ਵੀ ਸਾਹਮਣੇ ਲਿਆਂਦੇ ਜਾਣਗੇ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰ ਸੰਗਠਨ ਬਿਨਾਂ ਕਿਸੇ ਡਰ ਤੋਂ ਸੱਚ ਦੀ ਲੜਾਈ ਲੜਦਾ ਰਹੇਗਾ। ਉਨ੍ਹਾਂ ਕਿਸੇ 'ਤੇ ਦੋਸ਼ ਨਹੀਂ ਲਾਏ, ਸਗੋਂ 20 ਜੁਲਾਈ ਦਾ ਅਦਾਲਤੀ ਫ਼ੈਸਲਾ ਸਭ ਦੇ ਸਾਹਮਣੇ ਲਿਆਂਦਾ ਹੈ ਤਾਂ ਜੋ ਪੀੜਤਾਂ ਨੂੰ ਇਨਸਾਫ਼ ਮਿਲ ਸਕੇ। ਉਹ ਭਵਿੱਖ ਵਿੱਚ ਵੀ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਲੜਦੇ ਰਹਿਣਗੇ।

ਇਸ ਮੌਕੇ ਸੀਨੀਅਰ ਐਡਵੋਕੇਟ ਆਰ ਐੱਸ ਬੈਂਸ ਨੇ ਕਿਹਾ ਕਿ ਕਿਸੇ ਅਦਾਲਤ ਦੇ ਫ਼ੈਸਲੇ ਨੂੰ ਜਨਤਕ ਕਰਨਾ ਜਾਂ ਦੱਸਣਾ ਮਾਣਹਾਨੀ ਵਿੱਚ ਨਹੀਂ ਆਉਂਦਾ ਹੈ। ਜਦਕਿ ਹਾਈ ਕੋਰਟ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਮੁੱਖ ਮੰਤਰੀ ਦੀ ਪਤਨੀ 'ਤੇ ਗੰਭੀਰ ਦੋਸ਼ ਲਗਾਏ ਗਏ ਹਨ। ਸਮਾਜਿਕ ਕਾਰਕੁਨ ਮਾਲਵਿੰਦਰ ਸਿੰਘ ਮਾਲੀ ਨੇ ਕਿਹਾ ਕਿ 'ਆਪ' ਵੱਲੋਂ ਆਪਣੇ ਖ਼ਿਲਾਫ਼ ਉੱਠਣ ਵਾਲੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸੇ ਲਈ ਜਸਟਿਸ ਰਣਜੀਤ ਸਿੰਘ ਨੂੰ ਨੋਟਿਸ ਭੇਜਣ ਦੇ ਨਾਮ 'ਤੇ ਡਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮੌਕੇ ਡਾ. ਪਿਆਰਾ ਲਾਲ ਗਰਗ ਤੇ ਹੋਰ ਬੁੱਧੀਜੀਵੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

# ਹਲਕਾ ਮਜੀਠਾ ਦੇ ਪਿੰਡ ਚਵਿੰਡਾ ਦੇਵੀ 'ਚ ਮੁੱਖ ਮੰਤਰੀ ਭਗਵੰਤ ਮਾਨ ਦੇ ਜਲਸੇ ਦੌਰਾਨ ਉਮੜਿਆ ਭਾਰੀ ਇਕੱਠ

### ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੇ ਵਿਕਾਸ ਕਾਰਜਾਂ ਨੂੰ ਲੈ ਕੇ ਲੋਕਾਂ 'ਚ ਭਾਰੀ ਉਤਸ਼ਾਹ; ਵੱਡੀ ਗਿਣਤੀ 'ਚ ਇਲਾਕਾ ਵਾਸੀਆਂ ਨੇ ਕੀਤੀ ਸ਼ਮੂਲੀਅਤ

ਅੰਮ੍ਰਿਤਸਰ (ਪੰਜਾਬ), (ਏ.ਐੱਨ.ਆਈ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ (Bhagwant Mann) ਵੱਲੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਮਜੀਠਾ ਅਧੀਨ ਪੈਂਦੇ ਪਿੰਡ ਚਵਿੰਡਾ ਦੇਵੀ (Chawinda Devi) ਵਿਖੇ ਇੱਕ ਵਿਸ਼ਾਲ ਜਨਤਕ ਇਕੱਠ (Public Meeting) ਨੂੰ ਸੰਬੋਧਨ ਕੀਤਾ ਗਿਆ।

ਬੁੱਧਵਾਰ ਨੂੰ ਹੋਈ ਇਸ ਰੈਲੀ ਦੌਰਾਨ ਇਲਾਕੇ ਦੇ ਲੋਕਾਂ ਅਤੇ ਪਾਰਟੀ ਵਰਕਰਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਜਨਸਭਾ ਵਿੱਚ ਨੌਜਵਾਨਾਂ, ਬਜ਼ੁਰਗਾਂ ਅਤੇ ਔਰਤਾਂ ਸਮੇਤ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ, ਜਿਸ ਨਾਲ ਪੂਰੇ ਪੰਡਾਲ ਵਿੱਚ ਭਾਰੀ ਉਤਸ਼ਾਹ ਦੇਖਿਆ ਗਿਆ।

**ਚਵਿੰਡਾ ਦੇਵੀ ਵਿਖੇ ਭਰਵਾਂ ਇਕੱਠ:** ਹਲਕਾ ਮਜੀਠਾ ਦੇ ਪਿੰਡ ਚਵਿੰਡਾ ਦੇਵੀ ਵਿਖੇ ਆਯੋਜਿਤ ਜਨਤਕ ਪ੍ਰੋਗਰਾਮ ਦੌਰਾਨ ਲੋਕਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਸ਼ਮੂਲੀਅਤ ਕੀਤੀ। ਮੁੱਖ ਮੰਤਰੀ ਦੇ ਸੰਬੋਧਨ ਦੌਰਾਨ ਪੰਡਾਲ ਖ਼ਚਾਖ਼ਚ ਭਰਿਆ ਰਿਹਾ।

**ਸੂਬੇ ਦੇ ਵਿਕਾਸ ਅਤੇ ਲੋਕ ਭਲਾਈ ਸਕੀਮਾਂ 'ਤੇ ਚਰਚਾ:** ਜਨਸਭਾ ਦੌਰਾਨ ਸਰਕਾਰ ਵੱਲੋਂ ਪੰਜਾਬ ਵਿੱਚ ਸਿੱਖਿਆ, ਸਿਹਤ, ਮੁਫ਼ਤ ਬਿਜਲੀ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਖੇਤਰ ਵਿੱਚ ਲਾਗੂ ਕੀਤੀਆਂ ਗਈਆਂ ਭਲਾਈ ਯੋਜਨਾਵਾਂ ਅਤੇ ਹਲਕੇ ਦੇ ਵਿਕਾਸ ਕਾਰਜਾਂ ਦਾ ਜ਼ਿਕਰ ਕੀਤਾ ਗਿਆ।

**ਇਲਾਕੇ ਵਿੱਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ:** ਮੁੱਖ ਮੰਤਰੀ ਦੇ ਦੌਰੇ ਦੇ ਮੱਦੇਨਜ਼ਰ ਅੰਮ੍ਰਿਤਸਰ ਦਿਹਾਤੀ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਸੁਰੱਖਿਆ ਅਤੇ ਟ੍ਰੈਫ਼ਿਕ ਵਿਵਸਥਾ ਨੂੰ ਸੁਚਾਰੂ ਰੱਖਣ ਲਈ ਵਿਆਪਕ ਪ੍ਰਬੰਧ ਕੀਤੇ ਗਏ ਸਨ।



# ਬਰਾਬਰੀ ਦਾ ਸੁਨੇਹਾ ਦਿੰਦੀ ਹੈ ਗੁਰੂ ਰਵਿਦਾਸ ਦੀ ਬਾਣੀ

## ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੱਤਵਾਂ ਸੂਬਾ ਪੱਧਰੀ ਸੈਮੀਨਾਰ




ਕੁਰਾਲੀ/ਖਰੜ : ਪੰਜਾਬ ਸਰਕਾਰ ਵੱਲੋਂ ਗੁਰੂ ਰਵਿਦਾਸ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੈਮੀਨਾਰ ਅੱਜ ਰਿਆਤ ਬਾਹਰਾ ਯੂਨੀਵਰਸਿਟੀ ਵਿੱਚ ਕਰਵਾਇਆ ਗਿਆ। ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਮਹਿਲ ਕਲਾਂ ਤੋਂ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਦੇ ਚੇਅਰਮੈਨ ਕੁਲਵੰਤ ਸਿੰਘ ਪੰਡੋਰੀ ਨੇ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬ ਸਰਕਾਰ ਦੇ ਸੱਭਿਆਚਾਰਕ ਮਾਮਲਿਆਂ ਬਾਰੇ ਸਲਾਹਕਾਰ ਦੀਪਕ ਬਾਲੀ, ਡੇਰਾ ਸੰਤ ਪ੍ਰੀਤਮ ਦਾਸ ਦੇ ਮੁਖੀ ਬਾਬਾ ਨਿਰਮਲ ਦਾਸ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਮਨਜਿੰਦਰ ਸਿੰਘ, ਸੰਤੋਸ਼ ਕੁਮਾਰੀ, ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਸੰਜੇ ਕੁਮਾਰ, ਪ੍ਰੋ. ਐੱਲ ਕੇ ਯਾਦਵ, ਡਾ. ਸਿਮਰਜੀਤ ਕੌਰ ਹਾਜ਼ਰ ਸਨ।

ਸ੍ਰੀ ਪੰਡੋਰੀ ਨੇ ਕਿਹਾ ਕਿ ਗੁਰੂ ਰਵਿਦਾਸ ਦੀ ਸ਼ਖ਼ਸੀਅਤ ਕਿਸੇ ਇੱਕ ਵਰਗ, ਧਰਮ ਜਾਂ ਖੇਤਰ ਤੱਕ ਸੀਮਤ ਨਹੀਂ। ਉਨ੍ਹਾਂ ਦੀ ਬਾਣੀ ਅਤੇ ਵਿਚਾਰਧਾਰਾ ਸਮੁੱਚੀ ਮਨੁੱਖਤਾ ਨੂੰ ਬਰਾਬਰੀ, ਪਿਆਰ, ਭਾਈਚਾਰੇ, ਸੱਚਾਈ ਅਤੇ ਮਨੁੱਖੀ ਸਨਮਾਨ ਦਾ ਸੁਨੇਹਾ ਦਿੰਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਗੁਰੂ ਰਵਿਦਾਸ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਪੂਰੇ ਸਾਲ ਦੌਰਾਨ ਵੱਖ-ਵੱਖ ਸਮਾਗਮਾਂ ਰਾਹੀਂ ਮਨਾਇਆ ਜਾ ਰਿਹਾ ਹੈ। ਸ੍ਰੀ ਬਾਲੀ ਨੇ ਸਭਨਾਂ ਨੂੰ ਜਾਤ-ਪਾਤ ਅਤੇ ਧਰਮ ਤੋਂ ਉੱਪਰ ਉੱਠ ਕੇ ਸਮੁੱਚੇ ਸੰਸਾਰ ਵਿੱਚ ਬਰਾਬਰੀ ਦਾ ਚਾਨਣ ਫੈਲਾਉਣ ਦਾ ਸੱਦਾ ਦਿੱਤਾ।

ਇਸ ਸੈਮੀਨਾਰ ਵਿੱਚ ਪ੍ਰੋ. ਮਨਜਿੰਦਰ ਸਿੰਘ, ਸੰਤੋਸ਼ ਕੁਮਾਰੀ, ਬਾਬਾ ਨਿਰਮਲ ਦਾਸ, ਸ੍ਰੀ ਬਾਹਰਾ ਨੇ ਗੁਰੂ ਰਵਿਦਾਸ ਦੀਆਂ ਸਿੱਖਿਆਵਾਂ ਨੂੰ ਅੱਜ ਦੇ ਸਮੇਂ ਵਿੱਚ ਬਰਾਬਰੀ ਅਤੇ ਮਨੁੱਖੀ ਸਨਮਾਨ ਦੀ ਸਥਾਪਨਾ ਲਈ ਮਹੱਤਵਪੂਰਨ ਦੱਸਦਿਆਂ ਵਿਦਿਆਰਥੀਆਂ ਨੂੰ ਇਨ੍ਹਾਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਅਪੀਲ ਕੀਤੀ। ਇਸ ਮੌਕੇ ਗੁਰੂ ਰਵਿਦਾਸ ਦੇ ਜੀਵਨ ਤੇ ਸਿੱਖਿਆਵਾਂ ਨੂੰ ਦਰਸਾਉਂਦੀ ਵਿਸ਼ੇਸ਼ ਦਸਤਾਵੇਜ਼ੀ ਵੀ ਦਿਖਾਈ ਗਈ।

### ਕੈਨੇਡਾ: ਭਾਈ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ 'ਚ ਨਵਾਂ ਮੋੜ;

# ਗੈਂਗਸਟਰ ਗੋਲਡੀ ਬਰਾੜ ਤੇ ਪਰਮਜੀਤ ਸਿੰਘ ਪੰਮਾ ਯੂਕੇ : ਵਿਚਾਲੇ ਕਥਿਤ ਆਡੀਓ ਲੀਕ

# 'ਅਸੀਂ ਹੀ ਮਾਰਿਆ ਨਿੱਝਰ', ਲੀਕ ਆਡੀਓ 'ਚ ਗੈਂਗਸਟਰ ਬਰਾੜ ਦਾ ਦਾਅਵਾ

## ਸੋਸ਼ਲ ਮੀਡੀਆ 'ਤੇ ਵਾਇਰਲ ਆਡੀਓ 'ਚ ਇੱਕ-ਦੂਜੇ 'ਤੇ ਦੋਸ਼ਾਂ ਦੀ ਝੜੀ; ਜਾਂਚ ਏਜੰਸੀਆਂ ਵੱਲੋਂ ਪੁਸ਼ਟੀ ਹੋਣੀ ਬਾਕੀ

ਲੰਡਨ/ਯੂਕੇ : ਕੈਨੇਡਾ ਦੀ ਧਰਤੀ 'ਤੇ ਜੂਨ 2023 ਵਿੱਚ ਵਾਪਰੇ ਹਾਈ-ਪ੍ਰੋਫਾਈਲ ਭਾਈ ਹਰਦੀਪ ਸਿੰਘ ਨਿੱਝਰ ਕਤਲ ਕਾਂਡ ਵਿੱਚ ਇੱਕ ਨਵਾਂ ਵਿਵਾਦਪੂਰਨ ਮੋੜ ਆ ਗਿਆ ਹੈ। ਸੋਸ਼ਲ ਮੀਡੀਆ 'ਤੇ ਵਿਦੇਸ਼ ਬੈਠੇ ਲੋੜੀਂਦੇ ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ (Goldy Brar) ਅਤੇ ਯੂਕੇ ਸਥਿਤ ਪਰਮਜੀਤ ਸਿੰਘ ਪੰਮਾ (Paramjit Singh Pamma) ਵਿਚਕਾਰ ਹੋਈ ਕਥਿਤ ਗੱਲਬਾਤ ਦੀ ਇੱਕ ਆਡੀਓ ਰਿਕਾਰਡਿੰਗ ਵਾਇਰਲ ਹੋ ਰਹੀ ਹੈ।

ਇਸ ਕਥਿਤ ਆਡੀਓ ਵਿੱਚ ਦੋਵਾਂ ਧਿਰਾਂ ਵਿਚਾਲੇ ਤਿੱਖੀ ਬਹਿਸਬਾਜ਼ੀ ਅਤੇ ਨਿੱਝਰ ਦੇ ਕਤਲ ਦੇ ਕਾਰਨਾਂ ਨੂੰ ਲੈ ਕੇ ਗੰਭੀਰ ਦੋਸ਼-ਪ੍ਰਤੀਦੋਸ਼ ਲਗਾਏ ਜਾ ਰਹੇ ਹਨ। ਹਾਲਾਂਕਿ, ਕੈਨੇਡੀਅਨ ਜਾਂਚ ਏਜੰਸੀਆਂ ਜਾਂ ਕਿਸੇ ਵੀ ਸੁਰੱਖਿਆ ਅਦਾਰੇ ਵੱਲੋਂ ਇਸ ਆਡੀਓ ਟੇਪ ਦੀ ਪ੍ਰਮਾਣਿਕਤਾ (authenticity) ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ।

**ਕਥਿਤ ਆਡੀਓ ਵਿੱਚ ਕੀਤੇ ਦਾਅਵੇ:** ਵਾਇਰਲ ਆਡੀਓ ਵਿੱਚ ਗੋਲਡੀ ਬਰਾੜ ਵੱਲੋਂ ਕਥਿਤ ਤੌਰ 'ਤੇ ਦਾਅਵਾ ਕੀਤਾ ਜਾ ਰਿਹਾ ਹੈ 'ਅਸੀਂ ਹੀ ਮਾਰਿਆ ਨਿੱਝਰ', ਇਹ ਦਾਅਵੇ ਪੂਰੀ ਤਰ੍ਹਾਂ ਅਣਪੁਸ਼ਟ ਹਨ ਅਤੇ ਅਧਿਕਾਰਤ ਜਾਂਚ ਦਾ ਹਿੱਸਾ ਸਾਬਤ ਨਹੀਂ ਹੋਏ ਹਨ।

ਨਿੱਝਰ ਦੀ ਹੱਤਿਆ ਤੋਂ ਬਾਅਦ ਤਤਕਾਲੀਨ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ 'ਤੇ ਗੰਭੀਰ ਦੋਸ਼ ਲਗਾਏ ਸਨ। ਉਨ੍ਹਾਂ ਨੇ ਸੰਸਦ ਵਿੱਚ ਕਿਹਾ ਸੀ ਕਿ ਕੈਨੇਡੀਅਨ ਏਜੰਸੀਆਂ ਹੱਤਿਆ ਅਤੇ ਭਾਰਤ ਸਰਕਾਰ ਦੇ ਏਜੰਟਾਂ ਵਿਚਾਲੇ ਸੰਭਾਵਿਤ ਸਬੰਧਾਂ ਦੇ ਦੋਸ਼ਾਂ ਦੀ ਜਾਂਚ ਕਰ ਰਹੀਆਂ ਹਨ।

**ਅਰਸ਼ ਡੱਲਾ ਵੱਲੋਂ ਵੀਡੀਓ ਜਾਰੀ ਕਰਕੇ ਪਲਟਵਾਰ:** ਇਸ ਆਡੀਓ ਦੇ ਜਨਤਕ ਹੋਣ ਤੋਂ ਬਾਅਦ ਕੈਨੇਡਾ ਵਿੱਚ ਸਰਗਰਮ ਅਰਸ਼ਦੀਪ ਸਿੰਘ ਗਿੱਲ ਉਰਫ਼ ਅਰਸ਼ ਡੱਲਾ (Arsh Dalla) ਦੀ ਇੱਕ ਵੀਡੀਓ ਸਾਹਮਣੇ ਆਈ ਹੈ। ਡੱਲਾ ਨੇ ਬਰਾੜ ਦੇ ਦਾਅਵਿਆਂ ਨੂੰ ਸਿਰੇ ਤੋਂ ਖ਼ਾਰਜ ਕਰਦਿਆਂ ਜਵਾਬੀ ਚਿਤਾਵਨੀ ਦਿੱਤੀ ਹੈ। ਉਸ ਨੇ ਦਾਅਵਾ ਕੀਤਾ ਕਿ ਕਤਲ ਵਾਲੇ ਦਿਨ ਉਹ ਨਿੱਝਰ ਦੇ ਨਾਲ ਮੌਜੂਦ ਨਹੀਂ ਸੀ ਅਤੇ ਘਟਨਾ ਤੋਂ ਲਗਭਗ ਇੱਕ ਸਾਲ ਪਹਿਲਾਂ ਤੱਕ ਉਸ ਦੀ ਨਿੱਝਰ ਨਾਲ ਕੋਈ ਮੁਲਾਕਾਤ ਨਹੀਂ ਹੋਈ ਸੀ।

**ਨਿੱਝਰ ਕਤਲ ਕਾਂਡ ਦਾ ਪਿਛੋਕੜ:** ਭਾਈ ਹਰਦੀਪ ਸਿੰਘ ਨਿੱਝਰ ਦਾ 18 ਜੂਨ 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰੇ ਦੀ ਪਾਰਕਿੰਗ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਤੋਂ ਬਾਅਦ ਕੈਨੇਡਾ ਅਤੇ ਭਾਰਤ ਵਿਚਕਾਰ ਕੂਟਨੀਤਕ ਸਬੰਧਾਂ ਵਿੱਚ ਭਾਰੀ ਤਣਾਅ ਪੈਦਾ ਹੋ ਗਿਆ ਸੀ।

**ਕੈਨੇਡੀਅਨ ਪੁਲਿਸ ਦੀ ਚੱਲ ਰਹੀ ਕਾਰਵਾਈ:** ਕੈਨੇਡਾ ਦੀ ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (989") ਨੇ ਇਸ ਕਤਲ ਮਾਮਲੇ ਵਿੱਚ ਕਈ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤੀ ਕਾਰਵਾਈ ਅਧੀਨ ਲਿਆਂਦਾ ਹੈ। ਪੁਲਿਸ ਅਨੁਸਾਰ ਮਾਮਲੇ ਨਾਲ ਜੁੜੇ ਸਾਜ਼ਿਸ਼ੀ ਪਹਿਲੂਆਂ ਦੀ ਬਾਰੀਕੀ ਨਾਲ ਜਾਂਚ ਅਜੇ ਵੀ ਜਾਰੀ ਹੈ।

ਡਿਸਕਲੇਮਰ (Disclaimer) : ਇਹ ਰਿਪੋਰਟ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਕਥਿਤ ਆਡੀਓ ਰਿਕਾਰਡਿੰਗ, ਜਨਤਕ ਵੀਡੀਓ ਬਿਆਨਾਂ ਅਤੇ ਪਿਛਲੀਆਂ ਮੀਡੀਆ ਰਿਪੋਰਟਾਂ 'ਤੇ ਆਧਾਰਿਤ ਹੈ। ਆਡੀਓ ਦੀ ਪ੍ਰਮਾਣਿਕਤਾ ਜਾਂ ਇਸ ਵਿੱਚ ਕੀਤੇ ਗਏ ਦਾਅਵਿਆਂ ਦੀ ਕਾਨੂੰਨੀ ਤੌਰ 'ਤੇ ਜਾਂਚ ਏਜੰਸੀਆਂ ਵੱਲੋਂ ਪੁਸ਼ਟੀ ਨਹੀਂ ਕੀਤੀ ਗਈ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਲਈ ਇਹ ਘਟਨਾਕ੍ਰਮ ਪ੍ਰਕਾਸ਼ਿਤ ਕਰ ਰਿਹਾ ਹੈ।

### ਮਹਿੰਗਾਈ ਦਾ ਵੱਡਾ ਝਟਕਾ

# ਆਟਾ, ਖੰਡ ਤੇ ਤੇਲ ਸਭ ਹੋਇਆ ਮਹਿੰਗਾ, ਆਮ ਜਨਤਾ ਦਾ ਗੁਜ਼ਾਰਾ ਹੋਇਆ ਔਖਾ !

## ਚੱਕੀ ਦਾ ਆਟਾ 3 ਰੁਪਏ ਤੇ ਬ੍ਰਾਂਡਿਡ 1 ਰੁਪਏ ਮਹਿੰਗਾ; 75 ਰੁਪਏ ਛੂਹ ਗਈ ਖੰਡ, ਸਰ੍ਹੋਂ ਦੇ ਤੇਲ ਦੇ ਵੀ ਜਾਣੋਂ ਰੇਟ



ਅੰਮ੍ਰਿਤਸਰ : ਰਸੋਈ ਦੇ ਜ਼ਰੂਰੀ ਸਾਮਾਨ ਦੀਆਂ ਵਧਦੀਆਂ ਕੀਮਤਾਂ ਨੇ ਆਮ ਲੋਕਾਂ ਦਾ ਬਜਟ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਹੈ, ਜਿਸ ਨਾਲ ਮੱਧਮ ਅਤੇ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਗੁਜ਼ਾਰਾ ਕਰਨਾ ਔਖਾ ਹੋ ਗਿਆ ਹੈ। ਖੰਡ ਦੀਆਂ ਕੀਮਤਾਂ ਵਿੱਚ ਵਾਧੇ ਤੋਂ ਬਾਅਦ ਹੁਣ ਰਿਟੇਲ ਮਾਰਕੀਟ ਵਿੱਚ ਚੱਕੀ ਦਾ ਆਟਾ 3 ਰੁਪਏ ਪ੍ਰਤੀ ਕਿੱਲੋ ਅਤੇ ਬ੍ਰਾਂਡਿਡ ਆਟਾ 1 ਰੁਪਏ ਪ੍ਰਤੀ ਕਿੱਲੋ ਮਹਿੰਗਾ ਹੋ ਗਿਆ ਹੈ। ਸਰਕਾਰ ਜ਼ਰੂਰੀ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਨੂੰ ਰੋਕਣ ਵਿੱਚ ਨਾਕਾਮ ਸਾਬਤ ਹੋ ਰਹੀ ਹੈ।

ਪੰਜਾਬ ਰੋਲਰ ਫਲੌਰ ਮਿੱਲਜ਼ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਘਈ ਨੇ ਇਸ ਵਾਧੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਆਟੇ ਦੀਆਂ ਕੀਮਤਾਂ 'ਚ ਵਾਧਾ ਪੂਰੇ ਭਾਰਤ ਦਾ ਮੁੱਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਲਗਭਗ 90 ਰੋਲਰ ਫਲੌਰ ਮਿੱਲਾਂ ਅਤੇ ਹਜ਼ਾਰਾਂ ਆਟਾ ਚੱਕੀਆਂ ਹਨ, ਜਿਨ੍ਹਾਂ ਨੇ ਭਾਅ ਵਧਾਏ ਹਨ। ਘਈ ਅਨੁਸਾਰ, ਅਪਰੈਲ ਦੀ ਵਾਢੀ ਦੌਰਾਨ ਕੇਂਦਰ ਸਰਕਾਰ ਨੇ ਪੰਜਾਬ ਤੋਂ 122 ਲੱਖ ਟਨ ਕਣਕ ਦੀ ਖਰੀਦ ਕੀਤੀ ਸੀ (ਕੁੱਲ ਉਤਪਾਦਨ ਦਾ 98%), ਜਦਕਿ ਬਾਕੀ 2 ਫੀਸਦੀ ਸਟਾਕ ਮਿੱਲ ਮਾਲਕਾਂ ਕੋਲ ਸੀ। ਹੁਣ ਸਟਾਕ ਖਤਮ ਹੋਣ ਤੋਂ ਬਾਅਦ ਮਿੱਲਰਾਂ ਨੂੰ ਦੂਜੇ ਸੂਬਿਆਂ ਤੋਂ ਕਣਕ ਖਰੀਦਣੀ ਪੈ ਰਹੀ ਹੈ। ਘਈ ਨੇ ਮੰਗ ਕੀਤੀ ਕਿ ਪੰਜਾਬ ਕਣਕ ਦਾ ਉਤਪਾਦਕ ਅਤੇ ਖਪਤਕਾਰ ਦੋਵੇਂ ਹੈ, ਇਸ ਲਈ ਕੇਂਦਰ ਸਰਕਾਰ ਨੂੰ ਸੂਬੇ ਲਈ ਵਿਸ਼ੇਸ਼ ਨੀਤੀ ਲਿਆਉਣੀ ਚਾਹੀਦੀ ਹੈ।

ਇੱਕ ਹੋਰ ਮਿੱਲਰ ਰਾਘਵ ਅਰੋੜਾ ਨੇ ਦੱਸਿਆ ਕਿ ਅਪਰੈਲ ਵਿੱਚ ਐਮਐਸਪੀ (MSP) 2585 ਰੁਪਏ ਪ੍ਰਤੀ ਕੁਇੰਟਲ ਸੀ, ਜਦਕਿ ਹੁਣ ਉਹ 2800 ਰੁਪਏ ਦੇ ਹਿਸਾਬ ਨਾਲ ਕਣਕ ਖਰੀਦ ਰਹੇ ਹਨ। ਦੂਜੇ ਪਾਸੇ ਬ੍ਰਾਂਡਿਡ ਕੰਪਨੀਆਂ ਨੇ 10 ਕਿੱਲੋ ਆਟੇ ਦੇ ਥੈਲੇ ਦੀ ਕੀਮਤ 489 ਰੁਪਏ ਤੋਂ ਵਧਾ ਕੇ 500 ਰੁਪਏ ਕਰ ਦਿੱਤੀ ਹੈ। ਕਰਿਆਨਾ ਦੁਕਾਨਦਾਰ ਬੂਟਾ ਰਾਮ ਨੇ ਦੱਸਿਆ ਕਿ ਥੋਕ ਭਾਅ ਵਧਣ ਕਾਰਨ ਉਹ 10 ਕਿੱਲੋ ਆਟੇ ਦਾ ਥੈਲਾ 340 ਤੋਂ 350 ਰੁਪਏ ਵਿੱਚ ਵੇਚ ਰਹੇ ਹਨ।

ਬਾਜ਼ਾਰ ਵਿੱਚ ਖੰਡ 70 ਤੋਂ 75 ਰੁਪਏ ਪ੍ਰਤੀ ਕਿੱਲੋ ਵਿਕ ਰਹੀ ਹੈ। ਪਿਛਲੇ ਇੱਕ ਮਹੀਨੇ ਵਿੱਚ ਸਰ੍ਹੋਂ ਦੇ ਤੇਲ ਦੀਆਂ ਕੀਮਤਾਂ ਵਿੱਚ 20 ਫੀਸਦੀ ਤੱਕ ਦਾ ਵਾਧਾ ਵੇਖਿਆ ਗਿਆ ਹੈ। ਖੁੱਲ੍ਹਾ ਸਰ੍ਹੋਂ ਦਾ ਤੇਲ 140 ਰੁਪਏ ਤੋਂ ਵਧ ਕੇ 180 ਰੁਪਏ ਪ੍ਰਤੀ ਲੀਟਰ ਅਤੇ ਬ੍ਰਾਂਡਿਡ ਤੇਲ 220 ਰੁਪਏ ਪ੍ਰਤੀ ਲੀਟਰ ਤੱਕ ਮਿਲ ਰਿਹਾ ਹੈ। ਰੇਹੜੀ ਚਲਾਉਣ ਵਾਲੇ ਹੀਰਾ ਸਿੰਘ ਨੇ ਦੁੱਖ ਪ੍ਰਗਟਾਇਆ ਕਿ ਪੈਟਰੋਲ, ਡੀਜ਼ਲ ਅਤੇ ਐਲਪੀਜੀ ਤੋਂ ਬਾਅਦ ਆਟੇ, ਤੇਲ ਅਤੇ ਖੰਡ ਦੇ ਰੇਟ ਵਧਣ ਨਾਲ ਗਰੀਬਾਂ ਦੀ ਰਸੋਈ ਦਾ ਜ਼ਾਇਕਾ ਵਿਗੜ ਗਿਆ ਹੈ।

# ਅਮਰੀਕਾ ਨੇ ਦੁਨੀਆ ਭਰ 'ਚ ਵੀਜ਼ਾ ਇੰਟਰਵਿਊਜ਼ ਰੋਕੀਆਂ

## ਮਨੁੱਖੀ ਅਧਿਕਾਰ ਸਮੂਹਾਂ ਵਲੋਂ ਵਿਆਪਕ ਤੌਰ 'ਤੇ ਨਿੰਦਾ

ਵਾਸ਼ਿੰਗਟਨ, ਡੀ.ਸੀ : ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵ੍ਹਾਈਟ ਹਾਊਸ ਵਿੱਚ ਦੂਜੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਵਿਰੁੱਧ ਵਿੱਢੀ ਗਈ ਸਖ਼ਤ ਮੁਹਿੰਮ ਤਹਿਤ ਅਮਰੀਕਾ ਨੇ ਦੁਨੀਆ ਭਰ ਵਿੱਚ ਵੀਜ਼ਾ ਅਪੁਆਇੰਟਮੈਂਟਾਂ 'ਤੇ ਰੋਕ ਲਗਾ ਦਿੱਤੀ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਅਨੁਸਾਰ ਵਿਭਾਗ ਨੇ ਦੁਨੀਆ ਭਰ ਦੇ ਸਾਰੇ ਅਮਰੀਕੀ ਦੂਤਾਵਾਸਾਂ ਅਤੇ ਕੌਂਸਲੇਟਾਂ ਵਿੱਚ ਇੱਕ ਗਲੋਬਲ ਸਿਖਲਾਈ ਮੁਹਿੰਮ ਸ਼ੁਰੂ ਕੀਤੀ ਹੈ। ਇਸ ਡੂੰਘੀ ਸਿਖਲਾਈ ਦੇ ਮੱਦੇਨਜ਼ਰ ਹੀ ਵੀਜ਼ਾ ਸੇਵਾਵਾਂ ਲਈ ਅਪੁਆਇੰਟਮੈਂਟਾਂ ਵਿੱਚ ਇਹ ਬਦਲਾਅ ਕੀਤੇ ਜਾ ਰਹੇ ਹਨ। ਜਿਨ੍ਹਾਂ ਬਿਨੈਕਾਰਾਂ ਦੀਆਂ ਇੰਟਰਵਿਊਆਂ ਪਹਿਲਾਂ ਹੀ ਤੈਅ ਸਨ, ਉਨ੍ਹਾਂ ਨੂੰ ਈਮੇਲ ਰਾਹੀਂ ਸੂਚਿਤ ਕਰ ਦਿੱਤਾ ਗਿਆ ਹੈ ਕਿ ਉਨ੍ਹਾਂ ਦੀਆਂ ਅਪੁਆਇੰਟਮੈਂਟਾਂ ਰੱਦ ਕਰ ਦਿੱਤੀਆਂ ਗਈਆਂ ਹਨ ਅਤੇ ਨਵੀਂ ਤਰੀਕ ਤੇ ਸਮੇਂ ਬਾਰੇ ਉਨ੍ਹਾਂ ਨੂੰ ਬਾਅਦ ਵਿੱਚ ਦੱਸਿਆ ਜਾਵੇਗਾ। ਹਾਲਾਂਕਿ ਵਿਦੇਸ਼ ਵਿਭਾਗ ਨੇ ਅਜੇ ਤੱਕ ਕੋਈ ਸਮਾਂ-ਸੀਮਾ ਨਹੀਂ ਦੱਸੀ ਕਿ ਇਹ ਇੰਟਰਵਿਊ ਕਦੋਂ ਦੁਬਾਰਾ ਸ਼ੁਰੂ ਹੋਣਗੇ ਜਾਂ ਨਵੀਆਂ ਤਰੀਕਾਂ ਕਦੋਂ ਜਾਰੀ ਕੀਤੀਆਂ ਜਾਣਗੀਆਂ।



ਇਹ ਸਿਖਲਾਈ ਇਸੇ ਮਹੀਨੇ ਸ਼ੁਰੂ ਕੀਤੀ ਗਈ ਹੈ ਤਾਂ ਜੋ ਅਧਿਕਾਰੀਆਂ ਵੱਲੋਂ ਵੀਜ਼ਾ ਅਰਜ਼ੀਆਂ ਦੇ ਮੁਲਾਂਕਣ ਕਰਨ ਦੇ ਤਰੀਕੇ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਸਪੱਸ਼ਟ ਕੀਤਾ ਕਿ ਇੱਕ ਵਧੇਰੇ ਖੁਸ਼ਹਾਲ ਅਮਰੀਕਾ ਦਾ ਮਤਲਬ ਇਹ ਯਕੀਨੀ ਬਣਾਉਣਾ ਹੈ ਕਿ ਵੀਜ਼ਾ ਬਿਨੈਕਾਰ ਅਮਰੀਕੀ ਕਾਨੂੰਨ ਅਤੇ ਨਿਯਮਾਂ ਦੇ ਤਹਿਤ ਦੇਸ਼ 'ਤੇ 'ਪਬਲਿਕ ਚਾਰਜ' ਭਾਵ ਜਨਤਕ ਬੋਝ ਨਾ ਬਣਨ। ਇਸ ਦੇ ਨਾਲ ਹੀ ਉਹ ਉਨ੍ਹਾਂ ਅਮਰੀਕੀ ਜਨਤਕ ਲਾਭਾਂ 'ਤੇ ਨਿਰਭਰ ਨਾ ਹੋਣ ਜੋ ਸਿਰਫ਼ ਲੋੜਵੰਦ ਅਤੇ ਯੋਗ ਅਮਰੀਕੀ ਨਾਗਰਿਕਾਂ ਲਈ ਰਾਖਵੇਂ ਹਨ। ਬੁਲਾਰੇ ਅਨੁਸਾਰ ਇਸ ਸਿਖਲਾਈ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਾਰੇ ਕੌਂਸਲਰ ਅਧਿਕਾਰੀ ਹਰ ਵੀਜ਼ਾ ਬਿਨੈਕਾਰ ਦਾ ਵਿਆਪਕ ਅਤੇ ਨਿਰੰਤਰ ਰੂਪ ਵਿੱਚ ਮੁਲਾਂਕਣ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੋਣ। ਇਸ ਅਚਾਨਕ ਲਏ ਫੈਸਲੇ ਨੇ ਪ੍ਰਵਾਸੀ ਵੀਜ਼ਾ ਬਿਨੈਕਾਰਾਂ, ਖਾਸ ਕਰਕੇ ਉਨ੍ਹਾਂ ਲਈ ਵੱਡੀ ਅਨਿਸ਼ਚਿਤਤਾ ਪੈਦਾ ਕਰ ਦਿੱਤੀ ਹੈ, ਜਿਨ੍ਹਾਂ ਨੂੰ ਅਮਰੀਕਾ ਤੋਂ ਬਾਹਰ ਆਪਣੀ ਵੀਜ਼ਾ ਪ੍ਰਕਿਰਿਆ ਪੂਰੀ ਕਰਨੀ ਪੈਂਦੀ ਹੈ।

ਪਿਛਲੇ ਸਾਲ ਤੋਂ ਟਰੰਪ ਪ੍ਰਸ਼ਾਸਨ ਨੇ ਇਹ ਨਿਯਮ ਲਾਗੂ ਕੀਤਾ ਹੈ ਕਿ ਪ੍ਰਵਾਸੀ ਵੀਜ਼ਾ ਬਿਨੈਕਾਰਾਂ ਨੂੰ ਆਮ ਤੌਰ 'ਤੇ ਆਪਣੇ ਕੇਸਾਂ ਦੀ ਪ੍ਰਕਿਰਿਆ ਆਪਣੇ ਨਾਗਰਿਕਤਾ ਵਾਲੇ ਦੇਸ਼ ਵਿੱਚ ਰਹਿ ਕੇ ਹੀ ਪੂਰੀ ਕਰਨੀ ਪਵੇਗੀ, ਭਾਵੇਂ ਉਹ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿ ਰਹੇ ਹੋਣ ਅਤੇ ਕੰਮ ਕਰ ਰਹੇ ਹੋਣ ਜਾਂ ਉਨ੍ਹਾਂ ਦੇ ਜੀਵਨ ਸਾਥੀ ਜਾਂ ਬੱਚੇ ਅਮਰੀਕੀ ਨਾਗਰਿਕ ਹੋਣ। ਸਾਲ 2025 ਵਿੱਚ ਵ੍ਹਾਈਟ ਹਾਊਸ ਵਿੱਚ ਪਰਤਣ ਵਾਲੇ ਡੋਨਾਲਡ ਟਰੰਪ ਨੇ ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਦੇ ਵਾਅਦੇ 'ਤੇ ਚੋਣ ਪ੍ਰਚਾਰ ਕੀਤਾ ਸੀ। ਪਰ ਉਨ੍ਹਾਂ ਦੇ ਪ੍ਰਸ਼ਾਸਨ ਨੇ ਕਾਨੂੰਨੀ ਪ੍ਰਵਾਸ (ਵੀਜ਼ਾ ਅਤੇ ਗ੍ਰੀਨ ਕਾਰਡ ਅਰਜ਼ੀਆਂ) ਦੀ ਜਾਂਚ ਦਾ ਘੇਰਾ ਵੀ ਬਹੁਤ ਵਧਾ ਦਿੱਤਾ ਹੈ, ਜਿਸ ਨੂੰ ਕੁਝ ਮਾਮਲਿਆਂ ਵਿੱਚ ਰਾਜਨੀਤਿਕ ਗਤੀਵਿਧੀਆਂ ਅਤੇ ਫਲਸਤੀਨ ਪੱਖੀ ਸਰਗਰਮੀਆਂ ਨਾਲ ਵੀ ਜੋੜਿਆ ਗਿਆ ਹੈ। ਇਸ ਤੋਂ ਇਲਾਵਾ ਸਖ਼ਤ ਸਕ੍ਰੀਨਿੰਗ, ਵਧੀਆਂ ਫੀਸਾਂ ਅਤੇ ਵਿਦੇਸ਼ੀ ਕਾਮਿਆਂ 'ਤੇ ਪਾਬੰਦੀਆਂ ਵਰਗੇ ਕਦਮਾਂ ਰਾਹੀਂ ਕਾਨੂੰਨੀ ਪ੍ਰਵਾਸ ਨੂੰ ਹੋਰ ਮੁਸ਼ਕਲ ਬਣਾ ਦਿੱਤਾ ਗਿਆ ਹੈ।

ਭਾਵੇਂ ਟਰੰਪ ਪ੍ਰਸ਼ਾਸਨ ਦਾ ਦਾਅਵਾ ਹੈ ਕਿ ਇਸ ਸਖ਼ਤੀ ਦਾ ਮੁੱਖ ਉਦੇਸ਼ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ ਪਰ ਇਨ੍ਹਾਂ ਨੀਤੀਆਂ ਨੂੰ ਲਗਾਤਾਰ ਕਾਨੂੰਨੀ ਚੁਣੌਤੀਆਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਸੰਗਠਨਾਂ ਨੇ ਪ੍ਰਸ਼ਾਸਨ 'ਤੇ ਪੱਖਪਾਤੀ ਵਤੀਰੇ ਅਤੇ ਬੋਲਣ ਦੀ ਆਜ਼ਾਦੀ ਦੇ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਲਗਾਏ ਹਨ। ਹਾਲ ਹੀ ਵਿੱਚ ਟਰੰਪ ਪ੍ਰਸ਼ਾਸਨ ਨੂੰ ਉਦੋਂ ਵੱਡਾ ਝਟਕਾ ਲੱਗਾ, ਜਦੋਂ 21 ਅਗਸਤ ਨੂੰ ਇੱਕ ਅਮਰੀਕੀ ਜੱਜ ਨੇ ਉਸ ਨੀਤੀ ਨੂੰ ਰੱਦ ਕਰ ਦਿੱਤਾ, ਜਿਸ ਤਹਿਤ 75 ਦੇਸ਼ਾਂ ਦੇ ਬਿਨੈਕਾਰਾਂ ਨੂੰ ਪ੍ਰਵਾਸੀ ਵੀਜ਼ਾ ਜਾਰੀ ਕਰਨ 'ਤੇ ਰੋਕ ਲਗਾਈ ਗਈ ਸੀ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਇਹ ਨੀਤੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੇ ਅਧਿਕਾਰ ਖੇਤਰ ਤੋਂ ਬਾਹਰ ਸੀ।

ਪੰਜਾਬ ਅੱਜ ਇੱਕ ਅਜਿਹੇ ਨਾਜ਼ੁਕ ਮੋੜ ’ਤੇ ਖੜ੍ਹਾ ਹੈ ਜਿੱਥੇ ਇਸ ਦੇ ਕੁਦਰਤੀ ਵਸੀਲੇ, ਆਰਥਿਕਤਾ ਅਤੇ ਸਮਾਜਿਕ ਤਾਣਾ-ਬਾਣਾ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਪਰ ਇਸ ਸਾਰੇ ਸੰਕਟ ਦੀ ਜੜ੍ਹ ਵਿੱਚ ਸਾਡਾ ਕਮਜ਼ੋਰ ਹੁੰਦਾ ਲੋਕਤੰਤਰੀ ਢਾਂਚਾ ਹੈ, ਜਿੱਥੇ ਫ਼ੈਸਲੇ ਦਿੱਲੀ ਦੇ ਬੰਦ ਕਮਰਿਆਂ ਜਾਂ ਪਾਰਟੀ ਹਾਈਕਮਾਂਡਾਂ ਵੱਲੋਂ ਲਏ ਜਾਂਦੇ ਹਨ ਅਤੇ ਆਮ ਪੰਜਾਬੀ ਸਿਰਫ਼ ਵੋਟ ਪਾਉਣ ਤੱਕ ਸੀਮਤ ਰਹਿ ਜਾਂਦਾ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਦਾ ਇਹ ਲੇਖ ਰਵਾਇਤੀ ਸਿਆਸਤ ਦੀਆਂ ਖ਼ਾਮੀਆਂ ਨੂੰ ਨੰਗਾ ਕਰਦਿਆਂ ਇੱਕ ਬੇਬਾਕ ਅਤੇ ਉਸਾਰੂ ਬਦਲ ਪੇਸ਼ ਕਰਦਾ ਹੈ। ਇਹ ਸਿਰਫ਼ ਸੱਤਾ ਦੇ ਵਿਕੇਂਦਰੀਕਰਨ ਦੀ ਮੰਗ ਨਹੀਂ, ਸਗੋਂ ‘ਮੈਂ ਅਤੇ ਮੇਰਾ’ ਦੇ ਪਰਿਵਾਰਵਾਦੀ ਸੱਭਿਆਚਾਰ ਨੂੰ ਤਿਆਗ ਕੇ ‘ਸਰਬੱਤ ਦੇ ਭਲੇ’ ਅਤੇ ‘ਅਸੀਂ ਅਤੇ ਸਾਡਾ’ ਦੇ ਸਾਂਝੇ ਸੰਕਲਪ ਵੱਲ ਵਧਣ ਦਾ ਸੱਦਾ ਹੈ। ਇਹ ਲੇਖ ਪੰਜਾਬ ਦੇ ਹਰ ਉਸ ਨਾਗਰਿਕ ਲਈ ਪੜ੍ਹਨਾ ਲਾਜ਼ਮੀ ਹੈ ਜੋ ਸੂਬੇ ਦੇ ਭਵਿੱਖ ਨੂੰ ਨਿੱਜੀ ਹਿੱਤਾਂ ਤੋਂ ਉੱਪਰ ਦੇਖਣਾ ਚਾਹੁੰਦਾ ਹੈ। - ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

## ਤਾਕਤ ਲੋਕਾਂ ਦੇ ਹੱਥ

# ਪੰਜਾਬ ਦੀ ਸਿਆਸਤ ਵਿੱਚ ਵਿਕੇਂਦਰੀਕਰਨ ਦੀ ਲੋੜ




ਭਾਰਤ ਦਾ ਸਿਆਸੀ ਢਾਂਚਾ ਸੰਵਿਧਾਨਕ ਸੰਘਵਾਦ (federalism) ਵਿੱਚ ਜੜਿਆ ਹੋਇਆ ਹੈ, ਪਰ ਇਸ ਦਾ ਪਾਰਟੀ ਸਿਸਟਮ ਬਹੁਤ ਜ਼ਿਆਦਾ ਕੇਂਦਰੀਕ੍ਰਿਤ ਹੈ। ਭਾਵੇਂ ਸੂਬਾ ਸਰਕਾਰਾਂ ਨੂੰ ਮਹੱਤਵਪੂਰਨ ਸੰਵਿਧਾਨਕ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ, ਪਰ ਜ਼ਿਆਦਾਤਰ ਪ੍ਰਮੁੱਖ ਸਿਆਸੀ ਪਾਰਟੀਆਂ ਅੰਦਰ ਅਸਲ ਤਾਕਤ ਰਾਸ਼ਟਰੀ ਜਾਂ ਕੇਂਦਰੀ ਲੀਡਰਸ਼ਿਪ ਕੋਲ ਹੀ ਹੁੰਦੀ ਹੈ। ਉਮੀਦਵਾਰਾਂ ਦੀ ਚੋਣ, ਨੀਤੀਗਤ ਦਿਸ਼ਾ, ਪਾਰਟੀ ਅਹੁਦਿਆਂ ਅਤੇ ਚੋਣ ਰਣਨੀਤੀਆਂ ਨਾਲ ਜੁੜੇ ਫ਼ੈਸਲੇ ਪਾਰਟੀ ਮੈਂਬਰਾਂ ਅਤੇ ਸਥਾਨਕ ਵੋਟਰਾਂ ਨਾਲ ਵਿਆਪਕ ਸਲਾਹ-ਮਸ਼ਵਰੇ ਦੀ ਬਜਾਏ, ਅਕਸਰ ਸੀਨੀਅਰ ਆਗੂਆਂ ਦੇ ਇੱਕ ਛੋਟੇ ਸਮੂਹ ਵੱਲੋਂ ਲਏ ਜਾਂਦੇ ਹਨ।

ਕੇਂਦਰੀਕਰਨ ਦੇ ਇਸ ਰੁਝਾਨ ਨੇ ਪੰਜਾਬ ਵਿੱਚ ਜ਼ਮੀਨੀ ਪੱਧਰ ਦੇ ਲੋਕਤੰਤਰ ਨੂੰ ਕਮਜ਼ੋਰ ਕੀਤਾ ਹੈ। ਪੰਜਾਬ ਵਿਧਾਨ ਸਭਾ ਲਈ ਉਮੀਦਵਾਰ ਅਕਸਰ ਪਾਰਟੀ ਪ੍ਰਧਾਨਾਂ ਜਾਂ ਕੇਂਦਰੀ ਕਮੇਟੀਆਂ ਵੱਲੋਂ ਚੁਣੇ ਜਾਂਦੇ ਹਨ, ਜਿਸ ਵਿੱਚ ਕਈ ਵਾਰ ਸਥਾਨਕ ਵਰਕਰਾਂ ਅਤੇ ਵਸਨੀਕਾਂ ਦੀ ਰਾਏ ਨਾ ਦੇ ਬਰਾਬਰ ਹੁੰਦੀ ਹੈ। ਸਿੱਟੇ ਵਜੋਂ, ਚੁਣੇ ਹੋਏ ਨੁਮਾਇੰਦੇ ਉਨ੍ਹਾਂ ਹਲਕਾ ਵਾਸੀਆਂ ਪ੍ਰਤੀ ਜਵਾਬਦੇਹ ਹੋਣ ਦੀ ਬਜਾਏ, ਉਸ ਪਾਰਟੀ ਲੀਡਰਸ਼ਿਪ ਪ੍ਰਤੀ ਵਧੇਰੇ ਵਫ਼ਾਦਾਰੀ ਮਹਿਸੂਸ ਕਰਦੇ ਹਨ ਜਿਸ ਨੇ ਉਨ੍ਹਾਂ ਨੂੰ ਟਿਕਟ ਦਿੱਤੀ ਸੀ।

ਆਪਣੇ ਹਿੱਤਾਂ ਦੀ ਰਾਖੀ ਅਤੇ ਨਿਰੰਤਰ ਤਰੱਕੀ ਨੂੰ ਯਕੀਨੀ ਬਣਾਉਣ ਲਈ ਪੰਜਾਬ ਨੂੰ ਇੱਕ ਵਧੇਰੇ ਵਿਕੇਂਦਰੀਕ੍ਰਿਤ, ਭਾਗੀਦਾਰੀ ਵਾਲੇ ਅਤੇ ਪੰਜਾਬ-ਕੇਂਦਰਿਤ ਸਿਆਸੀ ਪ੍ਰਬੰਧ ਦੀ ਲੋੜ ਹੈ।

‘ਪੰਜਾਬੀਆਂ ਲਈ ਪੰਜਾਬ’: ਇੱਕ ਸਰਬ-ਸਾਂਝਾ ਸਿਧਾਂਤ

‘ਪੰਜਾਬੀਆਂ ਲਈ ਪੰਜਾਬ’ ਦੇ ਨਾਅਰੇ ਨੂੰ ਧਾਰਮਿਕ, ਜਾਤੀਗਤ, ਭਾਸ਼ਾਈ ਜਾਂ ਫ਼ਿਰਕੂ ਪਾੜੇ ਵਾਲੇ ਨਾਅਰੇ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਦੀ ਬਜਾਏ, ਇਹ ਇੱਕ ਸਰਬ-ਸਾਂਝਾ (inclusive) ਲੋਕਤੰਤਰੀ ਸਿਧਾਂਤ ਹੋਣਾ ਚਾਹੀਦਾ ਹੈ: ਪੰਜਾਬ ਦੀਆਂ ਸਿਆਸੀ ਤਰਜੀਹਾਂ ਮੁੱਖ ਤੌਰ ’ਤੇ ਉਨ੍ਹਾਂ ਲੋਕਾਂ ਵੱਲੋਂ ਤੈਅ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜੋ ਪੰਜਾਬ ਵਿੱਚ ਰਹਿੰਦੇ ਹਨ, ਇਸ ਦੇ ਸਮਾਜ ਵਿੱਚ ਯੋਗਦਾਨ ਪਾਉਂਦੇ ਹਨ, ਇਸ ਦੇ ਸੱਭਿਆਚਾਰ ਦਾ ਸਤਿਕਾਰ ਕਰਦੇ ਹਨ ਅਤੇ ਇਸ ਦੇ ਭਵਿੱਖ ਦੀ ਜ਼ਿੰਮੇਵਾਰੀ ਲੈਂਦੇ ਹਨ।

ਪੰਜਾਬ ਸਿੱਖਾਂ, ਹਿੰਦੂਆਂ, ਮੁਸਲਮਾਨਾਂ, ਈਸਾਈਆਂ, ਦਲਿਤਾਂ, ਕਿਸਾਨਾਂ, ਮਜ਼ਦੂਰਾਂ, ਵਪਾਰੀਆਂ, ਪੇਸ਼ੇਵਰਾਂ, ਔਰਤਾਂ, ਨੌਜਵਾਨਾਂ ਅਤੇ ਪ੍ਰਵਾਸੀ ਪੰਜਾਬੀਆਂ ਦਾ ਬਰਾਬਰ ਦਾ ਘਰ ਹੈ ਜੋ ਆਪਣੀ ਧਰਤੀ ਨਾਲ ਜੁੜੇ ਹੋਏ ਹਨ। ਸੂਬੇ ਦੀ ਅਸਲ ਤਾਕਤ ਇਸ ਦੀ ਬਹੁਲਤਾ, ਸਾਂਝੇ ਸੱਭਿਆਚਾਰ, ਆਪਸੀ ਸਤਿਕਾਰ ਅਤੇ ਸਮੂਹਿਕ ਜ਼ਿੰਮੇਵਾਰੀ ਦੇ ਅਹਿਸਾਸ ਵਿੱਚ ਹੈ।

ਇਸ ਲਈ, ਪੰਜਾਬ-ਕੇਂਦਰਿਤ ਸਿਆਸੀ ਪਹੁੰਚ ਦਾ ਉਦੇਸ਼ ਪੰਜਾਬੀਆਂ ਨੂੰ ਸਾਂਝੇ ਹਿੱਤਾਂ ਦੁਆਲੇ ਇੱਕਮੁੱਠ ਕਰਨਾ ਹੋਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਨੂੰ ਧਰਮ, ਜਾਤ, ਖੇਤਰ, ਪਾਰਟੀ ਜਾਂ ਸਮਾਜਿਕ ਵੰਡੀਆਂ ਵਿੱਚ ਵੰਡਣਾ।

**ਕੇਂਦਰੀਕ੍ਰਿਤ ਉਮੀਦਵਾਰ ਚੋਣ ਦੀ ਸਮੱਸਿਆ**

ਇੱਕ ਸਿਹਤਮੰਦ ਲੋਕਤੰਤਰ ਵਿੱਚ ਸਿਆਸੀ ਤਾਕਤ ਲੋਕਾਂ ਤੋਂ ਉੱਪਰ ਵੱਲ ਜਾਣੀ ਚਾਹੀਦੀ ਹੈ। ਪਰ ਅਸਲ ਵਿੱਚ, ਉਮੀਦਵਾਰਾਂ ਦੀ ਚੋਣ ਅਕਸਰ ਪਾਰਟੀ ਹਾਈਕਮਾਂਡ ਤੋਂ ਹੇਠਾਂ ਵੱਲ ਥੋਪੀ ਜਾਂਦੀ ਹੈ। ਕੌਮੀ ਜਾਂ ਸੂਬਾਈ ਪੱਧਰ ਦੇ ਕੁਝ ਆਗੂ ਇਹ ਤੈਅ ਕਰ ਦਿੰਦੇ ਹਨ ਕਿ ਵਿਧਾਨ ਸਭਾ ਹਲਕੇ ਤੋਂ ਕੌਣ ਚੋਣ ਲੜੇਗਾ, ਭਾਵੇਂ ਚੁਣੇ ਗਏ ਵਿਅਕਤੀ ਨੂੰ ਸਥਾਨਕ ਹਾਲਾਤ ਦੀ ਬਹੁਤੀ ਸਮਝ ਨਾ ਹੋਵੇ ਜਾਂ ਵੋਟਰਾਂ ਨਾਲ ਉਸ ਦਾ ਰਾਬਤਾ ਕਮਜ਼ੋਰ ਹੋਵੇ।

**ਇਸ ਪ੍ਰਥਾ ਨਾਲ ਕਈ ਸਮੱਸਿਆਵਾਂ ਪੈਦਾ ਹੁੰਦੀਆਂ ਹਨ:**

- ਇਹ ਆਮ ਪਾਰਟੀ ਵਰਕਰਾਂ ਅਤੇ ਸਥਾਨਕ ਵੋਟਰਾਂ ਦੇ ਪ੍ਰਭਾਵ ਨੂੰ ਘਟਾਉਂਦੀ ਹੈ।
- ਇਹ ਹਲਕੇ ਪ੍ਰਤੀ ਜਵਾਬਦੇਹੀ ਦੀ ਥਾਂ ਪਾਰਟੀ ਆਗੂਆਂ ਪ੍ਰਤੀ ਨਿੱਜੀ ਵਫ਼ਾਦਾਰੀ ਨੂੰ ਉਤਸ਼ਾਹਿਤ ਕਰਦੀ ਹੈ।
- ਇਹ ਯੋਗਤਾ ਅਤੇ ਲੋਕ ਸੇਵਾ ਦੇ ਮੁਕਾਬਲੇ ਪੈਸੇ, ਪਰਿਵਾਰਕ ਰਸੂਖ਼, ਨਿੱਜੀ ਪ੍ਰਭਾਵ ਅਤੇ ਸਿਆਸੀ ਸਰਪ੍ਰਸਤੀ ਨੂੰ ਪਹਿਲ ਦਿੰਦੀ ਹੈ।
- ਇਹ ਉਨ੍ਹਾਂ ਯੋਗ ਸਥਾਨਕ ਆਗੂਆਂ ਨੂੰ ਨਿਰਾਸ਼ ਕਰਦੀ ਹੈ ਜਿਨ੍ਹਾਂ ਨੇ ਜ਼ਮੀਨੀ ਪੱਧਰ ’ਤੇ ਕੰਮ ਕੀਤਾ ਹੈ ਪਰ ਸੀਨੀਅਰ ਅਹੁਦੇਦਾਰਾਂ ਤੱਕ ਉਨ੍ਹਾਂ ਦੀ ਪਹੁੰਚ ਨਹੀਂ ਹੁੰਦੀ।
- ਇਹ ਪਾਰਟੀਆਂ ਦੇ ਅੰਦਰੂਨੀ ਲੋਕਤੰਤਰ ਨੂੰ ਕਮਜ਼ੋਰ ਕਰਦੀ ਹੈ ਅਤੇ ਸਿਆਸੀ ਸੰਸਥਾਵਾਂ ਪ੍ਰਤੀ ਲੋਕਾਂ ਦਾ ਅਵਿਸ਼ਵਾਸ ਵਧਾਉਂਦੀ ਹੈ।

ਪਾਰਟੀ ਪ੍ਰਧਾਨਾਂ ਅਤੇ ਕੇਂਦਰੀ ਕਮੇਟੀਆਂ ਨੂੰ ਵਿਆਪਕ ਨੀਤੀਆਂ ਅਤੇ ਨੈਤਿਕ ਮਾਪਦੰਡ ਤੈਅ ਕਰਨੇ ਚਾਹੀਦੇ ਹਨ, ਪਰ ਹਲਕਾ ਪੱਧਰ ਦੀਆਂ ਟਿਕਟਾਂ ’ਤੇ ਪੂਰਾ ਕੰਟਰੋਲ ਨਹੀਂ ਰੱਖਣਾ ਚਾਹੀਦਾ। ਹਲਕੇ ਦੇ ਲੋਕਾਂ ਦੀ ਇਹ ਤੈਅ ਕਰਨ ਵਿੱਚ ਕੇਂਦਰੀ ਭੂਮਿਕਾ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਨੁਮਾਇੰਦਗੀ ਕਰਨ ਲਈ ਸਭ ਤੋਂ ਯੋਗ ਕੌਣ ਹੈ।

**ਹਲਕਾ-ਅਧਾਰਿਤ ਸਹਿਮਤੀ ਮਾਡਲ**

ਪੰਜਾਬ ਵਿੱਚ ਕੰਮ ਕਰ ਰਹੀ ਹਰ ਸਿਆਸੀ ਪਾਰਟੀ ਨੂੰ ਹਰੇਕ ਵਿਧਾਨ ਸਭਾ ਹਲਕੇ ਵਿੱਚ ਉਮੀਦਵਾਰ ਚੋਣ ਦੀ ਇੱਕ ਪਾਰਦਰਸ਼ੀ ਪ੍ਰਕਿਰਿਆ ਸਥਾਪਤ ਕਰਨੀ ਚਾਹੀਦੀ ਹੈ। ਟਿਕਟ ਦੇਣ ਤੋਂ ਪਹਿਲਾਂ, ਪਾਰਟੀ ਨੂੰ ਹਲਕਾ ਪੱਧਰੀ ਸਹਿਮਤੀ ਮੀਟਿੰਗਾਂ ਦਾ ਸਿਲਸਿਲਾ ਚਲਾਉਣਾ ਚਾਹੀਦਾ ਹੈ।

ਇਨ੍ਹਾਂ ਮੀਟਿੰਗਾਂ ਵਿੱਚ ਸਥਾਨਕ ਪਾਰਟੀ ਵਰਕਰ, ਪਿੰਡਾਂ ਅਤੇ ਸ਼ਹਿਰਾਂ ਦੇ ਨੁਮਾਇੰਦੇ, ਕਿਸਾਨ, ਮਜ਼ਦੂਰ, ਵਪਾਰੀ, ਅਧਿਆਪਕ, ਪੇਸ਼ੇਵਰ, ਔਰਤਾਂ, ਨੌਜਵਾਨ, ਸਮਾਜਿਕ ਜਥੇਬੰਦੀਆਂ ਅਤੇ ਹੋਰ ਭਾਈਚਾਰਕ ਧਿਰਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਹਿੱਸੇਦਾਰਾਂ ਨੂੰ ਸਥਾਨਕ ਮਸਲਿਆਂ ਦੇ ਨਾਲ-ਨਾਲ ਪੰਜਾਬ ਦੇ ਵਿਆਪਕ ਮੁੱਦਿਆਂ ਦੀ ਪਛਾਣ ਕਰਨ ਲਈ ਸੱਦਾ ਦਿੱਤਾ ਜਾਣਾ ਚਾਹੀਦਾ ਹੈ।

ਇਸ ਸਲਾਹ-ਮਸ਼ਵਰੇ ਦੌਰਾਨ ਅਜਿਹੇ ਸਵਾਲ ਵਿਚਾਰੇ ਜਾਣੇ ਚਾਹੀਦੇ ਹਨ:

- ਹਲਕੇ ਦੀਆਂ ਸਭ ਤੋਂ ਅਹਿਮ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਕਿਹੜੀਆਂ ਹਨ?
- ਖੇਤੀਬਾੜੀ, ਰੁਜ਼ਗਾਰ, ਸਿੱਖਿਆ, ਸਿਹਤ, ਪਾਣੀ, ਉਦਯੋਗ, ਜਨਤਕ ਸੁਰੱਖਿਆ ਅਤੇ ਵਾਤਾਵਰਣ ਦੇ ਹੱਲ ਲਈ ਕਿਹੜੀਆਂ ਨੀਤੀਆਂ ਦੀ ਲੋੜ ਹੈ?
- ਕਿਹੜਾ ਸੰਭਾਵੀ ਉਮੀਦਵਾਰ ਇਨ੍ਹਾਂ ਮੁੱਦਿਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ?
- ਚੰਗਾ ਪ੍ਰਸ਼ਾਸਨ ਦੇਣ ਲਈ ਲੋੜੀਂਦੀ ਇਮਾਨਦਾਰੀ, ਯੋਗਤਾ, ਤਜਰਬਾ ਅਤੇ ਸੁਭਾਅ ਕਿਸ ਕੋਲ ਹੈ?
- ਚੋਣ ਜਿੱਤਣ ਤੋਂ ਬਾਅਦ ਕਿਹੜੇ ਉਮੀਦਵਾਰ ਦੇ ਹਲਕੇ ਪ੍ਰਤੀ ਜਵਾਬਦੇਹ ਰਹਿਣ ਦੀ ਸਭ ਤੋਂ ਵੱਧ ਸੰਭਾਵਨਾ ਹੈ?

ਇਸ ਦਾ ਮਕਸਦ ਇੱਕ ਵਿਆਪਕ ਤੌਰ ’ਤੇ ਪ੍ਰਵਾਨਿਤ ਸਹਿਮਤੀ ਵਾਲਾ ਉਮੀਦਵਾਰ ਲੱਭਣਾ ਹੋਣਾ ਚਾਹੀਦਾ ਹੈ। ਜੇਕਰ ਸਹਿਮਤੀ ਨਾ ਬਣ ਸਕੇ, ਤਾਂ ਪਾਰਟੀ ਇੱਕ ਪਾਰਦਰਸ਼ੀ ਸਥਾਨਕ ਪ੍ਰਾਇਮਰੀ ਚੋਣ ਕਰਵਾ ਸਕਦੀ ਹੈ ਜਾਂ ਹਲਕੇ ਦੇ ਤਸਦੀਕਸ਼ੁਦਾ ਮੈਂਬਰਾਂ ਵਿਚਕਾਰ ਵੋਟਿੰਗ ਕਰਵਾ ਸਕਦੀ ਹੈ।

ਜੇਕਰ ਚੁਣਿਆ ਗਿਆ ਉਮੀਦਵਾਰ ਵਾਜਬ ਕਾਨੂੰਨੀ, ਨੈਤਿਕ ਅਤੇ ਪੇਸ਼ੇਵਰ ਮਾਪਦੰਡਾਂ ’ਤੇ ਖ਼ਰਾ ਉਤਰਦਾ ਹੈ, ਤਾਂ ਕੇਂਦਰੀ ਲੀਡਰਸ਼ਿਪ ਨੂੰ ਸਥਾਨਕ ਪੱਧਰ ’ਤੇ ਚੁਣੇ ਉਮੀਦਵਾਰ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

**ਉਮੀਦਵਾਰ ਦੀ ਚੋਣ ਯੋਗਤਾ ਦੇ ਆਧਾਰ ’ਤੇ ਹੋਵੇ :** ਲੋਕਤੰਤਰੀ ਨੁਮਾਇੰਦਗੀ ਵਿੱਚ ਲੋਕ ਸੇਵਾ ਅਤੇ ਕੁਰਬਾਨੀ ਦਾ ਸਤਿਕਾਰ ਹੋਣਾ ਚਾਹੀਦਾ ਹੈ, ਪਰ ਵਿਧਾਇਕੀ ਅਹੁਦੇ ਨੂੰ ਕੋਈ ਵਿਰਾਸਤੀ ਹੱਕ ਜਾਂ ਮੁਆਵਜ਼ੇ ਦਾ ਸਾਧਨ ਨਹੀਂ ਸਮਝਿਆ ਜਾਣਾ ਚਾਹੀਦਾ।

ਪੰਜਾਬ ਅਤੇ ਸਿੱਖ ਪੰਥ ਨੇ ਉਨ੍ਹਾਂ ਸ਼ਖ਼ਸੀਅਤਾਂ ਤੋਂ ਵੱਡਾ ਲਾਹਾ ਲਿਆ ਹੈ ਜਿਨ੍ਹਾਂ ਨੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ। ਜਿਨ੍ਹਾਂ ਨੇ ਆਪਣੀਆਂ ਜਾਨਾਂ ਵਾਰੀਆਂ ਜਾਂ ਕਸ਼ਟ ਝੱਲੇ, ਉਨ੍ਹਾਂ ਦੇ ਪਰਿਵਾਰ ਸਤਿਕਾਰ, ਮਾਣ, ਵਿੱਤੀ ਸੁਰੱਖਿਆ, ਵਿਦਿਅਕ ਸਹਾਇਤਾ ਅਤੇ ਭਾਈਚਾਰਕ ਸਹਿਯੋਗ ਦੇ ਹੱਕਦਾਰ ਹਨ। ਇਨ੍ਹਾਂ ਪਰਿਵਾਰਾਂ ਦੀ ਸੰਭਾਲ ਕਰਨਾ ਇੱਕ ਸਮੂਹਿਕ ਨੈਤਿਕ ਜ਼ਿੰਮੇਵਾਰੀ ਹੈ।

ਪਰ ਇਸ ਸਤਿਕਾਰ ਦਾ ਮਤਲਬ ਇਹ ਨਹੀਂ ਹੋਣਾ ਚਾਹੀਦਾ ਕਿ ਪਰਿਵਾਰ ਦੇ ਕਿਸੇ ਮੈਂਬਰ ਨੂੰ ਆਪਣੇ ਆਪ ਪਾਰਟੀ ਦੀ ਟਿਕਟ ਜਾਂ ਵਿਧਾਨ ਸਭਾ ਦੀ ਸੀਟ ਮਿਲ ਜਾਵੇ। ਵਿਧਾਨਿਕ ਸੇਵਾ ਲਈ ਲੋਕ ਨੀਤੀ ਦਾ ਗਿਆਨ, ਪ੍ਰਸ਼ਾਸਕੀ ਸਮਰੱਥਾ, ਨੈਤਿਕ ਸੂਝ-ਬੂਝ, ਸੰਚਾਰ ਹੁਨਰ ਅਤੇ ਸ਼ਾਸਨ ਦੀ ਸਮਝ ਹੋਣੀ ਜ਼ਰੂਰੀ ਹੈ।

ਕਿਸੇ ਵਿਅਕਤੀ ਨੂੰ ਉਮੀਦਵਾਰ ਇਸ ਲਈ ਚੁਣਿਆ ਜਾਣਾ ਚਾਹੀਦਾ ਹੈ ਕਿਉਂਕਿ ਉਹ ਲੋਕਾਂ ਦੀ ਸੇਵਾ ਕਰਨ ਦੇ ਯੋਗ ਹੈ—ਨਾ ਕਿ ਸਿਰਫ਼ ਪਰਿਵਾਰਕ ਪਿਛੋਕੜ, ਜਜ਼ਬਾਤੀ ਅਪੀਲ, ਦੌਲਤ, ਪ੍ਰਸਿੱਧੀ, ਜਾਤੀ ਪਛਾਣ ਜਾਂ ਲੀਡਰਸ਼ਿਪ ਨਾਲ ਨੇੜਤਾ ਕਾਰਨ।

ਇੱਕ ਪ੍ਰਭਾਵਸ਼ਾਲੀ ਉਮੀਦਵਾਰ ਵਿੱਚ ਇਹ ਗੁਣ ਹੋਣੇ ਚਾਹੀਦੇ ਹਨ:

- ਨਿੱਜੀ ਇਮਾਨਦਾਰੀ ਅਤੇ ਲੋਕ ਸੇਵਾ ਦਾ ਰਿਕਾਰਡ;
- ਪੰਜਾਬ ਦੇ ਸਮਾਜਿਕ, ਆਰਥਿਕ, ਖੇਤੀਬਾੜੀ ਅਤੇ ਵਾਤਾਵਰਣਕ ਮਸਲਿਆਂ ਦੀ ਸਮਝ;
- ਕਾਨੂੰਨਸਾਜ਼ੀ ਅਤੇ ਲੋਕ ਪ੍ਰਸ਼ਾਸਨ ਨੂੰ ਸਮਝਣ ਦੀ ਯੋਗਤਾ;
- ਸੰਵਿਧਾਨਕ ਅਧਿਕਾਰਾਂ ਅਤੇ ਲੋਕਤੰਤਰੀ ਸੰਸਥਾਵਾਂ ਪ੍ਰਤੀ ਵਚਨਬੱਧਤਾ;
- ਸਾਰੇ ਭਾਈਚਾਰਿਆਂ ਲਈ ਸਤਿਕਾਰ;
- ਭ੍ਰਿਸ਼ਟਾਚਾਰ ਅਤੇ ਅਪਰਾਧਿਕ ਪ੍ਰਭਾਵ ਤੋਂ ਮੁਕਤੀ; ਅਤੇ
- ਵੋਟਰਾਂ ਪ੍ਰਤੀ ਜਵਾਬਦੇਹ ਰਹਿਣ ਦੀ ਇੱਛਾ।

ਪੰਜਾਬ ਲਈ ਇੱਕ ਸਾਂਝੇ ਏਜੰਡੇ ਦੀ ਲੋੜ

ਸਿਆਸੀ ਪਾਰਟੀਆਂ ਦੀ ਆਪਣੀ ਵਿਚਾਰਧਾਰਾ, ਨੀਤੀਆਂ ਅਤੇ ਚੋਣ ਪ੍ਰੋਗਰਾਮ ਵੱਖਰੇ ਹੋ ਸਕਦੇ ਹਨ। ਇਹ ਵਖਰੇਵੇਂ ਲੋਕਤੰਤਰ ਦਾ ਇੱਕ ਸੁਭਾਵਿਕ ਅਤੇ ਜ਼ਰੂਰੀ ਹਿੱਸਾ ਹਨ। ਇਸ ਦੇ ਬਾਵਜੂਦ, ਪੰਜਾਬ ਦੇ ਸਿਆਸੀ ਆਗੂਆਂ ਨੂੰ ਸੂਬੇ ਦੇ ਭਵਿੱਖ ਨਾਲ ਜੁੜੇ ਅਹਿਮ ਮੁੱਦਿਆਂ ’ਤੇ ਇੱਕ ਘੱਟੋ-ਘੱਟ ਸਾਂਝਾ ਏਜੰਡਾ ਤੈਅ ਕਰਨ ਦੇ ਯੋਗ ਹੋਣਾ ਚਾਹੀਦਾ ਹੈ।

ਇਸ ਸਾਂਝੇ ਏਜੰਡੇ ਵਿੱਚ ਸ਼ਾਮਲ ਹੋ ਸਕਦਾ ਹੈ:

- ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਅਤੇ ਟਿਕਾਊ ਪ੍ਰਬੰਧਨ;
- ਕਿਸਾਨਾਂ ਅਤੇ ਮਜ਼ਦੂਰਾਂ ਲਈ ਖੇਤੀ ਸੁਧਾਰ ਅਤੇ ਆਰਥਿਕ ਸੁਰੱਖਿਆ;
- ਫ਼ਸਲੀ ਵਿਭਿੰਨਤਾ ਅਤੇ ਵਾਤਾਵਰਣ ਦੀ ਬਹਾਲੀ;
- ਉਦਯੋਗਿਕ ਵਿਕਾਸ ਅਤੇ ਰੁਜ਼ਗਾਰ ਦੇ ਮੌਕੇ;
- ਸਕੂਲਾਂ, ਯੂਨੀਵਰਸਿਟੀਆਂ, ਸਿਹਤ ਸੰਸਥਾਵਾਂ ਅਤੇ ਜਨਤਕ ਸੇਵਾਵਾਂ ਵਿੱਚ ਸੁਧਾਰ;
- ਨਸ਼ਿਆਂ ਅਤੇ ਸੰਗਠਿਤ ਅਪਰਾਧ ਨੂੰ ਨੱਥ ਪਾਉਣ ਲਈ ਠੋਸ ਕਦਮ;
- ਸੂਬੇ ਲਈ ਵਧੇਰੇ ਵਿੱਤੀ ਅਤੇ ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ;
- ਪੰਜਾਬੀ ਭਾਸ਼ਾ, ਇਤਿਹਾਸ ਅਤੇ ਸੱਭਿਆਚਾਰਕ ਵਿਰਾਸਤ ਦੀ ਸੁਰੱਖਿਆ;
- ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ;
- ਸਥਾਨਕ ਸਰਕਾਰਾਂ ਅਤੇ ਪੰਚਾਇਤੀ ਸੰਸਥਾਵਾਂ ਨੂੰ ਮਜ਼ਬੂਤ ਕਰਨਾ; ਅਤੇ
- ਨਾਗਰਿਕ ਆਜ਼ਾਦੀਆਂ, ਘੱਟ ਗਿਣਤੀਆਂ ਦੇ ਅਧਿਕਾਰਾਂ ਅਤੇ ਲੋਕਤੰਤਰੀ ਅਸਹਿਮਤੀ ਦੀ ਰਾਖੀ।

ਵੱਖ-ਵੱਖ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਚੋਣਾਂ ਲੜਦਿਆਂ ਵੀ ਇਨ੍ਹਾਂ ਮੁੱਦਿਆਂ ’ਤੇ ਸਹਿਯੋਗ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਥੋੜ੍ਹੇ ਚਿਰ ਦੇ ਪਾਰਟੀ ਹਿੱਤਾਂ ਲਈ ਪੰਜਾਬ ਦੇ ਲੰਮੇ ਸਮੇਂ ਦੇ ਹਿੱਤਾਂ ਦੀ ਬਲੀ ਨਹੀਂ ਦਿੱਤੀ ਜਾਣੀ ਚਾਹੀਦੀ।

**ਵੰਡਪਾਊ ਰਾਜਨੀਤੀ ਦਾ ਵਿਰੋਧ :** ਪੰਜਾਬ ਤਰੱਕੀ ਨਹੀਂ ਕਰ ਸਕਦਾ ਜੇਕਰ ਇਸ ਦੇ ਲੋਕਾਂ ਨੂੰ ਵਾਰ-ਵਾਰ ਜਾਤ, ਧਰਮ, ਖਿੱਤੇ ਜਾਂ ਪਾਰਟੀਆਂ ਦੇ ਆਧਾਰ ’ਤੇ ਵੰਡਿਆ ਜਾਵੇ। ਬਹੁਗਿਣਤੀਵਾਦੀ ਸਿਆਸਤ ਅਕਸਰ ਨਾਗਰਿਕਾਂ ਨੂੰ ਵੱਖ-ਵੱਖ ਪਛਾਣ ਸਮੂਹਾਂ ਵਿੱਚ ਵੰਡ ਕੇ ਅਤੇ ਉਨ੍ਹਾਂ ਵਿੱਚ ਇੱਕ-ਦੂਜੇ ਪ੍ਰਤੀ ਡਰ ਜਾਂ ਅਵਿਸ਼ਵਾਸ ਪੈਦਾ ਕਰਕੇ ਤਾਕਤ ਹਾਸਲ ਕਰਦੀ ਹੈ।

ਪੰਜਾਬੀਆਂ ਨੂੰ ਸਿੱਖ ਬਨਾਮ ਹਿੰਦੂ, ਇੱਕ ਜਾਤ ਬਨਾਮ ਦੂਜੀ ਜਾਤ, ਪਿੰਡ ਬਨਾਮ ਸ਼ਹਿਰ, ਕਿਸਾਨ ਬਨਾਮ ਮਜ਼ਦੂਰ, ਜਾਂ ਇੱਕ ਪਾਰਟੀ ਦੇ ਸਮਰਥਕਾਂ ਨੂੰ ਦੂਜੀ ਪਾਰਟੀ ਦੇ ਸਮਰਥਕਾਂ ਵਿਰੁੱਧ ਲੜਾਉਣ ਦੀਆਂ ਕੋਸ਼ਿਸ਼ਾਂ ਨੂੰ ਨਕਾਰਨਾ ਪਵੇਗਾ। ਸਿਆਸੀ ਵਖਰੇਵਿਆਂ ਨੂੰ ਪੰਜਾਬ ਦੀ ਡੂੰਘੀ ਸਮਾਜਿਕ ਸਾਂਝ ਨੂੰ ਖ਼ਤਮ ਨਹੀਂ ਕਰਨਾ ਚਾਹੀਦਾ।

ਇਸ ਦਾ ਮਤਲਬ ਇਹ ਨਹੀਂ ਕਿ ਜਾਇਜ਼ ਮੰਗਾਂ ਨੂੰ ਦਬਾਇਆ ਜਾਵੇ ਜਾਂ ਇਤਿਹਾਸਕ ਬੇਇਨਸਾਫ਼ੀਆਂ ਨੂੰ ਅੱਖੋਂ-ਪਰੋਖੇ ਕੀਤਾ ਜਾਵੇ। ਸਗੋਂ ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਮੁੱਦਿਆਂ ਨੂੰ ਆਪਸੀ ਗੱਲਬਾਤ, ਸੰਵਿਧਾਨਕ ਸੁਰੱਖਿਆ, ਨਿਰਪੱਖ ਨੁਮਾਇੰਦਗੀ, ਸਮਾਜਿਕ ਸੁਧਾਰ ਅਤੇ ਲੋਕਤੰਤਰੀ ਭਾਗੀਦਾਰੀ ਰਾਹੀਂ ਹੱਲ ਕੀਤਾ ਜਾਵੇ।

ਏਕਤਾ ਦਾ ਮਤਲਬ ਵਿਚਾਰਾਂ ਦੀ ਇਕਸਾਰਤਾ ਨਹੀਂ ਹੈ। ਪੰਜਾਬੀ ਆਪਣੇ ਵੱਖੋ-ਵੱਖਰੇ ਸਿਆਸੀ ਵਿਚਾਰ ਰੱਖਦੇ ਹੋਏ ਵੀ ਆਪਣੇ ਸਾਂਝੇ ਹਿੱਤਾਂ ਦੀ ਰਾਖੀ ਲਈ ਇਕੱਠੇ ਹੋ ਸਕਦੇ ਹਨ।

**‘ਮੈਂ ਅਤੇ ਮੇਰਾ’ ਤੋਂ ‘ਅਸੀਂ ਅਤੇ ਸਾਡਾ’ ਵੱਲ :** ਪੰਜਾਬ ਦੀ ਸਭ ਤੋਂ ਵੱਡੀ ਚੁਣੌਤੀ ਸਾਂਝੇ ਹਿੱਤਾਂ ਉੱਤੇ ਨਿੱਜੀ, ਪਰਿਵਾਰਕ, ਧੜੇਬੰਦੀ ਅਤੇ ਪਾਰਟੀ ਹਿੱਤਾਂ ਦਾ ਭਾਰੂ ਹੋਣਾ ਹੈ। ਸਿਆਸੀ ਜੀਵਨ ਅਕਸਰ ‘ਮੈਂ’, ‘ਮੇਰਾ ਪਰਿਵਾਰ’, ‘ਮੇਰਾ ਧੜਾ’, ‘ਮੇਰੀ ਜਾਤ’ ਜਾਂ ‘ਮੇਰੀ ਪਾਰਟੀ’ ਦੇ ਦੁਆਲੇ ਘੁੰਮਦਾ ਹੈ।

ਪੰਜਾਬ ਨੂੰ ‘ਮੈਂ ਅਤੇ ਮੇਰਾ’ ਤੋਂ ‘ਅਸੀਂ ਅਤੇ ਸਾਡਾ’ ਵੱਲ ਤਬਦੀਲੀ ਦੀ ਲੋੜ ਹੈ।

ਇਹ ਸਾਂਝੀ ਸੋਚ ਵਿਅਕਤੀਗਤ ਅਧਿਕਾਰਾਂ ਜਾਂ ਸਿਆਸੀ ਵਿਭਿੰਨਤਾ ਨੂੰ ਰੱਦ ਨਹੀਂ ਕਰਦੀ। ਇਸ ਦੀ ਬਜਾਏ, ਇਹ ਮੰਨਦੀ ਹੈ ਕਿ ਪੰਜਾਬ ਦਾ ਪਾਣੀ, ਵਾਤਾਵਰਣ, ਆਰਥਿਕਤਾ, ਵਿੱਦਿਅਕ ਅਦਾਰੇ, ਭਾਸ਼ਾ, ਸਮਾਜਿਕ ਸਦਭਾਵਨਾ ਅਤੇ ਲੋਕਤੰਤਰੀ ਭਵਿੱਖ ਸਾਡੀਆਂ ਸਾਂਝੀਆਂ ਜ਼ਿੰਮੇਵਾਰੀਆਂ ਹਨ।

ਇਹ ਸਿਧਾਂਤ ‘ਸਰਬੱਤ ਦੇ ਭਲੇ’ ਦੀ ਸਿੱਖ ਪਰੰਪਰਾ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ। ਲੋਕ ਨੀਤੀਆਂ ਨੂੰ ਇਸ ਗੱਲ ਤੋਂ ਨਹੀਂ ਪਰਖਿਆ ਜਾਣਾ ਚਾਹੀਦਾ ਕਿ ਉਨ੍ਹਾਂ ਨਾਲ ਕਿਸੇ ਖ਼ਾਸ ਆਗੂ, ਪਰਿਵਾਰ, ਪਾਰਟੀ, ਜਾਤ ਜਾਂ ਭਾਈਚਾਰੇ ਨੂੰ ਕਿੰਨਾ ਫ਼ਾਇਦਾ ਹੋਇਆ ਹੈ, ਸਗੋਂ ਇਸ ਗੱਲ ਤੋਂ ਪਰਖਿਆ ਜਾਣਾ ਚਾਹੀਦਾ ਹੈ ਕਿ ਕੀ ਉਹ ਸਾਰੇ ਲੋਕਾਂ ਲਈ ਇਨਸਾਫ਼, ਸਨਮਾਨ, ਮੌਕੇ ਅਤੇ **ਚੰਗਾ ਸ਼ਾਸਨ ਯਕੀਨੀ ਬਣਾਉਂਦੀਆਂ ਹਨ।**

**ਸਿੱਟਾ :** ਪੰਜਾਬ ਦੀ ਨਵ-ਉਸਾਰੀ ਇਸ ਦੀਆਂ ਸਿਆਸੀ ਪਾਰਟੀਆਂ ਦੇ ਲੋਕਤੰਤਰੀਕਰਨ ਤੋਂ ਸ਼ੁਰੂ ਹੋਣੀ ਚਾਹੀਦੀ ਹੈ। ਹਲਕਾ ਪੱਧਰੀ ਭਾਗੀਦਾਰੀ, ਪਾਰਦਰਸ਼ੀ ਉਮੀਦਵਾਰ ਚੋਣ, ਯੋਗ ਲੀਡਰਸ਼ਿਪ ਅਤੇ ਜਨਤਕ ਜਵਾਬਦੇਹੀ ਰਾਹੀਂ ਸਿਆਸੀ ਤਾਕਤ ਲੋਕਾਂ ਦੇ ਹੱਥਾਂ ਵਿੱਚ ਵਾਪਸ ਦਿੱਤੀ ਜਾ ਸਕਦੀ ਹੈ।

ਪੰਜਾਬ ਅਤੇ ਸਿੱਖ ਪੰਥ ਲਈ ਕੁਰਬਾਨੀਆਂ ਕਰਨ ਵਾਲਿਆਂ ਦੇ ਪਰਿਵਾਰਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਭਰੋਸੇਮੰਦ ਸੰਸਥਾਵਾਂ ਰਾਹੀਂ ਉਨ੍ਹਾਂ ਦੀ ਮਦਦ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ, ਵਿਧਾਨ ਸਭਾ ਦੇ ਉਮੀਦਵਾਰਾਂ ਦੀ ਚੋਣ ਉਨ੍ਹਾਂ ਦੀ ਇਮਾਨਦਾਰੀ, ਗਿਆਨ, ਤਜਰਬੇ ਅਤੇ ਰਾਜ ਪ੍ਰਬੰਧ ਚਲਾਉਣ ਦੀ ਸਮਰੱਥਾ ਅਨੁਸਾਰ ਹੋਣੀ ਚਾਹੀਦੀ ਹੈ।

ਸਭ ਤੋਂ ਵੱਧ, ਪੰਜਾਬੀਆਂ ਨੂੰ ਜਾਤੀ ਵੰਡੀਆਂ, ਫ਼ਿਰਕੂ ਸਿਆਸਤ, ਪਰਿਵਾਰਵਾਦ ਅਤੇ ਹੱਦੋਂ ਵੱਧ ਧੜੇਬੰਦੀ ਤੋਂ ਉੱਪਰ ਉੱਠਣਾ ਪਵੇਗਾ। ਪੰਜਾਬ ਤਾਂ ਹੀ ਤਰੱਕੀ ਕਰੇਗਾ ਜਦੋਂ ਇਸ ਦੇ ਲੋਕ ਇੱਕ ਸਾਂਝਾ ਏਜੰਡਾ ਤਿਆਰ ਕਰਨਗੇ ਅਤੇ ਨਿੱਜੀ ਜਾਂ ਧੜੇਬੰਦਕ ਹਿੱਤਾਂ ਨਾਲੋਂ ਸਾਂਝੇ ਭਲੇ ਨੂੰ ਪਹਿਲ ਦੇਣਗੇ। ਇਸ ਲਈ, ‘ਪੰਜਾਬੀਆਂ ਲਈ ਪੰਜਾਬ’ ਦਾ ਅਰਥ ਇੱਕ ਸਰਬ-ਸਾਂਝਾ, ਲੋਕਤੰਤਰੀ ਅਤੇ ਜ਼ਿੰਮੇਵਾਰ ਪੰਜਾਬ ਹੋਣਾ ਚਾਹੀਦਾ ਹੈ—ਜੋ ਆਪਣੇ ਲੋਕਾਂ ਦੀ ਭਾਗੀਦਾਰੀ ਨਾਲ ਚਲਾਇਆ ਜਾਵੇ, ਆਪਣੇ ਲੋਕਾਂ ਪ੍ਰਤੀ ਜਵਾਬਦੇਹ ਹੋਵੇ ਅਤੇ ਸਰਬੱਤ ਦੇ ਭਲੇ ਲਈ ਵਚਨਬੱਧ ਹੋਵੇ।

ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਜਮਹੂਰੀਅਤ ਦੀ ਨੀਂਹ ਰੱਖਣ ਵਾਲਾ ਇਤਿਹਾਸਕ ਦਸਤਾਵੇਜ਼

ਮਨੁੱਖਤਾ ਦਾ ਇਤਿਹਾਸ ਸਿਰਫ਼ ਰਾਜਿਆਂ ਦੀਆਂ ਜਿੱਤਾਂ-ਹਾਰਾਂ ਦੀ ਦਾਸਤਾਨ ਨਹੀਂ, ਸਗੋਂ ਹੱਕ-ਸੱਚ, ਆਜ਼ਾਦੀ ਅਤੇ ਬਰਾਬਰੀ ਲਈ ਲੜੇ ਗਏ ਬੇਮਿਸਾਲ ਸੰਘਰਸ਼ਾਂ ਦਾ ਸਫ਼ਰਨਾਮਾ ਹੈ। ਸਦੀਆਂ ਤੱਕ ਦੁਨੀਆ ਨੇ ਤਾਨਾਸ਼ਾਹ ਹਾਕਮਾਂ ਦੀ ਨਿਰੰਕੁਸ਼ਤਾ ਅਤੇ ਜਗੀਰੂ ਦਾਬੇ ਨੂੰ ਆਪਣੀ ਹੋਣੀ ਮੰਨ ਲਿਆ ਸੀ, ਜਿੱਥੇ ਆਮ ਇਨਸਾਨ ਨੂੰ ਸਿਰਫ਼ ਹੁਕਮ ਵਜਾਉਣ ਵਾਲੀ 'ਪਰਜਾ' ਸਮਝਿਆ ਜਾਂਦਾ ਸੀ। ਪਰ 26 ਅਗਸਤ 1789 ਨੂੰ ਫ਼ਰਾਂਸੀਸੀ ਕ੍ਰਾਂਤੀ ਦੀ ਕੁੱਖੋਂ ਨਿਕਲੇ 'ਮਨੁੱਖ ਅਤੇ ਨਾਗਰਿਕ ਦੇ ਅਧਿਕਾਰਾਂ ਦੇ ਐਲਾਨਨਾਮੇ' ਨੇ ਦੁਨੀਆ ਦੇ ਸਿਆਸੀ ਦਿਸਹੱਦੇ ਨੂੰ ਹਮੇਸ਼ਾ ਲਈ ਬਦਲ ਕੇ ਰੱਖ ਦਿੱਤਾ। ਇਹ ਦਸਤਾਵੇਜ਼ ਮਹਿਜ਼ ਕਾਗ਼ਜ਼ ਦਾ ਟੁਕੜਾ ਨਹੀਂ ਸੀ, ਸਗੋਂ ਸ਼ਾਹੀ ਤਖ਼ਤਾਂ ਦੀਆਂ ਜੜ੍ਹਾਂ ਹਿਲਾਉਣ ਵਾਲਾ ਉਹ ਇਨਕਲਾਬੀ ਐਲਾਨ ਸੀ ਜਿਸ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਹਰ ਮਨੁੱਖ ਜਨਮ ਤੋਂ ਆਜ਼ਾਦ ਅਤੇ ਹੱਕਾਂ ਪੱਖੋਂ ਬਰਾਬਰ ਹੈ। ਇਸ ਨੇ ਰਾਜਿਆਂ ਦੇ ਰੱਬੀ ਅਧਿਕਾਰਾਂ ਦੇ ਭਰਮ ਨੂੰ ਤੋੜ ਕੇ ਤਾਕਤ ਦਾ ਸਰੋਤ ਆਮ ਲੋਕਾਂ ਦੇ ਹੱਥਾਂ ਵਿੱਚ ਸੌਂਪਿਆ ਅਤੇ ਮਨੁੱਖ ਨੂੰ ਪਰਜਾ ਤੋਂ ਮੁਕਤ ਕਰਕੇ ਅਧਿਕਾਰਾਂ ਨਾਲ ਲੈਸ 'ਨਾਗਰਿਕ' ਬਣਾਇਆ। ਅੱਜ ਜਦੋਂ ਅਸੀਂ ਦੁਨੀਆ ਭਰ ਵਿੱਚ ਜਮਹੂਰੀ ਕਦਰਾਂ-ਕੀਮਤਾਂ, ਮਨੁੱਖੀ ਹੱਕਾਂ ਅਤੇ ਸੰਵਿਧਾਨਕ ਆਜ਼ਾਦੀਆਂ ਦੀ ਗੱਲ ਕਰਦੇ ਹਾਂ, ਤਾਂ ਇਸ ਦੀਆਂ ਤੰਦਾਂ 1789 ਦੇ ਇਸੇ ਇਤਿਹਾਸਕ ਮੋੜ ਨਾਲ ਜੁੜਦੀਆਂ ਹਨ—ਜਿਸ ਨੇ 1948 ਦੇ ਸੰਯੁਕਤ ਰਾਸ਼ਟਰ ਦੇ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੇ ਚਾਰਟਰ ਸਮੇਤ ਆਧੁਨਿਕ ਲੋਕਤੰਤਰਾਂ ਦਾ ਮਾਰਗ ਦਰਸ਼ਨ ਕੀਤਾ। ਆਓ, ਇਤਿਹਾਸ ਦੇ ਇਸ ਅਹਿਮ ਮੀਲ ਪੱਥਰ 'ਤੇ ਝਾਤ ਪਾਉਂਦਾ ਇਹ ਵਿਸ਼ੇਸ਼ ਲੇਖ ਪੜ੍ਹੀਏ। - ਸਤਨਾਮ ਸਿੰਘ ਖਾਲਸਾ

# 26 ਅਗਸਤ 1789: ਮਨੁੱਖੀ ਅਧਿਕਾਰਾਂ ਦਾ ਉਹ ਇਤਿਹਾਸਕ ਐਲਾਨਨਾਮਾ, ਜਿਸਨੇ ਦੁਨੀਆ ਭਰ ਦੀਆਂ ਬਾਦਸ਼ਾਹੀਆਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ

## ਫ਼ਰਾਂਸੀਸੀ ਕ੍ਰਾਂਤੀ ਤੋਂ ਸੰਯੁਕਤ ਰਾਸ਼ਟਰ (UDHR) ਤੱਕ: ਗ਼ੁਲਾਮੀ ਤੇ ਜਗੀਰਦਾਰੀ ਦੇ ਖ਼ਾਤਮੇ ਤੋਂ ਲੈ ਕੇ ਆਧੁਨਿਕ ਸੰਵਿਧਾਨਕ ਲੋਕਤੰਤਰ ਦੀ ਸਥਾਪਨਾ ਦੀ ਗਾਥਾ

26 ਅਗਸਤ 1789 ਨੂੰ ਫ਼ਰਾਂਸ ਦੀ ਨੈਸ਼ਨਲ ਕੰਸਟੀਚੂਐਂਟ ਅਸੈਂਬਲੀ ਵੱਲੋਂ ਪਾਸ ਕੀਤਾ ਗਿਆ 'ਮਨੁੱਖ ਅਤੇ ਨਾਗਰਿਕ ਦੇ ਅਧਿਕਾਰਾਂ ਦਾ ਐਲਾਨਨਾਮਾ' (Déclaration des droits de l'homme et du citoyen) ਵਿਸ਼ਵ ਰਾਜਨੀਤੀ ਅਤੇ ਮਨੁੱਖੀ ਮੁਕਤੀ ਦੇ ਇਤਿਹਾਸ ਦਾ ਸਭ ਤੋਂ ਕ੍ਰਾਂਤੀਕਾਰੀ ਮੋੜ ਸੀ। ਇਸ ਦਸਤਾਵੇਜ਼ ਨੇ ਸਦੀਆਂ ਤੋਂ ਪ੍ਰਚਲਿਤ 'ਰਾਜਿਆਂ ਦੇ ਰੱਬੀ ਅਧਿਕਾਰਾਂ' ਦੇ ਝੂਠੇ ਸਿਧਾਂਤ ਅਤੇ ਜਗੀਰੂ ਦਾਬੇ ਨੂੰ ਜੜ੍ਹੋਂ ਉਖਾੜ ਕੇ ਇਹ ਐਲਾਨ ਕੀਤਾ ਕਿ ਹਰ ਮਨੁੱਖ ਜਨਮ ਤੋਂ ਆਜ਼ਾਦ ਅਤੇ ਬਰਾਬਰ ਹੈ।

**ਇਤਿਹਾਸਕ ਪਿਛੋਕੜ ਅਤੇ ਮੁੱਖ ਪ੍ਰੇਰਕ ਸ਼ਕਤੀਆਂ** : 18ਵੀਂ ਸਦੀ ਦੇ ਅੰਤ ਵਿੱਚ ਫ਼ਰਾਂਸ ਗੰਭੀਰ ਆਰਥਿਕ ਕੰਗਾਲੀ, ਭੁੱਖਮਰੀ ਅਤੇ ਬੇਇਨਸਾਫ਼ੀ ਵਾਲੇ ਤਿੰਨ ਵਰਗਾਂ (Estates) ਦੇ ਪ੍ਰਬੰਧ ਹੇਠ ਦੱਬਿਆ ਹੋਇਆ ਸੀ। 98% ਆਮ ਜਨਤਾ (Third Estate) 'ਤੇ ਭਾਰੀ ਟੈਕਸਾਂ ਦਾ ਬੋਝ ਸੀ, ਜਦਕਿ ਪਹਿਲੇ ਦੋ ਕੁਲੀਨ ਤੇ ਪਾਦਰੀ ਵਰਗ ਸਾਰੇ ਟੈਕਸਾਂ ਤੋਂ ਮੁਕਤ ਸਨ।

**ਬਾਸਤੀਲ ਦਾ ਪਤਨ (14 ਜੁਲਾਈ 1789)**: ਆਮ ਲੋਕਾਂ ਨੇ ਸ਼ਾਹੀ ਤਾਨਾਸ਼ਾਹੀ ਅਤੇ ਜ਼ੁਲਮ ਦੇ ਪ੍ਰਤੀਕ ਬਾਸਤੀਲ ਦੇ ਕਿਲ੍ਹੇ ਨੂੰ ਢਾਹ ਕੇ ਕ੍ਰਾਂਤੀ ਦਾ ਬਿਗੁਲ ਵਜਾਇਆ।

**ਜਗੀਰਦਾਰੀ ਦਾ ਖ਼ਾਤਮਾ (4 ਅਗਸਤ 1789)**: ਅਸੈਂਬਲੀ ਨੇ ਵਿਸ਼ੇਸ਼ ਅਧਿਕਾਰਾਂ ਅਤੇ ਜਗੀਰੂ ਟੈਕਸ ਛੋਟਾਂ ਨੂੰ ਰੱਦ ਕਰ ਦਿੱਤਾ।

**ਦਾਰਸ਼ਨਿਕ ਚਿੰਤਨ**: ਜੌਨ ਲੌਕ ਦੇ ਕੁਦਰਤੀ ਅਧਿਕਾਰਾਂ, ਜੀਨ-ਜੈਕ ਰੂਸੋ ਦੇ 'ਲੋਕ-ਇੱਛਾ' (General Will) ਅਤੇ ਮੋਂਟੇਸਕਿਊ ਦੇ ਸ਼ਕਤੀਆਂ ਦੇ ਵਖਰੇਵੇਂ ਦੇ ਸਿਧਾਂਤ ਨੇ ਇਸ ਦਸਤਾਵੇਜ਼ ਦੀ ਬੁਨਿਆਦ ਰੱਖੀ। ਇਸ ਦਾ ਖਰੜਾ ਮਾਰਕੁਇਸ ਡੀ ਲਾਫਾਇਤ ਨੇ ਥਾਮਸ ਜੈਫਰਸਨ ਦੇ ਸਹਿਯੋਗ ਨਾਲ ਉਲੀਕਿਆ।

**ਇਤਿਹਾਸਕ ਪ੍ਰਭਾਵ ਅਤੇ ਸੀਮਾਵਾਂ**

ਇਸ ਦਸਤਾਵੇਜ਼ ਨੇ ਵਿਸ਼ਵ ਭਰ ਵਿੱਚ ਬਸਤੀਵਾਦ ਅਤੇ ਤਾਨਾਸ਼ਾਹੀ ਵਿਰੁੱਧ ਲਹਿਰਾਂ ਨੂੰ ਜਨਮ ਦਿੱਤਾ, ਪਰ ਸ਼ੁਰੂਆਤੀ ਦੌਰ ਵਿੱਚ ਇਸ ਦੀਆਂ ਕੁਝ ਕਮੀਆਂ ਵੀ ਸਨ:

**ਸਕਾਰਾਤਮਕ ਪੱਖ**: ਯੂਰਪ ਅਤੇ ਲਾਤੀਨੀ ਅਮਰੀਕਾ ਵਿੱਚ ਰਾਜਾਸ਼ਾਹੀ ਵਿਰੁੱਧ ਲੋਕ-ਲਹਿਰਾਂ ਖੜ੍ਹੀਆਂ ਹੋਈਆਂ ਅਤੇ ਆਧੁਨਿਕ ਗਣਤੰਤਰ ਦੀ ਸਥਾਪਨਾ ਹੋਈ।

**ਸੀਮਾਵਾਂ**: ਸ਼ੁਰੂਆਤ ਵਿੱਚ ਵੋਟ ਅਤੇ ਸ਼ਹਿਰੀ ਹੱਕ ਸਿਰਫ਼ ਸੰਪਤੀ ਵਾਲੇ ਮਰਦਾਂ ਤੱਕ ਸੀਮਤ ਸਨ; ਔਰਤਾਂ ਅਤੇ ਗ਼ੁਲਾਮਾਂ ਨੂੰ ਇਹ ਅਧਿਕਾਰ ਤੁਰੰਤ ਨਹੀਂ ਮਿਲੇ।

**ਔਰਤਾਂ ਦੇ ਹੱਕਾਂ ਦੀ ਆਵਾਜ਼**: 1791 ਵਿੱਚ ਉੱਘੀ ਕਾਰਕੁਨ ਓਲਿੰਪ ਡੇ ਗੌਜ (Olympe de Gouges) ਨੇ 'Declaration of the Rights of Woman and of the Female Citizen' ਲਿਖ ਕੇ ਮਰਦਾਂ ਦੇ ਬਰਾਬਰ ਔਰਤਾਂ ਦੇ ਅਧਿਕਾਰਾਂ ਦੀ ਪੁਰਜ਼ੋਰ ਮੰਗ ਕੀਤੀ।




| 1789 ਦੇ ਐਲਾਨਨਾਮੇ ਦੇ ਪ੍ਰਮੁੱਖ ਸਿਧਾਂਤ (ਕੁੱਲ 17 ਧਾਰਾਵਾਂ) | |
|---|---|
| ਸਿਧਾਂਤ ਤੇ ਧਾਰਾ | ਇਤਿਹਾਸਕ ਮਹੱਤਤਾ ਅਤੇ ਸਮਾਜਿਕ ਪ੍ਰਭਾਵ |
| ਜਨਮ ਤੋਂ ਬਰਾਬਰੀ (ਧਾਰਾ 1) | 'ਮਨੁੱਖ ਆਜ਼ਾਦ ਜੰਮਦੇ ਹਨ ਅਤੇ ਹੱਕਾਂ ਪੱਖੋਂ ਬਰਾਬਰ ਰਹਿੰਦੇ ਹਨ।' ਜਨਮ-ਅਧਾਰਤ ਉੱਚ-ਨੀਚ ਦਾ ਮੁਕੰਮਲ ਅੰਤ। |
| ਕੁਦਰਤੀ ਅਧਿਕਾਰ (ਧਾਰਾ 2) | ਆਜ਼ਾਦੀ, ਸੰਪਤੀ, ਸੁਰੱਖਿਆ ਅਤੇ ਜ਼ੁਲਮ ਵਿਰੁੱਧ ਬਗ਼ਾਵਤ ਕਰਨ ਨੂੰ ਅਟੁੱਟ ਹੱਕ ਐਲਾਨਿਆ ਗਿਆ। |
| ਲੋਕ-ਪ੍ਰਭੂਸੱਤਾ (ਧਾਰਾ 3) | ਪ੍ਰਭੂਸੱਤਾ ਕਿਸੇ ਰਾਜੇ ਵਿੱਚ ਨਹੀਂ, ਸਗੋਂ ਸਮੁੱਚੇ ਦੇਸ਼ ਦੇ ਲੋਕਾਂ ਵਿੱਚ ਨਿਹਿਤ ਹੈ। |
| ਕਾਨੂੰਨ ਦਾ ਰਾਜ (ਧਾਰਾ 6) | ਕਾਨੂੰਨ ਲੋਕਾਂ ਦੀ ਸਾਂਝੀ ਇੱਛਾ ਦਾ ਪ੍ਰਗਟਾਵਾ ਹੈ ਅਤੇ ਇਹ ਸਭ ਲਈ ਇਕਸਾਰ ਲਾਗੂ ਹੋਵੇਗਾ। |
| ਨਿਆਂਇਕ ਸੁਰੱਖਿਆ (ਧਾਰਾ 7-9) | ਗ਼ੈਰ-ਕਾਨੂੰਨੀ ਗ੍ਰਿਫ਼ਤਾਰੀ 'ਤੇ ਰੋਕ ਅਤੇ ਦੋਸ਼ ਸਾਬਤ ਹੋਣ ਤੱਕ ਹਰ ਵਿਅਕਤੀ ਨੂੰ ਬੇਗੁਨਾਹ ਮੰਨਣ ਦਾ ਅਸੂਲ। |
| ਵਿਚਾਰਾਂ ਦੀ ਆਜ਼ਾਦੀ (ਧਾਰਾ 10-11) | ਧਾਰਮਿਕ ਆਸਥਾ, ਪ੍ਰਗਟਾਵੇ ਦੀ ਖੁੱਲ੍ਹ ਅਤੇ ਪ੍ਰੈੱਸ ਦੀ ਆਜ਼ਾਦੀ ਨੂੰ ਮੂਲ ਅਧਿਕਾਰ ਦਾ ਦਰਜਾ ਦਿੱਤਾ ਗਿਆ। |

| 1789 (ਫ਼ਰਾਂਸੀਸੀ) ਬਨਾਮ 1948 (ਸੰਯੁਕਤ ਰਾਸ਼ਟਰ UDHR) ਦਾ ਤੁਲਨਾਤਮਕ ਅਧਿਐਨ | | |
|---|---|---|
| ਤੁਲਨਾ ਦਾ ਪਹਿਲੂ | 1789 ਦਾ ਫ਼ਰਾਂਸੀਸੀ ਐਲਾਨਨਾਮਾ | 1948 ਦਾ ਸੰਯੁਕਤ ਰਾਸ਼ਟਰ ਐਲਾਨਨਾਮਾ (UDHR) |
| ਦਾਇਰਾ | ਮੁੱਖ ਤੌਰ 'ਤੇ ਫ਼ਰਾਂਸ ਅਤੇ ਉਸ ਦੇ ਨਾਗਰਿਕਾਂ ਤੱਕ ਕੇਂਦਰਿਤ | ਸਰਬਵਿਆਪੀ—ਦੁਨੀਆ ਦੇ ਹਰ ਮਨੁੱਖ ਲਈ ਲਾਗੂ |
| ਲਿੰਗ ਸਮਾਨਤਾ | ਕੇਵਲ ਮਰਦਾਂ ਲਈ ਸੀਮਤ | ਬਿਨਾਂ ਕਿਸੇ ਲਿੰਗ ਭੇਦਭਾਵ ਦੇ ਹਰ ਇੱਕ ਲਈ ਬਰਾਬਰ |
| ਅਧਿਕਾਰਾਂ ਦਾ ਘੇਰਾ | ਸਿਵਲ ਅਤੇ ਰਾਜਨੀਤਿਕ ਅਧਿਕਾਰ | ਸਿਵਲ, ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਹੱਕ |
| ਗ਼ੁਲਾਮੀ ਪ੍ਰਥਾ | ਗ਼ੁਲਾਮੀ 'ਤੇ ਕੋਈ ਸਪੱਸ਼ਟ ਪਾਬੰਦੀ ਨਹੀਂ ਸੀ | ਧਾਰਾ 4 ਅਧੀਨ ਗ਼ੁਲਾਮੀ ਅਤੇ ਮਨੁੱਖੀ ਤਸਕਰੀ 'ਤੇ ਮੁਕੰਮਲ ਰੋਕ |
| ਧਾਰਾਵਾਂ ਦੀ ਗਿਣਤੀ | 17 ਧਾਰਾਵਾਂ | 30 ਧਾਰਾਵਾਂ |
| ਇਤਿਹਾਸਕ ਪ੍ਰੇਰਨਾ | ਜਗੀਰੂ ਦਾਬਾ ਅਤੇ ਸ਼ਾਹੀ ਨਿਰੰਕੁਸ਼ਤਾ ਦਾ ਖ਼ਾਤਮਾ | ਦੂਜਾ ਵਿਸ਼ਵ ਯੁੱਧ ਅਤੇ ਸਰਬਨਾਸ਼ (Holocaust) ਦੀਆਂ ਤ੍ਰਾਸਦੀਆਂ |

**ਸੰਯੁਕਤ ਰਾਸ਼ਟਰ ਦਾ ਸਰਬਵਿਆਪੀ ਐਲਾਨਨਾਮਾ 1948 (UDHR - 30 ਧਾਰਾਵਾਂ ਦੀ ਸੰਰਚਨਾ)**

10 ਦਸੰਬਰ 1948 ਨੂੰ ਪਾਸ ਹੋਏ ਯੂ.ਐੱਨ. ਐਲਾਨਨਾਮੇ ਨੇ 1789 ਦੇ ਅਸੂਲਾਂ ਨੂੰ ਸੰਸਾਰਕ ਪੱਧਰ 'ਤੇ ਵਿਸਥਾਰ ਦਿੰਦਿਆਂ ਚਾਰ ਪ੍ਰਮੁੱਖ ਭਾਗਾਂ ਵਿੱਚ ਵੰਡਿਆ:

**ਬੁਨਿਆਦੀ ਸਿਧਾਂਤ (ਧਾਰਾਵਾਂ 1-2)**: ਜਨਮ ਤੋਂ ਆਜ਼ਾਦੀ, ਆਤਮ-ਸਨਮਾਨ ਅਤੇ ਨਸਲ, ਰੰਗ, ਲਿੰਗ, ਭਾਸ਼ਾ ਜਾਂ ਧਰਮ ਦੇ ਆਧਾਰ 'ਤੇ ਬਿਨਾਂ ਕਿਸੇ ਵਿਤਕਰੇ ਦੇ ਬਰਾਬਰੀ।

**ਸਿਵਲ ਤੇ ਕਾਨੂੰਨੀ ਆਜ਼ਾਦੀਆਂ (ਧਾਰਾਵਾਂ 3-11)**: ਜਿਊਣ ਅਤੇ ਸੁਰੱਖਿਆ ਦਾ ਹੱਕ, ਤਸ਼ੱਦਦ ਤੇ ਗ਼ੁਲਾਮੀ ਦੀ ਮਨਾਹੀ, ਕਾਨੂੰਨ ਸਾਹਮਣੇ ਸਮਾਨਤਾ ਅਤੇ ਨਿਰਪੱਖ ਅਦਾਲਤੀ ਸੁਣਵਾਈ ਦੀ ਗਾਰੰਟੀ।

**ਨਾਗਰਿਕ ਤੇ ਰਾਜਨੀਤਿਕ ਹੱਕ (ਧਾਰਾਵਾਂ 12-21)**: ਨਿੱਜਤਾ, ਆਵਾਜਾਈ, ਸ਼ਰਨ ਲੈਣ ਦੀ ਖੁੱਲ੍ਹ, ਵਿਆਹ ਤੇ ਜਾਇਦਾਦ ਦਾ ਅਧਿਕਾਰ, ਧਾਰਮਿਕ ਆਜ਼ਾਦੀ ਅਤੇ ਵੋਟ ਰਾਹੀਂ ਆਪਣੀ ਸਰਕਾਰ ਚੁਣਨ ਦਾ ਜਮਹੂਰੀ ਹੱਕ।

ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਹੱਕ (ਧਾਰਾਵਾਂ 22-30): ਰੁਜ਼ਗਾਰ, ਬਰਾਬਰ ਕੰਮ ਲਈ ਬਰਾਬਰ ਤਨਖ਼ਾਹ, ਸਿਹਤ, ਰਿਹਾਇਸ਼, ਮੁਫ਼ਤ ਮੁਢਲੀ ਸਿੱਖਿਆ ਅਤੇ ਸੱਭਿਆਚਾਰਕ ਜੀਵਨ ਵਿੱਚ ਭਾਈਵਾਲੀ।

1789 ਦਾ ਫ਼ਰਾਂਸੀਸੀ ਐਲਾਨਨਾਮਾ ਮਨੁੱਖ ਨੂੰ ਕਿਸੇ ਰਾਜੇ ਦੀ 'ਪਰਜਾ' ਤੋਂ ਮੁਕਤ ਕਰਕੇ ਅਧਿਕਾਰਾਂ ਨਾਲ ਲੈਸ 'ਨਾਗਰਿਕ' ਬਣਾਉਣ ਵੱਲ ਪਹਿਲਾ ਇਤਿਹਾਸਕ ਕਦਮ ਸੀ। ਇਸੇ ਦਸਤਾਵੇਜ਼ ਨੇ ਬਾਅਦ ਵਿੱਚ 1948 ਦੇ ਸੰਯੁਕਤ ਰਾਸ਼ਟਰ ਦੇ ਵਿਸ਼ਵਵਿਆਪੀ ਚਾਰਟਰ ਅਤੇ ਭਾਰਤੀ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰਾਂ (Fundamental Rights) ਸਮੇਤ ਦੁਨੀਆ ਭਰ ਦੇ ਲੋਕਤੰਤਰਾਂ ਦਾ ਮਾਰਗਦਰਸ਼ਨ ਕੀਤਾ।

# ਰੱਖਿਆ ਖੇਤਰ 'ਚ ਨਿੱਜੀ ਹਿੱਸੇਦਾਰੀ

ਭਾਰਤ ਨੇ ਆਪਣੇ ਦੇਸ਼ ਵਿੱਚ ਹੀ ਰਵਾਇਤੀ ਮਿਜ਼ਾਈਲ ਸਿਸਟਮ ਬਣਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ। ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਈਜ਼ੇਸ਼ਨ ਯਾਨੀ ਡੀ ਆਰ ਡੀ ਓ ਵੱਲੋਂ ਤਿਆਰ ਕੀਤੀ ਗਈ ਤਕਨੀਕ ਯੋਗ ਭਾਰਤੀ ਕੰਪਨੀਆਂ ਨੂੰ ਦਿੱਤੀ ਜਾਵੇਗੀ। ਇਸ ਦਾ ਮਕਸਦ ਉੱਨਤ ਹਥਿਆਰ ਬਣਾਉਣ ਤੇ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਤਿਆਰ ਕਰਨ ਵਿਚਲਾ ਪਾੜਾ ਘਟਾਉਣ ਅਤੇ ਆਤਮ-ਨਿਰਭਰ ਰੱਖਿਆ ਉਤਪਾਦਨ ਵੱਲ ਵਧਣਾ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਤਕਨੀਕ ਮਿਲਣ ਦਾ ਮਤਲਬ ਇਹ ਨਹੀਂ ਕਿ ਬਿਨਾਂ ਕਿਸੇ ਰੋਕ-ਟੋਕ ਦੇ ਉਤਪਾਦਨ ਕੀਤਾ ਜਾ ਸਕੇਗਾ। ਕੰਪਨੀਆਂ ਨੂੰ ਸਾਰੇ ਜ਼ਰੂਰੀ ਨਿਯਮਾਂ ਅਤੇ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਕਰਨੀ ਪਵੇਗੀ। ਰੱਖਿਆ ਮੰਤਰਾਲੇ ਨੇ ਅਜੇ ਇਹ ਨਹੀਂ ਦੱਸਿਆ ਕਿ ਕਿਹੜੀਆਂ ਮਿਜ਼ਾਈਲਾਂ ਨੂੰ ਨਿੱਜੀ ਕੰਪਨੀਆਂ ਵੱਲੋਂ ਬਣਾਏ ਜਾਣ ਦੀ ਖੁੱਲ੍ਹ ਦਿੱਤੀ ਜਾਵੇਗੀ ਪਰ ਰਿਪੋਰਟਾਂ ਮੁਤਾਬਿਕ ਆਕਾਸ਼, ਅਸਤਰ ਅਤੇ ਨਾਗ ਵਰਗੀਆਂ ਮਿਜ਼ਾਈਲਾਂ ਦੇ ਨਾਵਾਂ ਦਾ ਜ਼ਿਕਰ ਹੋ ਰਿਹਾ ਹੈ।

ਮਕਸਦ ਸਾਫ਼ ਹੈ ਕਿ ਡੀ ਆਰ ਡੀ ਓ ਵੱਲੋਂ ਤਿਆਰ ਕੀਤੀਆਂ ਤਕਨੀਕਾਂ ਨੂੰ ਲੈਬ ਅਤੇ ਟੈਸਟਿੰਗ ਵਾਲੀਆਂ ਥਾਵਾਂ ਤੋਂ ਕਾਰਖ਼ਾਨਿਆਂ ਤੱਕ ਪਹੁੰਚਾਇਆ ਜਾਵੇ ਤਾਂ ਜੋ ਵੱਡੀ ਗਿਣਤੀ ਵਿੱਚ ਭਰੋਸੇਯੋਗ ਸਿਸਟਮ ਤਿਆਰ ਕੀਤੇ ਜਾ ਸਕਣ। ਨਿੱਜੀ ਕੰਪਨੀਆਂ ਦੇ ਵੱਧ ਤੋਂ ਵੱਧ ਸ਼ਾਮਲ ਹੋਣ ਨਾਲ ਉਤਪਾਦਨ ਦੀ ਸਮਰੱਥਾ ਵਧੇਗੀ, ਮੁਕਾਬਲੇਬਾਜ਼ੀ ਨੂੰ ਹੁਲਾਰਾ ਮਿਲੇਗਾ ਅਤੇ ਪੂਰੀ ਸਪਲਾਈ ਚੇਨ ਵਿੱਚ ਛੋਟੇ ਤੇ ਦਰਮਿਆਨੇ ਉਦਯੋਗਾਂ ਲਈ ਨਵੇਂ ਮੌਕੇ ਪੈਦਾ ਹੋਣਗੇ। ਇਹ ਬਹੁਤ ਜ਼ਰੂਰੀ ਹੈ ਕਿਉਂਕਿ ਮਿਜ਼ਾਈਲ ਬਣਾਉਣ ਦਾ ਕੰਮ ਸਭ ਕੁਝ ਜੋੜ ਕੇ ਤਿਆਰ ਕਰਨ ਤੱਕ ਸੀਮਤ ਨਹੀਂ ਹੁੰਦਾ। ਇੰਜਣ, ਬਿਜਲੀ ਦੇ ਸਾਜ਼ੋ-ਸਾਮਾਨ, ਸੇਧ ਦੇਣ ਵਾਲੇ ਸਿਸਟਮ, ਸੈਂਸਰ ਅਤੇ ਹੋਰ ਖ਼ਾਸ ਹਿੱਸਿਆਂ ਲਈ ਇੱਕ ਮਜ਼ਬੂਤ ਉਦਯੋਗਿਕ ਮਾਹੌਲ ਦੀ ਲੋੜ ਹੁੰਦੀ ਹੈ। ਦੇਸ਼ ਦੇ ਅੰਦਰ ਹੀ ਸਪਲਾਇਰਾਂ ਦਾ ਵੱਡਾ ਨੈੱਟਵਰਕ ਬਣਨ ਨਾਲ ਦੇਸ਼ ਵਿੱਚ ਹੀ ਚੀਜ਼ਾਂ ਤਿਆਰ ਕਰਨ ਦੀ ਤਾਕਤ ਵਧੇਗੀ ਅਤੇ ਵਿਦੇਸ਼ਾਂ ਤੋਂ ਸਾਮਾਨ ਮੰਗਵਾਉਣ ਉੱਤੇ ਨਿਰਭਰਤਾ ਘੱਟ ਹੋਵੇਗੀ।

ਪ੍ਰਾਈਵੇਟ ਕੰਪਨੀਆਂ ਨੇ ਸਾਲ 2025-26 ਵਿੱਚ ਭਾਰਤ ਦੇ ਕੁੱਲ ਰੱਖਿਆ ਉਤਪਾਦਨ ਵਿੱਚ 24 ਫ਼ੀਸਦੀ ਹਿੱਸੇਦਾਰੀ ਦਰਜ ਕੀਤੀ ਹੈ, ਜੋ ਕਿ ਪਿਛਲੇ ਵਿੱਤੀ ਸਾਲ ਦੌਰਾਨ 22 ਫ਼ੀਸਦੀ ਸੀ। ਇਹ ਵਾਧਾ ਦੇਸ਼ ਦੇ ਰੱਖਿਆ ਖੇਤਰ ਵਿੱਚ ਨਿੱਜੀ ਖੇਤਰ ਦੀ ਵਧ ਰਹੀ ਭੂਮਿਕਾ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ।

ਹਾਲਾਂਕਿ, ਸਿਰਫ਼ ਤਕਨੀਕ ਮਿਲਣ ਨਾਲ ਹੀ ਪੂਰੀ ਸਫਲਤਾ ਦੀ ਗਾਰੰਟੀ ਨਹੀਂ ਮਿਲ ਜਾਵੇਗੀ। ਇਸ ਦਿਸ਼ਾ ਵਿੱਚ ਹੋਰ ਵੀ ਕਈ ਅਹਿਮ ਕਦਮ ਚੁੱਕਣ ਦੀ ਲੋੜ ਹੈ। ਖੋਜ ਪ੍ਰਯੋਗਸ਼ਾਲਾਵਾਂ ਤੋਂ ਲੈ ਕੇ ਉਤਪਾਦਨ ਸ਼ੁਰੂ ਹੋਣ ਤੱਕ ਦੇ ਸਮੇਂ ਨੂੰ ਘਟਾਉਣਾ ਅਤੇ ਨਿਰਮਾਣ ਦੇ ਤਰੀਕੇ ਨੂੰ ਸਰਲ ਬਣਾਉਣਾ ਬਹੁਤ ਵੱਡਾ ਫ਼ਰਕ ਪਾ ਸਕਦਾ ਹੈ। ਸਭ ਤੋਂ ਵੱਡੀ ਅਤੇ ਅਹਿਮ ਗੱਲ ਇਹ ਹੈ ਕਿ ਉਤਪਾਦਨ ਦੇ ਕਿਸੇ ਵੀ ਪੜਾਅ ਉੱਤੇ ਗੁਣਵੱਤਾ ਦੇ ਮਿਆਰ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ। ਇਹ ਨਿਯਮ ਖ਼ਾਸ ਕਰਕੇ ਉਨ੍ਹਾਂ ਆਧੁਨਿਕ ਹਥਿਆਰਾਂ ਅਤੇ ਰੱਖਿਆ ਪ੍ਰਣਾਲੀਆਂ ਦੇ ਮਾਮਲੇ ਵਿੱਚ ਬਹੁਤ ਜ਼ਰੂਰੀ ਹੈ, ਜਿਨ੍ਹਾਂ ਉੱਤੇ ਸਿੱਧੇ ਤੌਰ 'ਤੇ ਦੇਸ਼ ਦੀ ਰਾਸ਼ਟਰੀ ਸੁਰੱਖਿਆ ਨਿਰਭਰ ਕਰਦੀ ਹੈ।

### ਨੇਪਾਲ-ਚੀਨ ਸਰਹੱਦ ’ਤੇ ਹਿਮਾਲੀਅਨ ਤ੍ਰਾਸਦੀ

# ਗਲੇਸ਼ੀਅਰ ਖਿਸਕਣ ਨਾਲ ਆਏ ਭਿਆਨਕ ਹੜ੍ਹਾਂ ’ਚ ਭਾਰੀ ਤਬਾਹੀ; 360 ਤੋਂ ਵੱਧ ਮੌਤਾਂ, 826 ਭਾਰਤੀਆਂ ਸਮੇਤ ਸੈਂਕੜੇ ਸ਼ਰਧਾਲੂ ਤੇ ਸੈਲਾਨੀ ਲਾਪਤਾ

## ਭੋਟੇਕੋਸ਼ੀ ਤੇ ਤ੍ਰਿਸ਼ੂਲੀ ਨਦੀਆਂ ’ਚ ਆਇਆ 27 ਫੁੱਟ ਉੱਚਾ ਰੌਦ ਰੂਪ ਵਹਾਅ; 19 ਪੁਲ ਤੇ 40 ਕਿਲੋਮੀਟਰ ਹਾਈਵੇਅ ਵਹੇ, ਕੈਲਾਸ਼ ਮਾਨਸਰੋਵਰ ਯਾਤਰੀਆਂ ਦੇ ਫਸਣ ਕਾਰਨ ਬਚਾਅ ਮੁਹਿੰਮ ਜੰਗੀ ਪੱਧਰ ’ਤੇ ਜਾਰੀ








ਕਾਠਮੰਡੂ (ਨੇਪਾਲ): ਨੇਪਾਲ ਅਤੇ ਚੀਨ (ਤਿੱਬਤ) ਦੇ ਸਰਹੱਦੀ ਹਿਮਾਲੀਅਨ ਖੇਤਰ ਵਿੱਚ ਵਧਦੇ ਤਾਪਮਾਨ ਕਾਰਨ ਗਲੇਸ਼ੀਅਰ ਤੋਂ ਵਿਸ਼ਾਲ ਬਰਫ਼ੀਲੇ ਤੋਦੇ (Avalanche) ਡਿੱਗਣ ਉਪਰੰਤ ਆਏ ਭਿਆਨਕ ਹੜ੍ਹਾਂ (Flash Floods) ਨੇ ਵੱਡੇ ਪੱਧਰ ’ਤੇ ਤਬਾਹੀ ਮਚਾ ਦਿੱਤੀ ਹੈ। ਇਸ ਕੁਦਰਤੀ ਆਫ਼ਤ ਵਿੱਚ ਘੱਟੋ-ਘੱਟ 160 ਲੋਕਾਂ ਦੀ ਮੌਤ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ, ਜਦਕਿ ਸੈਂਕੜੇ ਦੇਸੀ-ਵਿਦੇਸ਼ੀ ਸ਼ਰਧਾਲੂ, ਸੈਲਾਨੀ, ਸਥਾਨਕ ਨਾਗਰਿਕ ਅਤੇ ਸੁਰੱਖਿਆ ਕਰਮੀ ਲਾਪਤਾ ਹਨ।

ਰਸੂਵਾ, ਨੁਵਾਕੋਟ ਜ਼ਿਲ੍ਹਿਆਂ ਅਤੇ ਤਿੱਬਤ ਦੇ ਗਾਇਰੋਂਗ ਖੇਤਰ ਵਿੱਚ ਆਏ ਇਸ ਅਚਾਨਕ ਹੜ੍ਹ ਨੇ ਪੂਰੇ ਬਾਜ਼ਾਰਾਂ, ਹਾਈਡ੍ਰੋਪਾਵਰ ਪ੍ਰੋਜੈਕਟਾਂ, ਹੋਟਲਾਂ ਅਤੇ ਰਿਹਾਇਸ਼ੀ ਇਮਾਰਤਾਂ ਨੂੰ ਮਲਬੇ ਤੇ ਚਿੱਕੜ ਹੇਠ ਦਫ਼ਨ ਕਰ ਦਿੱਤਾ ਹੈ। ਨੇਪਾਲ ਪੁਲਿਸ ਨੇ ਹੁਣ ਤੱਕ 157 ਲਾਸ਼ਾਂ ਬਰਾਮਦ ਕੀਤੀਆਂ ਹਨ, ਜਦਕਿ ਚੀਨ ਦੇ ਤਿੱਬਤ ਖੇਤਰ ਵਿੱਚ 3 ਮੌਤਾਂ ਅਤੇ 265 ਲੋਕਾਂ ਦੇ ਲਾਪਤਾ ਹੋਣ ਦੀ ਰਿਪੋਰਟ ਹੈ।

**133 ਭਾਰਤੀ ਸ਼ਰਧਾਲੂਆਂ ਸਮੇਤ 340+ ਵਿਦੇਸ਼ੀ ਲਾਪਤਾ:** ਨੇਪਾਲ ਟੂਰਿਜ਼ਮ ਬੋਰਡ ਅਨੁਸਾਰ ਪਵਿੱਤਰ ਕੈਲਾਸ਼ ਮਾਨਸਰੋਵਰ ਯਾਤਰਾ ’ਤੇ ਗਏ 133 ਭਾਰਤੀ ਸ਼ਰਧਾਲੂ ਸੰਪਰਕ ਤੋਂ ਬਾਹਰ ਹਨ। ਇਸ ਤੋਂ ਇਲਾਵਾ ਅਮਰੀਕਾ (47), ਆਸਟ੍ਰੇਲੀਆ (34), ਬ੍ਰਿਟੇਨ (33), ਕੈਨੇਡਾ (24), ਮਲੇਸ਼ੀਆ (11), ਦੱਖਣੀ ਕੋਰੀਆ (9) ਅਤੇ ਰੂਸ (4) ਦੇ ਨਾਗਰਿਕਾਂ ਸਮੇਤ ਕੁੱਲ 341 ਵਿਦੇਸ਼ੀ ਸੈਲਾਨੀ ਲਾਪਤਾ ਦੱਸੇ ਜਾ ਰਹੇ ਹਨ। ਗੋਸਾਈਕੁੰਡ ਝੀਲ ਖੇਤਰ ਵਿੱਚ ਟਰੈਕਿੰਗ ਕਰ ਰਹੇ 62 ਨੇਪਾਲੀ ਨਾਗਰਿਕ ਅਤੇ 28 ਪੁਲਿਸ ਮੁਲਾਜ਼ਮਾਂ ਦੀ ਭਾਲ ਵੀ ਜਾਰੀ ਹੈ।

**ਬੁਨਿਆਦੀ ਢਾਂਚੇ ਦਾ ਵਿਆਪਕ ਨੁਕਸਾਨ:** ਤ੍ਰਿਸ਼ੂਲੀ ਨਦੀ ਦਾ ਜਲ ਪੱਧਰ ਮਹਿਜ਼ 30 ਮਿੰਟਾਂ ਦੇ ਅੰਦਰ 9 ਮੀਟਰ (27 ਫੁੱਟ) ਤੱਕ ਵੱਧ ਗਿਆ। ਤੇਜ਼ ਵਹਾਅ ਕਾਰਨ ਨੇਪਾਲ-ਚੀਨ ਸਰਹੱਦੀ ਵਪਾਰਕ ਮਾਰਗਾਂ ਨੂੰ ਜੋੜਨ ਵਾਲੇ ਘੱਟੋ-ਘੱਟ 19 ਅਹਿਮ ਪੁਲ ਅਤੇ ਕਰੀਬ 40 ਕਿਲੋਮੀਟਰ ਸੜਕੀ ਨੈੱਟਵਰਕ ਪੂਰੀ ਤਰ੍ਹਾਂ ਰੁੜ੍ਹ ਗਿਆ ਹੈ, ਜਿਸ ਨਾਲ ਕਈ ਇਲਾਕੇ ਬਾਕੀ ਦੁਨੀਆ ਨਾਲੋਂ ਕੱਟੇ ਗਏ ਹਨ।

**ਕੌਮਾਂਤਰੀ ਸਹਾਇਤਾ ਅਤੇ ਰਾਹਤ ਕਾਰਜ:** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੇਪਾਲ ਦੇ ਪ੍ਰਧਾਨ ਮੰਤਰੀ ਬਲੇਂਦਰ ਸ਼ਾਹ ਨਾਲ ਗੱਲਬਾਤ ਕਰਕੇ ਤੁਰੰਤ ਮਾਨਵਤਾਵਾਦੀ ਸਹਾਇਤਾ, ਬਚਾਅ ਟੀਮਾਂ (NDRF) ਅਤੇ ਮੈਡੀਕਲ ਸਮੱਗਰੀ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ ਹੈ। ਸੰਯੁਕਤ ਰਾਸ਼ਟਰ (UN), ਯੂਰਪੀਅਨ ਯੂਨੀਅਨ, ਬ੍ਰਿਟੇਨ, ਫ਼ਰਾਂਸ ਅਤੇ ਆਸਟ੍ਰੇਲੀਆ ਨੇ ਵੀ ਹਮਦਰਦੀ ਪ੍ਰਗਟ ਕਰਦਿਆਂ ਸੰਕਟ ਪ੍ਰਬੰਧਨ ਲਈ ਮਦਦ ਦੀ ਪੇਸ਼ਕਸ਼ ਕੀਤੀ ਹੈ।

**ਜਲਵਾਯੂ ਸੰਕਟ ਦੀ ਗੰਭੀਰ ਚਿਤਾਵਨੀ:** ਕਾਠਮੰਡੂ ਸਥਿਤ ਵਿਗਿਆਨਕ ਸੰਸਥਾ ICIMOD ਅਨੁਸਾਰ ਗਲੋਬਲ ਵਾਰਮਿੰਗ ਕਾਰਨ ਹਿੰਦੂ ਕੁਸ਼ ਹਿਮਾਲਿਆ ਵਿੱਚ ਗਲੇਸ਼ੀਅਰ ਪਿਘਲਣ ਦੀ ਦਰ ਸਾਲ 2000 ਤੋਂ ਬਾਅਦ ਦੁੱਗਣੀ ਹੋ ਗਈ ਹੈ। ਇਸ ਕਾਰਨ ਗਲੇਸ਼ੀਅਰ ਝੀਲਾਂ ਦੇ ਫਟਣ (GLOF) ਅਤੇ ਬੱਦਲ ਫਟਣ ਦੀਆਂ ਘਟਨਾਵਾਂ ਵਿੱਚ ਖ਼ਤਰਨਾਕ ਵਾਧਾ ਦਰਜ ਕੀਤਾ ਜਾ ਰਿਹਾ ਹੈ।

**ਲਾਪਤਾ ਵਿਦੇਸ਼ੀ ਨਾਗਰਿਕਾਂ ਦਾ ਅੰਕੜਾ**

| **ਦੇਸ਼** | **ਲਾਪਤਾ ਨਾਗਰਿਕਾਂ / ਸ਼ਰਧਾਲੂਆਂ ਦੀ ਗਿਣਤੀ** |
|---|---|
| ਭਾਰਤ (ਕੈਲਾਸ਼ ਮਾਨਸਰੋਵਰ ਯਾਤਰੀ) | 133 |
| ਅਮਰੀਕਾ (USA) | 47 |
| ਆਸਟ੍ਰੇਲੀਆ | 34 |
| ਯੂਨਾਈਟਿਡ ਕਿੰਗਡਮ (UK) | 33 |
| ਕੈਨੇਡਾ | 24 |
| ਮਲੇਸ਼ੀਆ | 11 |
| ਦੱਖਣੀ ਕੋਰੀਆ | 9 |
| ਰੂਸ | 4 |

(ਫੋਟੋਆਂ : ਧੰਨਵਾਦ ਸਹਿਤ ਏਐਨਆਈ)



ਪ੍ਰਭਾਵਿਤ ਖੇਤਰਾਂ ਵਿੱਚ ਨੇਪਾਲੀ ਫ਼ੌਜ, ਹਥਿਆਰਬੰਦ ਪੁਲਿਸ ਬਲ (APF) ਅਤੇ ਹਵਾਈ ਸੈਨਾ ਦੇ ਹੈਲੀਕਾਪਟਰਾਂ ਰਾਹੀਂ ਬਚਾਅ ਮੁਹਿੰਮ ਚਲਾਈ ਜਾ ਰਹੀ ਹੈ। ਮੌਸਮ ਖ਼ਰਾਬ ਹੋਣ ਕਾਰਨ ਰਾਹਤ ਕਾਰਜਾਂ ਵਿੱਚ ਮੁਸ਼ਕਲਾਂ ਆ ਰਹੀਆਂ ਹਨ ਅਤੇ ਪ੍ਰਸ਼ਾਸਨ ਵੱਲੋਂ ਹੇਠਲੇ ਇਲਾਕਿਆਂ ਵਿੱਚ ਲਗਾਤਾਰ ਸਾਇਰਨ ਵਜਾ ਕੇ ਹਾਈ ਅਲਰਟ ਜਾਰੀ ਰੱਖਿਆ ਗਿਆ ਹੈ।

ਡਿਸਕਲੇਮਰ (Disclaimer): ਇਹ ਖ਼ਬਰ ਨੇਪਾਲ ਸਰਕਾਰ, ਨੇਪਾਲ ਟੂਰਿਜ਼ਮ ਬੋਰਡ, ਆਫ਼ਤ ਪ੍ਰਬੰਧਨ ਅਥਾਰਟੀਆਂ ਅਤੇ ਅੰਤਰਰਾਸ਼ਟਰੀ ਨਿਊਜ਼ ਏਜੰਸੀਆਂ ਵੱਲੋਂ ਜਾਰੀ ਤਾਜ਼ਾ ਜਾਣਕਾਰੀ ’ਤੇ ਆਧਾਰਿਤ ਹੈ। ਬਚਾਅ ਕਾਰਜ ਜਾਰੀ ਹੋਣ ਕਾਰਨ ਮੌਤਾਂ ਅਤੇ ਲਾਪਤਾ ਵਿਅਕਤੀਆਂ ਦੇ ਅੰਕੜਿਆਂ ਵਿੱਚ ਤਬਦੀਲੀ ਹੋ ਸਕਦੀ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਲਈ ਇਹ ਰਿਪੋਰਟ ਪ੍ਰਕਾਸ਼ਿਤ ਕਰ ਰਿਹਾ ਹੈ।

### ਭਾਰਤ ਵੱਲੋਂ ਨੇਪਾਲ ਲਈ ਮਦਦ ਦਾ ਹੱਥ:

# ਹੜ੍ਹ ਰਾਹਤ ਕਾਰਜਾਂ ਲਈ ਭਾਰਤੀ ਹਵਾਈ ਫ਼ੌਜ ਦਾ C-130J ਜਹਾਜ਼ ਰਵਾਨਾ; ਮੈਡੀਕਲ ਕਿੱਟਾਂ ਤੇ ਰਾਹਤ ਸਮੱਗਰੀ ਭੇਜੀ

## ਹਿੰਡਨ ਏਅਰਬੇਸ ਵਿਖੇ NDRF ਅਤੇ IAF ਵੱਲੋਂ ਰਾਹਤ ਸਮੱਗਰੀ ਲੋਡ; ਨੇਪਾਲ ਦੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਮਦਦ ਪਹੁੰਚਾਉਣ ਦੀ ਕਵਾਇਦ ਤੇਜ਼

ਗਾਜ਼ੀਆਬਾਦ (ਉੱਤਰ ਪ੍ਰਦੇਸ਼), (ਏ.ਐੱਨ.ਆਈ.): ਗੁਆਂਢੀ ਦੇਸ਼ ਨੇਪਾਲ ਵਿੱਚ ਆਏ ਭਿਆਨਕ ਹੜ੍ਹਾਂ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਮਗਰੋਂ ਭਾਰਤ ਸਰਕਾਰ ਨੇ ਤੁਰੰਤ ਮਨੁੱਖੀ ਸਹਾਇਤਾ ਦਾ ਹੱਥ ਵਧਾਇਆ ਹੈ। ਬੁੱਧਵਾਰ ਨੂੰ ਗਾਜ਼ੀਆਬਾਦ ਸਥਿਤ ਹਿੰਡਨ ਏਅਰਫੋਰਸ ਸਟੇਸ਼ਨ (Hindon Airbase) ਤੋਂ ਭਾਰਤੀ ਹਵਾਈ ਫ਼ੌਜ (IAF) ਦੇ ਵਿਸ਼ੇਸ਼ ਮਿਲਟਰੀ ਟਰਾਂਸਪੋਰਟ ਜਹਾਜ਼ C-130J ਸੁਪਰ ਹਰਕਿਊਲਸ (C-130J Aircraft) ਰਾਹੀਂ ਵੱਡੇ ਪੱਧਰ ’ਤੇ ਰਾਹਤ ਸਮੱਗਰੀ ਅਤੇ ਐਮਰਜੈਂਸੀ ਮੈਡੀਕਲ ਕਿੱਟਾਂ ਨੇਪਾਲ ਲਈ ਰਵਾਨਾ ਕੀਤੀਆਂ ਗਈਆਂ।

**ਹਿੰਡਨ ਏਅਰਬੇਸ ਤੋਂ ਉਡਾਣ ਦੀ ਤਿਆਰੀ:** ਨੇਪਾਲ ਵਿੱਚ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਰਾਸ਼ਟਰੀ ਆਫ਼ਤ ਪ੍ਰਬੰਧਨ ਬਲ (NDRF) ਅਤੇ ਭਾਰਤੀ ਹਵਾਈ ਫ਼ੌਜ ਦੀਆਂ ਟੀਮਾਂ ਨੇ ਹਿੰਡਨ ਏਅਰਬੇਸ ’ਤੇ ਜਹਾਜ਼ ਦੇ ਕਾਰਗੋ ਹੋਲਡ ਵਿੱਚ ਜੰਗੀ ਪੱਧਰ ’ਤੇ ਰਾਹਤ ਸਮੱਗਰੀ, ਦਵਾਈਆਂ ਅਤੇ ਬਚਾਅ ਉਪਕਰਨ ਲੋਡ ਕੀਤੇ।




**ਐਮਰਜੈਂਸੀ ਦਵਾਈਆਂ ਅਤੇ ਰਾਹਤ ਸਮੱਗਰੀ :** ਭੇਜੀ ਜਾ ਰਹੀ ਖੇਪ ਵਿੱਚ ਜ਼ਰੂਰੀ ਦਵਾਈਆਂ, ਫ਼ਸਟ ਏਡ ਮੈਡੀਕਲ ਕਿੱਟਾਂ, ਤੰਬੂ, ਪੀਣ ਵਾਲੇ ਪਾਣੀ ਦੇ ਸ਼ੁੱਧੀਕਰਨ ਉਪਕਰਨ ਅਤੇ ਤਿਆਰ ਭੋਜਨ ਦੇ ਪੈਕੇਟ ਸ਼ਾਮਲ ਹਨ, ਤਾਂ ਜੋ ਹੜ੍ਹਾਂ ਕਾਰਨ ਬੇਘਰ ਹੋਏ ਅਤੇ ਫਸੇ ਲੋਕਾਂ ਨੂੰ ਤੁਰੰਤ ਸਹਾਇਤਾ ਮਿਲ ਸਕੇ।

**ਨੇਪਾਲ ਨਾਲ ਮਜ਼ਬੂਤ ਸਹਿਯੋਗ ਅਤੇ ਆਫ਼ਤ ਪ੍ਰਬੰਧਨ :** ਭਾਰਤ ਨੇ ਹਮੇਸ਼ਾ ਗੁਆਂਢੀ ਦੇਸ਼ਾਂ ਵਿੱਚ ਕੁਦਰਤੀ ਆਫ਼ਤਾਂ ਦੇ ਸਮੇਂ ‘ਪਹਿਲੇ ਜਵਾਬਦੇਹ’ (First Responder) ਵਜੋਂ ਭੂਮਿਕਾ ਨਿਭਾਈ ਹੈ। ਨੇਪਾਲ ਵਿੱਚ ਰਸੂਵਾ ਸਮੇਤ ਹੋਰ ਇਲਾਕਿਆਂ ’ਚ ਪੈਦਾ ਹੋਈ ਗੰਭੀਰ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਭਾਰਤ ਸਰਕਾਰ ਨੇ ਤੁਰੰਤ ਇਹ ਕਦਮ ਚੁੱਕਿਆ ਹੈ।

**ਬਚਾਅ ਕਾਰਜਾਂ ਵਿੱਚ ਮਦਦ :** ਭਾਰਤੀ ਹਵਾਈ ਫ਼ੌਜ ਦਾ C-130J ਜਹਾਜ਼ ਦੁਰਗਮ ਅਤੇ ਛੋਟੇ ਰਨਵੇਅ ’ਤੇ ਉਤਰਨ ਦੀ ਸਮਰੱਥਾ ਰੱਖਦਾ ਹੈ, ਜਿਸ ਨਾਲ ਨੇਪਾਲ ਦੇ ਪ੍ਰਭਾਵਿਤ ਖੇਤਰਾਂ ਨੇੜੇ ਰਾਹਤ ਸਮੱਗਰੀ ਜਲਦੀ ਤੋਂ ਜਲਦੀ ਪਹੁੰਚਾਈ ਜਾ ਸਕੇਗੀ।

### ਨੇਪਾਲ 'ਚ ਕੁਦਰਤ ਦੇ ਕਹਿਰ ਦਰਮਿਆਨ ਫ਼ੌਜ ਦਾ ਜਾਂਬਾਜ਼ ਰੈਸਕਿਊ ਆਪ੍ਰੇਸ਼ਨ

# ਭੋਟੇਕੋਸ਼ੀ ਦੇ ਚਿੱਕੜ ਤੇ ਤੇਜ਼ ਵਹਾਅ 'ਚੋਂ ਔਰਤ ਨੂੰ ਸੁਰੱਖਿਅਤ ਕੱਢਿਆ

## ਆਪਣੀ ਜਾਨ ਜੋਖ਼ਮ 'ਚ ਪਾ ਕੇ ਦੇਵਦੂਤ ਬਣੇ ਨੇਪਾਲੀ ਫ਼ੌਜ ਦੇ ਜਵਾਨ; ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜੰਗੀ ਪੱਧਰ 'ਤੇ ਰਾਹਤ ਮੁਹਿੰਮ ਜਾਰੀ, ਹੈਲੀਕਾਪਟਰਾਂ ਰਾਹੀਂ ਲੋਕਾਂ ਨੂੰ ਸੁਰੱਖਿਅਤ ਕੈਂਪਾਂ 'ਚ ਪਹੁੰਚਾਇਆ






(ਫੋਟੋਆਂ : ਧੰਨਵਾਦ ਸਹਿਤ ਏਐਨਆਈ)

ਕਾਠਮੰਡੂ (ਨੇਪਾਲ) : ਨੇਪਾਲ ਦੇ ਹਿਮਾਲੀਅਨ ਖੇਤਰ ਵਿੱਚ ਭੋਟੇਕੋਸ਼ੀ ਨਦੀ (Bhotekoshi River) ਦੇ ਉਫ਼ਾਨ ਕਾਰਨ ਆਏ ਭਿਆਨਕ ਹੜ੍ਹਾਂ (Flash Floods) ਦੌਰਾਨ ਨੇਪਾਲੀ ਫ਼ੌਜ (Nepal Army) ਨੇ ਮਨੁੱਖੀ ਜਾਨਾਂ ਬਚਾਉਣ ਲਈ ਵੱਡੇ ਪੱਧਰ 'ਤੇ ਜੰਗੀ ਮੁਹਿੰਮ ਛੇੜ ਦਿੱਤੀ ਹੈ। ਬੁੱਧਵਾਰ ਨੂੰ ਨੇਪਾਲੀ ਫ਼ੌਜ ਦੇ ਜਾਂਬਾਜ਼ ਜਵਾਨਾਂ ਨੇ ਬੇਹੱਦ ਖ਼ਤਰਨਾਕ ਹਾਲਾਤਾਂ ਦਾ ਸਾਹਮਣਾ ਕਰਦਿਆਂ ਚਿੱਕੜ, ਪੱਥਰਾਂ ਅਤੇ ਤੇਜ਼ ਪਾਣੀ ਦੇ ਵਹਾਅ ਵਿੱਚ ਫਸੀ ਇੱਕ ਔਰਤ ਨੂੰ ਮੌਤ ਦੇ ਮੂੰਹ ਵਿੱਚੋਂ ਸੁਰੱਖਿਅਤ ਬਾਹਰ ਕੱਢ ਕੇ ਬਹਾਦਰੀ ਦੀ ਵੱਡੀ ਮਿਸਾਲ ਕਾਇਮ ਕੀਤੀ ਹੈ।

ਨੇਪਾਲੀ ਫ਼ੌਜ ਵੱਲੋਂ ਜਾਰੀ ਕੀਤੀਆਂ ਗਈਆਂ ਤਸਵੀਰਾਂ ਅਤੇ ਵੀਡੀਓਜ਼ ਵਿੱਚ ਦੇਖਿਆ ਜਾ ਸਕਦਾ ਹੈ ਕਿ ਜਵਾਨ ਗਲੇ-ਗਲੇ ਤੱਕ ਚਿੱਕੜ ਅਤੇ ਤੇਜ਼ ਵਹਾਅ ਵਿੱਚ ਉਤਰ ਕੇ ਰੱਸਿਆਂ ਦੇ ਸਹਾਰੇ ਨਾਗਰਿਕਾਂ ਨੂੰ ਬਾਹਰ ਕੱਢ ਰਹੇ ਹਨ।

**ਮੌਤ ਦੇ ਮੂੰਹ 'ਚੋਂ ਜ਼ਿੰਦਗੀ ਦੀ ਭਾਲ** : ਭੋਟੇਕੋਸ਼ੀ ਨਦੀ ਦੇ ਉੱਪਰਲੇ ਕੈਚਮੈਂਟ ਖੇਤਰ ਵਿੱਚ ਆਏ ਹੜ੍ਹ ਨੇ ਕਈ ਰਿਹਾਇਸ਼ੀ ਬਸਤੀਆਂ ਨੂੰ ਮਲਬੇ ਹੇਠ ਦੱਬ ਦਿੱਤਾ ਸੀ। ਸਥਾਨਕ ਲੋਕ ਘਰਾਂ ਦੀਆਂ ਛੱਤਾਂ ਅਤੇ ਚਿੱਕੜ ਵਿੱਚ ਫਸ ਗਏ, ਜਿੱਥੇ ਫ਼ੌਜ ਦੀਆਂ ਵਿਸ਼ੇਸ਼ ਆਫ਼ਤ ਰਾਹਤ ਟੁਕੜੀਆਂ ਨੇ ਤੁਰੰਤ ਮੋਰਚਾ ਸੰਭਾਲ ਕੇ ਰੱਸੀਆਂ ਅਤੇ ਆਧੁਨਿਕ ਰੈਸਕਿਊ ਉਪਕਰਨਾਂ ਨਾਲ ਬਚਾਅ ਕਾਰਜ ਸ਼ੁਰੂ ਕੀਤੇ।

**ਸੁਰੱਖਿਅਤ ਥਾਵਾਂ 'ਤੇ ਸ਼ਿਫ਼ਟਿੰਗ ਤੇ ਮੁੱਢਲਾ ਇਲਾਜ** : ਬਚਾਏ ਗਏ ਪ੍ਰਭਾਵਿਤ ਨਾਗਰਿਕਾਂ, ਖ਼ਾਸ ਕਰਕੇ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਨੂੰ ਮੌਕੇ 'ਤੇ ਹੀ ਮਿਲਟਰੀ ਮੈਡੀਕਲ ਟੀਮਾਂ ਵੱਲੋਂ ਮੁੱਢਲੀ ਸਹਾਇਤਾ ਦਿੱਤੀ ਜਾ ਰਹੀ ਹੈ। ਗੰਭੀਰ ਰੂਪ ਵਿੱਚ ਜ਼ਖ਼ਮੀਆਂ ਨੂੰ ਤੁਰੰਤ ਸੁਰੱਖਿਅਤ ਉੱਚਾਈ ਵਾਲੇ ਰਾਹਤ ਕੈਂਪਾਂ ਅਤੇ ਨਜ਼ਦੀਕੀ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਜਾ ਰਿਹਾ ਹੈ।

**ਸੁਰੱਖਿਆ ਬਲਾਂ ਦਾ ਸਾਂਝਾ ਸਰਚ ਆਪ੍ਰੇਸ਼ਨ** : ਨੇਪਾਲੀ ਫ਼ੌਜ, ਆਰਮਡ ਪੁਲਿਸ ਫੋਰਸ (APF), ਨੇਪਾਲ ਪੁਲਿਸ ਅਤੇ ਸਥਾਨਕ ਆਫ਼ਤ ਪ੍ਰਬੰਧਨ ਵਿਭਾਗ ਮਿਲ ਕੇ ਦੂਰ-ਦੁਰਾਡੇ ਦੇ ਪਹਾੜੀ ਪਿੰਡਾਂ ਵਿੱਚ ਫਸੇ ਲੋਕਾਂ ਦੀ ਭਾਲ ਲਈ ਵੱਡੇ ਪੱਧਰ 'ਤੇ ਸਾਂਝਾ ਸਰਚ ਆਪ੍ਰੇਸ਼ਨ ਚਲਾ ਰਹੇ ਹਨ।

**ਦੁਰਗਮ ਭੂਗੋਲਿਕ ਚੁਣੌਤੀਆਂ ਤੇ ਹਵਾਈ ਸਹਾਇਤਾ** : ਸੜਕਾਂ, ਸੰਪਰਕ ਮਾਰਗਾਂ ਅਤੇ ਪੁਲਾਂ ਦੇ ਪੂਰੀ ਤਰ੍ਹਾਂ ਵਹਿ ਜਾਣ ਕਾਰਨ ਜ਼ਮੀਨੀ ਰਸਤਿਆਂ ਰਾਹੀਂ ਪਹੁੰਚਣਾ ਅਸੰਭਵ ਹੋ ਗਿਆ ਹੈ। ਅਜਿਹੀ ਸਥਿਤੀ ਵਿੱਚ ਫ਼ੌਜੀ ਜਵਾਨ ਜਿੱਥੇ ਪੈਦਲ ਦੁਰਗਮ ਰਸਤਿਆਂ ਰਾਹੀਂ ਪਹੁੰਚ ਰਹੇ ਹਨ, ਉੱਥੇ ਹੀ ਨੇਪਾਲੀ ਫ਼ੌਜ ਦੇ ਹੈਲੀਕਾਪਟਰਾਂ ਰਾਹੀਂ ਪ੍ਰਭਾਵਿਤ ਇਲਾਕਿਆਂ ਵਿੱਚ ਖਾਣ-ਪੀਣ ਦੀ ਸਮੱਗਰੀ, ਦਵਾਈਆਂ ਪਹੁੰਚਾਈਆਂ ਜਾ ਰਹੀਆਂ ਹਨ ਅਤੇ ਨਾਜ਼ੁਕ ਹਾਲਤ ਵਾਲੇ ਮਰੀਜ਼ਾਂ ਨੂੰ ਏਅਰਲਿਫ਼ਟ ਕੀਤਾ ਜਾ ਰਿਹਾ ਹੈ।

ਮੌਸਮ ਖ਼ਰਾਬ ਹੋਣ ਦੇ ਬਾਵਜੂਦ ਸੁਰੱਖਿਆ ਬਲਾਂ ਵੱਲੋਂ ਪ੍ਰਭਾਵਿਤ ਖੇਤਰਾਂ ਵਿੱਚ ਆਖ਼ਰੀ ਵਿਅਕਤੀ ਦੇ ਸੁਰੱਖਿਅਤ ਨਿਕਲਣ ਤੱਕ ਬਚਾਅ ਕਾਰਜ ਨਿਰੰਤਰ ਜਾਰੀ ਰੱਖਣ ਦਾ ਅਹਿਦ ਲਿਆ ਗਿਆ ਹੈ।

ਡਿਸਕਲੇਮਰ (Disclaimer) : ਇਹ ਖ਼ਬਰ ਨੇਪਾਲੀ ਫ਼ੌਜ ਦੇ ਅਧਿਕਾਰਕ ਪ੍ਰੈੱਸ ਨੋਟ, ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀਆਂ ਅਤੇ ਜ਼ਮੀਨੀ ਨਿਊਜ਼ ਏਜੰਸੀਆਂ ਵੱਲੋਂ ਜਾਰੀ ਜਾਣਕਾਰੀ 'ਤੇ ਆਧਾਰਿਤ ਹੈ। ਬਚਾਅ ਮੁਹਿੰਮ ਜਾਰੀ ਹੋਣ ਕਾਰਨ ਅੰਕੜਿਆਂ ਅਤੇ ਵੇਰਵਿਆਂ ਵਿੱਚ ਹੋਰ ਅੱਪਡੇਟ ਹੋ ਸਕਦੇ ਹਨ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਲਈ ਇਹ ਰਿਪੋਰਟ ਪ੍ਰਕਾਸ਼ਿਤ ਕਰ ਰਿਹਾ ਹੈ।







## ਨਿਆਂਪਾਲਿਕਾ 'ਚ ਸਮਾਜਿਕ ਨਿਆਂ ਤੇ ਬਰਾਬਰ ਨੁਮਾਇੰਦਗੀ ਦੀ ਮੰਗ

# ਸੀਨੀਅਰ ਵਕੀਲ ਡਾ. ਕੇ.ਐੱਸ. ਚੌਹਾਨ ਵੱਲੋਂ SC-BA ਪ੍ਰਧਾਨਗੀ ਦੀ ਚੋਣ ਲੜਨ ਦਾ ਐਲਾਨ

### ਸਰਵਉੱਚ ਅਦਾਲਤ 'ਚ ਦੱਬੇ-ਕੁਚਲੇ ਤੇ ਪੱਛੜੇ ਵਰਗਾਂ ਦੀ ਭਾਗੀਦਾਰੀ ਵਧਾਉਣ ਦਾ ਸੱਦਾ; ਐਡਵੋਕੇਟ ਜੀਵਨ ਸਿੰਘ ਨੇ ਵਕੀਲ ਭਾਈਚਾਰੇ ਨੂੰ ਸਮਰਥਨ ਦੀ ਕੀਤੀ ਅਪੀਲ

ਨਵੀਂ ਦਿੱਲੀ : ਦੇਸ਼ ਦੀ ਸਰਵਉੱਚ ਨਿਆਂਪਾਲਿਕਾ ਵਿੱਚ ਅਨੁਸੂਚਿਤ ਜਾਤੀਆਂ (SC), ਅਨੁਸੂਚਿਤ ਜਨਜਾਤੀਆਂ (ST), ਪੱਛੜੀਆਂ ਸ਼੍ਰੇਣੀਆਂ (OBC) ਅਤੇ ਘੱਟ ਗਿਣਤੀ ਵਰਗਾਂ ਦੀ ਢੁਕਵੀਂ ਨੁਮਾਇੰਦਗੀ ਯਕੀਨੀ ਬਣਾਉਣ ਦੇ ਮਕਸਦ ਨਾਲ ਸੀਨੀਅਰ ਐਡਵੋਕੇਟ ਡਾ. ਕੇ.ਐੱਸ. ਚੌਹਾਨ (Dr. K.S. Chauhan) ਵੱਲੋਂ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (SCBA) ਦੇ ਪ੍ਰਧਾਨ ਦੇ ਅਹੁਦੇ ਲਈ ਚੋਣ ਲੜਨ ਦਾ ਫ਼ੈਸਲਾ ਕੀਤਾ ਗਿਆ ਹੈ।

ਸੁਪਰੀਮ ਕੋਰਟ ਦੇ ਵਕੀਲ ਐਡਵੋਕੇਟ ਜੀਵਨ ਸਿੰਘ ਨੇ ਇਸ ਪਹਿਲਕਦਮੀ ਨੂੰ ਲੋਕਤੰਤਰ ਅਤੇ ਨਿਆਂਪਾਲਿਕਾ ਦੇ ਇਤਿਹਾਸ ਵਿੱਚ ਇੱਕ ਵੱਡਾ ਕਦਮ ਦੱਸਦਿਆਂ ਵਕੀਲ ਭਾਈਚਾਰੇ ਨੂੰ ਡਾ. ਚੌਹਾਨ ਦੇ ਹੱਕ ਵਿੱਚ ਇੱਕਜੁੱਟ ਹੋਣ ਦੀ ਅਪੀਲ ਕੀਤੀ ਹੈ।

**ਉੱਚ ਨਿਆਂਪਾਲਿਕਾ ਵਿੱਚ ਨੁਮਾਇੰਦਗੀ ਦੀ ਘਾਟ ਦਾ ਮੁੱਦਾ:** ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਦੇਸ਼ ਦੀ 28 ਪ੍ਰਤੀਸ਼ਤ ਤੋਂ ਵੱਧ ਅਬਾਦੀ ਬਣਾਉਣ ਵਾਲੇ ਅਨੁਸੂਚਿਤ ਵਰਗਾਂ ਦੀ ਸਰਵਉੱਚ ਨਿਆਂਪਾਲਿਕਾ ਵਿੱਚ ਨੁਮਾਇੰਦਗੀ ਅਜੇ ਵੀ ਬਹੁਤ ਸੀਮਤ ਹੈ। ਆਜ਼ਾਦੀ ਦੇ ਲੰਬੇ ਇਤਿਹਾਸ ਦੌਰਾਨ ਸੁਪਰੀਮ ਕੋਰਟ ਵਿੱਚ ਇਹਨਾਂ ਵਰਗਾਂ ਵਿੱਚੋਂ ਬਹੁਤ ਘੱਟ ਸੀਨੀਅਰ ਵਕੀਲ ਅਤੇ ਜੱਜ ਸਾਹਮਣੇ ਆਏ ਹਨ।

**ਸੰਸਥਾਗਤ ਸੁਧਾਰਾਂ ਅਤੇ ਸਮਾਜਿਕ ਨਿਆਂ ਦੀ ਲੋੜ:** ਉੱਚ ਸੰਸਥਾਵਾਂ ਅਤੇ ਨਿਆਂ ਪ੍ਰਣਾਲੀ ਵਿੱਚ ਦੱਬੇ-ਕੁਚਲੇ ਅਤੇ ਸਾਧਾਰਨ ਪਿਛੋਕੜ ਵਾਲੇ ਕਾਨੂੰਨੀ ਮਾਹਿਰਾਂ ਨੂੰ ਬਣਦਾ ਸਥਾਨ ਦਿਵਾਉਣ ਲਈ ਪ੍ਰਭਾਵਸ਼ਾਲੀ ਗ਼ਲਬੇ ਵਾਲੇ ਢਾਂਚੇ ਵਿੱਚ ਬਰਾਬਰ ਮੌਕੇ ਪੈਦਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ।

**SCBA ਚੋਣਾਂ ਵਿੱਚ ਇਤਿਹਾਸਕ ਪਹਿਲਕਦਮੀ:** ਡਾ. ਕੇ.ਐੱਸ. ਚੌਹਾਨ ਸਮਾਜਿਕ ਤਬਦੀਲੀ, ਸੰਵਿਧਾਨਕ ਅਧਿਕਾਰਾਂ ਅਤੇ ਬਹੁਜਨ-ਪੱਛੜੇ ਵਰਗਾਂ ਦੀ ਨੁਮਾਇੰਦਗੀ ਦੀ ਆਵਾਜ਼ ਬੁਲੰਦ ਕਰਦਿਆਂ SCBA ਦੀ ਪ੍ਰਧਾਨਗੀ ਚੋਣ ਦੇ ਮੈਦਾਨ ਵਿੱਚ ਉੱਤਰੇ ਹਨ, ਜਿਸ ਨੂੰ ਕਾਨੂੰਨੀ ਹਲਕਿਆਂ ਵਿੱਚ ਇੱਕ ਅਹਿਮ ਪਹਿਲ ਵਜੋਂ ਦੇਖਿਆ ਜਾ ਰਿਹਾ ਹੈ।

**ਵਕੀਲ ਭਾਈਚਾਰੇ ਨੂੰ ਇਕਜੁੱਟ ਹੋਣ ਦਾ ਸੱਦਾ:** ਐਡਵੋਕੇਟ ਜੀਵਨ ਸਿੰਘ ਨੇ ਸੁਪਰੀਮ ਕੋਰਟ ਦੇ ਸਮੂਹ ਮੈਂਬਰਾਂ ਅਤੇ ਕਾਨੂੰਨੀ ਮਾਹਿਰਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਬਾਰ ਐਸੋਸੀਏਸ਼ਨ ਦੀਆਂ ਆਗਾਮੀ ਚੋਣਾਂ ਵਿੱਚ ਸਮਾਜਿਕ ਨਿਆਂ ਦੇ ਸੰਘਰਸ਼ ਨੂੰ ਮਜ਼ਬੂਤ ਕਰਨ ਲਈ ਡਾ. ਕੇ.ਐੱਸ. ਚੌਹਾਨ ਦੀ ਜਿੱਤ ਯਕੀਨੀ ਬਣਾਉਣ।



## 'ਟੀਮ 1699' ਦੇ ਮੰਚ ਤੋਂ ਸਰਦਾਰ ਜੀਵਨ ਸਿੰਘ ਦਾ ਨੌਜਵਾਨਾਂ ਨੂੰ ਸੱਦਾ

# 'ਸਾਡਾ ਸਾਂਝਾ ਮਿੱਤਰ ਕੌਣ ਹੈ ?' ਦੇ ਫ਼ਲਸਫ਼ੇ ਅਤੇ ਸੰਵਿਧਾਨਕ ਨਿਆਂ 'ਤੇ ਡੂੰਘਾ ਮੰਥਨ

### ਗੁਰੂ ਸਾਹਿਬਾਨ ਦੀ ਬਰਾਬਰੀ ਦੀ ਵਿਚਾਰਧਾਰਾ ਤੋਂ ਲੈ ਕੇ ਬਹੁਜਨ ਚਿੰਤਨ ਤੱਕ ਦੀ ਪੜਚੋਲ; ਉੱਚ ਨਿਆਂਪਾਲਿਕਾ ਤੇ ਮੀਡੀਆ 'ਚ ਨੁਮਾਇੰਦਗੀ ਦੀ ਘਾਟ 'ਤੇ ਪੇਸ਼ ਕੀਤੇ ਅਹਿਮ ਅੰਕੜੇ

ਲੁਧਿਆਣਾ (ਪੰਜਾਬ) : ਲੁਧਿਆਣਾ ਵਿਖੇ 'ਟੀਮ 1699' ਦੇ ਬੈਨਰ ਹੇਠ ਆਯੋਜਿਤ ਵਿਸ਼ੇਸ਼ ਵਿਚਾਰ-ਵਟਾਂਦਰਾ ਸੈਸ਼ਨ ਦੌਰਾਨ ਸਰਦਾਰ ਜੀਵਨ ਸਿੰਘ ਨੇ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਆਪਣੇ ਵਿਚਾਰਾਂ ਦਾ ਮੁੱਖ ਆਧਾਰ ਦਾਰਸ਼ਨਿਕ ਸਵਾਲ 'ਸਾਡਾ ਸਾਂਝਾ ਮਿੱਤਰ ਕੌਣ ਹੈ ?' ਨੂੰ ਬਣਾਉਂਦਿਆਂ ਪ੍ਰਾਚੀਨ ਭਾਰਤੀ ਇਤਿਹਾਸ, ਜਾਤੀ-ਵਿਵਸਥਾ ਦੇ ਸਮਾਜਿਕ ਪ੍ਰਭਾਵਾਂ, ਸਿੱਖ ਗੁਰੂ ਸਾਹਿਬਾਨ ਦੇ ਬਰਾਬਰੀ ਦੇ ਸਿਧਾਂਤ ਅਤੇ ਮੌਜੂਦਾ ਲੋਕਤੰਤਰੀ ਅਦਾਰਿਆਂ ਵਿੱਚ ਨੁਮਾਇੰਦਗੀ ਦੇ ਅਸੰਤੁਲਨ 'ਤੇ ਵਿਸਥਾਰਪੂਰਵਕ ਰੌਸ਼ਨੀ ਪਾਈ।

ਮੁੱਖ ਵਿਚਾਰ ਅਤੇ ਅਹਿਮ ਨੁਕਤੇ

**ਪ੍ਰਾਚੀਨ ਇਤਿਹਾਸ ਅਤੇ ਸਮਾਜਿਕ ਵੰਡਾਂ ਦੀ ਪੜਚੋਲ :** ਸਰਦਾਰ ਜੀਵਨ ਸਿੰਘ ਨੇ ਕਿਹਾ ਕਿ ਬੁੱਧ ਕਾਲ ਦੌਰਾਨ ਭਾਰਤ ਗਿਆਨ, ਤਰਕ ਅਤੇ ਖ਼ੁਸ਼ਹਾਲੀ ਦਾ ਕੇਂਦਰ ਸੀ, ਜਿਸ ਦਾ ਪ੍ਰਸਾਰ ਸਮਰਾਟ ਅਸ਼ੋਕ ਦੇ ਰਾਜ ਦੌਰਾਨ ਪੂਰੇ ਏਸ਼ੀਆ ਵਿੱਚ ਹੋਇਆ। ਬਾਅਦ ਦੇ ਦੌਰਾਂ ਵਿੱਚ ਵਰਣ




ਵਿਵਸਥਾ ਦੇ ਜਾਤੀ ਪ੍ਰਥਾ ਵਿੱਚ ਤਬਦੀਲ ਹੋਣ ਕਾਰਨ ਵੱਡੀ ਗਿਣਤੀ ਬਹੁਜਨ ਆਬਾਦੀ ਨੂੰ ਵਿੱਦਿਆ, ਹਥਿਆਰ ਰੱਖਣ ਅਤੇ ਆਰਥਿਕ ਸਰੋਤਾਂ ਦੇ ਮੌਲਿਕ ਅਧਿਕਾਰਾਂ ਤੋਂ ਲੰਮੇ ਸਮੇਂ ਤੱਕ ਵਾਂਝਾ ਰੱਖਿਆ ਗਿਆ।

**ਗੁਰੂ ਸਾਹਿਬਾਨ ਅਤੇ ਭਗਤਾਂ ਦਾ ਸਰਬਸਾਂਝਾ ਸੰਦੇਸ਼:** ਭਗਤ ਨਾਮਦੇਵ ਜੀ, ਭਗਤ ਕਬੀਰ ਜੀ ਅਤੇ ਗੁਰੂ ਰਵਿਦਾਸ ਜੀ ਦੇ 'ਬੇਗਮਪੁਰਾ' ਦੇ ਸੰਕਲਪ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਨੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦਾ ਉਪਦੇਸ਼ ਦੇ ਕੇ ਇੱਕ ਅਕਾਲ ਪੁਰਖ ਨੂੰ ਸਮੁੱਚੀ ਮਨੁੱਖਤਾ ਦਾ ਸਾਂਝਾ ਮਿੱਤਰ ਸਥਾਪਿਤ ਕੀਤਾ। ਸਾਲ 1699 ਵਿੱਚ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਜਾਤ-ਪਾਤ ਦੇ ਭੇਦਭਾਵ ਨੂੰ ਜੜ੍ਹੋਂ ਖ਼ਤਮ ਕੀਤਾ ਅਤੇ ਸਮਾਜਿਕ ਬਰਾਬਰੀ ਤੇ ਜ਼ੁਲਮ ਵਿਰੁੱਧ ਡਟਣ ਦਾ ਸਿਧਾਂਤ ਦਿੱਤਾ।

**ਆਧੁਨਿਕ ਚਿੰਤਕਾਂ ਦਾ ਨਜ਼ਰੀਆ :** ਪੇਰੀਆਰ ਈ.ਵੀ. ਰਾਮਾਸਾਮੀ ਅਤੇ ਮਾਨਯੋਗ ਕਾਂਸ਼ੀ ਰਾਮ ਦੇ ਫ਼ਲਸਫ਼ੇ ਦਾ ਹਵਾਲਾ ਦਿੰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਹਰ ਸ਼ਖ਼ਸ ਤੇ ਵਿਚਾਰ ਸਾਡਾ ਸਾਂਝਾ ਮਿੱਤਰ ਹੈ ਜੋ ਸਮਾਜਿਕ ਬਰਾਬਰੀ, ਮਨੁੱਖੀ ਗ਼ੈਰਤ ਅਤੇ ਹਾਸ਼ੀਆਗ੍ਰਸਤ ਵਰਗਾਂ ਦੇ ਹੱਕਾਂ ਲਈ ਆਵਾਜ਼ ਉਠਾਉਂਦਾ ਹੈ, ਜਦਕਿ ਨਾਬਰਾਬਰੀ ਅਤੇ ਜਾਤੀ ਵਿਤਕਰਾ ਸਮਾਜ ਦਾ ਸਾਂਝਾ ਦੁਸ਼ਮਣ ਹੈ।

**ਸੰਵਿਧਾਨਕ ਅਦਾਰਿਆਂ 'ਚ ਨੁਮਾਇੰਦਗੀ ਦਾ ਅਸੰਤੁਲਨ :** ਭਾਸ਼ਣ ਦੌਰਾਨ ਸੰਸਦੀ ਅਤੇ ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦਿਆਂ ਉੱਚ ਨਿਆਂਪਾਲਿਕਾ ਅਤੇ ਪ੍ਰਸ਼ਾਸਨਿਕ ਢਾਂਚੇ ਵਿੱਚ ਵੰਨ-ਸੁਵੰਨਤਾ ਦੀ ਘਾਟ 'ਤੇ ਚਿੰਤਾ ਪ੍ਰਗਟਾਈ ਗਈ।

ਉੱਚ ਨਿਆਂਪਾਲਿਕਾ (ਹਾਈ ਕੋਰਟਾਂ) ਵਿੱਚ ਨੁਮਾਇੰਦਗੀ ਦੀ ਸਥਿਤੀ

| **ਵਰਗ/ਸ਼੍ਰੇਣੀ** | **ਹਾਈ ਕੋਰਟਾਂ ਦੀਆਂ ਨਿਯੁਕਤੀਆਂ ਵਿੱਚ ਅੰਦਾਜ਼ਨ ਹਿੱਸੇਦਾਰੀ** |
|---|---|
| ਜਨਰਲ ਸ਼੍ਰੇਣੀ (General Category) | 77%-78% |
| ਹੋਰ ਪੱਛੜੀਆਂ ਸ਼੍ਰੇਣੀਆਂ (OBC) | 11%-14% |
| ਅਨੁਸੂਚਿਤ ਜਾਤੀਆਂ (SC) | 3%-5% |
| ਅਨੁਸੂਚਿਤ ਜਨਜਾਤੀਆਂ (ST) | 1%-2% |

ਇਸ ਤੋਂ ਇਲਾਵਾ ਮੀਡੀਆ ਹਾਊਸਾਂ ਦੀ ਸੀਨੀਅਰ ਲੀਡਰਸ਼ਿਪ ਅਤੇ ਕੇਂਦਰੀ ਸਕੱਤਰੇਤ ਦੇ ਉੱਚ ਪ੍ਰਸ਼ਾਸਨਿਕ ਅਹੁਦਿਆਂ ਵਿੱਚ ਵੀ ਦੱਬੇ-ਕੁਚਲੇ ਵਰਗਾਂ ਦੀ ਨੁਮਾਇੰਦਗੀ ਬੇਹੱਦ ਘੱਟ ਹੋਣ ਦਾ ਮੁੱਦਾ ਚੁੱਕਿਆ ਗਿਆ।

ਸਰਦਾਰ ਜੀਵਨ ਸਿੰਘ ਨੇ ਨੌਜਵਾਨਾਂ ਨੂੰ ਭਾਵੁਕ ਹੋਣ ਦੀ ਬਜਾਏ ਆਲੋਚਨਾਤਮਕ ਸੋਚ (Critical Thinking) ਅਪਣਾਉਣ, ਇਤਿਹਾਸ ਦੇ ਤੱਥਾਂ ਦਾ ਨਿਰਪੱਖ ਅਧਿਐਨ ਕਰਨ ਅਤੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਜਾਗਰੂਕ ਹੋਣ ਦਾ ਸੱਦਾ ਦਿੱਤਾ।

# ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ 'ਤੇ ਆਧਾਰਿਤ 'ਬੇਗਮਪੁਰਾ ਖ਼ਾਲਸਾ ਰਾਜ' ਹੀ ਭਾਰਤ ਨੂੰ ਬਣਾ ਸਕਦਾ ਹੈ ਵਿਸ਼ਵ ਮਹਾਸ਼ਕਤੀ: ਸਰਦਾਰ ਜੀਵਨ ਸਿੰਘ

### ਬਹੁਜਨ ਦ੍ਰਾਵਿੜ ਪਾਰਟੀ ਦੇ ਕੌਮੀ ਪ੍ਰਧਾਨ ਦਾ ਵੱਡਾ ਬਿਆਨ; ਜਾਤੀ ਵਿਤਕਰੇ ਅਤੇ ਅੱਤਿਆਚਾਰਾਂ ਦੇ ਖ਼ਾਤਮੇ ਲਈ ਗੁਰਬਾਣੀ ਆਧਾਰਿਤ ਸਮਾਜਿਕ ਨਿਆਂ ਪ੍ਰਣਾਲੀ ਦੀ ਕੀਤੀ ਵਕਾਲਤ

ਨਵੀਂ ਦਿੱਲੀ : ਬਹੁਜਨ ਦ੍ਰਾਵਿੜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਰਦਾਰ ਜੀਵਨ ਸਿੰਘ ਨੇ ਦੇਸ਼ ਦੇ ਸਮਕਾਲੀ ਸਮਾਜਿਕ ਅਤੇ ਸਿਆਸੀ ਹਾਲਾਤਾਂ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਭਾਰਤ ਨੂੰ ਵਿਸ਼ਵ ਪੱਧਰ 'ਤੇ ਮੋਹਰੀ ਅਤੇ ਨੈਤਿਕ ਤੌਰ 'ਤੇ ਸ਼ਕਤੀਸ਼ਾਲੀ ਮੁਲਕ ਬਣਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਸਮਾਜਿਕ ਵਿਵਸਥਾ ਲਾਗੂ ਕਰਨਾ ਲਾਜ਼ਮੀ ਹੈ।

ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਸਾਢੇ ਸੱਤ ਦਹਾਕਿਆਂ ਬਾਅਦ ਵੀ ਦੱਬੇ-ਕੁਚਲੇ ਅਤੇ ਹਾਸ਼ੀਆਗ੍ਰਸਤ ਵਰਗ ਜਾਤੀ ਅੱਤਿਆਚਾਰਾਂ, ਛੂਤ-ਛਾਤ ਅਤੇ ਅਸੁਰੱਖਿਆ ਦਾ ਸਾਹਮਣਾ ਕਰ ਰਹੇ ਹਨ। ਸਰਦਾਰ ਜੀਵਨ ਸਿੰਘ ਨੇ ਦਲੀਲ ਦਿੱਤੀ ਕਿ ਜੇਕਰ ਦੇਸ਼ ਵਿੱਚ ਗੁਰੂ ਰਵਿਦਾਸ ਜੀ ਦੇ ਆਦਰਸ਼ ਸਮਾਜ ਦੇ ਸੰਕਲਪ ਅਤੇ ਖ਼ਾਲਸਾਈ ਬਰਾਬਰੀ ਦੇ ਸਿਧਾਂਤਾਂ ਵਾਲਾ 'ਬੇਗਮਪੁਰਾ ਖ਼ਾਲਸਾ ਰਾਜ' ਸਥਾਪਿਤ ਹੋਵੇ, ਤਾਂ ਹੀ ਭਾਰਤ ਸਰਬ-ਪੱਖੀ ਵਿਕਾਸ ਹਾਸਲ ਕਰਕੇ ਵਿਸ਼ਵ ਮਹਾਸ਼ਕਤੀ ਬਣ ਸਕਦਾ ਹੈ।

ਮੁੱਖ ਵਿਚਾਰ ਅਤੇ ਅਹਿਮ ਨੁਕਤੇ

**ਮੌਜੂਦਾ ਸਮਾਜਿਕ ਵਿਵਸਥਾ 'ਤੇ ਸਵਾਲ:** ਸਰਦਾਰ ਜੀਵਨ ਸਿੰਘ ਨੇ ਆਜ਼ਾਦੀ ਤੋਂ ਬਾਅਦ ਦੀਆਂ ਨੀਤੀਆਂ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਪਿਛਲੇ 75 ਸਾਲਾਂ ਤੋਂ ਵੱਧ ਸਮੇਂ ਦੌਰਾਨ ਕਮਜ਼ੋਰ ਅਤੇ ਪੱਛੜੇ ਵਰਗਾਂ ਨੂੰ ਸੰਵਿਧਾਨਕ ਅਧਿਕਾਰਾਂ ਦੇ ਬਾਵਜੂਦ ਜ਼ਮੀਨੀ ਪੱਧਰ 'ਤੇ ਪੂਰਨ ਸੁਰੱਖਿਆ ਅਤੇ ਬਰਾਬਰੀ ਨਹੀਂ ਮਿਲ ਸਕੀ। ਉਨ੍ਹਾਂ ਦੋਸ਼ ਲਾਇਆ ਕਿ ਜਾਤੀਵਾਦੀ ਸ਼ੋਸ਼ਣ ਅਤੇ ਸਮਾਜਿਕ ਨਾਬਰਾਬਰੀ ਦੀਆਂ ਘਟਨਾਵਾਂ ਲਗਾਤਾਰ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ।

**'ਬੇਗਮਪੁਰਾ' ਦੇ ਸੰਕਲਪ ਦਾ ਵਿਸ਼ਲੇਸ਼ਣ:** ਗੁਰੂ ਰਵਿਦਾਸ ਜੀ ਦੀ ਬਾਣੀ ਦਾ ਹਵਾਲਾ ਦਿੰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ 'ਬੇਗਮਪੁਰਾ' ਅਜਿਹੇ ਕਲਿਆਣਕਾਰੀ ਸ਼ਾਸਨ ਮਾਡਲ ਦੀ ਤਸਵੀਰ ਪੇਸ਼ ਕਰਦਾ ਹੈ ਜਿੱਥੇ ਕੋਈ ਗ਼ਮ, ਦੁੱਖ, ਜਾਤੀ ਵਿਤਕਰਾ, ਨਾਜਾਇਜ਼ ਟੈਕਸਾਂ ਦਾ ਬੋਝ ਜਾਂ ਜ਼ੁਲਮ ਨਹੀਂ ਹੁੰਦਾ। ਇਹ ਸੰਕਲਪ ਆਧੁਨਿਕ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੀ ਅਸਲ ਬੁਨਿਆਦ ਹੈ।

**ਗੁਰਬਾਣੀ ਆਧਾਰਿਤ ਸ਼ਾਸਨ ਪ੍ਰਣਾਲੀ:** ਉਨ੍ਹਾਂ ਜ਼ੋਰ ਦਿੱਤਾ ਕਿ ਗੁਰੂ ਸਾਹਿਬਾਨ ਨੇ ਹਮੇਸ਼ਾ 'ਸਰਬੱਤ ਦੇ ਭਲੇ', ਮਨੁੱਖੀ ਮਾਣ-ਸਨਮਾਨ ਅਤੇ ਬੇਇਨਸਾਫ਼ੀ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਰਾਹ ਦਿਖਾਇਆ ਹੈ। ਜਦੋਂ ਤੱਕ ਸ਼ਾਸਨ ਅਤੇ ਨੀਤੀਆਂ ਵਿੱਚ ਸਮਾਜਿਕ ਨਿਆਂ ਨੂੰ ਕੇਂਦਰ ਵਿੱਚ ਨਹੀਂ ਰੱਖਿਆ ਜਾਂਦਾ, ਉਦੋਂ ਤੱਕ ਬਹੁਗਿਣਤੀ ਲੋਕਾਂ ਦੀ ਤਰੱਕੀ ਅਧੂਰੀ ਰਹੇਗੀ।

**ਸਮਾਜਿਕ ਬਰਾਬਰੀ ਰਾਹੀਂ ਮਹਾਸ਼ਕਤੀ ਦਾ ਮਾਰਗ :** ਸਰਦਾਰ ਜੀਵਨ ਸਿੰਘ ਅਨੁਸਾਰ ਸਮਾਜਿਕ ਵੰਡੀਆਂ ਨੂੰ ਖ਼ਤਮ ਕਰਕੇ ਹਰ ਨਾਗਰਿਕ ਨੂੰ ਬਰਾਬਰ ਮੌਕੇ, ਸਿੱਖਿਆ ਅਤੇ ਸਨਮਾਨ ਦੇਣਾ ਹੀ ਦੇਸ਼ ਨੂੰ ਆਰਥਿਕ, ਸਮਾਜਿਕ ਅਤੇ ਨੈਤਿਕ ਪੱਖੋਂ ਮਜ਼ਬੂਤ ਬਣਾਉਣ ਦਾ ਇਕੋ-ਇਕ ਕਾਰਗਰ ਰਸਤਾ ਹੈ।

**ਡਿਸਕਲੇਮਰ (Disclaimer):** ਇਹ ਰਿਪੋਰਟ ਬਹੁਜਨ ਦ੍ਰਾਵਿੜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਰਦਾਰ ਜੀਵਨ ਸਿੰਘ ਵੱਲੋਂ ਨਵੀਂ ਦਿੱਲੀ ਵਿਖੇ ਦਿੱਤੇ ਗਏ ਜਨਤਕ ਬਿਆਨਾਂ ਅਤੇ ਵਿਚਾਰਾਂ 'ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਅਤੇ ਸਮਾਜਿਕ-ਰਾਜਨੀਤਿਕ ਵਿਚਾਰ-ਵਟਾਂਦਰੇ ਲਈ ਇਹ ਸਮੱਗਰੀ ਪ੍ਰਕਾਸ਼ਿਤ ਕਰ ਰਿਹਾ ਹੈ।



# ਜ਼ਿਲ੍ਹਾ ਪੱਧਰੀ ਪੰਜਾਬ ਸਕੂਲ ਖੇਡਾਂ ਵਿੱਚ ਸਰ ਮਾਰਸ਼ਲ ਕਾਨਵੈਂਟ ਸਕੂਲ ਦੀ ਸ਼ਾਨਦਾਰ ਜਿੱਤ




ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਜ਼ਿਲ੍ਹਾ ਪੱਧਰ 'ਤੇ ਕਰਵਾਈਆਂ ਗਈਆਂ ਪੰਜਾਬ ਸਕੂਲ ਖੇਡਾਂ ਦੇ ਸ਼ਤਰੰਜ ਮੁਕਾਬਲਿਆਂ ਵਿੱਚ ਸਰ ਮਾਰਸ਼ਲ ਕਾਨਵੈਂਟ ਸਕੂਲ, ਨੈਨੋਵਾਲ ਵੈਦ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।

ਸ਼ਤਰੰਜ ਦੇ ਮੁਕਾਬਲੇ ਵਿੱਚ ਜੈਸਮੀਨ ਕੌਰ, ਮੰਨਤ, ਸਿਮਰਨਜੀਤ ਕੌਰ ਅਤੇ ਅਪਨੀਤ ਕੌਰ ਨੇ ਬੇਮਿਸਾਲ ਖੇਡ-ਪ੍ਰਤਿਭਾ, ਸੂਝ-ਬੂਝ ਅਤੇ ਆਤਮ-ਵਿਸ਼ਵਾਸ ਦਾ ਪ੍ਰਦਰਸ਼ਨ ਕਰਦਿਆਂ ਇਹ ਮਾਣਮੱਤੀ ਉਪਲਬਧੀ ਆਪਣੇ ਨਾਮ ਕੀਤੀ। ਵਿਦਿਆਰਥਣਾਂ ਦੀ ਇਸ ਜਿੱਤ ਨਾਲ ਸਕੂਲ ਵਿੱਚ ਖ਼ੁਸ਼ੀ ਦਾ ਮਾਹੌਲ ਬਣ ਗਿਆ।

ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰੀ ਰਾਜਿੰਦਰ ਸਿੰਘ ਮਾਰਸ਼ਲ ਅਤੇ ਪ੍ਰਿੰਸੀਪਲ ਸ. ਪਰਵਿੰਦਰ ਸਿੰਘ ਨੇ ਜੇਤੂ ਵਿਦਿਆਰਥਣਾਂ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ ਅਤੇ ਅਜਿਹੀਆਂ ਪ੍ਰਾਪਤੀਆਂ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਨੇ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਅਧਿਆਪਕਾਂ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਉੱਚੀਆਂ ਮੰਜ਼ਿਲਾਂ ਹਾਸਲ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਸਕੂਲ ਦੇ ਸਮੂਹ ਸਟਾਫ਼ ਵੱਲੋਂ ਵੀ ਜੇਤੂ ਵਿਦਿਆਰਥਣਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

ਇਸ ਮੌਕੇ 'ਤੇ ਵਾਈਸ ਪ੍ਰਿੰਸੀਪਲ ਸਰਬਜੀਤ ਕੌਰ ਸਮੇਤ ਅਧਿਆਪਕ ਮਨਦੀਪ ਸਿੰਘ, ਸੁਖਲਿੰਦਰ ਪਾਲ ਸਿੰਘ, ਸਿਮਰਪ੍ਰੀਤ, ਗੁਰਪ੍ਰੀਤ ਕੌਰ, ਰਾਜਦੀਪ ਸੈਣੀ, ਨਵਨੀਤ ਕੌਰ, ਸੰਦੀਪ ਕੌਰ, ਇੰਦਰਵੀਰ ਕੌਰ, ਕਿਰਨਦੀਪ ਕੌਰ, ਪਰਮਦੀਪ ਕੌਰ, ਬਬੀਤਾ, ਨੀਲਮਾ ਦੇਵੀ, ਦਲਜੀਤ ਕੌਰ, ਅਵਤਾਰ ਕੌਰ, ਮਨਪ੍ਰੀਤ ਕੌਰ, ਸਿਮਰਨ ਸੈਣੀ, ਸ਼ਿਵਾਨੀ, ਧਰਮਵੀਰ ਕੌਰ ਅਤੇ ਸਿਮਰਜੀਤ ਕੌਰ ਅਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਡੇਰਾ ਬਾਬਾ ਸਮਾਲ ਗਿਰ ਹਰਸੀ ਪਿੰਡ ਵਿਖੇ ਸੰਤ ਸੰਮੇਲਨ ਤੇ ਕੀਰਤਨ ਦਰਬਾਰ 30 ਨੂੰ : ਸੰਤ ਸੰਜੀਵ ਅਨੰਦ


ਸੰਤ ਸੰਮੇਲਨ ਸਬੰਧੀ ਜਾਣਕਾਰੀ ਦਿੰਦੇ ਸੰਤ ਸੰਜੀਵ ਅਨੰਦ ਤੇ ਹੋਰ।

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਡੇਰਾ ਬਾਬਾ ਸਮਾਲ ਗਿਰ ਹਰਸੀ ਪਿੰਡ ਦੇ ਗੱਦੀ ਨਸ਼ੀਨ ਸੰਤ ਬਾਬਾ ਸੰਜੀਵ ਅਨੰਦ ਜੀ ਮਹਾਰਾਜ ਦੀ ਅਗਵਾਈ ਵਿੱਚ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ 30 ਅਗਸਤ ਨੂੰ ਕਰਵਾਏ ਜਾ ਰਹੇ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸਮਾਲ ਗਿਰ ਸ਼ਿਵ ਮੰਦਿਰ ਹਰਸੀ ਪਿੰਡ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਵੈਸੇਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਸੰਤ ਸਮਾਜ ਦੇ ਸੰਤ ਮਹਾਂਪੁਰਸ਼ ਸ਼ਾਮਿਲ ਹੋਏ।

ਮੀਟਿੰਗ 'ਚ ਸ਼ਾਮਿਲ ਮਹਾਂ ਮੰਡਲੇਸ਼ਵਰ ਮਹੰਤ ਰਮੇਸ਼ ਦਾਸ ਸ਼ਾਸਤਰੀ ਜੀ ਮਹਾਰਾਜ, ਮਹਾ ਮੰਡਲੇਸ਼ਵਰ ਮਹੰਤ ਬੰਸੀ ਦਾਸ ਜੀ ਮਹਾਰਾਜ, ਮਹੰਤ ਰਾਜ ਗਿਰ ਜੀ ਕਮਾਹੀ ਦੇਵੀ ਵਾਲੇ, ਮਹੰਤ ਮੁਰਲੀਧਰ ਦਾਸ ਜੀ ਮਹਾਰਾਜ ਉੜਮੁੜ ਵਾਲੇ, ਮਹਾਂ ਮੰਡਲੇਸ਼ਵਰ ਮਹੰਤ ਵੈਸ਼ਨੋ ਮਾਂ ਦੇਵਾ ਜੀ, ਮਹੰਤ ਤੇਜਾ ਸਿੰਘ ਜੀ ਖੁੱਡਾ ਵਾਲੇ, ਸੰਤ ਜਸਪਾਲ ਸਿੰਘ ਜੀ ਉੱਡਰ ਵਾਲੇ ਅਤੇ ਮਹੰਤ ਨਰੇਸ਼ ਗਿਰੀ ਜੀ ਮਹਾਰਾਜ ਤੋਂ ਇਲਾਵਾ ਹੋਰ ਸੰਸਥਾਵਾਂ ਦੇ ਆਗੂਆਂ ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ। ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੰਤ ਬਾਬਾ ਸੰਜੀਵ ਅਨੰਦ ਜੀ ਮਹਾਰਾਜ ਨੇ ਕਿਹਾ ਕਿ 30 ਅਗਸਤ ਨੂੰ ਸੰਤ ਸੰਮੇਲਨ ਅਤੇ ਕੀਰਤਨ ਦਰਬਾਰ ਵਿੱਚ ਸਵੇਰੇ 11 ਵਜੇ ਰੱਖੇ ਗਏ ਰਮਾਇਣ ਦੇ ਪਾਠ ਦਾ ਭੋਗ ਪਾਇਆ ਜਾਵੇਗਾ ਅਤੇ 11-30 ਵਜੇ ਮਹੰਤਾਈ ਤੇ ਪਗੜੀ ਦੀ ਰਸਮ ਅਦਾ ਕੀਤੀ ਜਾਏਗੀ। ਉਨ੍ਹਾਂ ਕਿਹਾ ਕਿ ਦੁਪਹਿਰ 12 ਵਜੇ ਵੱਖ-ਵੱਖ ਕੀਰਤਨੀ ਮੰਡਲੀਆਂ ਆਪਣੇ ਕੀਰਤਨਾਂ ਰਾਹੀਂ ਗੁਰਬਾਣੀ ਦਾ ਜਾਪ ਕਰਦੇ ਹੋਏ ਸੰਗਤ ਨੂੰ ਪਰਮ ਪਿਤਾ ਪਰਮੇਸ਼ਵਰ ਦੇ ਚਰਨਾਂ ਨਾਲ ਜੁੜਨ ਲਈ ਪ੍ਰੇਰਨਾ ਦੇਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿੱਚੋਂ ਆਏ ਵੱਖ-ਵੱਖ ਸੰਸਥਾਵਾਂ ਦੇ ਸੰਤ ਮਹਾਪੁਰਸ਼ ਆਪਣੇ ਪ੍ਰਵਚਨਾਂ ਰਾਹੀਂ ਸਤਿਗੁਰੂ ਵੱਲੋਂ ਬਖਸ਼ੇ ਗਏ ਨਾਮ ਸਿਮਰਨ ਜਪਣ ਦੀ ਪ੍ਰੇਰਨਾ ਦੇਣਗੇ। ਸੰਤ ਸੰਜੀਵ ਅਨੰਦ ਜੀ ਨੇ ਕਿਹਾ ਕਿ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਵਿੱਚ ਸੰਗਤ ਦੀ ਸਹੂਲਤ ਲਈ ਔਰਤਾਂ ਅਤੇ ਮਰਦਾਂ ਦੇ ਬੈਠਣ ਲਈ ਵੱਖ ਵੱਖ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਨੂੰ ਕਿਸੇ ਵੀ ਪ੍ਰਕਾਰ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ ਦੇ ਲਈ ਡੇਰੇ ਦੇ ਵਲੰਟਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਸਮਾਰੋਹ ਚ ਸ਼ਾਮਿਲ ਹੋਣ ਵਾਲੇ ਸੰਤ ਮਹਾਂਪੁਰਸ਼ਾਂ ਅਤੇ ਵਿਸ਼ੇਸ਼ ਮਹਿਮਾਨਾਂ ਦੇ ਬੈਠਣ ਲਈ ਵੱਖਰੇ ਵੱਖਰੇ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਸਮਾਰੋਹ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਾਰਾ ਦਿਨ ਗੁਰੂ ਦਾ ਅਟੁੱਟ ਲੰਗਰ ਚਲਦਾ ਰਹੇਗਾ।

# ਸਰਕਾਰੀ ਕਾਲਜ ਟਾਂਡਾ ਵਿਖੇ ਕਾਲਜ ਦੇ 'ਪਲੇਸਮੈਂਟ ਸੈੱਲ' ਵਲੋਂ ਸਵੈ ਰੁਜ਼ਗਾਰ ਕੈਂਪ ਦਾ ਆਯੋਜਨ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਰਕਾਰੀ ਕਾਲਜ ਟਾਂਡਾ ਵਿਖੇ ਪ੍ਰਿੰਸੀਪਲ ਡਾ ਸ਼ਸ਼ੀ ਬਾਲਾ ਜੀ ਦੀ ਯੋਗ ਅਗਵਾਈ ਅਧੀਨ ਕਾਲਜ ਦੇ ਪਲੇਸਮੈਂਟ ਸੈੱਲ ਵਲੋਂ ਕਾਲਜ ਵਿਦਿਆਰਥੀਆਂ ਲਈ ਸਵੈ ਰੁਜ਼ਗਾਰ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਆਯੋਜਨ ਪਲੇਸਮੈਂਟ ਸੈੱਲ ਦੇ ਇੰਚਾਰਜ ਪ੍ਰੋ ਵਿਜੈਪਾਲ ਸਿੰਘ ਵਲੋਂ ਕੀਤਾ ਗਿਆ। ਇਸ ਮੌਕੇ ਮੰਚ ਸੰਚਾਲਨ ਪ੍ਰੋਫੈਸਰ ਗੁਰਦੇਵ ਸਿੰਘ ਵਲੋਂ ਕੀਤਾ ਗਿਆ। ਪ੍ਰਿੰਸੀਪਲ ਡਾ ਸ਼ਸ਼ੀ ਬਾਲਾ ਵਲੋਂ ਆਏ ਹੋਏ ਵੱਖ ਵੱਖ ਕੰਪਨੀਆਂ ਦੇ ਨੁੰਮਾਇੰਦਿਆਂ ਦਾ ਸਵਾਗਤ ਅਤੇ ਧੰਨਵਾਦ ਕੀਤਾ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਸ ਸਵੈ ਰੁਜ਼ਗਾਰ ਕੈਂਪ ਰਾਹੀਂ ਆਤਮ ਨਿਰਭਰ ਹੋਣ ਦੇ ਉਪਰਾਲੇ ਲਈ ਉਤਸ਼ਾਹਿਤ ਕੀਤਾ। ਇਹ ਰੁਜ਼ਗਾਰ ਕੈਂਪ ਆਈ ਸੀ ਆਈ ਬੈਂਕ, ਆਈ ਡੀ ਬੀ ਆਈ ਬੈਂਕ, ਹੁਸ਼ਿਆਰਪੁਰ ਆਟੋ ਮੋਬਾਇਲ, ਬਲੀਂਕਟ, ਰਿਲਾਇੰਸ, ਜੀਓ, ਐੱਸ ਬੀ ਆਈ ਕਰੈਡਿਟ ਕਾਰਡ, ਸੇਲਸ ਐਕਸਕਿਊਟਿਵ, ਸੇਲਸ ਐਂਡ ਐਡਵਾਇਜ਼ਰ, ਐੱਸ ਆਰ ਐਮ ਆਦਿ ਕੰਪਨੀਆਂ ਹੁਸ਼ਿਆਰਪੁਰ ਅਤੇ ਜਲੰਧਰ ਤੋਂ ਮੈਨ ਦਫਤਰ ਰੁਜ਼ਗਾਰ ਆਫਿਸ ,ਹੁਸ਼ਿਆਰਪੁਰ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਰੁਜ਼ਗਾਰ ਕੈਂਪ ਲਈ ਕਾਲਜ ਤੋਂ ਬੀ ਏ, ਬੀ ਐਸ ਸੀ, ਬੀ ਕਾਮ, ਐੱਮ ਏ, ਪੀ ਜੀ ਡੀ ਸੀ ਏ, ਬੀ ਸੀ ਏ ਪਾਸ ਕਰ ਕੇ ਗਏ ਵਿਦਿਆਰਥੀਆਂ ਨੇ ਅਤੇ ਕਾਲਜ ਦੇ ਹਰ ਕਲਾਸ ਦੇ ਫਾਇਨਲ ਦੇ ਵਿਦਿਆਰਥੀਆਂ ਨੇ ਆਪਣੀ ਯੋਗਤਾ ਦੇ ਆਧਾਰ ਤੇ ਰੁਜ਼ਗਾਰ ਲਈ ਆਪਣੀ ਇੰਟਰਵਿਊ ਦਿੱਤੀ। ਇਹਨਾਂ ਕੰਪਨੀਆਂ ਨੇ ਵਿਦਿਆਰਥੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਬਣਦੀ ਯੋਗਤਾ ਅਨੁਸਾਰ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇਗਾ। ਇਸ ਮੌਕੇ ਕਾਲਜ ਦੇ ਪ੍ਰੋ ਰੁਬਿਨ, ਪ੍ਰੋ ਜਗਜੀਤ ਸਿੰਘ, ਪ੍ਰੋ ਮਨਮੋਹਨ ਸਿੰਘ, ਪ੍ਰੋ ਹਰਮੇਸ਼ ਸਿੰਘ, ਪ੍ਰੋ ਵਿਨੇ ਕੁਮਾਰ, ਪ੍ਰੋ ਸ਼ੈਫਾਲੀ ਵਾਲੀਆ, ਡਾ ਕੁਲਵਿੰਦਰ ਕੌਰ ,ਪ੍ਰੋ ਪ੍ਰੀਆ ਤੋਂ ਇਲਾਵਾ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

# ਗਰੀਬ ਬੇਸਹਾਰਾ ਹੋਣਹਾਰ ਵਿਦਿਆਰਥੀਆਂ ਦੀ ਹਰ ਸੰਸਥਾ ਨੂੰ ਸਹਾਇਤਾ ਜਰੂਰ ਕਰਨੀ ਚਾਹੀਦੀ ਹੈ : ਰਸ਼ਪਾਲ ਚਰੜ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਗਰੀਬ ਬੇਸਹਾਰਾ ਪੜ੍ਹਾਈ ਵਿੱਚ ਮੱਲਾਂ ਮਾਰਨ ਵਾਲੇ ਮਾਲੀ ਹਾਲਾਤਾਂ ਤੋਂ ਪਿਛੜੇ ਹੋਣਹਾਰ ਵਿਦਿਆਰਥੀਆਂ ਨੂੰ ਹਰ ਪੱਖੋਂ ਸਹਾਇਤਾ ਮੁਹੱਈਆ ਕਰਵਾ ਰਹੀ ਲੋਕ ਸੇਵਾ ਵੈਲਫੇਅਰ ਸੋਸਾਇਟੀ ਵਲੋਂ ਸਰਕਾਰੀ ਸਕੂਲ ਦੇ ਗਰੀਬ ਹੋਣਹਾਰ ਵਿਦਿਆਰਥੀਆਂ ਨੂੰ ਪੜ੍ਹਾਈ ਸਮਗਰੀ ਦੇਣ ਸੰਬੰਧੀ ਏਕਮ ਸਰਵਮ ਸਾਰਥੀ ਦੇ ਫਾਉਂਡਰ ਅਮਿਤ ਸਰੀਨ ਅਤੇ ਅਮਨਦੀਪ ਕੌਰ ਵੱਲੋਂ ਸਕੂਲ ਵਿਖੇ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸੋਸਾਇਟੀ ਦੇ ਸਰਪ੍ਰਸਤ ਰਸ਼ਪਾਲ ਸਿੰਘ ਚਰੜ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਤੇ ਉਨ੍ਹਾਂ ਨਾਲ ਸੁਰਜੀਤ ਸਿੰਘ, ਮਨਿੰਦਰ ਪਾਲ ਸਿੰਘ, ਬਾਬੂ ਕੰਗ, ਰਵਿੰਦਰ ਸਿੰਘ, ਸਵਰਨ ਸਿੰਘ ਅਤੇ ਕੇਵਲ ਸਿੰਘ ਹਾਜ਼ਰ ਸਨ।

ਸਮਾਰੋਹ ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਰਪ੍ਰਸਤ ਰਸ਼ਪਾਲ ਸਿੰਘ ਚਰੜ ਨੇ ਕਿਹਾ ਕਿ ਸਾਡੀ ਸੋਸਾਇਟੀ ਗਰੀਬ ਬੇਸਹਾਰਾ ਅਤੇ ਮਿਹਨਤ ਕਰਕੇ ਪੜ੍ਹਾਈ ਵਿੱਚ ਚੰਗੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਪੜ੍ਹਾਈ ਦੀ ਸਮਗਰੀ ਤੋਂ ਇਲਾਵਾ ਹਰ ਪ੍ਰਕਾਰ ਦੀ ਸਹਾਇਤਾ ਮੁਹੱਈਆ ਕਰਵਾ ਰਹੀ ਹੈ ਤਾਂ ਜੋ ਉਨ੍ਹਾਂ ਦਾ ਭਵਿੱਖ ਉਜਵਲ ਬਣ ਸਕੇ। ਉਨ੍ਹਾਂ ਕਿਹਾ ਕਿ ਸਾਡੀ ਸੋਸਾਇਟੀ ਦੇ ਮੈਂਬਰ ਸਰਕਾਰੀ ਗੈਰ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਕਰ ਰਹੇ ਮਿਹਨਤੀ ਗਰੀਬ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਜਾਣਕਾਰੀ ਹਾਸਿਲ ਕਰਕੇ ਉਨ੍ਹਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨ ਦੇ ਹਰ ਸੰਭਵ ਯਤਨ ਕਰਦੇ ਹੈ। ਰਸ਼ਪਾਲ ਚਰੜ ਨੇ ਕਿਹਾ ਕਿ ਹਰ ਵਿਦਿਆਰਥੀ ਨੂੰ ਆਪਣੀ ਪੜ੍ਹਾਈ ਪੂਰੀ ਮਿਹਨਤ ਅਤੇ ਲਗਨ ਨਾਲ ਕਰਨੀ ਚਾਹੀਦੀ ਹੈ ਤਾਂ ਜੋ ਚੰਗੀਆਂ ਪੁਜੀਸ਼ਨਾਂ ਹਾਸਲ ਕਰਕੇ ਉਹ ਆਪਣੇ ਭਵਿੱਖ ਨੂੰ ਉਜਵਲ ਬਣਾ ਸਕਣ। ਉਨ੍ਹਾਂ ਕਿਹਾ ਕਿ ਹਰ ਵਿਦਿਆਰਥੀ ਨੂੰ ਨਸ਼ਿਆਂ ਜਿਹੀਆਂ ਮਾੜੀਆਂ ਅਲਾਮਤਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਬੁਰੀ ਸੰਗਤ ਵਿੱਚ ਨਹੀਂ ਬੈਠਣਾ ਚਾਹੀਦਾ ਇਸ ਨਾਲ ਜਿੱਥੇ ਉਸਦਾ ਭਵਿੱਖ ਧੁੰਦਲਾ ਹੋ ਸਕਦਾ ਹੈ ਉੱਥੇ ਉਸਦੇ ਪਰਿਵਾਰ ਨੂੰ ਕਈ ਪ੍ਰਕਾਰ ਦੀਆਂ ਮਾਨਸਿਕ ਪਰੇਸ਼ਾਨੀਆਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਅਜੋਕੇ ਯੁੱਗ ਵਿੱਚ ਜਿਹੜੇ ਵਿਦਿਆਰਥੀ ਸਮੇਂ ਦੀ ਨਜ਼ਾਕਤ ਨੂੰ ਵੇਖਦੇ ਹੋਏ ਆਪਣੀ ਪੜ੍ਹਾਈ ਵਲ ਪੂਰਾ ਪੂਰਾ ਧਿਆਨ ਦਿੰਦੇ ਹਨ ਉਹ ਵਿਦਿਆਰਥੀ ਹਮੇਸ਼ਾ ਆਪਣੀ ਮੰਜ਼ਿਲ ਨੂੰ ਹਾਸਲ ਕਰ ਲੈਂਦੇ ਹਨ। ਰਸ਼ਪਾਲ ਚਰੜ ਨੇ ਕਿਹਾ ਕਿ ਸਾਡੀ ਸੋਸਾਇਟੀ ਵੱਲੋਂ ਪੜ੍ਹਾਈ ਕਰਨ ਤੋਂ ਇਲਾਵਾ ਖੇਡਾਂ ਵਿੱਚ ਹਿੱਸਾ ਲੈ ਰਹੇ ਗਰੀਬ ਅਤੇ ਮਾਲੀ ਹਾਲਾਤਾਂ ਤੋਂ ਪਿਛੜੇ ਖਿਡਾਰੀਆਂ ਨੂੰ ਉਨ੍ਹਾਂ ਦੀਆਂ ਮਨਪਸੰਦ ਖੇਡਾਂ ਵਿੱਚ ਵਰਤੋਂ ਆਉਣ ਵਾਲੀ ਸਮਗਰੀ ਮੁਹੱਈਆ ਕਰਵਾਈ ਜਾ ਰਹੀ ਹੈ ਤਾਂ ਜੋ ਇਹ ਹੋਣਹਾਰ ਖਿਡਾਰੀ ਰਾਸ਼ਟਰੀ ਅੰਤਰਰਾਸ਼ਟਰੀ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹੋਏ ਤਮਗੇ ਜਿੱਤ ਕੇ ਆਪਣੇ ਮਾਤਾ-ਪਿਤਾ ਅਤੇ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ। ਉਨ੍ਹਾਂ ਕਿਹਾ ਕਿ ਇਹ ਸਭ ਸੋਸਾਇਟੀ ਦੇ ਸਮੂਹ ਮੈਂਬਰਾਂ ਅਤੇ ਲੋਕਾਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਹਰ ਸਮਾਜਿਕ ਅਤੇ ਧਾਰਮਿਕ ਸੰਸਥਾ ਨੂੰ ਪੁਰਜ਼ੋਰ ਅਪੀਲ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਹਰ ਹੋਣਹਾਰ ਵਿਦਿਆਰਥੀ ਦੀ ਸਹਾਇਤਾ ਕਰਨ ਦੇ ਹਰ ਸੰਭਵ ਯਤਨ ਜ਼ਰੂਰ ਕਰਨੇ ਚਾਹੀਦੇ ਹਨ। ਇਸ ਮੌਕੇ ਤੇ ਰਸ਼ਪਾਲ ਸਿੰਘ ਚਰੜ ਅਤੇ ਸਮੂਹ ਸੋਸਾਇਟੀ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਸਮਗਰੀ ਦੇ ਕੇ ਹਮੇਸ਼ਾ ਕਾਮਯਾਬੀ ਹਾਸਲ ਕਰਨ ਦਾ ਆਸ਼ੀਰਵਾਦ ਦਿੱਤਾ।



### ਜਬਰੀ ਲਾਪਤਾ ਕੀਤੇ ਜਾਣ ਦੇ ਪੀੜਤਾਂ ਦਾ ਕੌਮਾਂਤਰੀ ਦਿਵਸ (30 ਅਗਸਤ)

# ਸੱਚ ਅਤੇ ਇਨਸਾਫ਼ ਦੇ ਅਲੰਬਰਦਾਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਸ਼ਹਾਦਤ ਨੂੰ ਨਮਨ

## ਸੰਯੁਕਤ ਰਾਸ਼ਟਰ ਵੱਲੋਂ ਗੁਪਤ ਹਿਰਾਸਤਾਂ ਵਿਰੁੱਧ ਜਵਾਬਦੇਹੀ ਦਾ ਸੱਦਾ; ਪੰਜਾਬ ’ਚ ਹਜ਼ਾਰਾਂ ਲਾਵਾਰਿਸ ਸਸਕਾਰਾਂ ਦਾ ਪਰਦਾਫਾਸ਼ ਕਰਨ ਵਾਲੇ ਖਾਲੜਾ ਦੇ ਸੰਘਰਸ਼ ਤੇ ਬਾਇਓਪਿਕ ਵਿਵਾਦ ’ਤੇ ਵਿਸ਼ੇਸ਼ ਪੜਚੋਲ

**ਵਿਸ਼ੇਸ਼ ਲੇਖ (ਡਾ. ਗੁਰਿੰਦਰ ਸਿੰਘ ਗਰੇਵਾਲ)**

ਸੰਯੁਕਤ ਰਾਸ਼ਟਰ (UN) ਵੱਲੋਂ ਹਰ ਸਾਲ 30 ਅਗਸਤ ਨੂੰ ‘ਜਬਰੀ ਲਾਪਤਾ ਕੀਤੇ ਜਾਣ ਦੇ ਪੀੜਤਾਂ ਦਾ ਕੌਮਾਂਤਰੀ ਦਿਵਸ’ (International Day of the Victims of Enforced Disappearances) ਵਜੋਂ ਮਨਾਇਆ ਜਾਂਦਾ ਹੈ। ਇਹ ਦਿਹਾੜਾ ਵਿਸ਼ਵ ਭਰ ਵਿੱਚ ਰਾਜਕੀ ਤੰਤਰ ਜਾਂ ਸੁਰੱਖਿਆ ਏਜੰਸੀਆਂ ਵੱਲੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਅਗਵਾ ਕੀਤੇ ਗਏ, ਗੁਪਤ ਹਿਰਾਸਤਾਂ ਵਿੱਚ ਰੱਖੇ ਗਏ ਅਤੇ ਨਿਆਂਇਕ ਪ੍ਰਕਿਰਿਆ ਤੋਂ ਬਿਨਾਂ ਮਾਰੇ ਗਏ ਲੱਖਾਂ ਬੇਕਸੂਰਾਂ ਦੀ ਯਾਦ ਅਤੇ ਉਹਨਾਂ ਦੇ ਪੀੜਤ ਪਰਿਵਾਰਾਂ ਦੇ ਅਣਮੁੱਕ ਦਰਦ ਨੂੰ ਸਮਰਪਿਤ ਹੈ।

ਸੰਯੁਕਤ ਰਾਸ਼ਟਰ ਦਾ ਸਪੱਸ਼ਟ ਮੰਨਣਾ ਹੈ ਕਿ ਰਾਸ਼ਟਰੀ ਸੁਰੱਖਿਆ ਜਾਂ ਕਿਸੇ ਵੀ ਹੋਰ ਕਾਨੂੰਨ ਦੇ ਨਾਂ ਹੇਠ ਨਾਗਰਿਕਾਂ ਨੂੰ ਗੁਪਤ ਹਿਰਾਸਤਾਂ ਵਿੱਚ ਰੱਖਣਾ, ਤਸ਼ੱਦਦ ਕਰਨਾ ਜਾਂ ਲਾਪਤਾ ਕਰਨਾ ਮਨੁੱਖਤਾ ਵਿਰੁੱਧ ਅਪਰਾਧ ਹੈ। ਹਰ ਪੀੜਤ ਪਰਿਵਾਰ ਕੋਲ ਸੱਚਾਈ ਜਾਣਨ, ਕਾਨੂੰਨੀ ਇਨਸਾਫ਼ ਲੈਣ ਅਤੇ ਦੋਸ਼ੀਆਂ ਦੀ ਜਵਾਬਦੇਹੀ ਤੈਅ ਕਰਵਾਉਣ ਦਾ ਮੌਲਿਕ ਸੰਵਿਧਾਨਕ ਹੱਕ ਹੈ।

**ਮੁੱਖ ਵੇਰਵੇ ਅਤੇ ਇਤਿਹਾਸਕ ਪਹਿਲੂ**

**ਜਸਵੰਤ ਸਿੰਘ ਖਾਲੜਾ ਵੱਲੋਂ ਗੁਪਤ ਸਸਕਾਰਾਂ ਦਾ ਪਰਦਾਫਾਸ਼:** ਸਿੱਖ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਨੇ ਪੰਜਾਬ ਵਿੱਚ ਸੰਘਰਸ਼ ਦੇ ਦੌਰ ਦੌਰਾਨ ਮਿਊਂਸਪਲ ਕਮੇਟੀ ਦੇ ਸ਼ਮਸ਼ਾਨਘਾਟਾਂ ਦੇ ਸਰਕਾਰੀ ਰਿਕਾਰਡਾਂ ਦੀ ਬਾਰੀਕੀ ਨਾਲ ਪੜਤਾਲ ਕੀਤੀ। ਉਨ੍ਹਾਂ ਨੇ ਸਬੂਤਾਂ ਸਮੇਤ ਦੁਨੀਆ ਸਾਹਮਣੇ ਇਹ ਤੱਥ ਰੱਖਿਆ ਕਿ ਪੁਲਿਸ ਨੇ ਹਜ਼ਾਰਾਂ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰ ਕੇ ‘ਲਾਵਾਰਿਸ’ ਕਰਾਰ ਦਿੰਦਿਆਂ ਗੁਪਤ ਤਰੀਕੇ ਨਾਲ ਸਾੜ ਦਿੱਤਾ ਸੀ। ਬਾਅਦ ਵਿੱਚ ਸੀ.ਬੀ.ਆਈ. (CBI) ਵੱਲੋਂ ਸੁਪਰੀਮ ਕੋਰਟ ਦੇ ਹੁਕਮਾਂ ’ਤੇ ਕੀਤੀ ਜਾਂਚ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਸਿਰਫ਼ 3 ਸ਼ਮਸ਼ਾਨਘਾਟਾਂ (ਦੁਰਗਿਆਣਾ ਮੰਦਰ, ਪੱਟੀ ਅਤੇ ਤਰਨ ਤਾਰਨ) ਵਿੱਚ ਹੀ 2,097 ਗ਼ੈਰ-ਕਾਨੂੰਨੀ ਸਸਕਾਰਾਂ ਦੀ ਅਧਿਕਾਰਕ ਪੁਸ਼ਟੀ ਕੀਤੀ ਗਈ ਸੀ।

**ਧਮਕੀਆਂ ਅੱਗੇ ਅਡੋਲਤਾ ਅਤੇ ਲਾਸਾਨੀ ਸ਼ਹਾਦਤ:** ਖਾਲੜਾ ਨੂੰ ਕੌਮਾਂਤਰੀ ਪੱਧਰ ’ਤੇ ਆਵਾਜ਼ ਉਠਾਉਣ ਤੋਂ ਰੋਕਣ ਲਈ ਲਗਾਤਾਰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ, ਪਰ ਉਨ੍ਹਾਂ ਨੇ ਪਿੱਛੇ ਹਟਣ ਤੋਂ ਇਨਕਾਰ ਕਰ ਦਿੱਤਾ। 6 ਸਤੰਬਰ 1995 ਨੂੰ ਪੰਜਾਬ ਪੁਲਿਸ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਸਥਿਤ ਘਰ ਦੇ ਬਾਹਰੋਂ ਅਗਵਾ ਕਰ ਲਿਆ ਅਤੇ ਅਣਮਨੁੱਖੀ ਤਸ਼ੱਦਦ ਢਾਹੁਣ ਉਪਰੰਤ ਹਿਰਾਸਤ ਵਿੱਚ ਹੀ ਕਤਲ ਕਰ ਦਿੱਤਾ। ਉਨ੍ਹਾਂ ਦੀ ਧਰਮਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਦੀ ਲੰਮੀ ਅਤੇ ਅਣਥੱਕ ਕਾਨੂੰਨੀ ਲੜਾਈ ਦੇ ਸਿੱਟੇ ਵਜੋਂ ਦੇਸ਼ ਦੀ ਸਰਵਉੱਚ ਅਦਾਲਤ ਨੇ 6 ਪੁਲਿਸ ਅਧਿਕਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

**ਜੀਵਨ ’ਤੇ ਆਧਾਰਿਤ ਬਾਇਓਪਿਕ ਅਤੇ ਸੈਂਸਰਸ਼ਿਪ ਵਿਵਾਦ:** ਜਸਵੰਤ ਸਿੰਘ ਖਾਲੜਾ ਦੇ ਸੰਘਰਸ਼ ’ਤੇ ਆਧਾਰਿਤ ਅਤੇ ਦਿਲਜੀਤ ਦੋਸਾਂਝ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ (ਜੋ ਪਹਿਲਾਂ ‘ਪੰਜਾਬ 95’ ਅਤੇ ਬਾਅਦ ਵਿੱਚ ‘ਸਤਲੁਜ’ ਵਜੋਂ ਚਰਚਾ ਵਿੱਚ ਰਹੀ) ਲੰਮੇ ਸੈਂਸਰਸ਼ਿਪ ਵਿਵਾਦਾਂ ਵਿੱਚ ਘਿਰੀ ਰਹੀ। ਇਹ ਫ਼ ?ਲਮ 3 ਜੁਲਾਈ 2026 ਨੂੰ ਓ.ਟੀ.ਟੀ. ਪਲੇਟਫਾਰਮ ZEEE ’ਤੇ ਰਿਲੀਜ਼ ਹੋਈ, ਪਰ ਕਥਿਤ ਤੌਰ ’ਤੇ ਰਾਸ਼ਟਰੀ ਸੁਰੱਖਿਆ ਅਤੇ ਸੰਵੇਦਨਸ਼ੀਲਤਾ ਦੇ ਹਵਾਲੇ ਨਾਲ 48 ਘੰਟਿਆਂ ਦੇ ਅੰਦਰ ਹੀ ਹਟਾ ਦਿੱਤੀ ਗਈ। ਇਸ ਕਾਰਵਾਈ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਇਤਿਹਾਸਕ ਸੱਚਾਈ ਨੂੰ ਦਬਾਉਣ ਦੇ ਮੁੱਦੇ ’ਤੇ ਵਿਸ਼ਵ ਪੱਧਰ ’ਤੇ ਨਵੀਂ ਬਹਿਸ ਛੇੜ ਦਿੱਤੀ।

**ਇਨਸਾਫ਼, ਸੱਚਾਈ ਅਤੇ ਜਵਾਬਦੇਹੀ ਦੀ ਲੜਾਈ:** 30 ਅਗਸਤ ਦਾ ਦਿਹਾੜਾ ਵਿਸ਼ਵ ਭਰ ਦੇ ਲੋਕਤੰਤਰਾਂ ਲਈ ਇੱਕ ਚੇਤਾਵਨੀ ਹੈ ਕਿ ਸਟੇਟ ਵੱਲੋਂ ਜਬਰੀ ਲਾਪਤਾ ਕੀਤੇ ਗਏ ਹਜ਼ਾਰਾਂ ਬੇਕਸੂਰਾਂ ਦੇ ਦਰਦ ਨੂੰ ਭੁਲਾਇਆ ਨਹੀਂ ਜਾ ਸਕਦਾ। ਜਸਵੰਤ ਸਿੰਘ ਖਾਲੜਾ ਵਰਗੇ ਨਾਇਕਾਂ ਦੀ ਲਾਸਾਨੀ ਕੁਰਬਾਨੀ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹਮੇਸ਼ਾ ਚਾਨਣ-ਮੁਨਾਰਾ ਬਣੀ ਰਹੇਗੀ।




ਇਹ ਲੇਖ ਸੰਯੁਕਤ ਰਾਸ਼ਟਰ (UN) ਦੇ ਦਸਤਾਵੇਜ਼ਾਂ, ਸੁਪਰੀਮ ਕੋਰਟ ਆਫ਼ ਇੰਡੀਆ ਦੇ ਫੈਸਲਿਆਂ, ਸੀ.ਬੀ.ਆਈ. ਦੀਆਂ ਜਾਂਚ ਰਿਪੋਰਟਾਂ ਅਤੇ ਇਤਿਹਾਸਕ ਮਨੁੱਖੀ ਅਧਿਕਾਰ ਰਿਕਾਰਡਾਂ ’ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ, ਇਤਿਹਾਸਕ ਅਧਿਐਨ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਲਈ ਇਹ ਵਿਸ਼ੇਸ਼ ਸਮੱਗਰੀ ਪ੍ਰਕਾਸ਼ਿਤ ਕਰ ਰਿਹਾ ਹੈ।

# ਭਗਵੰਤ ਮਾਨ ਵੱਲੋਂ ਮੀਟਿੰਗ ਰੱਦ ਕਰਨ ਮਗਰੋਂ ਮੁਲਾਜ਼ਮਾਂ ਦਾ ਪ੍ਰਦਰਸ਼ਨ ਹੰਗਾਮੇ ਵਿੱਚ ਬਦਲਿਆ

## ਮੁੱਖ ਮੰਤਰੀ ਵੱਲੋਂ ਗੱਲਬਾਤ ਤੋਂ ਪਹਿਲਾਂ ਹੜਤਾਲ ਵਾਪਸ ਲੈਣ ਦੀ ਸ਼ਰਤ ਰੱਖਣ ਤੋਂ ਬਾਅਦ ਵਧਿਆ ਤਣਾਅ; ਡੀਸੀ ਦਫ਼ਤਰ ਬਾਹਰ ਪੁਲਿਸ ਨਾਲ ਝੜਪ ਅਤੇ ਬੈਰੀਕੇਡ ਤੋੜ ਕੇ ਰੋਸ ਮਾਰਚ





ਜਲੰਧਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪ੍ਰਦਰਸ਼ਨ ਕਰ ਰਹੇ ਸਰਕਾਰੀ ਮੁਲਾਜ਼ਮਾਂ ਵਿਚਕਾਰ ਵੀਰਵਾਰ ਨੂੰ ਜਲੰਧਰ ਵਿੱਚ ਹੋਣ ਵਾਲੀ ਤੈਅਸ਼ੁਦਾ ਮੀਟਿੰਗ ਉਸ ਸਮੇਂ ਸਿਆਸੀ ਟਕਰਾਅ ਵਿੱਚ ਬਦਲ ਗਈ, ਜਦੋਂ ਮੁੱਖ ਮੰਤਰੀ ਵੱਲੋਂ ਮੀਟਿੰਗ ਰੱਦ ਕਰਨ ਮਗਰੋਂ ਮੁਲਾਜ਼ਮ ਯੂਨੀਅਨਾਂ ਦੀ ’ਮਹਾਂ ਹੜਤਾਲ’ ਦੇ ਸੱਦੇ ਕਾਰਨ ਪੁਲੀਸ ਨਾਲ ਟਕਰਾਅ ਕਾਫ਼ੀ ਵਧ ਗਿਆ।

**ਸਵੇਰੇ: ਸਮੂਹਿਕ ਛੁੱਟੀ ਅਤੇ ਭਾਰੀ ਇਕੱਠ**

ਇਹ ਮਤਭੇਦ ਸਵੇਰ ਤੋਂ ਹੀ ਬਣਨਾ ਸ਼ੁਰੂ ਹੋ ਗਿਆ ਸੀ, ਜਦੋਂ ਵੱਖ-ਵੱਖ ਵਿਭਾਗਾਂ ਦੇ ਸਰਕਾਰੀ ਮੁਲਾਜ਼ਮ ਸਮੂਹਿਕ ਆਮ ਛੁੱਟੀ (ਮਾਸ ਕੈਜ਼ੂਅਲ ਲੀਵ) ਲੈ ਕੇ ਜਲੰਧਰ ਵਿੱਚ ਡਿਪਟੀ ਕਮਿਸ਼ਨਰ ਦੇ ਦਫ਼ਤਰ ਕੰਪਲੈਕਸ ਵਿਖੇ ਇਕੱਠੇ ਹੋਏ।

ਇਹ ਪ੍ਰਦਰਸ਼ਨ ਡੀਅਰਨੈੱਸ ਅਲਾਊਂਸ (DA) ਦੀਆਂ ਲੰਮੇ ਸਮੇਂ ਤੋਂ ਬਕਾਇਆ ਕਿਸ਼ਤਾਂ ਅਤੇ ਪੁਰਾਣੀ ਪੈਨਸ਼ਨ ਸਕੀਮ (OPS) ਨੂੰ ਬਹਾਲ ਕਰਨ ਦੀਆਂ ਯੂਨੀਅਨਾਂ ਦੀਆਂ ਮੰਗਾਂ ਨੂੰ ਲੈ ਕੇ ਕੀਤਾ ਗਿਆ ਸੀ।

ਪ੍ਰਦਰਸ਼ਨ ਕਰ ਰਹੀਆਂ ਯੂਨੀਅਨਾਂ ਦੀ 16 ਮੈਂਬਰੀ ਪ੍ਰਤੀਨਿਧ ਕਮੇਟੀ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲਬਾਤ ਕਰਨ ਲਈ ਨਿਯੁਕਤ ਕੀਤਾ ਗਿਆ ਸੀ, ਜਿਨ੍ਹਾਂ ਨੇ ਪੀ.ਏ.ਪੀ. (PAP) ਚੌਕ ਵਿਖੇ ਮੌਜੂਦ ਰਹਿਣਾ ਸੀ। ਬਾਕੀ ਮੁਲਾਜ਼ਮ ਨਤੀਜੇ ਦੀ ਉਡੀਕ ਕਰਦੇ ਹੋਏ ਡੀਸੀ ਦਫ਼ਤਰ ਵਿਖੇ ਹੀ ਬੈਠੇ ਰਹੇ।

**ਦੁਪਹਿਰ ਵੇਲੇ: ਮੁੱਖ ਮੰਤਰੀ ਦੀ ਪੋਸਟ ਨੇ ਸਭ ਕੁਝ ਬਦਲ ਦਿੱਤਾ**

ਗੱਲਬਾਤ ਦੁਪਹਿਰ 1 ਵਜੇ ਦੇ ਕਰੀਬ ਸ਼ੁਰੂ ਹੋਣ ਦੀ ਉਮੀਦ ਸੀ। ਪਰ ਇਸ ਤੋਂ ਠੀਕ ਪਹਿਲਾਂ, ਮੁੱਖ ਮੰਤਰੀ ਮਾਨ ਨੇ ਇੱਕ ਪੋਸਟ ਸਾਂਝੀ ਕੀਤੀ ਜਿਸ ਵਿੱਚ ਕਿਹਾ ਗਿਆ ਕਿ ਹੜਤਾਲ ਅਤੇ ਗੱਲਬਾਤ ਇੱਕੋ ਸਮੇਂ ਨਹੀਂ ਚੱਲ ਸਕਦੀਆਂ, ਜਿਸ ਦਾ ਅਸਰ ਇਹ ਹੋਇਆ ਕਿ ਕਿਸੇ ਵੀ ਗੱਲਬਾਤ ਲਈ ਇਹ ਸ਼ਰਤ ਰੱਖ ਦਿੱਤੀ ਗਈ ਕਿ ਪਹਿਲਾਂ ਯੂਨੀਅਨਾਂ ਆਪਣੀ ’ਹੜਤਾਲ’ ਵਾਪਸ ਲੈਣ।

ਜ਼ਮੀਨੀ ਪੱਧਰ ’ਤੇ ਇਸ ਬਿਆਨ ਨੂੰ ਭੜਕਾਊ ਬਿਆਨ ਵਜੋਂ ਦੇਖਿਆ ਗਿਆ। ਯੂਨੀਅਨ ਆਗੂਆਂ, ਜਿਨ੍ਹਾਂ ਨੇ ਪਹਿਲਾਂ ਹੀ ਹਜ਼ਾਰਾਂ ਮੁਲਾਜ਼ਮਾਂ ਨੂੰ ਲਾਮਬੰਦ ਕਰ ਲਿਆ ਸੀ, ਨੇ ਇਸ ਨੂੰ ਆਖਰੀ ਸਮੇਂ ’ਤੇ ਸ਼ਰਤਾਂ ਬਦਲਣ ਅਤੇ ਤੈਅਸ਼ੁਦਾ ਮੀਟਿੰਗ ਨੂੰ ਰੱਦ ਕਰਨ ਵਜੋਂ ਦੇਖਿਆ।

**ਗੁੱਸਾ ਭੜਕਿਆ: ਬੀ.ਐੱਮ.ਸੀ. ਚੌਕ ਜਾਮ ਕਰਨ ਦਾ ਸੱਦਾ**

ਇਸ ਦਾ ਸਖ਼ਤ ਵਿਰੋਧ ਕਰਦਿਆਂ ਸਰਕਾਰੀ ਟੀਚਰਜ਼ ਐਂਡ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਨਵਪ੍ਰੀਤ ਸਿੰਘ ਨੇ ਐਲਾਨ ਕੀਤਾ ਕਿ ਜਦੋਂ ਤੱਕ ਮੁੱਖ ਮੰਤਰੀ ਉਨ੍ਹਾਂ ਦੇ ਪ੍ਰਤੀਨਿਧੀਆਂ ਨੂੰ ਸੁਣਨ ਦਾ ਮੌਕਾ ਨਹੀਂ ਦਿੰਦੇ, ਤਦ ਤੱਕ ਮੁਲਾਜ਼ਮ ਅਣਮਿੱਥੇ ਸਮੇਂ ਲਈ ਬੀ.ਐੱਮ.ਸੀ. ਚੌਕ ਜਾਮ ਕਰਨਗੇ।

ਇਸ ਐਲਾਨ ਨਾਲ ਤੁਰੰਤ ਹਲਚਲ ਮਚ ਗਈ। ਡੀਸੀ ਦਫ਼ਤਰ ਕੰਪਲੈਕਸ ਦੇ ਅੰਦਰ ਮੁਲਾਜ਼ਮਾਂ ਨੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਮਾਰਚ ਕਰਦੇ ਹੋਏ ਸੜਕਾਂ ’ਤੇ ਨਿਕਲ ਆਏ।

**ਡੀਸੀ ਦਫ਼ਤਰ ਵਿਖੇ ਹੰਗਾਮਾ: ਪੁਲੀਸ ਬੈਰੀਕੇਡ ਅਤੇ ਮੁਲਾਜ਼ਮਾਂ ਵੱਲੋਂ ਕੰਧਾਂ ਟੱਪਣੀਆਂ**

ਜਿਵੇਂ ਹੀ ਪ੍ਰਦਰਸ਼ਨਕਾਰੀਆਂ ਨੇ ਬਾਹਰ ਜਾਣ ਦੀ ਕੋਸ਼ਿਸ਼ ਕੀਤੀ, ਪੁਲੀਸ ਨੇ ਡੀਸੀ ਦਫ਼ਤਰ ਦੇ ਮੁੱਖ ਬੂਹਿਆਂ ਨੂੰ ਤੁਰੰਤ ਸੀਲ ਕਰ ਦਿੱਤਾ ਅਤੇ ਰਸਤੇ ਨੂੰ ਪੂਰੀ ਤਰ੍ਹਾਂ ਬੰਦ ਕਰਨ ਲਈ ਪੁਲੀਸ ਦੀਆਂ ਬੱਸਾਂ ਤੇ ਦੰਗਾ ਰੋਕੂ ਵਾਹਨ ਖੜ੍ਹੇ ਕਰ ਦਿੱਤੇ। ਮੁਲਾਜ਼ਮਾਂ ਦੀ ਵੱਡੀ ਗਿਣਤੀ ਨੂੰ ਦੇਖਦਿਆਂ ਸਥਾਨਕ ਪੁਲੀਸ ਦੀ ਮਦਦ ਲਈ ਵਿਸ਼ੇਸ਼ ਦੰਗਾ ਰੋਕੂ ਯੂਨਿਟ ਵੀ ਤਾਇਨਾਤ ਕੀਤੇ ਗਏ ਸਨ।

ਪਰ ਮੁਲਾਜ਼ਮ ਪਿੱਛੇ ਨਹੀਂ ਹਟੇ ਅਤੇ ਉਨ੍ਹਾਂ ਨੇ ਕੰਪਲੈਕਸ ਦੀਆਂ ਚਾਰਦੀਵਾਰੀ ਦੀਆਂ ਕੰਧਾਂ ਨੂੰ ਟੱਪ ਲਿਆ ਅਤੇ ਘੇਰਾਬੰਦੀ ਤੋੜਨ ਲਈ ਦੂਜੇ ਬੂਹਿਆਂ ਦੀ ਵਰਤੋਂ ਕੀਤੀ। ਹਾਲਾਂਕਿ, ਡੀਸੀ ਦਫ਼ਤਰ ਤੋਂ ਸਿਰਫ਼ 50 ਮੀਟਰ ਦੀ ਦੂਰੀ ’ਤੇ ਹੀ ਉਨ੍ਹਾਂ ਦੇ ਮਾਰਚ ਨੂੰ ਰੋਕ ਲਿਆ ਗਿਆ, ਜਿੱਥੇ ਪੁਲੀਸ ਨੇ ਇੱਕ ਵਾਰ ਉਨ੍ਹਾਂ ਦੇ ਅੱਗੇ ਵਧਣ ਦੇ ਰਾਹ ਨੂੰ ਰੋਕ ਦਿੱਤਾ।

ਜਿਵੇਂ-ਜਿਵੇਂ ਜ਼ਮੀਨੀ ਹਾਲਾਤ ਵਿਗੜਦੇ ਗਏ, ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਸੇ ਵੀ ਸਿੱਧੇ ਟਕਰਾਅ ਤੋਂ ਬਚਾਉਣ ਲਈ ਚੁੱਪ-ਚੁਪੀਤੇ ਪੀ.ਏ.ਪੀ. ਚੌਕ ਤੋਂ ਓਲਡ ਬਾਰਾਦਰੀ ਸਥਿਤ ਉਨ੍ਹਾਂ ਦੀ ਰਿਹਾਇਸ਼ ਵੱਲ ਲੈ ਜਾਇਆ ਗਿਆ।

**ਟਕਰਾਅ ਦੀ ਸਥਿਤੀ**

ਸੜਕ ’ਤੇ ਇਹ ਭਾਰੀ ਇਕੱਠ ਸਿਰਫ਼ ਅੱਧਾ ਘੰਟਾ ਹੀ ਰਿਹਾ। ਸੰਯੁਕਤ ਐਕਸ਼ਨ ਕਮੇਟੀ ਦੇ ਕਨਵੀਨਰ ਗੁਰਨਾਮ ਸਿੰਘ ਵਿਰਕ ਦੀ ਅਗਵਾਈ ਹੇਠ ਮੁਲਾਜ਼ਮਾਂ ਨੂੰ ਦਿਸ਼ਾ-ਨਿਰਦੇਸ਼ ਦੇ ਰਹੇ ਯੂਨੀਅਨ ਆਗੂਆਂ ਦੇ ਫ਼ੋਨ ਜ਼ਬਤ ਕਰ ਲਏ ਗਏ।

ਡਿਪਟੀ ਕਮਿਸ਼ਨਰ ਆਫ਼ ਪੁਲੀਸ ਮਨਪ੍ਰੀਤ ਢਿੱਲੋਂ ਨੇ ਐਲਾਨ ਕੀਤਾ ਕਿ ਮੁੱਖ ਮੰਤਰੀ ਨੇ ਮੁਲਾਜ਼ਮਾਂ ਨੂੰ ਦੱਸ ਦਿੱਤਾ ਹੈ ਕਿ ਮੀਟਿੰਗ ਅਗਲੇ ਹਫ਼ਤੇ ਤੱਕ ਮੁੱਤਲ ਕਰ ਦਿੱਤੀ ਗਈ ਹੈ। ਹਾਲਾਂਕਿ, ਮੁਲਾਜ਼ਮਾਂ ਦੇ ਨੁਮਾਇੰਦੇ ਅਜੇ ਵੀ ਪੀ.ਏ.ਪੀ. ਕੰਪਲੈਕਸ ਦੇ ਅੰਦਰ ਆਪਣੀ ਗੱਲ ਰੱਖਣ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਨੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਜਾਂ ਵਿੱਤ ਸਕੱਤਰ ਨਾਲ ਮੀਟਿੰਗ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

Dr. Gurinder Singh Grewal

# Khalsa College of America — Beginning with Vision and Faith




As we begin **Khalsa College of America**, we should remember the lesson of the Wright brothers. Our beginning may be modest, and the road ahead may present difficulties, but we must not be discouraged.

Great institutions are built through **vision, persistence, perseverance, hard work**, and **faith**.

If we remain committed to **education** and **service**, work together with humility and determination, and continue moving forward despite obstacles, today's small beginning can become tomorrow's lasting institution.

With persistent effort, perseverance, and **the Guru's blessings**, we will find the way forward.

> ***A small beginning, guided by a great vision, can change the future.***

## December 17, 1903 — A Small Beginning Changed the World

On December 17, 1903, Orville and Wilbur Wright achieved the first successful powered, controlled airplane flight at Kitty Hawk, North Carolina.



Their first flight lasted only 12 seconds and traveled about 120 feet.

Yet those few seconds changed human history—transforming transportation, commerce, communication, and the way the world connects.

***Everything great starts small.***

# ਭਰਾ-ਭੈਣ ਦੇ ਪਵਿੱਤਰ ਰਿਸ਼ਤੇ ਦਾ ਤਿਉਹਾਰ ‘ਰੱਖੜੀ’

ਛੋਟੀਆਂ-ਛੋਟੀਆਂ ਖ਼ੁਸ਼ੀਆਂ ਦਾ ਸੰਗ੍ਰਹਿ ਹੈ ਜੀਵਨ। ਅਗਰ ਸਮਾਜ ਵਿਚ ਤਿਉਹਾਰ (ਉਤਸਵ) ਨਾ ਹੋਣ ਤਾਂ ਮਾਨਵ ਦਾ ਜੀਵਨ ਜੜ੍ਹ ਹੀਣ, ਉਦਾਸੀਨ, ਜਿਕ ਜੀਵਨ ਵਿਹਾਰ ਦੇ ਬੋਝ ਹੇਠਾਂ ਦੱਬਿਆ ਹੋਇਆ ਮਾਨਵ ਤਿਉਹਾਰ ਦੇ ਦਿਨ ਥੋੜੀ ਜਿਹੀ ਮੁਕਤ ਹਵਾ (ਸਾਹ) ਲੈ ਕੇ ਰਾਹਤ ਮਹਿਸੂਸ ਕਰਦਾ ਹੈ। ਜੀਵਨ ਦੇ ਅਰਥ ਨੂੰ ਖੁੱਲ੍ਹਾ, ਡੁੱਲ੍ਹਾ ਮਾਹੌਲ ਮਿਲਦਾ ਹੈ। ਦਿਲ-ਦਿਮਾਗ਼ ਪ੍ਰਸੰਨਤਾ, ਸੰਕਲਪ ਲੈ ਕੇ ਮਨ ਦੀ ਖੇਚਲ ਨੂੰ ਦੂਰ ਹਟਾ ਕੇ ਆਨੰਦ ਪ੍ਰਾਪਤ ਕਰਦਾ ਹੈ। ਤਿਉਹਾਰ ਯਾਨੀ ਮਾਨਵ ਨੂੰ ਉਨਤ ਬਣਾਉਣ ਵਾਲਾ, ਸ੍ਰੇਸ਼ਟ ਬਣਾਉਣ ਵਾਲਾ ਅਤੇ ਸੰਸਕਾਰੀ ਬਣਾਉਣ ਵਾਲਾ, ਤਿਉਹਾਰ ਮਿਲਣੀ ਦੀ ਮੰਜ਼ਿਲ, ਪ੍ਰੇਮ ਦੇ ਅਨੁਯਾਈ, ਪ੍ਰਸੰਨਤਾ ਦੇ ਪ੍ਰੇਰਕ, ਧਰਮ ਦੇ ਰੱਖਿਅਕ ਅਤੇ ਭਾਵਨਾਵਾਂ ਦੇ ਸਰੋਤ ਹੁੰਦੇ ਹਨ।

ਇਸੇ ਸੰਦਰਭ ਵਿਚ ਹਰ ਸਾਲ ਤਿਉਹਾਰ ਆਉਂਦਾ ਹੈ ਰੱਖੜੀ ਦਾ ਤਿਉਹਾਰ। ਰੱਖੜੀ ਭਾਵ ਪ੍ਰੇਮ ਬੰਧਨ। ਅੱਜ ਦੇ ਦਿਨ ਭੈਣ ਭਰਾ ਦੀ ਕਲਾਈ ਉਪਰ ਰੱਖੜੀ ਬੰਨਦੀ ਹੈ ਅਤੇ ਖ਼ੁਸ਼ੀ ਖ਼ੁਸ਼ੀ ਤਰ੍ਹਾਂ ਦੇ ਦਿਲ ਨੂੰ ਪ੍ਰੇਮ ਵਿਚ ਬੰਨਦੀ ਹੈ। ਭੈਣ-ਭਰਾ ਦਾ ਮਿਲਣ ਭਾਵ ਕਿ ਪ੍ਰੇਮ, ਸਾਹਸ ਅਤੇ ਸੰਜਮ ਦਾ ਸਹਿਯੋਗ।

ਭਾਰਤੀ ਸੰਸਕ੍ਰਿਤੀ ਵਿਚ ਇਸਤਰੀ ਨੂੰ ਭੋਗਦਾਸੀ ਨਾ ਸਮਝ ਕੇ ਉਸ ਦੀ ਪੂਜਾ ਕਰਨਾ ਪ੍ਰਥਮ ਕਰਤੱਵ ਸਮਝਿਆ ਜਾਂਦਾ ਹੈ। ਰੱਖੜੀ ਦਾ ਤਿਉਹਾਰ ਭਾਵ ਦ੍ਰਿਸ਼ਟੀ ਪਰਿਵਰਤਨ ਦਾ ਤਿਉਹਾਰ। ਰੱਖੜੀ ਬੰਨ ਕੇ ਭਰਾ ਰੱਖਿਆ ਦੀ ਜ਼ੁੰਮੇਵਾਰੀ ਉਠਾਂਦਾ ਹੈ ਤਾਂ ਕਿ ਸਮਾਜ ਵਿਚ ਭੈਣ



ਨਿਡਰ ਹੋ ਕੇ ਵਿਚਰ ਸਕੇ।

ਭਰਾ ਨੂੰ ਰੱਖੜੀ ਬੰਨਣ ਤੋਂ ਪਹਿਲਾਂ ਭੈਣ ਉਸ ਦੇ ਮਸਤਕ ਉਪਰ ਤਿਲਕ ਕਰਦੀ ਹੈ। ਇਹ ਤਿਲਕ ਭਰਾ ਦੇ ਲਈ ਸ਼ੁਭਕਾਮਨ, ਚੰਗੇ ਸਦ ਵਿਚਾਰ ਅਤੇ ਬਲ ਬੁੱਧੀ ਦਾ ਬਲ ਪ੍ਰਤੀਕ ਹੈ। ਭੈਣ ਭਰਾ ਦਾ ਤੀਜਾ ਨੇਤਰ ਬੁੱਧੀ ਹੈ, ਜਿਸ ਨੂੰ ਖੋਲ੍ਹ ਕੇ ਉਸ ਨੂੰ ਵਿਕਾਰ, ਵਾਸਨਾ ਆਦਿ ਨੂੰ ਭਸਮ ਕਰਨ ਦਾ ਸੂਚਨ ਕਰਦੀ ਹੈ। ਭਰਾ ਦੇ ਗੁੱਟ ਉਪਰ ਰੱਖੜੀ ਬੰਨ ਕੇ ਭੈਣ ਉਸ ਕੋਲੋਂ ਅਪਣ ਰਕਸ਼ਨ (ਰੱਖਿਆ) ਨਹੀਂ ਚਾਹੁੰਦੀ ਬਲਕਿ ਸਾਰੀ ਇਸਤਰੀ ਜਾਤੀ ਦੇ ਰਕਸ਼ਣ ਦੀ ਕਾਮਨਾ ਰੱਖਦੀ ਹੈ। ਭਰਾ ਦੇ ਹਰ ਖੇਤਰ ਵਿਚ ਜਿੱਤ ਪ੍ਰਾਪਤ ਹੋਵੇ। ਭੈਣ ਭਰਾ ਦੇ ਸੱਚੇ-ਨਿਸ-ਸਵਾਰਥ ਮਿਲਣ ਨੂੰ ਰੱਖੜੀ ਕਹਿੰਦੇ ਹਨ। ਸਿੱਖ ਇਤਿਹਾਸ ਵਿਚ ਵੀ ਭੈਣ ਭਰਾ ਦੇ ਮਿਲਣ ਦੀ ਇਕ ਸਰਵ ਉਚ ਉਦਾਹਰਣ ਮਿਲਦੀ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੀ ਭੈਣ ਬੀਬੀ ਨਾਨਕੀ ਨੇ ਰੋਟੀ ਬਣਾਉਂਦੇ ਹੋਏ ਯਾਦ ਕੀਤਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਕਾਰਜ ਛੱਡ ਕੇ ਬੀਬੀ ਨਾਨਕੀ ਕੋਲ ਪਹੁੰਚ ਗਏ। ਬੀਬੀ ਨਾਨਕੀ ਉਨ੍ਹਾਂ ਨੂੰ ਵੇਖ ਕੇ ਖ਼ੁਸ਼ ਹੋ ਗਈ। ਉਸ ਦੀ ਪ੍ਰਸੰਨਤਾ ਦਾ ਕੋਈ ਠਿਕਾਣਾ ਨਾ ਰਿਹਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਿਆਰ-ਸਤਿਕਾਰ ਨਾਲ ਭੋਜਨ ਛਕਿਆ ਅਤੇ ਬੀਬੀ ਨਾਨਕੀ ਨੂੰ ਸ਼ੁਭਕਾਮਨਾਵਾਂ ਅਤੇ ਆਸ਼ੀਰਵਾਦ ਦਿੱਤੇ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬੀਬੀ ਨਾਨਕੀ (ਭੈਣ-ਭਰਾ) ਦਾ ਪਵਿੱਤਰ ਮਿਲਣ ਹੀ ਰੱਖੜੀ ਕਲਿਆਉਂਦਾ ਹੈ। ਪਿਆਰ ਨਾਲ, ਹਿਰਦੇ ਤੋਂ ਭੈਣ ਯਾਦ ਕਰੇ ਅਤੇ ਖ਼ੁਸ਼ੀ-ਖ਼ੁਸ਼ੀ ਨਾਲ ਭਰਾ ਮਿਲਣ ਜਾਏ ਇਹੋ ਹੈ ਪ੍ਰੇਮ-ਬੰਧਨ, ਇਹੋ ਹੈ ਰੱਖੜੀ।

ਭਾਰਤੀ ਸੰਸਕ੍ਰਿਤੀ ਵਿਚ ਦੇਵਾਸਰ ਸੰਗ੍ਰਾਮ ਦੇਵਤਿਆ ਦੀ ਜਿੱਤ ਦੇ ਨਿਮਿੱਤ ਇੰਦਰਾਣੀਂ ਨੇ ਹਿੰਮਤ ਹਾਰੇ ਹੋਏ ਇੰਦਰ ਦੇ ਗੁੱਟ ’ਤੇ ਰੱਖੜੀ ਬੰਨ੍ਹੀ ਸੀ। ਅਭਿਮੰਨਿਉ ਦੀ ਰੱਖਿਆ ਨਿਮਿੱਤ ਕੁੰਤਾਮਾਤਾ ਨੇ ਉਸ ਨੂੰ ਰੱਖੜੀ ਬੰਨ੍ਹੀ ਸੀ ਅਤੇ ਅਪਣੀ ਰੱਖਿਆ ਦੇ ਲਈ ਰਾਣੀ ਕਰਮਵਤੀ ਨੇ ਹਮਾਯੂੰ ਨੂੰ ਰੱਖੜੀ ਭੇਜੀ ਸੀ। ਰੱਖੜੀ ਵਿਚ ਡਰ ਰਹਿਤ ਪੱਖ ਦੀ ਭਾਵਨਾ ਸਮਾਈ ਹੋਈ ਹੈ।

ਰੱਖੜੀ ਭਾਵਕਿ ਭੈਣ ਦੀ ਰੱਖਿਆ ਲਈ ਜ਼ਿੰਮੇਵਾਰੀ। ਰੱਖੜੀ ਭਾਵ ਭੈਣ-ਭਰਾ ਦੇ ਪ੍ਰੇਮ ਦਾ ਸੱਚਾ ਸੰਕਲਪ, ਪ੍ਰੇਮ ਦੀ ਸ਼ਕਤੀ, ਪ੍ਰੇਮ ਦਾ ਵਹਿੰਦਾ ਝਰਨਾ ਅਤੇ ਸਨੇਹ ਦਾ ਚਮਕਦਾ ਸੂਰਜ ਜੋ ਸਮਾਜ ਨੂੰ ਪ੍ਰੇਮ ਦੀ ਰੌਸ਼ਨੀ ਦੇਵੇ।

ਅੱਜ ਕਲ ਮਾਤਾ-ਪਿਤਾ ਦੇ ਇਕ ਜਾਂ ਦੋ ਹੀ ਬੱਚੇ ਹੋਣ ਕਰਕੇ ਇਹ ਤਿਉਹਾਰ ਕੁਝ ਆਧੁਨਿਕਤਾ ਵਿਚ ਅਤੇ ਵਿਗਿਆਨਕ ਸੋਚ ਵਿਚ ਬਦਲਦਾ ਜਾ ਰਿਹਾ ਹੈ। ਭੈਣ-ਭੈਣ ਦੀ ਕਲਾਈ ’ਤੇ ਵੀ ਰੱਖੜੀ ਬੰਨਦੀ ਹੈ ਅਤੇ ਸੁਰੱਖਿਆ-ਬੰਧਨ ਦਾ ਉਚ ਬੁੱਧੀ ਦਾ, ਉਚ ਵਿਵੇਕ ਦਾ, ਮਾਤਾ ਪਿਤਾ ਦੀ ਸੇਵਾ ਦਾ, ਸਮਾਜ ਵਿਚ ਸੇਵਾ ਕਰਨ ਦਾ ਸੰਕਲਪ ਲੈਂਦੀ ਹੈ। ਅੱਜ ਦੀ ਨਾਰੀ ਦੇ ਹਰ ਇਕ ਖੇਤਰ ਵਿਚ ਤਰੱਕੀ ਪਾਈ ਹੈ। ਜਿਸ ਦੀ ਇਕ ਹੀ ਬੇਟੀ ਹੈ ਉਹ ਅਪਣੇਂ ਪਿਤਾ ਦੇ ਜਾਂ ਰਿਸ਼ਤੇਦਾਰੀ ’ਚੋਂ ਲਗਦੇ ਭਰਾ ਨੂੰ ਵੀ ਰੱਖੜੀ ਬੰਨਦੀ ਹੈ।

ਰੱਖੜੀ ਦਾ ਇਹ ਤਿਉਹਾਰ ਦੇਸ਼-ਵਿਦੇਸ਼ ਵਿਚ ਮਿਹਨਤ ਕਰਦੇ ਭਾਰਤੀਆਂ ਲਈ ਸਰਵ ਉਤਮ ਤਿਉਹਾਰ ਹੈ। ਵਿਦੇਸ਼ਾਂ ਵਿਚ ਬੈਠੇ ਭਰਾਵਾਂ ਨੂੰ ਭੈਣਾਂ ਰੱਖੜੀ ਭੇਜਦੀਆਂ ਹਨ ਅਤੇ ਈ-ਮੇਲ ਉਪਰ ਜਾਂ ਮੋਬਾਇਲ ਫੋਨ ਉਪਰ ਇਕ ਦੂਸਰੇ ਨੂੰ ਵਧਾਈਆਂ ਸ਼ੁੱਭਕਾਮਨਾਵਾਂ ਅਤੇ ਆਸ਼ੀਰਵਾਦ ਦਿੰਦੇ ਹਨ।

ਅੱਜ ਕਲ ਰੱਖੜੀ ਕਈ ਮਹਿੰਗੇ ਰੂਪਾਂ ਵਿਚ ਮਿਲਦੀ ਹੈ। ਰੱਖੜੀ ਸੋਨੇ ਦੀ ਹੀਰੇ ਦੀ ਅਤੇ ਕਈ ਕੀਮਤੀ ਧਾਤੂਆਂ ਤੋਂ ਬਣਦੀ ਹੈ। ਅਪਣੀ ਅਪਣੀ ਸਮਰੱਥਾ ਦੇ ਮੁਤਾਬਿਕ ਰੱਖੜੀ ਬੰਨੀ ਜਾਂਦੀ ਹੈ।

ਬਲਵਿੰਦਰ ‘ਬਾਲਮ’
ਓਂਕਾਰ ਨਗਰ,
ਗੁਰਦਾਸਪੁਰ (ਪੰਜਾਬ)
ਮੋ: 98156-25409



ਇਸ ਦਿਨ ਬਾਜ਼ਾਰਾਂ ਵਿਚ ਖ਼ੂਬ ਰੌਣਕਾਂ ਹੁੰਦੀਆਂ ਹਨ। ਤਰਾਂ-ਤਰ੍ਹਾਂ ਦੀਆਂ ਮਠਿਆਈਆਂ (ਮਿਸ਼ਠਾਣਾ) ਨਾਲ ਦੁਕਾਨਾਂ ਸਜੀਆਂ ਹੁੰਦੀਆਂ ਹਨ। ਕਈ ਪ੍ਰਕਾਰ ਦੀਆਂ ਰੱਖੜੀਆਂ ਦੁਕਾਨਾਂ ਦੀ ਸ਼ੋਭਾ ਵਧਦੀਆਂ ਹਨ ਵਿਕਰੀ ਲਈ। ਸਧਰਾਂ-ਚਾਵਾਂ, ਖ਼ੁਸ਼ੀਆਂ ਨਾਲ ਰੱਖੜੀ ਖ਼ਰੀਦੀ ਜਾਂਦੀ ਹੈ। ਇਸ ਦਿਨ ਰਿਸ਼ਤੇਦਾਰਾਂ ਦੀਆਂ, ਸਨੇਹੀਆਂ ਦੀਆਂ ਨੂੰਹਾਂ-ਬੇਟੀਆਂ ਨੂੰ ਵੀ ਮਿਠਾਈਆਂ ਆਦਿ ਭੇਜੀਆਂ ਜਾਂਦੀਆਂ ਹਨ।

ਰੱਖਿਆ ਬੰਧਨ (ਰੱਖੜੀ) ਦਾ ਤਿਉਹਾਰ, ਹਿਰਦੇ ਦਾ ਤਿਉਹਾਰ ਹੈ, ਤਰੱਕੀ ਪ੍ਰਤੀਕ, ਚੰਗੇ ਸ਼ੁੱਧ ਆਚਰਣ ਦਾ ਪ੍ਰਤੀਕ, ਦ੍ਰਿਸ਼ਟੀ ਪਰਿਵਰਤਨ ਦਾ ਪ੍ਰਤੀਕ ਹੈ। ਧਾਰਮਿਕ ਸ਼ਰਧਾਲੂ ਸਾਧਕ ਧਾਰਮਿਕ ਸਥਾਨਾਂ ਵਿਚ ਜਾ ਕੇ ਪੂਜਾ ਕਰਦੇ ਹਨ ਅਤੇ ਭਗਵਾਨ ਨੂੰ ਰੱਖੜੀ ਬੰਨਦੇ ਹਨ ਅਤੇ ਜੀਵਨ ਦੀ ਤਰੱਕੀ ਦੀ, ਖ਼ੁਸ਼ਹਾਲੀ ਦੀ, ਚੰਗੇ ਆਚਰਣ ਦੀ, ਸ਼ਾਂਤੀ ਅਤੇ ਖ਼ੁਸ਼ੀਆਂ ਦੀ ਕਾਮਨਾ ਕਰਦੇ ਹਨ।

## ਰੱਖੜੀ ’ਤੇ ਵਿਸ਼ੇਸ਼

# ਭੈਣਾਂ ਵਰਗਾ ਸਾਕ ਨਾ ਕੋਈ...



ਗਲੋਬਲੀ ਦੌਰ ਵਿਚ ਪੰਜਾਬੀ ਸੱਭਿਆਚਾਰ ਦੇ ਰਸਮਾਂ-ਰਿਵਾਜਾਂ ਦੇ ਨਾਲ-ਨਾਲ ਪੰਜਾਬੀ ਲੋਕਾਂ ਦੇ ਰਿਸ਼ਤਾ-ਨਾਤਾ ਪ੍ਰਬੰਧ ਵਿਚ ਵੀ ਵੱਡੀਆਂ ਤ੍ਰੇੜਾਂ, ਤਿੜਕਣਾਂ ਪੈਦਾ ਹੋ ਰਹੀਆਂ ਹਨ। ਪੰਜਾਬੀਆਂ ਵਿਚ ਮੋਹ, ਪਿਆਰ ਤੇ ਇੱਜ਼ਤ-ਵਿਸ਼ਵਾਸ ਦੇ ਰਿਸ਼ਤੇ ਪਦਾਰਥਵਾਦੀ ਰਿਸ਼ਤਿਆਂ ਵਿਚ ਬਦਲ ਰਹੇ ਹਨ। ਪਰਿਵਾਰਕ ਰਿਸ਼ਤਿਆਂ ਵਿਚ ਪੈਦਾ ਹੋਏ ਸਵਾਰਥਾਂ ਨੇ ਪੰਜਾਬੀ ਸੱਭਿਆਚਾਰ ਦੀ ਰਿਸ਼ਤਾ-ਨਾਤਾ ਪ੍ਰਣਾਲੀ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਪਦਾਰਥਕ ਸੁੱਖਾਂ ਦੀ ਪ੍ਰਾਪਤੀ ਲਈ ਭਰਾ ਭਰਾ ਨੂੰ ਕਤਲ ਕਰ ਰਿਹਾ ਹੈ। ਪੁੱਤ, ਪਿਉ ਨੂੰ ਕਤਲ ਕਰ ਰਿਹਾ ਹੈ। ਧੀਆਂ-ਭੈਣਾਂ ਨਾਲ ਜਬਰ ਜਨਾਹ ਕੀਤੇ ਜਾ ਰਹੇ ਹਨ। ਪੰਜਾਬੀ ਸੱਭਿਆਚਾਰ ਦੀ ਕੇਂਦਰੀ ਕਦਰ ਪ੍ਰਣਾਲੀ ‘ਕਿਰਤ ਕਰੋ, ਵੰਡ ਛਕੋ’ ਵੀ ਪੰਜਾਬੀ ਜੀਵਨ ਵਿਚੋਂ ਮਨਫ਼ੀ ਹੋ ਗਈ ਹੈ। ਕਿਸੇ ਵੀ ਜਾਇਜ਼/ਨਾਜਾਇਜ਼ ਤਰੀਕੇ ਨਾਲ ਪਦਾਰਥ ਇਕੱਠੇ ਕੀਤੇ ਜਾ ਰਹੇ ਹਨ। ਸਾਂਝੇ ਪਰਿਵਾਰ ਦੀ ਥਾਂ ਇਕਹਿਰੇ ਪਰਿਵਾਰ ਹੋਂਦ ਵਿਚ ਆ ਰਹੇ ਹਨ, ਜਿਨ੍ਹਾਂ ਵਿਚ ਬਜ਼ੁਰਗਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਹੈ। ਮਾਪਿਆਂ ਦਾ ਸਨਮਾਨ ਖ਼ਤਮ ਹੋ ਗਿਆ, ਬੱਚੇ ਆਪਹੁਦਰੇ ਹੋਣ ਲੱਗੇ ਹਨ। ਸਾਰੇ ਨਿੱਘ ਤੇ ਮਿਠਾਸ ਵਾਲੇ ਰਿਸ਼ਤਿਆਂ ਦਾ ਬਦਲ ‘ਅੰਕਲ ਆਂਟੀ’ ਆ ਗਿਆ।

ਰਿਸ਼ਤਾ-ਨਾਤਾ ਪ੍ਰਬੰਧ ਵਿਚ ਭੈਣ ਤੇ ਭਰਾ ਦਾ ਪਿਆਰ ਅਸੀਮਤ ਹੁੰਦਾ ਹੈ। ਇਸ ਪਿਆਰ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਿਲ ਹੀ ਨਹੀਂ ਸਗੋਂ ਅਤਿ ਕਠਿਨ ਵੀ ਹੈ। ਭੈਣ-ਭਰਾ ਦੇ ਰਿਸ਼ਤੇ ਨੂੰ ਦੁਨੀਆ ਦੇ ਹਰੇਕ ਕੋਨੇ ਵਿਚ ਬੜੀ ਮਹੱਤਤਾ ਦਿੱਤੀ ਜਾਂਦੀ ਹੈ। ਭੈਣ-ਭਰਾ ਦੇ ਇਸ ਰਿਸ਼ਤੇ ਦੀ ਮਹੱਤਤਾ ਨੂੰ ਦਰਸਾਉਣ ਲਈ ਇਸ ਨੂੰ ਇਕ ਤਿਉਹਾਰ ਦਾ ਨਾਂਅ ਦਿੱਤਾ ਗਿਆ ਹੈ, ਜਿਸ ਨੂੰ ਪੰਜਾਬੀ ਭਾਸ਼ਾ ਵਿਚ ਰੱਖੜੀ ਦਾ ਤਿਉਹਾਰ ਅਤੇ ਹਿੰਦੀ ਭਾਸ਼ਾ ਵਿਚ ਰਕਸ਼ਾ ਬੰਧਨ ਕਿਹਾ ਜਾਂਦਾ ਹੈ।

ਰੱਖੜੀ ਦਾ ਤਿਉਹਾਰ ਉੱਤਰੀ, ਪੱਛਮੀ ਤੇ ਕੇਂਦਰੀ ਭਾਰਤ ਅਤੇ ਨਿਪਾਲ ਦਾ ਪ੍ਰਮੁੱਖ ਤਿਉਹਾਰ ਹੈ। ਇਹ ਤਿਉਹਾਰ ਸਾਉਣ ਮਹੀਨੇ ਦੇ ਆਖ਼ਰੀ ਦਿਨ ਪੁੰਨਿਆਂ ਜਾਂ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਅੰਗਰੇਜ਼ੀ ਕੈਲੰਡਰ ਦੇ ਅਗਸਤ ਮਹੀਨੇ ਵਿਚ ਆਉਂਦਾ ਹੈ। ਰੱਖੜੀ ਸ਼ਬਦ ਦੋ ਸ਼ਬਦਾਂ ਦੇ ਮੇਲ ਨਾਲ ਬਣਦਾ ਹੈ, ਰੱਖ-ੜੀ। ਰੱਖ ਤੋਂ ਭਾਵ ਹੈ-ਸੁਰੱਖਿਆ ਜਾਂ ਮਹਿਫ਼ੂਜ਼ ਅਤੇ ੜੀ ਤੋਂ ਭਾਵ ਹੈ-ਕਰਨ। ਰੱਖਣ ਵਾਲਾ ਜਾਂ ਵਾਲੀ। ਇਸ ਤਰ੍ਹਾਂ ਰੱਖੜੀ ਸ਼ਬਦ ਦਾ ਅਰਥ ਬਣਦਾ ਹੈ ਸੁਰੱਖਿਆ ਕਰਨ ਵਾਲੀ ਜਾਂ ਮਹਿਫ਼ੂਜ਼ ਰੱਖਣ ਵਾਲੀ। ਵੀਰ ਭੈਣਾਂ ਦੀ ਰੱਖਿਆ ਕਰਨ ਜਾਂ ਕਹਿ ਲਓ ਰੱਖੜੀ ਬੰਨ੍ਹਾਂ ਕੇ ਵੀਰ ਭੈਣਾਂ ਦੀ ਕਿਸੇ ਔਕੜ ਸਮੇਂ ਰੱਖਿਆ ਕਰਨ ਜਾਂ ਕੰਮ ਆਉਣ ਲਈ ਬਚਨਬੱਧ ਹੋ ਜਾਂਦੇ ਹਨ। ਇਹ ਵੀ ਧਾਰਨਾ ਹੈ ਕਿ ਭੈਣਾਂ ਇਸ ਮੌਕੇ ਭਰਾਵਾਂ ਦੀ ਸੁੱਖ ਮੰਗਦੀਆਂ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਨੇ ਤੇ ਭਰਾਵਾਂ ਦੀ ਉਮਰ ਦਰਾਜ ਹੋ ਜਾਂਦੀ ਹੈ। ਭੈਣ ਭਰਾਵਾਂ ਦਾ ਇਕ ਦੂਜੇ ਨੂੰ ਮਿਲਣ ਦਾ ਸਬੱਬ ਬਣ ਜਾਂਦਾ ਹੈ ਇਹ ਤਿਉਹਾਰ।

ਹਰੇਕ ਤਿਉਹਾਰ ਦੇ ਪਿੱਛੇ ਕੋਈ ਨਾ ਕੋਈ ਇਤਿਹਾਸਕ ਘਟਨਾ ਜ਼ਰੂਰ ਹੁੰਦੀ ਹੈ। ਰੱਖੜੀ ਦੇ ਤਿਉਹਾਰ ਨਾਲ ਮੇਵਾੜ ਦੀ ਰਾਣੀ ਕਰਮਵਤੀ ਦੀ ਕਹਾਣੀ ਜੁੜੀ ਹੋਈ ਹੈ। ਕਰਮਵਤੀ ਨੇ ਬਹਾਦਰ ਸ਼ਾਹ ਦੇ ਹਮਲੇ ਤੋਂ ਬਚਣ ਲਈ ਮੁਗ਼ਲ ਬਾਦਸ਼ਾਹ ਹਮਾਯੂੰ ਨੂੰ ਆਪਣੀ ਤੇ ਆਪਣੇ ਰਾਜ ਦੀ ਸੁਰੱਖਿਆ ਲਈ ਰੱਖੜੀ ਭੇਜੀ ਸੀ। ਹਮਾਯੂੰ ਨੇ ਮੁਸਲਮਾਨ ਹੁੰਦਿਆਂ ਹੋਇਆਂ ਵੀ ਉਸ ਰੱਖੜੀ ਦੀ ਲਾਜ ਰੱਖੀ। ਮੁਗ਼ਲ ਬਾਦਸ਼ਾਹ ਹਮਾਯੂੰ ਨੇ ਬਹਾਦਰ ਸ਼ਾਹ ਵਿਰੁੱਧ ਯੁੱਧ ਕਰ ਕੇ ਰਾਣੀ ਕਰਮਵਤੀ ਅਤੇ ਉਸ ਦੇ ਰਾਜ ਦੀ ਰੱਖਿਆ ਕੀਤੀ ਸੀ। ਮਹਾਂਭਾਰਤ ਵਿਚ ਵੀ ਰੱਖੜੀ ਦਾ ਜ਼ਿਕਰ ਆਉਂਦਾ ਹੈ।

ਅੱਜ ਦੇ ਯੁੱਗ ਵਿਚ ਕਹਿ ਲਓ, ਭੈਣ-ਭਰਾ ਦਾ ਪਾਕਿ ਪਵਿੱਤਰ ਰਿਸ਼ਤਾ ਵੀ ਤਿੜਕ ਗਿਆ ਹੈ। ਭੈਣ-ਭਰਾ ਇਕ ਮਾਂ-ਪਿਓ ਦੇ ਜਾਏ ਹੁੰਦੇ ਹਨ। ਇਨ੍ਹਾਂ ਦੀ ਮੁਢਲੀ ਮਾਨਸਿਕਤਾ, ਸਮਾਜਿਕਤਾ, ਆਰਥਿਕਤਾ ਆਦਿ ਦਾ ਆਧਾਰ ਇਕੋ ਹੁੰਦਾ ਹੈ। ਭੈਣ-ਭਰਾ ਦੇ ਪਿਆਰ ਦਾ ਜਨਮ, ਭੈਣ-ਭਰਾ ਦੇ ਜਨਮ ਤੋਂ ਹੀ ਆਰੰਭ ਹੋ ਜਾਂਦਾ ਹੈ। ਭੈਣ ਮਨ ਹੀ ਮਨ ਵਿਚ ਰੱਬ ਪਾਸ ਅਰਜੋਈਆਂ ਕਰਦੀ ਹੋਈ ਆਪਣੀ ਦਿਲੀ ਲੋਚਾ ਦਾ ਪ੍ਰਗਟਾਵਾ ਇਸ ਤਰ੍ਹਾਂ ਕਰਦੀ ਹੈ -

‘ਵੀਰਾਂ ਵਾਲੀਆਂ ਦੇ ਨਖ਼ਰੇ ਬਥੇਰੇ,
ਇਕੱਲਿਆਂ ਦੀ ਪੁੱਛ ਕੋਈ ਨਾ।’

ਕਈ ਤਿੱਥਾਂ ਤਿਉਹਾਰਾਂ ’ਤੇ ਭੈਣਾਂ ਆਪਣੇ ਵੀਰ ਪਾਸੋਂ ਮਾਣ-ਤਾਣ ਨਾਲ ਵੀ ਮੋਹ ਦੀਕਸ਼ਾ ਮੰਗ ਲੈਂਦੀਆਂ ਹਨ। ਆਧੁਨਿਕ ਸਮੇਂ ਵਿਚ ਤਬਦੀਲੀਆਂ ਪਦਾਰਥਕ ਰੁਚੀਆਂ ਦੇ ਪ੍ਰਭਾਵ ਅਧੀਨ ਭੈਣ-ਭਰਾ ਦੇ ਆਪਸੀ ਪਿਆਰ ਤੇ ਕੁਝ ਤ੍ਰੇੜਾਂ ਸੌੜੇ ਹਿਤ ਦੀ ਭਾਵਨਾ ਸਦਕਾ ਪਸਰ ਰਹੀਆਂ ਹਨ। ਇਸ ਕਰਕੇ ਲੋਕ ਮਾਨਸਿਕਤਾ ਵਿਚੋਂ ਇਹ ਬੋਲ ਭੈਣ ਦੀ ਤਹਿ ਦਿਲੋਂ ਆਵਾਜ਼ ਬਣ ਕੇ ਨਿਕਲੇ ਹਨ ਕਿ -

ਭੈਣਾਂ ਵਰਗਾ ਸਾਕ ਨਾ ਕੋਈ,
ਟੁੱਟ ਕੇ ਨਾ ਬਹਿ ਜੀਂ ਵੀਰਨਾ।

ਭੈਣ ਨੂੰ ਵੀਰ ’ਤੇ ਮਾਣ ਹੁੰਦਾ ਹੈ ਤਾਂ ਵੀਰ ਵੀ ਭੈਣ ਨੂੰ ਤੱਤੀ ਵਾਅ ਨਹੀਂ ਲੱਗਣ ਦਿੰਦਾ। ਵੀਰ ਹਰ ਤਿਉਹਾਰ ’ਤੇ ਸਹੁਰੇ ਵਸਦੀ ਭੈਣ ਨੂੰ ਸੰਧਾਰਾ ਦੇ ਕੇ ਆਉਂਦਾ ਹੈ। ਉਹ ਵੀਰ ਦੀ ਹਰ ਖ਼ੁਸ਼ੀ ’ਚ ਵਾਰੇ ਵਾਰੇ ਜਾਂਦੀ ਹੈ। ਭੈਣ ਭਰਾ ਦਾ ਰਿਸ਼ਤਾ ਵਧੇਰੇ ਪਾਕਿ ਅਤੇ ਨਜ਼ਦੀਕੀ ਵਾਲਾ ਹੁੰਦਾ ਹੈ। ਇਹ ਤਾਂ ਭੈਣ ਭਰਾ ਦੀ ਸਾਂਝ ਤੇ ਸਨੇਹ ਦਾ ਪਿਆਰਾ ਤਿਉਹਾਰ ਹੈ। ਇਸ ਰੱਖੜੀ ਦੀ ਕਦਰ ਕੀਮਤ ਉਨ੍ਹਾਂ ਭੈਣਾਂ ਨੂੰ ਪੁੱਛ ਕੇ ਵੇਖੋ ਜਿਨ੍ਹਾਂ ਨੂੰ ਰੱਬ ਨੇ ਵੀਰ ਦਿੱਤਾ ਹੀ ਨਾ ਹੋਵੇ ਤੇ ਉਹ ਰੱਬ ਨੂੰ ਵਾਰ ਵਾਰ ਬੇਨਤੀਆਂ ਕਰਦੀਆਂ ਰਹੀਆਂ...

ਇਕ ਵੀਰ ਦੇਈਂ ਵੇ ਰੱਬਾ,
ਸਹੁੰ ਖਾਣ ਨੂੰ ਬੜਾ ਈ ਚਿੱਤ ਕਰਦਾ।

ਪਿਛਲੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਪੈਂਦਾ ਸੀ। ਬੇਸ਼ੱਕ ਅੱਜ ਵੀ ਅਜਿਹੇ ਭਰਾ ਹਨ ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦੇਂਦੇ ਤੇ ਉਨ੍ਹਾਂ ਦੇ ਸਾਰੀ ਉਮਰ ਦੇ ਮਾਪੇ ਬਣ ਕੇ ਰਹਿੰਦੇ ਨੇ ਤੇ ਅਜਿਹੀਆਂ ਭੈਣਾਂ ਵੀ ਨੇ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਸਤਿਕਾਰਦੀਆਂ ਤੇ ਪਿਆਰਦੀਆਂ ਨੇ ਪਰ ਅਜਿਹੇ ਜਿਉੜੇ ਹੁਣ ਬਹੁਤ ਘੱਟ ਹਨ। ਪਿਆਰ ਦੀ ਪ੍ਰਤੀਕ ਇਸ ਰੱਖੜੀ ਨੂੰ ਬੰਨ੍ਹਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆਂ ਤੇ ਖ਼ੂਬਸੂਰਤ ਰੱਖੜੀਆਂ ਦਾ ਕੋਈ ਮਹੱਤਵ ਨਹੀਂ। ਬੇਸ਼ੱਕ ਅੱਜ ਰਿਸ਼ਤਿਆਂ ਵਿਚ ਪਹਿਲਾਂ ਵਾਲਾ ਨਿੱਘ ਤੇ ਨੇੜਤਾ ਨਹੀਂ ਰਹੀ ਪਰ ਅਜੇ ਵੀ ਕੁਝ ਲੋਕ ਮੋਹ ਭਰੇ ਦਿਲ ਰੱਖਦੇ ਹਨ।



ਰੱਖੜੀ (ਰਕਸ਼ਾ ਬੰਧਨ) ਮਹਿਜ਼ ਇੱਕ ਕੱਚੇ ਧਾਗੇ ਦੀ ਰਸਮ ਨਹੀਂ, ਸਗੋਂ ਪਿਆਰ, ਸੁਰੱਖਿਆ, ਆਪਸੀ ਵਿਸ਼ਵਾਸ ਅਤੇ ਸੱਭਿਆਚਾਰਕ ਸਾਂਝ ਦਾ ਪਵਿੱਤਰ ਪ੍ਰਤੀਕ ਹੈ। ਇਹ ਤਿਉਹਾਰ ਭਾਰਤੀ ਅਤੇ ਪੰਜਾਬੀ ਜਨ-ਜੀਵਨ ਵਿੱਚ ਸਮਾਜਿਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਇਤਿਹਾਸਕ ਤੇ ਪੌਰਾਣਿਕ ਘਟਨਾਵਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ।- ਸਤਨਾਮ ਸਿੰਘ ਖਾਲਸਾ

# ਪਿਆਰ ਤੇ ਵਿਸ਼ਵਾਸ ਦਾ ਤਿਉਹਾਰ ਰੱਖੜੀ




| ਪ੍ਰਮੁੱਖ ਪੌਰਾਣਿਕ ਅਤੇ ਇਤਿਹਾਸਕ ਸੰਦਰਭ | | |
|---|---|---|
| ਪ੍ਰਸੰਗ | ਇਤਿਹਾਸਕ / ਪੌਰਾਣਿਕ ਘਟਨਾ | ਮੁੱਖ ਸੰਦੇਸ਼ |
| ਸ਼੍ਰੀ ਕ੍ਰਿਸ਼ਨ ਤੇ ਦ੍ਰੌਪਦੀ | ਸ਼ਿਸ਼ੂਪਾਲ ਦੇ ਵਧ ਵੇਲੇ ਕ੍ਰਿਸ਼ਨ ਜੀ ਦੀ ਉਂਗਲ 'ਤੇ ਸੱਟ ਲੱਗੀ ਤਾਂ ਦ੍ਰੌਪਦੀ ਨੇ ਆਪਣੀ ਸਾੜ੍ਹੀ ਦਾ ਪੱਲਾ ਪਾੜ ਕੇ ਬੰਨ੍ਹਿਆ। ਬਾਅਦ ਵਿੱਚ ਚੀਰ-ਹਰਣ ਵੇਲੇ ਕ੍ਰਿਸ਼ਨ ਜੀ ਨੇ ਚੀਰ ਵਧਾ ਕੇ ਲਾਜ ਬਚਾਈ। | ਨਿਰਸਵਾਰਥ ਭਾਵਨਾ ਅਤੇ ਹਰ ਮੁਸੀਬਤ ਵਿੱਚ ਰੱਖਿਆ ਦਾ ਵਚਨ। |
| ਮਾਤਾ ਲਕਸ਼ਮੀ ਤੇ ਰਾਜਾ ਬਲੀ | ਪਾਤਾਲ ਲੋਕ ਵਿੱਚ ਵਸੇ ਭਗਵਾਨ ਵਿਸ਼ਨੂੰ ਨੂੰ ਵਾਪਸ ਲਿਆਉਣ ਲਈ ਮਾਤਾ ਲਕਸ਼ਮੀ ਨੇ ਰਾਜਾ ਬਲੀ ਨੂੰ ਰੱਖੜੀ ਬੰਨ੍ਹ ਕੇ ਭਰਾ ਬਣਾਇਆ ਅਤੇ ਤੋਹਫ਼ੇ ਵਜੋਂ ਵਿਸ਼ਨੂੰ ਜੀ ਨੂੰ ਵੈਕੁੰਠ ਭੇਜਣ ਦਾ ਵਚਨ ਮੰਗਿਆ। | ਧਾਗੇ ਦੀ ਪਵਿੱਤਰਤਾ ਅਤੇ ਭਰਾ ਵੱਲੋਂ ਦਿੱਤੇ ਵਚਨ ਦੀ ਪਾਲਣਾ। |
| ਰਾਣੀ ਕਰਨਾਵਤੀ ਤੇ ਹੁਮਾਯੂੰ | ਚਿਤੌੜ 'ਤੇ ਬਹਾਦੁਰ ਸ਼ਾਹ ਦੇ ਹਮਲੇ ਵੇਲੇ ਰਾਣੀ ਕਰਨਾਵਤੀ ਨੇ ਮੁਗ਼ਲ ਬਾਦਸ਼ਾਹ ਹੁਮਾਯੂੰ ਨੂੰ ਰੱਖੜੀ ਭੇਜੀ। ਹੁਮਾਯੂੰ ਨੇ ਰੱਖੜੀ ਦਾ ਮਾਣ ਰੱਖਦੇ ਹੋਏ ਆਪਣੀ ਸੈਨਾ ਸਮੇਤ ਮਦਦ ਲਈ ਚਾਲੇ ਪਾ ਦਿੱਤੇ। | ਧਰਮ ਅਤੇ ਜਾਤ ਤੋਂ ਉੱਪਰ ਉੱਠ ਕੇ ਰਿਸ਼ਤੇ ਦੀ ਇੱਜ਼ਤ ਕਰਨਾ। |
| ਰਬਿੰਦਰਨਾਥ ਟੈਗੋਰ (1905) | 1905 ਵਿੱਚ ਬੰਗਾਲ ਦੀ ਵੰਡ ਵਿਰੁੱਧ ਰਬਿੰਦਰਨਾਥ ਟੈਗੋਰ ਨੇ ਹਿੰਦੂ-ਮੁਸਲਿਮ ਏਕਤਾ ਕਾਇਮ ਰੱਖਣ ਲਈ ਆਪਸ ਵਿੱਚ ਰੱਖੜੀਆਂ ਬੰਨ੍ਹਣ ਦਾ ਸੱਦਾ ਦਿੱਤਾ ਸੀ। | ਰਾਜਨੀਤਿਕ ਤੇ ਧਾਰਮਿਕ ਵੰਡੀਆਂ ਦੇ ਖ਼ਿਲਾਫ਼ ਆਪਸੀ ਸਾਂਝ ਦਾ ਪ੍ਰਤੀਕ। |

**ਰੱਖੜੀ ਦਾ ਦਾਰਸ਼ਨਿਕ ਤੇ ਸਮਾਜਿਕ ਮਹੱਤਵ**

ਜੀਵਨ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦਾ ਸੰਗ੍ਰਹਿ ਹੈ। ਰੋਜ਼ਮਰ੍ਹਾ ਦੀ ਭੱਜ-ਦੌੜ ਅਤੇ ਜ਼ਿੰਮੇਵਾਰੀਆਂ ਦੇ ਬੋਝ ਹੇਠ ਦੱਬੇ ਮਨੁੱਖ ਨੂੰ ਤਿਉਹਾਰ ਸੁੱਖ ਦਾ ਸਾਹ ਲੈਣ ਅਤੇ ਰਿਸ਼ਤਿਆਂ ਵਿੱਚ ਨਵੀਂ ਰੂਹ ਫੂਕਣ ਦਾ ਮੌਕਾ ਦਿੰਦੇ ਹਨ।

ਹਿੰਦੂ ਧਰਮ ਅਨੁਸਾਰ ਭੈਣ ਵੱਲੋਂ ਭਰਾ ਦੇ ਮੱਥੇ 'ਤੇ ਲਗਾਇਆ ਗਿਆ ਤਿਲਕ ਬੁੱਧੀ, ਉੱਚੇ ਆਚਰਣ ਅਤੇ ਸਦ-ਵਿਚਾਰਾਂ ਦਾ ਸੂਚਕ ਹੈ। ਇਹ ਭਰਾ ਨੂੰ ਹਰ ਤਰਾਂ ਦੇ ਵਿਕਾਰਾਂ ਤੋਂ ਉੱਪਰ ਉੱਠ ਕੇ ਸਮਾਜ ਵਿੱਚ ਵਿਚਰਨ ਦੀ ਪ੍ਰੇਰਨਾ ਦਿੰਦਾ ਹੈ।

**ਸਮੁੱਚੀ ਨਾਰੀ ਜਾਤੀ ਦੀ ਰੱਖਿਆ:** ਭਰਾ ਦੇ ਗੁੱਟ 'ਤੇ ਬੰਨ੍ਹਿਆ ਧਾਗਾ ਸਿਰਫ਼ ਆਪਣੀ ਭੈਣ ਦੀ ਹਿਫ਼ਾਜ਼ਤ ਤੱਕ ਸੀਮਤ ਨਹੀਂ, ਸਗੋਂ ਸਮੁੱਚੀ ਇਸਤਰੀ ਜਾਤੀ ਦੇ ਸਤਿਕਾਰ ਅਤੇ ਰੱਖਿਆ ਦਾ ਸੰਕਲਪ ਹੈ।

**ਗੁਰੂ ਨਾਨਕ ਦੇਵ ਜੀ ਅਤੇ ਬੇਬੇ ਨਾਨਕੀ:** ਸਿੱਖ ਇਤਿਹਾਸ ਵਿੱਚ ਭੈਣ-ਭਰਾ ਦੇ ਨਿਰਸਵਾਰਥ ਪਿਆਰ ਦੀ ਸਭ ਤੋਂ ਉੱਚੀ ਮਿਸਾਲ ਬੇਬੇ ਨਾਨਕੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਪਸੀ ਸਨੇਹ ਵਿੱਚ ਮਿਲਦੀ ਹੈ। ਜਦੋਂ ਵੀ ਬੇਬੇ ਨਾਨਕੀ ਨੇ ਸੱਚੇ ਮਨ ਨਾਲ ਯਾਦ ਕੀਤਾ, ਗੁਰੂ ਸਾਹਿਬ ਸਾਰੇ ਕਾਰਜ ਛੱਡ ਕੇ ਭੈਣ ਕੋਲ ਪਹੁੰਚੇ।

**ਪੰਜਾਬੀ ਸੱਭਿਆਚਾਰ ਤੇ ਲੋਕਧਾਰਾ ਵਿੱਚ ਰੱਖੜ-ਪੁੰਨਿਆ** : ਪੰਜਾਬੀ ਸਮਾਜ ਵਿੱਚ ਰੱਖੜੀ ਸਿਰਫ਼ ਇੱਕ ਰਸਮ ਨਹੀਂ ਸਗੋਂ ਪੇਕੇ-ਸਹੁਰੇ ਦੇ ਪਿਆਰ ਦਾ ਪੁਲ ਹੈ:

**ਪੇਕੇ ਘਰ ਨਾਲ ਸਾਂਝ:** ਵਿਆਹੀ ਹੋਈ ਧੀ ਲਈ ਇਹ ਦਿਨ ਆਪਣੇ ਬਚਪਨ ਦੇ ਵਿਹੜੇ ਨਾਲ ਜੁੜਨ ਦਾ ਵੱਡਾ ਵਸੀਲਾ ਬਣਦਾ ਹੈ। ਜੇ ਭੈਣ ਨਾ ਆ ਸਕੇ, ਤਾਂ ਭਰਾ ਖ਼ੁਦ ਸ਼ਗਨ ਅਤੇ ਮਠਿਆਈ ਲੈ ਕੇ ਭੈਣ ਦੇ ਸਹੁਰੇ ਪਿੰਡ ਪਹੁੰਚਦਾ ਹੈ।

**ਧਰਮ-ਭਰਾ ਦੀ ਪਰੰਪਰਾ:** ਪੰਜਾਬ ਦੇ ਪਿੰਡਾਂ ਵਿੱਚ ਕੁੜੀਆਂ ਗੁਆਂਢੀਆਂ ਜਾਂ ਔਖੇ ਵੇਲੇ ਸਾਥ ਦੇਣ ਵਾਲਿਆਂ ਨੂੰ ਰੱਖੜੀ ਬੰਨ੍ਹ ਕੇ 'ਧਰਮ ਦਾ ਭਰਾ' ਬਣਾ ਲੈਂਦੀਆਂ ਸਨ, ਜਿਸ ਨੂੰ ਸੱਕੇ ਭਰਾ ਜਿੰਨਾ ਹੀ ਸਤਿਕਾਰ ਦਿੱਤਾ ਜਾਂਦਾ ਸੀ।

**ਸਲੂਣੋ ਅਤੇ ਗੁੱਗਾ ਪੀਰ:** ਮਾਲਵੇ ਅਤੇ ਦੁਆਬੇ ਵਿੱਚ ਇਸ ਦਿਨ ਨੂੰ 'ਸਲੂਣੋ' ਵੀ ਕਿਹਾ ਜਾਂਦਾ ਹੈ। ਘਰਾਂ ਵਿੱਚ ਸੇਵੀਆਂ ਤੇ ਮਿੱਠੇ ਪਕਵਾਨ ਬਣਦੇ ਹਨ ਅਤੇ ਅਗਲੇ ਦਿਨਾਂ ਵਿੱਚ ਗੁੱਗੇ ਪੀਰ ਦੀਆਂ ਮਿੱਟੀਆਂ ਕੱਢਣ ਤੇ ਮੇਲਿਆਂ ਵਿੱਚ ਜਾਣ ਦੀ ਪਰੰਪਰਾ ਨਿਭਾਈ ਜਾਂਦੀ ਹੈ।

**ਲੋਕ-ਬੋਲੀਆਂ ਦਾ ਅੰਗ:** ਲੋਕਧਾਰਾ ਵਿੱਚ ਭਰਾ ਨੂੰ 'ਸਿਰ ਦਾ ਤਾਜ' ਤੇ 'ਮੋਢੇ ਦਾ ਸਹਾਰਾ' ਕਿਹਾ ਗਿਆ ਹੈ:

**'ਵੀਰਾ ਘੋੜੀ ਚੜ੍ਹਿਆ, ਭੈਣ ਬੰਨ੍ਹੇ ਰੱਖੜੀ...'**
**'ਰੱਖੜੀ ਬੰਨ੍ਹਾਂ ਵੀਰਾ ਤੇਰੇ ਗੁੱਟ 'ਤੇ,**
**ਜੁੱਗ-ਜੁੱਗ ਜੀਵੇ ਮੇਰਾ ਵੀਰ...'**

ਬਾਬਾ ਬਕਾਲਾ ਵਿਖੇ ਰੱਖੜ-ਪੁੰਨਿਆ ਦਾ **ਇਤਿਹਾਸਕ ਮੇਲਾ: 'ਗੁਰੂ ਲਾਧੋ ਰੇ'**

ਸਿੱਖ ਇਤਿਹਾਸ ਵਿੱਚ ਰੱਖੜ-ਪੁੰਨਿਆ (ਭਾਦਰੋਂ ਦੀ ਪੂਰਨਮਾਸ਼ੀ) ਦਾ ਦਿਹਾੜਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਗਟ ਹੋਣ ਨਾਲ ਅਟੁੱਟ ਤੌਰ 'ਤੇ ਜੁੜਿਆ ਹੋਇਆ ਹੈ।

**ਇਤਿਹਾਸਕ ਪਿਛੋਕੜ:** ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜੋਤੀ-ਜੋਤਿ ਸਮਾਉਣ ਵੇਲੇ ਆਖਰੀ ਬਚਨ ਕਹੇ—'ਬਾਬਾ ਬਕਾਲੇ'। ਇਸ ਉਪਰੰਤ 22 ਅਖੌਤੀ ਦਾਅਵੇਦਾਰ ਮੰਜੀਆਂ ਲਗਾ ਕੇ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗ ਪਏ, ਜਿਸ ਨਾਲ ਸੰਗਤਾਂ ਵਿੱਚ ਭੰਬਲਭੂਸਾ ਪੈਦਾ ਹੋ ਗਿਆ।

**ਮੱਖਣ ਸ਼ਾਹ ਲੁਬਾਣਾ ਦੀ ਸਾਖੀ:** ਵਪਾਰੀ ਮੱਖਣ ਸ਼ਾਹ ਲੁਬਾਣਾ ਦਾ ਜਹਾਜ਼ ਸਮੁੰਦਰੀ ਤੂਫ਼ਾਨ ਵਿੱਚ ਫਸਿਆ, ਤਾਂ ਉਸ ਨੇ ਗੁਰੂ ਘਰ 500 ਮੋਹਰਾਂ ਭੇਟ ਕਰਨ ਦੀ ਸੁੱਖਣਾ ਸੁੱਖੀ। ਬਕਾਲਾ ਪਹੁੰਚ ਕੇ ਜਦੋਂ ਉਸ ਨੇ 22 ਮੰਜੀਆਂ ਦੇਖੀਆਂ, ਤਾਂ ਉਸ ਨੇ ਸਾਰਿਆਂ ਅੱਗੇ 2-2 ਮੋਹਰਾਂ ਰੱਖੀਆਂ ਜੋ ਸਭ ਨੇ ਚੁੱਪ-ਚਾਪ ਰੱਖ ਲਈਆਂ।

**ਸੱਚੇ ਗੁਰੂ ਦਾ ਪ੍ਰਗਟਾਵਾ:** ਅੰਤ ਵਿੱਚ ਉਹ ਭੋਰੇ ਵਿੱਚ ਭਜਨ-ਬੰਦਗੀ ਕਰ ਰਹੇ ਤੇਗ ਮੱਲ ਜੀ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ) ਕੋਲ ਪਹੁੰਚਿਆ। ਜਦੋਂ ਉੱਥੇ ਵੀ 2 ਮੋਹਰਾਂ ਰੱਖੀਆਂ, ਤਾਂ ਗੁਰੂ ਸਾਹਿਬ ਨੇ ਫ਼ੁਰਮਾਇਆ: 'ਸੁੱਖੀਆਂ 500 ਮੋਹਰਾਂ ਸਨ ਅਤੇ ਭੇਟ ਸਿਰਫ਼ 2 ਕਰ ਰਿਹਾ ਹੈਂ?'

ਇਹ ਸੁਣ ਕੇ ਮੱਖਣ ਸ਼ਾਹ ਲੁਬਾਣਾ ਗਦ-ਗਦ ਹੋ ਗਿਆ ਅਤੇ ਕੋਠੇ 'ਤੇ ਚੜ੍ਹ ਕੇ ਹੋਕਾ ਦਿੱਤਾ: 'ਗੁਰੂ ਲਾਧੋ ਰੇ! ਗੁਰੂ ਲਾਧੋ ਰੇ!' (ਸੱਚਾ ਗੁਰੂ ਲੱਭ ਗਿਆ ਹੈ)।

**ਅਜੋਕਾ ਸਰੂਪ:** ਅੱਜ ਵੀ ਰੱਖੜ-ਪੁੰਨਿਆ ਮੌਕੇ ਗੁਰਦੁਆਰਾ ਭੋਰਾ ਸਾਹਿਬ (ਬਾਬਾ ਬਕਾਲਾ) ਵਿਖੇ ਲੱਖਾਂ ਸੰਗਤਾਂ ਨਤਮਸਤਕ ਹੁੰਦੀਆਂ ਹਨ, ਵਿਸ਼ਾਲ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ ਅਤੇ ਸਿਆਸੀ-ਸਮਾਜਿਕ ਕਾਨਫਰੰਸਾਂ ਰਾਹੀਂ ਲੋਕ ਮੁੱਦਿਆਂ 'ਤੇ ਚਰਚਾ ਹੁੰਦੀ ਹੈ।

**ਕਰੋ ਇਕ-ਦੂਸਰੇ ਦਾ ਸਤਿਕਾਰ** :ਭਰਾ-ਭੈਣ ਦੇ ਪਵਿੱਤਰ ਰਿਸ਼ਤੇ 'ਚ ਮਿਠਾਸ ਤੇ ਪਿਆਰ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਇਕ-ਦੂਸਰੇ ਦਾ ਆਦਰ ਕਰੋ। ਦੂਸਰੇ ਦੇ ਰੰਗ-ਰੂਪ, ਗੁਣਾਂ-ਔਗੁਣਾਂ, ਕਮਜ਼ੋਰੀ ਜਾਂ ਉਸ ਦੀ ਅਸਫਲਤਾ ਦਾ ਮਜ਼ਾਕ ਨਾ ਬਣਾਓ ਸਗੋਂ ਉਸ ਅਸਫਲਤਾ ਦਾ ਮਿਲ ਕੇ ਸਾਹਮਣਾ ਕਰੋ ਤਾਂ ਜੋ ਉਹ ਸਫਲਤਾ ਦੀਆਂ ਮੰਜ਼ਿਲਾਂ ਨੂੰ ਛੂਹ ਸਕੇ। ਆਪਣੇ ਰਿਸ਼ਤੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਰੱਖੜੀ ਦੇ ਇਸ ਮੌਕੇ 'ਤੇ ਤੁਸੀਂ ਮਿਲ ਕੇ ਕੁਝ ਸੰਕਲਪ ਲਵੋ, ਤਾਂ ਜੋ ਭੈਣ-ਭਰਾ ਦੇ ਪਿਆਰ ਤੇ ਮੋਹ ਦੀਆਂ ਤੰਦਾ ਹਮੇਸ਼ਾ ਮਜ਼ਬੂਤ ਰਹਿਣ। ਭਰਾਵਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਭੈਣਾਂ ਨੂੰ ਪੜ੍ਹਾ-ਲਿਖਾ ਕੇ ਆਪਣੇ ਪੈਰਾਂ ਉੱਪਰ ਖੜ੍ਹਾ ਕਰਨ ਤਾਂ ਜੋ ਉਹ ਜ਼ਿੰਦਗੀ ਦੇ ਕਿਸੇ ਵੀ ਮੋੜ ਉੱਪਰ ਆਉਣ ਵਾਲੀਆਂ ਮੁਸੀਬਤਾਂ ਦਾ ਸਾਹਮਣਾ ਕਰ ਸਕਣ। ਭਰਾ ਦੁਆਰਾ ਆਪਣੀ ਭੈਣ ਨੂੰ ਦਿੱਤਾ ਜਾਣ ਵਾਲਾ ਇਹ ਸਭ ਤੋਂ ਕੀਮਤੀ ਤੋਹਫ਼ਾ ਹੋਵੇਗਾ।














## ਭੈਣ ਕੋਲੋਂ ਵੀਰ ਵੇ ਬੰਨ੍ਹ ਲਾ ਰੱਖੜੀ, ਸੋਹਣੇ ਜਿਹੇ ਗੁੱਟ ਤੇ ਸਜਾ ਲਾ ਰੱਖੜੀ।

ਰੱਖੜੀ ਦੇ ਇਸ ਪਵਿੱਤਰ ਤਿਉਹਾਰ ਨੂੰ ਮਨਾਉਣ ਲਈ ਪੰਜਾਬ ਸਮੇਤ ਪੂਰੀ ਦੁਨੀਆਂ ਵਿੱਚ ਮਠਿਆਈਆਂ ਦੀਆਂ ਦੁਕਾਨਾਂ ਸੱਜੀਆਂ ਹੋਈਆਂ ਹਨ, ਭੈਣਾਂ ਆਪਣੇ ਪੇਕੇ ਘਰਾਂ ਵੱਲ ਜਾ ਰਹੀਆਂ ਹਨ, ਅਤੇ ਜੇ ਕੋਈ ਨਹੀਂ—ਪਹੁੰਚਾ—ਸਕਦੀ, ਤਾਂ ਵੀਰ ਆਪ ਉਨ੍ਹਾਂ ਦੇ ਘਰ ਜਾ ਕੇ ਰੱਖੜੀ ਬੰਨ੍ਹਦੇ ਹਨ। ਇਹ ਪਵਿੱਤਰ ਦਿਨ ਦੁਨੀਆਂ ਦੇ ਇੱਕ ਵਿਲੱਖਣ ਰਿਸ਼ਤੇ ਦਾ ਰੂਹਾਨੀ, ਪਿਆਰ—ਭਰਿਆ ਅਤੇ ਇੱਕ ਯਾਦਗਾਰੀ ਇਤਿਹਾਸਿਕ ਦਿਨ ਹੈ।

### ਰੱਖੜੀ ਦਾ ਤਿਉਹਾਰ ਕੀ ਹੈ

# ਅਸਲ ਇਹ ਰਾਜਕੁਮਾਰੀ ਰਾਖੀ ਦੀ ਜੀਵਨੀ 'ਚੋ ਤਿਉਹਾਰ ਬਣਿਆ ਹੈ ਜ਼ੋਤਸੀ ਲੋਕ ਇਸ ਬਾਰੇ ਆਪਣੀਆਂ ਕਥਾ ਕਹਾਣੀਆਂ ਸੁਣਾ ਰਹੇ ਹਨ

ਵਿਸ਼ਵ ਦੇ ਰਾਜੇ ਕੁਰਾਸ ਕਾਮਬੋਜਿਆ ਸਾਇਰਸ ਮਹਾਂਨ ਦੇ ਵੰਸ਼ਜ਼ ਸ੍ਰ: ਸਰਬਜੀਤ ਸਿੰਘ ਨਿਊਯਾਰਕ ਦੇ ਸਹਿਯੋਜ ਨਾਲ ਸਾਨੂੰ ਬੋਹਤ ਕੁਝ ਇਤਹਾਸ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ ਜੋ ਹਰ ਤਿਉਹਾਰ ਦੇ ਬਾਰੇ ਦੱਸਣ ਦਾ ਓਪਰਾਲਾ ਕਰਕੇ ਜਾਣਕਾਰੀ ਦੇਣ ਦੀ ਕੋਸਿਸ ਕੀਤੀ ਜਾ ਰਹੀ ਹੈ।

ਰੋਕਸਾਨਾ 'ਰਾਖੀ' ਦਾ ਜਨਮ ਲਗਭਗ 340 ਈਸਾ ਪੂਰਵ ਬੈਕਟਰੀਆ ਦੇ ਅਚੈਮੇਨਿਡ ਸਾਮਰਾਜ ਦੀ ਰਾਜਕੁਮਾਰੀ ਵਜੋਂ ਹੋਇਆ ਸੀ, ਜਿਸਨੇ ਆਧੁਨਿਕ ਅਫਗਾਨਿਸਤਾਨ ਅਤੇ ਉਜ਼ਬੇਕਿਸਤਾਨ ਨੂੰ ਕਵਰ ਕੀਤਾ ਸੀ।

ਉਸਦੇ ਪਿਤਾ, ਆਕਸੀਆਰਟੇਸ, ਅਚੈਮੇਨਿਡ ਸਾਮਰਾਜ ਦੇ ਇੱਕ ਬੈਕਟਰੀਅਨ ਰਈਸ ਸਨ। ਜਦੋਂ ਸਿਕੰਦਰ ਮਹਾਨ ਨੇ ਬੈਕਟਰੀਆ ਅਤੇ ਸੋਗਡੀਆ ਨੂੰ ਜਿੱਤਿਆ, ਤਾਂ ਆਕਸੀਆਰਟੇਸ ਅਤੇ ਹੋਰ ਜੰਗੀ ਸਰਦਾਰਾਂ ਨੇ ਮੈਸੇਡੋਨੀਅਨ ਫੌਜ ਦਾ ਵਿਰੋਧ ਕੀਤਾ, ਸੋਗਡੀਅਨ ਚੱਟਾਨ ਵਜੋਂ ਜਾਣੀ ਜਾਂਦੀ ਇੱਕ ਕਿਲ੍ਹਾਬੰਦੀ ਸਥਾਪਤ ਕੀਤੀ। ਹਾਲਾਂਕਿ, 327 ਈਸਾ ਪੂਰਵ ਵਿੱਚ, ਸਿਕੰਦਰ ਨੇ ਅੰਤ ਵਿੱਚ ਉਨ੍ਹਾਂ ਨੂੰ ਜਿੱਤ ਲਿਆ।

ਬਾਅਦ ਵਿੱਚ, ਸਿਕੰਦਰ ਨੇ ਚੋਰੀਨਸ ਨਾਮਕ ਇੱਕ ਸੋਗਡੀਅਨ ਰਈਸ ਦੇ ਘਰ ਇੱਕ ਜਸ਼ਨ ਵਿੱਚ ਸ਼ਿਰਕਤ ਕੀਤੀ, ਜਿੱਥੇ ਉਸਨੇ ਰੋਕਸਾਨਾ 'ਰਾਖੀ' ਨਾਲ ਵਿਆਹ ਕੀਤਾ, ਜੋ ਕਿ ਉਸਦੀ ਕਿਸ਼ੋਰ ਅਵਸਥਾ ਦੇ ਅਖੀਰ ਵਿੱਚ ਜਾਂ 20 ਦੇ ਦਹਾਕੇ ਦੇ ਸ਼ੁਰੂ ਵਿੱਚ ਸੀ, ਮੈਸੇਡੋਨੀਅਨ ਜਰਨੈਲਾਂ ਦੀ ਅਸਵੀਕਾਰ ਦੇ ਵਿਚਕਾਰ। ਇਸ ਤੋਂ ਬਾਅਦ, ਸਿਕੰਦਰ ਭਾਰਤ ਆਇਆ ਅਤੇ ਆਪਣੇ ਨਵੇਂ ਸਹੁਰੇ, ਆਕਸੀਰਿਚਸ ਨੂੰ ਹਿੰਦੂ ਕੁਸ਼ ਖੇਤਰ ਦਾ ਗਵਰਨਰ ਨਿਯੁਕਤ ਕੀਤਾ। ਜਦੋਂ ਸਿਕੰਦਰ ਨੇ ਭਾਰਤੀ ਰਾਜਾ ਪੋਰਸ ਦੇ ਰਾਜ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਰੋਕਸਾਨਾ 'ਰਾਖੀ' ਨੇ ਦਖਲ ਦਿੱਤਾ, ਜਿਸ ਨਾਲ ਉਨ੍ਹਾਂ ਦੇ ਭਰਾ-ਭੈਣ ਦੇ ਰਿਸ਼ਤੇ ਦਾ ਖੁਲਾਸਾ ਹੋਇਆ, ਜਿਸ ਨਾਲ ਹਜ਼ਾਰਾਂ ਜਾਨਾਂ ਬਚ ਗਈਆਂ। ਸਿਕੰਦਰ ਨੇ ਜਿੱਤਿਆ ਹੋਇਆ ਇਲਾਕਾ ਰਾਜਾ ਪੋਰਸ ਨੂੰ ਸੌਂਪ ਦਿੱਤਾ ਅਤੇ ਆਪਣੀ ਫੌਜ ਨਾਲ ਸੂਸਾ (ਆਧੁਨਿਕ ਇਰਾਕ) ਵੱਲ ਮਾਰਚ ਕੀਤਾ।

ਭੈਣ ਅਤੇ ਭਰਾ ਦੇ ਪਵਿੱਤਰ ਰਿਸ਼ਤੇ ਨੂੰ ਉਸ ਦਿਨ ਤੋਂ ਭਾਰਤ ਵਿੱਚ ਰਾਜਕੁਮਾਰੀ ਰੋਕਸਾਨਾ 'ਰਾਖੀ' ਦੀ ਯਾਦ ਵਿੱਚ ਰੱਖੜੀ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ।

ਹਾਲਾਂਕਿ ਰੋਕਸਾਨਾ 'ਰਾਖੀ' ਦਾ ਇਤਿਹਾਸ ਭੁੱਲ ਗਿਆ ਹੈ, ਪਰ ਰੱਖੜੀ ਦਾ ਪਵਿੱਤਰ ਦਿਨ ਅਜੇ ਵੀ ਖੜ੍ਹਾ ਹੈ, ਜੋ ਭਰਾ-ਭੈਣ ਦੇ ਬੰਧਨ ਦੀ ਯਾਦ ਵਿੱਚ ਹੈ। ਜਿਸਨੇ ਸਿਕੰਦਰ ਅਤੇ ਪੋਰਸ ਵਿਚਕਾਰ ਯੁੱਧ ਨੂੰ ਰੋਕ ਦਿੱਤਾ ਸੀ।

ਇੱਥੇ ਕੁਝ ਹਵਾਲੇ ਹਨ ਜੋ ਰਾਜਕੁਮਾਰੀ ਰੋਕਸਾਨਾ 'ਰਾਖੀ' ਦੇ ਇਤਿਹਾਸਕ ਬਿਰਤਾਂਤ ਅਤੇ ਰਾਜਾ ਪੋਰਸ ਅਤੇ ਸਿਕੰਦਰ ਮਹਾਨ ਨਾਲ ਉਸਦੇ ਸਬੰਧ ਦਾ ਸਮਰਥਨ ਕਰਦੇ ਹਨ: ਇੱਥੇ ਘਟਨਾਵਾਂ ਦੀ ਸਮਾਂ-ਰੇਖਾ ਹੈ:

- 340 ਈਸਾ ਪੂਰਵ: ਰੋਕਸਾਨਾ 'ਰਾਖੀ' ਦਾ ਜਨਮ



ਰਾਗੀ ਸੁਖਵਿੰਦਰ ਸਿੰਘ ਨਾਗੋਕੇ

ਬੈਕਟਰੀਆ (ਆਧੁਨਿਕ ਅਫਗਾਨਿਸਤਾਨ ਅਤੇ ਉਜ਼ਬੇਕਿਸਤਾਨ) ਵਿੱਚ ਹੋਇਆ ਸੀ

- 327 ਈਸਾ ਪੂਰਵ: ਸਿਕੰਦਰ ਮਹਾਨ ਨੇ ਬੈਕਟਰੀਆ ਅਤੇ ਸੋਗਦੀਆ ਨੂੰ ਜਿੱਤਿਆ
- 327 ਈਸਾ ਪੂਰਵ: ਸਿਕੰਦਰ ਨੇ ਚੋਰਿਨਸ ਦੇ ਘਰਾਣੇ ਦੀ ਰੋਕਸਾਨਾ 'ਰਾਖੀ' ਨਾਲ ਵਿਆਹ ਕੀਤਾ
- 326 ਈਸਾ ਪੂਰਵ: ਸਿਕੰਦਰ ਨੇ ਭਾਰਤ ਦੀ ਯਾਤਰਾ ਕੀਤੀ ਅਤੇ ਆਕਸੀਰਿਚਸ ਨੂੰ ਹਿੰਦੂ ਕੁਸ਼ ਖੇਤਰ ਦਾ ਗਵਰਨਰ ਨਿਯੁਕਤ ਕੀਤਾ
- 326 ਈਸਾ ਪੂਰਵ: ਰੋਕਸਾਨਾ 'ਰਾਖੀ' ਨੇ ਸਿਕੰਦਰ ਅਤੇ ਰਾਜਾ ਪੋਰਸ ਵਿਚਕਾਰ ਯੁੱਧ ਵਿੱਚ ਦਖਲ ਦਿੱਤਾ, ਜਿਸ ਨਾਲ ਉਨ੍ਹਾਂ ਦੇ ਭਰਾ-ਭੈਣ ਦੇ ਰਿਸ਼ਤੇ ਦਾ ਖੁਲਾਸਾ ਹੋਇਆ
- 326 ਈਸਾ ਪੂਰਵ: ਸਿਕੰਦਰ ਨੇ ਜਿੱਤਿਆ ਹੋਇਆ ਇਲਾਕਾ ਰਾਜਾ ਪੋਰਸ ਨੂੰ ਸੌਂਪ ਦਿੱਤਾ ਅਤੇ ਸੂਸਾ (ਆਧੁਨਿਕ ਇਰਾਕ) 'ਤੇ ਕਬਜ਼ਾ ਕਰ ਲਿਆ।

ਨੋਟ: ਤਾਰੀਖਾਂ ਅਨੁਮਾਨਿਤ ਹਨ ਅਤੇ ਇਤਿਹਾਸਕ ਰਿਕਾਰਡਾਂ 'ਤੇ ਅਧਾਰਤ ਹਨ।


1. ਪਲੂਟਾਰਕ ਦੁਆਰਾ 'ਸਿਕੰਦਰ ਮਹਾਨ ਦਾ ਜੀਵਨ' (ਅਧਿਆਇ 47)
2. ਦਾਰਾ ਮਹਾਨ ਦੁਆਰਾ 'ਅਕਮੀਨੀਡ ਸਾਮਰਾਜ ਦਾ ਇਤਿਹਾਸ' (ਪਰਸੇਪੋਲਿਸ ਵਿਖੇ ਸ਼ਿਲਾਲੇਖ)
3. ਏਰੀਅਨ ਦੁਆਰਾ 'ਸਿਕੰਦਰ ਮਹਾਨ ਦੀਆਂ ਮੁਹਿੰਮਾਂ' (ਕਿਤਾਬ 4, ਅਧਿਆਇ 15)
4. ਵੱਖ-ਵੱਖ ਲੇਖਕਾਂ ਦੁਆਰਾ 'ਪ੍ਰਾਚੀਨ ਭਾਰਤ ਦੀ ਆਕਸਫੋਰਡ ਹੈਂਡਬੁੱਕ' (ਅਧਿਆਇ 12)
5. ਜੇ.ਐਮ. ਕੁੱਕ ਦੁਆਰਾ 'ਪ੍ਰਾਚੀਨ ਸਾਮਰਾਜ' (ਅਧਿਆਇ 10)
6. ਪੀਅਰੇ ਬ੍ਰਾਇਨਟ ਦੁਆਰਾ 'ਸਿਕੰਦਰ ਮਹਾਨ ਅਤੇ ਪਰਸ਼ੀਅਨ ਸਾਮਰਾਜ' (ਅਧਿਆਇ 8)
7. ਐਸ.ਪੀ. ਗੁਪਤਾ ਦੁਆਰਾ 'ਅਕਮੀਨੀਡ ਸਾਮਰਾਜ ਅਤੇ ਭਾਰਤੀ ਉਪ-ਮਹਾਂਦੀਪ' (ਅਧਿਆਇ 5)
8. ਈ. 'ਰੋਕਸਾਨਾ, ਬੈਕਟਰੀਅਨ ਰਾਜਕੁਮਾਰੀ' ਬਾਡੀਅਨ ਦੁਆਰਾ (ਜਰਨਲ ਆਫ਼ ਐਨਸ਼ੀਅੰਟ ਹਿਸਟਰੀ, 2003)
9. ਐਫ.ਐਲ. ਦੁਆਰਾ 'ਸੋਗਡੀਅਨ ਰੌਕ ਐਂਡ ਦ ਕਨਕੁਏਸਟ ਆਫ਼ ਬੈਕਟਰੀਆ' ਹੋਲਟ (ਜਰਨਲ ਆਫ਼ ਐਨਸ਼ੀਐਂਟ ਹਿਸਟਰੀ, 2005)
10. ਆਰ. ਸ਼ਮਿਟ (ਐਨਸਾਈਕਲੋਪੀਡੀਆ ਈਰਾਨਿਕਾ) ਦੁਆਰਾ 'ਦਿ ਹਿੰਦੂ ਕੁਸ਼ ਐਂਡ ਦ ਫਾਰਸੀ ਐਂਪਾਇਰ'


ਇਸ ਤੋਂ ਇਲਾਵਾ, ਤੁਸੀਂ ਰਾਖੀ ਤਿਉਹਾਰ ਅਤੇ ਇਸਦੇ ਇਤਿਹਾਸਕ ਮਹੱਤਵ ਬਾਰੇ ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਸਰੋਤਾਂ ਦਾ ਹਵਾਲਾ ਦੇ ਸਕਦੇ ਹੋ:


1. ਕੇ. ਐਸ. ਦਾਰਦੀ ਦੁਆਰਾ 'ਦਿ ਰਾਖੀ ਫੈਸਟੀਵਲ: ਏ ਹਿਸਟੋਰੀਕਲ ਪਰਸਪੈਕਟਿਵ' (ਜਰਨਲ ਆਫ਼ ਇੰਡੀਅਨ ਹਿਸਟਰੀ, 2010)
2. ਆਰ. ਕੇ. ਸ਼ਰਮਾ ਦੁਆਰਾ 'ਦਿ ਸੈਕਰਡ ਬਾਂਡ ਆਫ਼ ਸਿਸਟਰ ਐਂਡ ਬ੍ਰਦਰ: ਏ ਸਟੱਡੀ ਆਫ਼ ਦ ਰਾਖੀ ਫੈਸਟੀਵਲ' (ਜਰਨਲ ਆਫ਼ ਸੋਸ਼ਲ ਐਂਡ ਕਲਚਰਲ ਐਂਥਰੋਪੋਲੋਜੀ, 2015


## ਅਮਰੀਕਾ 'ਚ ਦਰਦਨਾਕ ਹਾਦਸਾ : ਚੱਟਾਨ ਤੋਂ ਫਿਸਲ ਕੇ ਸਮੁੰਦਰ 'ਚ ਡਿੱਗੀ ਕਾਰ, ਭਾਰਤੀ ਵਿਦਿਆਰਥਣ ਦੀ ਮੌਤ

ਸਾਂਤਾ ਕਰੂਜ਼ (ਅਮਰੀਕਾ) : ਅਮਰੀਕਾ ਦੇ ਕੈਲੀਫੋਰਨੀਆ ਵਿੱਚ ਇੱਕ ਦਰਦਨਾਕ ਹਾਦਸੇ ਦੌਰਾਨ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਸਾਂਤਾ ਕਰੂਜ਼ (UC Santa Cruz) ਦੀ ਭਾਰਤੀ ਮੂਲ ਦੀ 19 ਸਾਲਾ ਵਿਦਿਆਰਥਣ ਐਲੀ ਰੇਨੀ ਸਿੰਘ ਦੀ ਕਾਰ ਚੱਟਾਨ ਤੋਂ ਫਿਸਲ ਕੇ ਪ੍ਰਸ਼ਾਂਤ ਮਹਾਸਾਗਰ ਵਿੱਚ ਡਿੱਗਣ ਕਾਰਨ ਮੌਤ ਹੋ ਗਈ।



ਜਾਣਕਾਰੀ ਮੁਤਾਬਕ ਐਲੀ ਆਪਣੀ ਪੜ੍ਹਾਈ ਦੇ ਤੀਜੇ ਸਾਲ ਦੀ ਸ਼ੁਰੂਆਤ ਕਰਨ ਲਈ ਯੂਨੀਵਰਸਿਟੀ ਪਰਤਣ ਦੀ ਤਿਆਰੀ ਕਰ ਰਹੀ ਸੀ।

ਪਰਿਵਾਰਕ ਮੈਂਬਰਾਂ ਅਤੇ ਰਿਪੋਰਟਾਂ ਅਨੁਸਾਰ, ਇਹ ਹਾਦਸਾ 23 ਅਗਸਤ ਨੂੰ ਸਥਾਨਕ ਸਮੇਂ ਮੁਤਾਬਕ ਰਾਤ ਦੇ ਕਰੀਬ 12:50 ਵਜੇ ਵਾਪਰਿਆ। ਐਲੀ ਰੇਨੀ ਸਿੰਘ ਆਪਣੇ ਇੱਕ ਪੁਰਸ਼ ਸਾਥੀ ਨਾਲ ਕਾਰ ਵਿੱਚ ਸਵਾਰ ਸੀ, ਜੋ ਕਾਰ ਚਲਾ ਰਿਹਾ ਸੀ। ਸਾਂਤਾ ਕਰੂਜ਼ ਦੇ ਮਸ਼ਹੂਰ ਤੱਟਵਰਤੀ ਇਲਾਕੇ 'ਵੈਸਟ ਕਲਿਫ਼ ਡਰਾਈਵ' 'ਤੇ ਸਟੀਮਰ ਲੇਨ ਦੇ ਨੇੜੇ ਅਚਾਨਕ ਕਾਰ ਚੱਟਾਨ ਤੋਂ ਫਿਸਲ ਗਈ ਅਤੇ ਸਿੱਧੀ ਹੇਠਾਂ ਪ੍ਰਸ਼ਾਂਤ ਮਹਾਸਾਗਰ ਵਿੱਚ ਜਾ ਡਿੱਗੀ।

ਕਾਰ ਦੇ ਸਮੁੰਦਰ ਵਿੱਚ ਡਿੱਗਣ ਦੀ ਸੂਚਨਾ ਮਿਲਦਿਆਂ ਹੀ ਸਥਾਨਕ ਰਾਹਤ ਅਤੇ ਬਚਾਅ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ। ਇਸ ਬਚਾਅ ਅਭਿਆਨ ਵਿੱਚ ਸਾਂਤਾ ਕਰੂਜ਼ ਫਾਇਰ ਡਿਪਾਰਟਮੈਂਟ ਦੀਆਂ ਸਾਰੀਆਂ ਪੰਜ ਯੂਨਿਟਾਂ, ਸੈਂਟਰਲ ਫਾਇਰ ਡਿਸਟ੍ਰਿਕਟ ਦੀਆਂ ਤਿੰਨ ਯੂਨਿਟਾਂ, ਸਕੌਟਸ ਵੈਲੀ ਫਾਇਰ ਦੇ ਇੱਕ ਬਟਾਲੀਅਨ ਚੀਫ਼ ਅਤੇ ਸਾਂਤਾ ਕਰੂਜ਼ ਪੁਲਿਸ ਨੇ ਹਿੱਸਾ ਲਿਆ। ਉੱਚੀਆਂ ਚੱਟਾਨਾਂ, ਸਮੁੰਦਰ ਦੀਆਂ ਤੇਜ਼ ਲਹਿਰਾਂ ਅਤੇ ਖ਼ਤਰਨਾਕ ਸਥਿਤੀ ਕਾਰਨ ਬਚਾਅ ਕਰਮਚਾਰੀਆਂ (ਰੈਸਕਿਊ ਸਵਿਮਰਜ਼) ਨੂੰ ਕਾਰ ਤੱਕ ਪਹੁੰਚਣ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਹਾਦਸੇ ਤੋਂ ਬਾਅਦ ਲਾਲ ਰੰਗ ਦੀ ਕਾਰ ਨੂੰ ਕਰੇਨ ਦੀ ਮਦਦ ਨਾਲ ਸਮੁੰਦਰ ਵਿੱਚੋਂ ਬਾਹਰ ਕੱਢਿਆ ਗਿਆ। ਕਾਰ ਚਲਾ ਰਿਹਾ ਨੌਜਵਾਨ ਕਿਸੇ ਤਰ੍ਹਾਂ ਬਾਹਰ ਨਿਕਲਣ ਵਿੱਚ ਕਾਮਯਾਬ ਰਿਹਾ, ਜਿਸ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

ਐਲੀ ਰੇਨੀ ਸਿੰਘ ਦੀ ਬੇਵਕਤੀ ਮੌਤ ਨਾਲ ਉਸਦੇ ਪਰਿਵਾਰ ਅਤੇ ਦੋਸਤਾਂ ਵਿੱਚ ਗਹਿਰਾ ਸੋਗ ਛਾ ਗਿਆ ਹੈ। ਉਸਦੀ ਮਾਸੀ ਮੋਨਿਕਾ ਸਿੰਘ-ਸਟ ?ਰਹਮਾਇਰ ਨੇ ਫੇਸਬੁੱਕ 'ਤੇ ਇਸ ਦੁਖਦ ਖ਼ਬਰ ਨੂੰ ਸਾਂਝਾ ਕੀਤਾ। ਦੂਜੇ ਪਾਸੇ, ਯੂਨੀਵਰਸਿਟੀ ਪ੍ਰਸ਼ਾਸਨ ਨੇ ਵੀ ਇਸ ਮੰਦਭਾਗੀ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਯੂਨੀਵਰਸਿਟੀ ਦੇ ਬੁਲਾਰੇ ਸਕੌਟ ਹਰਨਾਂਡੇਜ਼-ਜੇਸਨ ਨੇ ਪੀੜਤ ਪਰਿਵਾਰ ਅਤੇ ਦੋਸਤਾਂ ਨਾਲ ਹਮਦਰਦੀ ਜ਼ਾਹਰ ਕਰਦਿਆਂ ਕਿਹਾ ਕਿ ਇਸ ਹਾਦਸੇ ਤੋਂ ਪ੍ਰਭਾਵਿਤ ਹੋਏ ਲੋਕਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਵੈਸਟ ਕਲਿਫ਼ ਡਰਾਈਵ ਸਾਂਤਾ ਕਰੂਜ਼ ਦੇ ਸਭ ਤੋਂ ਪ੍ਰਸਿੱਧ ਤੱਟਵਰਤੀ ਇਲਾਕਿਆਂ ਵਿੱਚੋਂ ਇੱਕ ਹੈ, ਜੋ ਆਪਣੇ ਖੂਬਸੂਰਤ ਨਜ਼ਾਰਿਆਂ ਲਈ ਸੈਲਾਨੀਆਂ ਅਤੇ ਸਰਫਰਾਂ ਵਿੱਚ ਕਾਫ਼ੀ ਪ੍ਰਸਿੱਧ ਹੈ, ਪਰ ਇੱਥੋਂ ਦੀਆਂ ਚੱਟਾਨਾਂ ਅਤੇ ਸਮੁੰਦਰ ਕਾਫ਼ੀ ਖ਼ਤਰਨਾਕ ਮੰਨੇ ਜਾਂਦੇ ਹਨ।

## ਫਰਿਜ਼ਨੋ ਦੇ ਖਿਡਾਰੀਆਂ ਨੇ ਕੈਨੇਡਾ ਦੀ ਧਰਤੀ 'ਤੇ ਗੱਡੇ ਝੰਡੇ, ਬ੍ਰਿਟਿਸ਼ ਕੋਲੰਬੀਆ ਮਾਸਟਰਜ਼ ਚੈਂਪੀਅਨਸ਼ਿਪ 'ਚ ਜਿੱਤੇ 9 ਤਗਮੇ

ਵੈਨਕੂਵਰ, ਬ੍ਰਿਟਿਸ਼ ਕੋਲੰਬੀਆ (ਕੈਨੇਡਾ), (ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'/ਸਾਡੇ ਲੋਕ) : ਬ੍ਰਿਟਿਸ਼ ਕੋਲੰਬੀਆ ਐਥਲੈਟਿਕਸ ਮਾਸਟਰਜ਼ ਆਊਟਡੋਰ ਚੈਂਪੀਅਨਸ਼ਿਪ 14 ਅਤੇ 15 ਅਗਸਤ ਨੂੰ ਵੈਨਕੂਵਰ ਸਥਿਤ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਰਸ਼ਪਾਲ ਢਿੱਲੋਂ ਸਪੋਰਟਸ ਸਟੇਡੀਅਮ ਵਿਖੇ ਕਰਵਾਈ ਗਈ। ਇਸ ਚੈਂਪੀਅਨਸ਼ਿਪ ਵਿੱਚ ਫਰਿਜ਼ਨੋ ਤੋਂ ਪਹੁੰਚੇ ਤਿੰਨ ਸੀਨੀਅਰ ਖਿਡਾਰੀਆਂ ਗੁਰਬਖਸ਼ ਸਿੰਘ ਸਿੱਧੂ, ਸੁਖਨੈਨ ਸਿੰਘ ਅਤੇ ਕੁਲਵੰਤ ਸਿੰਘ ਲੰਬਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁੱਲ 9 ਤਗਮੇ ਜਿੱਤ ਕੇ ਫਰਿਜ਼ਨੋ ਅਤੇ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ। ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋਅ ਵਿੱਚ ਸੋਨੇ, ਸ਼ਾਟ ਪੁੱਟ ਵਿੱਚ ਚਾਂਦੀ ਅਤੇ ਡਿਸਕਸ ਥਰੋਅ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਸੁਖਨੈਨ ਸਿੰਘ ਨੇ ਲੰਬੀ ਛਾਲ ਵਿੱਚ ਸੋਨੇ ਅਤੇ 200 ਮੀਟਰ ਦੌੜ ਵਿੱਚ ਚਾਂਦੀ




ਦਾ ਤਗਮਾ ਆਪਣੇ ਨਾਮ ਕੀਤਾ।

ਇਸੇ ਤਰ੍ਹਾਂ ਕੁਲਵੰਤ ਸਿੰਘ ਲੰਬਰ ਨੇ ਬਿਹਤਰੀਨ ਪ੍ਰਦਰਸ਼ਨ ਕਰਦਿਆਂ ਸ਼ਾਟ ਪੁੱਟ, ਜੈਵਲਿਨ ਥਰੋਅ ਅਤੇ ਲੰਬੀ ਛਾਲ ਵਿੱਚ ਤਿੰਨ ਸੋਨੇ ਦੇ ਤਗਮੇ, ਜਦਕਿ ਡਿਸਕਸ ਥਰੋਅ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਇਸ ਤਰ੍ਹਾਂ ਫਰਿਜ਼ਨੋ ਦੇ ਤਿੰਨਾਂ ਖਿਡਾਰੀਆਂ ਨੇ ਮਿਲ ਕੇ 6 ਸੋਨੇ, 2 ਚਾਂਦੀ ਅਤੇ 2 ਕਾਂਸੀ ਦੇ ਤਗਮੇ ਜਿੱਤੇ। (ਦਿੱਤੇ ਗਏ ਵਿਅਕਤੀਗਤ ਨਤੀਜਿਆਂ ਮੁਤਾਬਕ ਕੁੱਲ ਗਿਣਤੀ 10 ਤਗਮੇ ਬਣਦੀ ਹੈ, ਹਾਲਾਂਕਿ ਜਾਣਕਾਰੀ ਵਿੱਚ ਕੁੱਲ 9 ਤਗਮੇ ਦੱਸੇ ਗਏ ਹਨ।) ਚੈਂਪੀਅਨਸ਼ਿਪ ਵਿੱਚ 35 ਸਾਲ ਤੋਂ ਵੱਧ ਉਮਰ ਵਰਗਾਂ ਲਈ ਕੁੱਲ 391 ਐਂਟਰੀਆਂ ਦਰਜ ਹੋਈਆਂ। ਇਸ ਤੋਂ ਇਲਾਵਾ ਪੈਰਾ ਐਥਲੀਟਾਂ ਅਤੇ ਨੌਜਵਾਨ ਖਿਡਾਰੀਆਂ ਲਈ ਵੀ ਕੁਝ ਮੁਕਾਬਲੇ ਕਰਵਾਏ ਗਏ। ਕੈਨੇਡਾ ਦੇ ਵੱਖ-ਵੱਖ ਸੂਬਿਆਂ ਤੋਂ ਇਲਾਵਾ ਅਮਰੀਕਾ ਦੇ ਕਈ ਰਾਜਾਂ ਤੋਂ ਵੀ ਖਿਡਾਰੀਆਂ ਨੇ ਇਸ ਮੀਟ ਵਿੱਚ ਹਿੱਸਾ ਲਿਆ। ਸੁਹਾਵਣੇ ਮੌਸਮ ਅਤੇ ਵਧੀਆ ਪ੍ਰਬੰਧਾਂ ਕਾਰਨ ਖਿਡਾਰੀਆਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।

## ਨਿਊ ਜਰਸੀ ਦੇ ਅਕਸ਼ਰਧਾਮ ਪਹੁੰਚੇ ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ



ਨਿਊਯਾਰਕ : ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ ਨੇ ਅਮਰੀਕਾ ਦੌਰੇ ਦੌਰਾਨ ਨਿਊ ਜਰਸੀ ਦੇ ਰੌਬਿਨਸਵਿਲ ਸਥਿਤ ਬੀ.ਏ.ਪੀ.ਐੱਸ. ਸਵਾਮੀਨਾਰਾਇਣ ਅਕਸ਼ਰਧਾਮ ਦਾ ਦੌਰਾ ਕੀਤਾ। 'ਵਾਈਬ੍ਰੈਂਟ ਗੁਜਰਾਤ' ਮੁਹਿੰਮ ਦੇ ਸਬੰਧ ਵਿਚ ਅਮਰੀਕਾ ਪਹੁੰਚੇ ਪਟੇਲ ਦਾ ਸੰਤਾਂ, ਵਾਲੰਟੀਅਰਾਂ ਤੇ ਭਾਰਤੀ ਭਾਈਚਾਰੇ ਦੇ ਆਗੂਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਕਰੀਬ ਤਿੰਨ ਦਹਾਕਿਆਂ ਬਾਅਦ ਗੁਜਰਾਤ ਦੇ ਕਿਸੇ ਮੁੱਖ ਮੰਤਰੀ ਦਾ ਇਹ ਪਹਿਲਾ ਅਮਰੀਕੀ ਦੌਰਾ ਦੱਸਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਅਕਸ਼ਰਧਾਮ ਦੀ ਕਲਾਤਮਕ ਨੱਕਾਸ਼ੀ, ਵਿਸ਼ਾਲਤਾ ਅਤੇ ਸ਼ਾਂਤਮਈ ਮਾਹੌਲ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਅਸਥਾਨ ਅਮਰੀਕਾ ਵਿਚ ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਤੇ ਅਧਿਆਤਮਿਕ ਵਿਰਾਸਤ ਦੀ ਪਛਾਣ ਬਣ ਚੁੱਕਾ ਹੈ। ਉਨ੍ਹਾਂ ਨੇ ਉੱਥੇ ਬਣ ਰਹੇ ਅਜਾਇਬਘਰ ਦਾ ਵੀ ਦੌਰਾ ਕੀਤਾ, ਜਿਸ ਵਿਚ ਆਧੁਨਿਕ ਤਕਨੀਕ ਅਤੇ ਜੀਵੰਤ ਨਮੂਨਿਆਂ ਰਾਹੀਂ ਭਾਰਤ ਦੇ ਇਤਿਹਾਸ ਅਤੇ ਸੱਭਿਆਚਾਰ ਨੂੰ ਪੇਸ਼ ਕੀਤਾ ਜਾਵੇਗਾ।

## 8 ਦੀ ਹੱਤਿਆ ਕਰਨ ਉਪਰੰਤ ਕੀਤੀ ਖੁਦਕੁਸ਼ੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਬਿਲੰਗਜ਼, ਮੋਂਟਾਨਾ ਵਿੱਚ ਇਕ ਵਿਅਕਤੀ ਵੱਲੋਂ 4 ਬੱਚਿਆਂ ਸਮੇਤ 8 ਵਿਅਕਤੀਆਂ ਦੀ ਹੱਤਿਆ ਕਰਨ ਉਪਰੰਤ ਖੁਦਕੁਸ਼ੀ ਕਰ ਲਈ ਗਈ। ਦੋਸ਼ੀ ਮ੍ਰਿਤਕਾਂ ਦਾ ਰਿਸ਼ਤੇਦਾਰ ਦੱਸਿਆ ਜਾਂਦਾ ਹੈ। ਗੋਲੀਬਾਰੀ ਹੋਣ ਉਪਰੰਤ ਘਰ ਨੂੰ ਅੱਗ ਲੱਗ ਗਈ। ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਸ ਸਮੇਂ ਤੱਕ ਘਰ ਪੂਰੀ ਤਰ੍ਹਾਂ ਅੱਗ ਵਿਚ ਘਿਰ ਚੁੱਕਾ ਸੀ। ਮ੍ਰਿਤਕਾਂ ਵਿਚ ਪੜਦਾਦੀ ਤੋਂ ਲੈ ਕੇ 7 ਸਾਲ ਦੀ ਬੱਚੀ ਤੱਕ ਸ਼ਾਮਿਲ ਹਨ। ਬਿਲਿੰਗਜ਼ ਪੁਲਿਸ ਵਿਭਾਗ ਦੇ ਸਹਾਇਕ ਪੁਲਿਸ ਮੁਖੀ ਸ਼ੌਨ ਮਾਇਓ ਨੇ ਕਿਹਾ ਕਿ ਅਧਿਕਾਰੀ ਸੂਚਨਾ ਮਿਲਣ ਤੋਂ 11 ਮਿੰਟ ਬਾਅਦ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਵਿਹੜੇ ਵਿੱਚ ਇੱਕ ਪੁਰਸ਼ ਨੂੰ ਦੇਖਿਆ ਅਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਉਸ ਨੂੰ ਗੋਲੀ ਵੱਜੀ ਹੋਈ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਸੰਭਾਵੀ ਤੌਰ 'ਤੇ ਉਸ ਨੇ ਹੱਤਿਆਵਾਂ ਕਰਨ ਉਪਰੰਤ ਖੁਦ ਨੂੰ ਵੀ ਗੋਲੀ ਮਾਰ ਲਈ। ਮਾਮਲਾ ਅਜੇ ਜਾਂਚ ਅਧੀਨ ਹੈ। ਯੈਲੋਸਟੋਨ ਕਾਉਂਟੀ ਸ਼ੈਰਿਫ਼ ਕੈਂਟ ਓ'ਡੋਨੇਲ ਨੇ ਕਿਹਾ ਕਿ ਕਈ ਬਾਲਗ ਅਤੇ ਕਈ ਬੱਚੇ ਮਾਰੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਉਹ ਅਜੇ ਤੱਕ ਪੀੜਤਾਂ ਦੀ ਗਿਣਤੀ, ਉਨਾਂ ਦੀ ਉਮਰ, ਜਾਂ ਇੱਕ ਦੂਜੇ ਨਾਲ ਸਬੰਧਾਂ ਬਾਰੇ ਜਾਣਕਾਰੀ ਜਾਰੀ ਨਹੀਂ ਕਰ ਰਹੇ ਹਨ। ਜਾਂਚ ਮੁਕੰਮਲ ਹੋਣ ਉਪਰੰਤ ਹੀ ਹੋਰ ਜਾਣਕਾਰੀ ਦਿੱਤੀ ਜਾਵੇਗੀ।



# ਸਤਿਗੁਰੂ ਜੀ ਨੇ ਦੁਰਗਾ ਦੀ ਵਾਰ ਕਿਉਂ ਰਚੀ

(ਛਪ ਰਹੀ ਪੁਸਤਕ ‘ਸ੍ਰੀ ਦਸਮ ਗੋਸਟਿ’ ਵਿਚੋਂ)

ਵਾਰ ਸ੍ਰੀ ਭਗਉਤੀ ਜੀ ਕੀ।। ਅਥਵਾ ਦੁਰਗਾ ਦੀ ਵਾਰ ਦੀ ਰਚਨਾ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਵੀਰ ਰਸ ਦੀ ਅਦੁੱਤੀ ਰਚਨਾ ਹੈ। ਇਸ ਰਾਹੀ ਸਤਿਗੁਰੂ ਜੀ ਨੇ ਖਾਲਸੇ ਦੇ ਬਿਰਦ ਦੇ ਇਕ ਅਹਿਮ ਸਿਧਾਂਤ ਨੂੰ ਉਜਾਗਰ ਕੀਤਾ ਹੈ ਕਿ ਹੱਕ ਸੱਚ ਇਨਸਾਫ ਲਈ ਜੇਕਰ ਕਿਸੇ ਲਈ ਜੂਝਣਾ ਵੀ ਪਵੇ ਪਰ ਇਸ ਬਦਲੇ ਕਿਸੇ ਇਵਜ਼ਾਨੇ ਜਾਂ ਹਿੱਸੇ ਦੀ ਮੰਗ ਜਾਂ ਆਸ ਨਹੀਂ ਕਰਨੀ।

ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਦੁਰਗਾ ਬਾਰੇ ਤਿੰਨ ਬਾਣੀਆਂ ਦੀ ਰਚਨਾ ਸਤਿਗੁਰੂ ਜੀ ਨੇ ਕੀਤੀ। ਪਹਿਲੀ ਚੰਡੀ ਚਰਿਤ੍ਰ ਉਕਤਿ ਬਿਲਾਸ, ਦੂਸਰੀ ਚੰਡੀ ਚਰਿਤ੍ਰ ਅਤੇ ਤੀਸਰੀ ਵਾਰ ਸ੍ਰੀ ਭਗਉਤੀ ਜੀ ਕੀ।। ਪਾਤਸਾਹੀ ੧੦।। ਚੰਡੀ ਚਰਿਤ੍ਰ ਉਕਤਿ ਬਿਲਾਸ ਅਤੇ ਚੰਡੀ ਚਰਿਤ੍ਰ ਵਿਚ ਚੰਡੀ ਦੀ ਪੌਰਾਣਿਕ ਗਾਥਾ ਦਾ ਵਰਣਨ ਬ੍ਰਜ ਭਾਸ਼ਾ ਵਿਚ ਹੈ। ਐਪਰ ਵਾਰ ਸ੍ਰੀ ਭਗਉਤੀ ਜੀ ਕੀ।। ਪਾਤਸਾਹੀ ੧੦।। ਨਿਰੋਲ ਪੰਜਾਬੀ ਵਿਚ ਹੈ। ਇਸ ਦੀਆਂ ੫੫ ਪਉੜੀਆਂ ਹਨ। ਇਸ ਬਾਣੀ ਵਿਚ ਪੌਰਾਣਿਕ ਵਿਆਖਿਆ ਨਾਲੋ ਵੱਖ ਯੁੱਧ ਵਰਣਨ ਹੈ। ਇਸ ਵਿਚ ਚੰਡੀ ਦਾ ਮਧੁ-ਕੈਟਭ, ਮਹਿਖਾਸੁਰ, ਧੂਮ੍ਰਲੋਚਨ, ਚੰਡ-ਮੁੰਡ, ਰਕਤਬੀਜ, ਸੁੰਭ, ਨਿਸ਼ੁੰਭ ਆਦਿ ਰਾਖਸ਼ਾਂ ਨਾਲ ਯੁੱਧ ਵਰਣਨ ਵਿਸਥਾਰ ਸਹਿਤ ਹੈ। ਪੰਜਾਬੀ ਵਿਚ ਵੀਰ ਰਸ ਭਰਪੂਰ ਇਹ ਵਾਰ ਹੈ। ਜਿਸ ਨੂੰ ਢਾਡੀ ਗਾਇਨ ਕਰਦੇ ਹਨ। ਇਹ ਵਾਰ ਮੈਦਾਨੇ ਜੰਗ ਦਾ ਪ੍ਰੱਤਖ ਦ੍ਰਿਸ਼ ਉਭਾਰਦੀ ਹੈ। ਇਸ ਵਾਰ ਵਿਚ ਬਹੁਤ ਹੀ ਵਿਸਥਾਰ ਸਹਿਤ ਅਸਤ੍ਰਾਂ, ਸ਼ਸਤ੍ਰਾਂ, ਖੰਡੇ ਕਿਰਪਾਨਾਂ, ਧੌਂਸਿਆਂ, ਲੋਥਾਂ, ਯੁਧ ਦੀ ਭਿਆਨਕਤਾ ਦਾ ਵਿਸਥਾਰ ਸਹਿਤ ਵਰਣਨ ਹੈ ਜਿਸਨੂੰ ਧਿਆਨ ਨਾਲ ਸੁਣ ਕੇ ਰਣ ਜੂਝਣ ਦਾ ਚਾਅ ਉਤਪੰਨ ਹੁੰਦਾ ਹੈ।

ਸਾਹਿਤ ਵਿਚ ਕਿਸੇ ਇਕ ਲਫਜ਼ ਦੇ ਕਈ ਕਈ ਅਰਥ ਹੁੰਦੇ ਅਤੇ ਸੰਦਰਭ ਅਨੁਸਾਰ ਬਦਲੀ ਹੁੰਦੇ ਹਨ। ਇਸ ਪਾਵਨ ਰਚਨਾ ਵਿਚ ਭਗਉਤੀ ਦੇ ਵੱਖ ਵੱਖ ਅਰਥ ਹਨ। ਸ੍ਰੀ ਭਗਉਤੀ ਜੀ ਸਹਾਇ (ਵਾਹਿਗੁਰੂ), ਪ੍ਰਿਥਮ ਭਗਉਤੀ ਸਿਮਰ ਕੈ (ਸ੍ਰੀ ਸਾਹਿਬ)। ਵਾਰ ਸ੍ਰੀ ਭਗਉਤੀ ਜੀ ਕੀ (ਦੁਰਗਾ) ਅਤੇ ਲਈ ਭਗਉਤੀ ਦੁਰਗ ਸ਼ਾਹ ਵਰਜਾਗਨ ਭਾਰੀ (ਕ੍ਰਿਪਾਨ)।

ਦੇਵ ਦੈਤ ਜਛਨ ਉਪਜਾਯੋ॥ ਦੇਵੀ ਦੇਵਤੇ ਵਾਹਿਗੁਰੂ ਦੀ ਕਿਰਤ ਉਸਦੀ ਰਚਨਾ ਹਨ। ਦੈਂਤਾਂ ਦਾ ਨਾਸ਼ ਕਰਨ ਲਈ ਦੇਵਤੇ ਅਤੇ ਦੇਵਤਿਆਂ ਦਾ ਘਮੰਡ ਤੋੜਨ ਲਈ ਕਰਤਾ ਪੁਰਖ ਨੇ ਦੈਂਤ ਉਪਜਾਏ। ਅਭਿਮਾਨ ਉਤਾਰਨ ਦਿਉਤਿਆ ਮਹਿਖਾਸੁਰ ਸੁੰਭ ਉਪਾਇਆ॥ ਇਹੀ ਕਰਤਾ ਪੁਰਖ ਦੀ ਰਚਨਾ ਦਾ ਗੂੜ੍ਹ ਰਹੱਸ ਹੈ। ਇਸ ਲੜੀ ਵਿਚ ਵਾਹਿਗੁਰੂ ਨੇ ਰਾਮ ਕ੍ਰਿਸ਼ਨ ਅਤੇ ਦੁਰਗਾ ਆਦਿ ਆਦਿ ਨੂੰ ਭੇਜਿਆ।

**ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥**
**ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸ ਕਰਾਇਆ॥**
**ਤੈਥੋ ਹੀ ਬਲੁ ਰਾਮ ਲੈ ਨਾਲ ਬਾਣਾ ਰਾਵਣੁ ਘਾਇਆ॥**
**ਤੈਥੋ ਹੀ ਬਲੁ ਕ੍ਰਿਸਨ ਲੈ ਕੰਸ ਕੇਸੀ ਪਕੜਿ ਗਿਰਾਇਆ॥**
**ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨ ਤਾਇਆ॥**
**ਕਿਨੈ ਤੇਰਾ ਅੰਤ ਨ ਪਾਇਆ।੨॥**

(ਵਾਹਿਗੁਰੂ ਨੇ ਹੀ ਦੇਵਤੇ ਅਤੇ ਦੈਂਤ ਸਿਰਜੇ ਅਤੇ ਉਹਨਾਂ ਅੰਦਰ ਵੈਰ ਵਿਰੋਧ ਅਤੇ ਝਗੜਾ ਖੜਾ ਕੀਤਾ। ਤੂੰ ਹੀ ਦੁਰਗਾ ਸਾਜ ਕੇ ਉਸ ਕੋਲੋਂ ਦੈਤਾਂ ਦਾ ਨਾਸ ਕਰਾਇਆ। ਰਾਮ ਨੇ ਤੇਰੇ ਕੋਲੋਂ ਹੀ ਬਲ ਲੈ ਕੇ ਤੀਰਾਂ ਨਾਲ ਰਾਵਣ ਦਾ ਵੱਧ ਕੀਤਾ। ਕ੍ਰਿਸ਼ਨ ਨੇ ਤੇਰੇ ਕੋਲੋਂ ਹੀ ਤਾਕਤ ਲੈ ਕੇ ਕੇਸਾਂ ਤੋਂ ਪਕੜ ਕੇ ਕੇਸਾਂ ਫੜ ਕੇ ਪਟਕਾਇਆ। ਵੱਡੇ ਵੱਡੇ ਰਿਸ਼ੀ ਮੁਨੀ ਅਤੇ ਦੇਵਤੇ ਜਿਨ੍ਹਾਂ ਨੇ ਕਈ ਕਈ ਜੁਗ ਤਨ ਨੂੰ ਕਸ਼ਟ ਦੇ ਕੇ ਤਪਸਿਆ ਕੀਤੀ ਪਰ ਉਹਨਾਂ ਨੇ


ਗੁਰਚਰਨਜੀਤ ਸਿੰਘ ਲਾਂਬਾ
ਨਿਊ ਜਰਸੀ, ਯੂ.ਐਸ.ਏ.
santsipahi@gmail.com

ਵੀ ਤੇਰਾ ਅੰਤ ਨਾ ਪਾਇਆ।)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕ੍ਰਿਪਾਨ ਅਤੇ ਕਲਮ ਦੇ ਧਨੀ ਸਨ। ਕਲਮ ਨਾਲ ਅਸੁਰ ਸੰਘਾਰਣ ਦਾ ਕਾਰਜ ਪੂਰਾ ਕਰਦੇ ਸਨ ਅਤੇ ਕਲਮ ਨਾਲ ਹਉਮੈ ਦੇ ਦੈਂਤਾ ਦਾ ਸਿਰ ਕਲਮ ਕਰਦੇ ਸਨ। ਭਾਰਤੀ ਪੌਰਾਣਿਕ ਸਾਹਿਤ ਵਿਚ ਅਣਗਿਣਤ ਦੇਵੀਆਂ ਸਨ ਜਿਹਨਾਂ ਨੂੰ ਭਾਰਤੀ ਸਮਾਜ ਸਤਿਕਾਰ ਦਿੰਦਾ ਹੈ। ਇਹਨਾਂ ਵਿਚ ਸੀਤਾ, ਸਵਿਤ੍ਰੀ, ਦਮਯੰਤੀ, ਅਨਸੂਯਾ, ਅਰੁੰਧਥੀ, ਗਾਂਧਾਰੀ, ਦੇਵਹੂਤੀ, ਕੁੰਤੀ, ਮਾਦਰੀ, ਸ਼ਕੁੰਤਲਾ, ਯਸ਼ੋਦਾ, ਦੇਵਕੀ, ਸੁਭਦ੍ਰਾ, ਉੱਤਰਾ, ਰੁਕਮਣੀ, ਸਰਸਵਤੀ ਆਦਿ ਆਦਿ ਹਨ। ਇਹਨਾਂ ਦੇਵੀਆਂ ਨੇ ਆਪਣੇ ਪਰਿਵਾਰ ਲਈ ਬਹੁਤ ਕੁਝ ਕੀਤਾ। ਪਰ ਇਹਨਾਂ ਸਾਰੀਆਂ ਤੋਂ ਵੱਖਰਾ ਇਕ ਕਿਰਦਾਰ ਹੈ ਦੁਰਗਾ ਦਾ। ਇਸ ਦੀ ਕਹਾਣੀ, ਇਸ ਦੀ ਗਾਥਾ ਬਾਕੀਆਂ ਨਾਲੋਂ ਬਿਲਕੁਲ ਵਿਲੱਖਣ ਹੈ। ਜਿਸ ਨੇ ਜਾਨ ਤੇ ਹੂਲ ਕੇ ਕਿਸੇ ਦੀ ਮਦਦ ਕੀਤੀ ਪਰ ਉਸ ਵਿਚੋਂ ਕੋਈ ਹਿੱਸਾ ਨਾ ਮੰਗਿਆ। ਪੌਰਾਣਿਕ ਗਾਥਾ ਅਨੁਸਾਰ ਜਦੋਂ ਸੁੰਭ ਨਿਸੁੰਭ ਨਾਮ ਦੇ ਰਾਖਸ਼ਾਂ ਨੇ ਇੰਦ੍ਰਾਸਨ ਤੋਂ ਧੱਕੇ ਮਾਰ ਕੇ ਥੱਲੇ ਸੁਟ ਦਿੱਤਾ ਤਾਂ ਇੰਦ੍ਰ ਰੋਂਦਾ ਕੁਰਲਾਂਦਾ ਦੁਰਗਾ ਕੋਲ ਮਦਦ ਲਈ ਗਿਆ ਜੋ ਪਹਾੜਾਂ ਵਿਚ ਤੱਪ ਕਰ ਰਹੀ ਸੀ।

**ਦਿਤਾ ਇੰਦ੍ਰ ਨਿਕਾਲ ਕੇ ਤਿਨਿ ਗਿਰ ਕੈਲਾਸੁ ਤਕਾਇਆ॥**
**ਡਰ ਕੈ ਹਥੋਂ ਦਾਨਵੀ ਦਿਲ ਅੰਦਰਿ ਤ੍ਰਾਸ ਵਧਾਇਆ॥**
**ਪਾਸ ਦੁਰਗਾ ਦੇ ਇੰਦ੍ਰ ਆਇਆ।੩॥**

(ਉਹਨਾਂ ਦੈਂਤਾ ਨੇ ਇੰਦ੍ਰ ਨੂੰ ਸਵਰਗ ਲੋਕ ਵਿਚੋਂ ਕੱਢ ਦਿੱਤਾ। ਉਹ ਕੈਲਾਸ਼ ਪਰਬਤ ਵੱਲ ਦੁਰਗਾ ਵੱਲ ਸਹਾਇਤਾ ਲਈ ਵੇਖਣ ਲੱਗਾ। ਦੈਂਤਾਂ ਹੱਥੋਂ ਡਰ ਕੇ ਇੰਦ੍ਰ ਦੁਰਗਾ ਦੇ ਕੋਲ ਆਇਆ।)

ਇੰਦ੍ਰ ਦੀ ਹਾਲਤ ਵੇਖ ਕੇ ਦੁਰਗਾ ਖਿੜਖਿੜਾ ਕੇ ਹੱਸੀ ਅਤੇ ਕਿਹਾ ਕੋਈ ਗੱਲ ਨਹੀਂ ਮੈਂ ਆ ਰਹੀ ਹਾਂ।

**ਦੁਰਗਾ ਬੈਣ ਸੁਣੰਦੀ ਹਸੀ ਹੜ ਹੜਾਇ॥**
**ਓਹੀ ਸੀਹੁ ਬੁਲਾਇਆ ਰਾਕਸ ਭਖਣਾ॥**
**ਚਿੰਤਾ ਕਰਹੁ ਨ ਕਾਈ ਦੇਵਾ ਨੂੰ ਆਖਿਆ॥**
**ਰੋਹ ਹੋਈ ਮਹਾਮਾਈ ਰਾਕਸਿ ਮਾਰਣੇ।੫॥**

(ਇੰਦ੍ਰ ਦੇ ਵੈਣ ਸੁਣ ਕੇ ਦੁਰਗਾ ਖਿੜ ਖਿੜਾ ਕੇ ਹੱਸੀ। ਉਸ ਨੇ ਰਾਖਸ਼ਾਂ ਦਾ ਸ਼ਿਕਾਰ ਕਰਨ ਰਾਖਸ਼ਾਂ ਦਾ ਸੰਘਆਰ ਕਰਨ ਲਈ ਆਪਣਾ ਸ਼ੇਰ ਸੱਦਿਆ ਅਤੇ ਦੇਵਤਿਆਂ ਨੂੰ ਕਿਹਾ ਕਿ ਹੁਣ ਤੁਸੀਂ ਕੋਈ ਚਿੰਤਾ ਨਾ ਕਰੋ ਅਤੇ ਪੂਰੇ ਰੋਹ ਵਿਚ ਆ ਗਈ।)



ਦੁਰਗਾ ਨੇ ਆ ਕੇ ਭਿਆਨਕ ਯੁੱਧ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ। ਦੁਰਗਾ ਨੇ ਹੱਥ ਵਿਚ ਭਗਉਤੀ (ਤਲਵਾਰ) ਫੜ ਕੇ ਰਾਜੇ ਸੁੰਭ ਨੂੰ ਮਾਰੀ ਜੋ ਉਸਦਾ ਖ਼ੂਨ ਪੀ ਗਈ। ਲਈ ਭਗਉਤੀ ਦੁਰਗਸਾਹਿ ਵਰ ਜਾਗਣਿ ਭਾਰੀ॥ ਲਾਈ ਰਾਜੇ ਸੁੰਭ ਨੋ ਰਤ ਪੀਐ ਪਿਆਰੀ॥

ਪਰ ਇੱਥੇ ਇਕ ਬਹੁਤ ਹੀ ਅਜੀਬ ਘਟਨਾ ਵਾਪਰੀ। ਦੁਰਗਾ ਨੇ ਇੰਦ੍ਰ ਨੂੰ ਰਾਜ ਸਿੰਘਾਸਨ ਦਿਵਾ ਕੇ ਤਖ਼ਤ ‘ਤੇ ਉਸ ਨੂੰ ਬਿਠਵਾਇਆ ਪਰ ਉਸ ਵਿਚੋਂ ਕੋਈ ਹਿੱਸਾ ਨਾ ਮੰਗਿਆ। ਇਹ ਨਿਸ਼ਕਾਮ ਅਤੇ ਲਾਲਚ ਰਹਿਤ ਕਿਰਦਾਰ ਸੀ ਜਿਸਨੂੰ ਕਲਗੀਧਰ ਪਿਤਾ ਨੇ ਪੂਰੀ ਤਰ੍ਹਾਂ ਉਜਾਗਰ ਕੀਤਾ।

ਇਸ ਕਿਰਤ ਨੇ ਖਾਲਸੇ ਦੇ ਕਰਤਬ ਅਤੇ ਕਿਰਦਾਰ ਨੂੰ ਪ੍ਰਭਾਵਤ ਕੀਤਾ। ੧੭੦੭ ਈਸਵੀ ਵਿਚ ਜਦੋਂ ਬਹਾਦਰ ਸ਼ਾਹ (ਮੁਹੰਮਦ ਮੁਅਜ਼ੱਮ) ਅਤੇ ਉਸ ਦੇ ਭਰਾ ਮੁਹੰਮਦ ਆਜ਼ਮ ਸ਼ਾਹ ਦੀ ਤਖ਼ਤ ਲਈ ਜੰਗ ਹੋਈ ਤਾਂ ਬਹਾਦਰ ਸ਼ਾਹ ਨੇ ਸਤਿਗੁਰੂ ਜੀ ਤੋਂ ਸਹਾਇਤਾ ਦੀ ਮੰਗ ਕੀਤੀ। ਇਹ ਇਤਿਹਾਸਕ ਤੱਥ ਹੈ ਕਿ ਇਸ ਵਿਚ ਲੱਖਾਂ ਦੀ ਗਿਣਤੀ ਵਿਚ ਘੁੜਸਵਾਰ ਅਤੇ ਪੈਦਲ ਫੌਜੀ ਸਨ ਪਰ ਫਿਰ ਵੀ ਬਹਾਦਰ ਸ਼ਾਹ ਵਲੋਂ ਸਤਿਗੁਰੂ ਜੀ ਪਾਸੋਂ ਮਦਦ ਦੀ ਮੰਗ ਕੀਤੀ ਗਈ। ਸਤਿਗੁਰੂ ਜੀ ਨੇ ਤਿੰਨ ਸੌ ਸਿੰਘਾਂ ਨੂੰ ਬਹਾਦਰ ਸ਼ਾਹ ਦੀ ਮਦਦ ਲਈ ਭੇਜਿਆ। ਸਿੰਘਾਂ ਨੇ ਵੀ ਸਤਿਗੁਰੂ ਜੀ ਨੂੰ ਪੁੱਛਿਆ ਕਿ ਦੋਹਾਂ ਪਾਸੇ ਇਤਨੀ ਵੱਡੀ ਗਿਣਤੀ ਵਿਚ ਫੌਜਾਂ ਹਨ ਤੇ ਇਹਨਾਂ ਦੀ ਭੇੜ ਵਿਚ ਜੇਕਰ ਕੋਈ ਬਿਪਤਾ ਆ ਗਈ? ਸਤਿਗੁਰੂ ਜੀ ਨੇ ਕਿਹਾ, ਅਰਦਾਸ ਕਰਨੀ ਗੁਰੂ ਬਹੁੜੀ ਕਰੇਗਾ। ਉਧਰ ਬਹਾਦਰ ਸ਼ਾਹ ਨੂੰ ਵੀ ਕਿਸੇ ਨੇ ਪੁੱਛਿਆ ਕਿ ਤੇਰੇ ਕੋਲ ਵੀ ਅਤੇ ਤੇਰੇ ਭਰਾ ਕੋਲ ਵੀ ਲੱਖਾਂ ਦੀ ਗਿਣਤੀ ਵਿਚ ਫੌਜ ਹੈ। ਇਹ ਤਿੰਨ ਸੌ ਕੀ ਕਰਨ ਗੇ। ਉਸਦਾ ਜਵਾਬ ਸੀ, ਇਹਨਾਂ ਕੋਲ ਰੂਹਾਨੀ ਸ਼ਕਤੀ ਹੈ। ਬਹਾਦਰ ਸ਼ਾਹ ਵਲੋਂ ਇਹਨਾਂ ਤਿੰਨ ਸੌ ਸਿੰਘਾਂ ਨੂੰ ਖੇਮੇ ਵਿਚ ਰਖ ਲਿਆ ਗਿਆ ਕਿ ਲੋੜ ਪੈਣ ਤੇ ਇਹਨਾਂ ਦੀਆਂ ਸੇਵਾਵਾਂ ਲਵਾਂਗੇ। ਆਗਰੇ ਦੇ ਨੇੜੇ ਜਾਜੋਂ ਦੇ ਮੈਦਾਨ ਵਿਚ ਜੰਗ ਹੋਈ। ਇਤਿਹਾਸ ਵਿਚ ਅੰਕਤ ਹੈ ਕਿ ਸ਼ੁਰੂਆਤੀ ਦੌਰ ਵਿਚ ਬਹਾਦਰ ਸ਼ਾਹ ਦੀਆਂ ਫੌਜਾਂ ਦੇ ਪੈਰ ਉਖੜਨੇ ਸ਼ੁਰੂ ਹੋ ਗਏ। ਸਿੰਘ ਵੀ ਸੋਚੀਂ ਪੈ ਗਏ ਕਿ ਚੰਗੀ ਇਸ ਦੀ ਮਦਦ ਤੇ ਆਏ। ਪਰ ਉਸ ਵੇਲੇ ਗੁਰੂ ਦੇ ਬਚਨ ਯਾਦ ਆਏ ਕਿ, ਅਰਦਾਸ ਕਰਨਾ ਗੁਰੂ ਬਹੁੜੀ ਕਰੇਗਾ। ਇਸ ਵੇਲੇ ਅਰਦਾਸ ਕੀਤੀ ਗਈ। ਰਾਤ ਸਮੇਂ ਇਤਨਾ ਤੇਜ਼ ਤੂਫਾਨ, ਝੱਖੜ ਅਤੇ ਬਾਰਿਸ਼ ਪਈ ਕਿ ਸਾਰੇ ਪਾਸੇ ਚਿੱਕੜ ਹੀ ਚਿੱਕੜ ਹੋ ਗਿਆ। ਉਸ ਸਮੇਂ ਗਰਜਦੇ ਹੋਏ ਨਿਕਲੇ ਅਤੇ ਹਮਲਾ ਕੀਤਾ। ਮੁਅੱਜ਼ਮ ਸ਼ਾਹ ਨੂੰ ਇਕ ਤੀਰ ਵੱਜਾ ਅਤੇ ਉਹ ਡਿੱਗ ਪਿਆ। ਜੰਗ ਬੰਦ ਹੋ ਗਈ। ਬਾਅਦ ਵਿਚ ਵੇਖਿਆ ਇਹ ਤੀਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੀ। ਜਾਜੋਂ ਦੀ ਜੰਗ ਦਾ ਵੇਰਵਾ ਡਾਕਟਰ ਕਿਰਪਾਲ ਸਿੰਘ ਜੀ ਨੇ ਏਸ਼ਿਆਟਿਕ ਸੋਸਾਇਟੀ, ਕਲਕੱਤੇ ਦੇ ਰਿਕਾਰਡ ਤੋਂ ਤਸਦੀਕ ਕੀਤਾ। ਸਾਹਿਬਾਂ ਵਲੋਂ ਰਚੀ ਦੁਰਗਾ ਦੀ ਵਾਰ ਦਾ ਅਮਲੀ ਪੱਖ ਹੁਣ ਵਰਤੋਂ ਵਿਚ ਆਇਆ ਕਿ ਜਦੋਂ ਕਲਗੀਧਰ ਪਿਤਾ ਨੇ ਬਹਾਦਰ ਸ਼ਾਹ ਨੂੰ ਰਾਜ ਤਾਂ ਦਿਵਾਇਆ ਪਰ ਉਸ ਵਿਚੋਂ ਕੋਈ ਹਿੱਸਾ ਨਾ ਮੰਗਿਆ। ਉਸ ਸਮੇਂ ਦੇ ਪਾਏ ਪੂਰਨੇ ਹੁਣ ਤਕ ਖਾਲਸਾ ਪੰਥ ਨਿਭਾਉਂਦਾ ਆ ਰਿਹਾ ਹੈ। ਇਸ ਲਈ ਸਤਿਗੁਰੂ ਜੀ ਵਾਹਿਗੁਰੂ ਵਲੋਂ ਸਾਜੀ ਦੁਰਗਾ ਜਾਂ ਚੰਡੀ ਦੀ ਬਹਾਦਰੀ ਅਤੇ ਪਰਉਪਕਾਰ ਦੀ ਭਾਵਨਾ ਦਾ ਸਤਿਕਾਰ ਕਰਦਿਆਂ ਉਸਦੀ ਉਸਤਤ ਤਾਂ ਕਰਦੇ ਹਨ ਪਰ ਸਤੁਤੀ, ਅਰਾਧਨਾ ਜਾਂ ਵੰਦਨਾ ਕੇਵਲ ਨਿਰਾਕਾਰ ਅਕਾਲ ਪੁਰਖ ਦੀ ਹੀ ਕਰਦੇ ਹਨ। ਇਸਦੇ ਵਿਪਰੀਤ ਵਿਵਾਦਿਤ ਵੰਦੇ ਮਾਤਰਮ? ਦੇ ਪੰਜਵੇ ਪਦੇ ਵਿਚ ਅੰਕਤ ਹੈ,

**ਤੂੰ ਹਿ ਦੁਰਗਾ ਦਸ-ਪ੍ਰਹਰਣ-ਧਾਰਿਣੀ, ਕਮਲਾ ਕਮਲ-ਦਲ-ਵਿਹਾਰਿਣੀ,**
**ਵਾਣੀ ਵਿਦਯਾ-ਦਾਯਿਨੀ, ਨਮਾਮਿ ਤ ?ਵਾਂ ਨਮਾਮਿ ਕਮਲਾਮ,**

ਇਸ ਵਿਚ ਦਸ ਹੱਥਾਂ ਵਾਲੀ ਦੁਰਗਾ, ਲਕਸ਼ਮੀ ਅਤੇ ਸਰਸਵਤੀ ਦੀ ਵੰਦਨਾ ਕੀਤੀ ਗਈ ਹੈ ਜੋ ਕਿ ਜਾਗਤ ਜੋਤਿ ਜਪੈ ਨਿਸ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ।। ਦੇ ਗੁਰਮਤਿ ਸਿਧਾਂਤ ਦੇ ਬਿਲਕੁਲ ਵਿਪਰੀਤ ਹੈ।

ਬਾਣੀ ਪੜ੍ਹਨ ਦਾ ਅਰਥ ਉਸਦੇ ਆਦੇਸ਼ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ। ਇਸ ਲਈ ਨਿਰੋਲ ਪਰਉਪਕਾਰ ਦੀ ਭਾਵਨਾ ਤਹਿਤ ਅਤੇ ਕਿਸੇ ਵੀ ਲਾਲਚ ਰਹਿਤ ਕਿਸੇ ਦੀ ਮਦਦ ਕਰਨ ਦੇ ਉਦੇਸ਼ ਨੂੰ ਉਜਾਗਰ ਕਰਨ ਲਈ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਉੱਚ ਪ੍ਰੇਰਨਾ ਮਈ ਇਹ ਵੀਰ ਰਸੀ ਵਾਰ ਰਚੀ ਅਤੇ ਅਸੀਸ ਦਿੱਤੀ ਹੈ ਕਿ ਜੋ ਇਸ ਬਾਣੀ ਦੇ ਪਾਠ ਤੇ ਅਮਲ ਕਰੇਗਾ ਉਹ ਜੂਨਾਂ ਦੀ ਭਟਕਣ ਵਿਚ ਨਹੀਂ ਆਏਗਾ।

**ਦੁਰਗਾ ਪਾਠ ਬਣਾਇਆ ਸਭੇ ਪਉੜੀਆ॥**
**ਫੇਰਿ ਨ ਜੂਨੀ ਆਇਆ ਜਿਨਿ ਇਹ ਗਾਇਆ।੫੫॥**
**ਇਤਿ ਸ੍ਰੀ ਦੁਰਗਾ ਕੀ ਵਾਰ ਸਮਾਪਤੰ ਸਤੁ ਸੁਭਮ ਸਤੁ॥**

# ਗੰਗਾ ਨਦੀ 'ਚ ਆਇਆ ਭਾਰੀ ਤੂਫ਼ਾਨ; ਨੇਪਾਲ 'ਚ ਆਫ਼ਤ ਮਗਰੋਂ ਐੱਲ.ਸੀ.ਟੀ. ਘਾਟ ਨੇੜੇ ਰਿਹਾਇਸ਼ੀ ਘਰ ਡੁੱਬੇ

## ਗੰਗਾ ਦਾ ਜਲ ਪੱਧਰ ਖ਼ਤਰੇ ਦੇ ਨਿਸ਼ਾਨ ਵੱਲ ਵਧਿਆ; ਨੀਵੇਂ ਇਲਾਕਿਆਂ 'ਚ ਪਾਣੀ ਭਰਨ ਨਾਲ ਜਨ-ਜੀਵਨ ਪ੍ਰਭਾਵਿਤ, ਪ੍ਰਸ਼ਾਸਨ ਵੱਲੋਂ ਚੌਕਸੀ ਦੇ ਹੁਕਮ

ਪਟਨਾ (ਬਿਹਾਰ), (ਏ.ਐੱਨ.ਆਈ.): ਨੇਪਾਲ ਦੇ ਉੱਪਰਲੇ ਪਹਾੜੀ ਖੇਤਰਾਂ ਵਿੱਚ ਬੱਦਲ ਫਟਣ ਅਤੇ ਮੋਹਲੇਧਾਰ ਮੀਂਹ ਕਾਰਨ ਗੰਡਕ ਨਦੀ (Gandak River) ਦੇ ਤੂਫ਼ਾਨ ਦਾ ਸਿੱਧਾ ਅਸਰ ਬਿਹਾਰ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਪਾਣੀ ਦੇ ਭਾਰੀ ਵਹਾਅ ਕਾਰਨ ਰਾਜਧਾਨੀ ਪਟਨਾ ਵਿਖੇ ਗੰਗਾ ਨਦੀ ਦਾ ਜਲ ਪੱਧਰ ਅਚਾਨਕ ਤੇਜ਼ੀ ਨਾਲ ਵਧ ਗਿਆ ਹੈ।

ਨਦੀ ਦਾ ਪਾਣੀ ਕਿਨਾਰਿਆਂ ਤੋਂ ਉੱਛਲ ਕੇ ਪਟਨਾ ਸਥਿਤ ਐੱਲ.ਸੀ.ਟੀ. ਘਾਟ (LCT Ghat) ਅਤੇ ਆਸ-ਪਾਸ ਦੀਆਂ ਤੱਟਵਰਤੀ ਰਿਹਾਇਸ਼ੀ ਬਸਤੀਆਂ ਵਿੱਚ ਦਾਖ਼ਲ ਹੋ ਗਿਆ ਹੈ। ਸਾਹਮਣੇ ਆਈਆਂ ਤਸਵੀਰਾਂ ਅਨੁਸਾਰ ਦਰਜਨਾਂ ਮਕਾਨਾਂ ਦੇ ਹੇਠਲੇ ਹਿੱਸੇ ਪਾਣੀ ਵਿੱਚ ਡੁੱਬ ਗਏ ਹਨ, ਜਿਸ ਕਾਰਨ ਸਥਾਨਕ ਵਸਨੀਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਨੇਪਾਲ ਦੇ ਹੜ੍ਹਾਂ ਦਾ ਬਿਹਾਰ 'ਤੇ ਪ੍ਰਭਾਵ:** ਨੇਪਾਲ ਦੇ ਹਿਮਾਲੀਅਨ ਕੈਚਮੈਂਟ ਖੇਤਰ ਵਿੱਚ ਆਏ ਹੜ੍ਹਾਂ ਤੋਂ ਬਾਅਦ ਗੰਡਕ ਅਤੇ ਹੋਰ ਸਹਾਇਕ ਨਦੀਆਂ ਰਾਹੀਂ ਭਾਰੀ ਮਾਤਰਾ ਵਿੱਚ ਪਾਣੀ ਆਉਣ ਕਾਰਨ ਗੰਗਾ ਨਦੀ ਦਾ ਪੱਧਰ ਅਚਾਨਕ ਖ਼ਤਰਨਾਕ ਢੰਗ ਨਾਲ ਵਧ ਗਿਆ ਹੈ।

**ਐੱਲ.ਸੀ.ਟੀ. ਘਾਟ ਦੇ ਨੀਵੇਂ ਇਲਾਕੇ ਜਲਮਗਨ:**
ਐੱਲ.ਸੀ.ਟੀ. ਘਾਟ ਖੇਤਰ ਵਿੱਚ ਕਈ ਫੁੱਟ ਤੱਕ ਪਾਣੀ ਭਰ ਜਾਣ ਕਾਰਨ ਘਰਾਂ ਦੇ ਅੰਦਰ ਪਾਣੀ ਵੜ ਗਿਆ ਹੈ। ਆਵਾਜਾਈ ਦੇ ਰਸਤੇ ਬੰਦ ਹੋਣ ਕਾਰਨ ਲੋਕਾਂ ਦਾ ਰੋਜ਼ਾਨਾ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

**ਪ੍ਰਸ਼ਾਸਨਿਕ ਨਿਗਰਾਨੀ ਅਤੇ ਅਲਰਟ:** ਪਟਨਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਆਫ਼ਤ ਪ੍ਰਬੰਧਨ ਵਿਭਾਗ ਨੇ ਗੰਗਾ ਨਦੀ ਦੇ ਸਮੂਹ ਘਾਟਾਂ ਅਤੇ ਤੱਟਵਰਤੀ ਸੰਵੇਦਨਸ਼ੀਲ ਇਲਾਕਿਆਂ ਵਿੱਚ ਗਸ਼ਤ ਵਧਾ ਦਿੱਤੀ ਹੈ। ਪ੍ਰਸ਼ਾਸਨ ਨੇ ਨੀਵੇਂ ਇਲਾਕਿਆਂ ਦੇ ਵਸਨੀਕਾਂ ਨੂੰ ਚੌਕਸ ਰਹਿਣ ਅਤੇ ਲੋੜ ਪੈਣ 'ਤੇ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਹੈ।

**ਹੋਰ ਤੱਟਵਰਤੀ ਇਲਾਕਿਆਂ ਲਈ ਚਿਤਾਵਨੀ:** ਜਲ ਸਰੋਤ ਵਿਭਾਗ ਦੇ ਇੰਜੀਨੀਅਰਾਂ ਵੱਲੋਂ ਨਦੀ ਦੇ ਵਹਾਅ ਅਤੇ ਬੰਨ੍ਹਾਂ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ। ਜੇਕਰ ਉੱਪਰਲੇ ਖੇਤਰਾਂ ਤੋਂ ਪਾਣੀ ਦੀ ਆਮਦ ਇਸੇ ਤਰ੍ਹਾਂ ਜਾਰੀ ਰਹੀ, ਤਾਂ ਦੀਘਾ, ਗਾਂਧੀ ਘਾਟ ਅਤੇ ਆਸ-ਪਾਸ ਦੇ ਪੇਂਡੂ ਖੇਤਰਾਂ ਵਿੱਚ ਵੀ ਹੜ੍ਹ ਦਾ ਪਾਣੀ ਫੈਲਣ ਦਾ ਖ਼ਦਸ਼ਾ ਹੈ।

ਡਿਸਕਲੇਮਰ (Disclaimer): ਇਹ ਖ਼ਬਰ ਨਿਊਜ਼ ਏਜੰਸੀ ANI, ਬਿਹਾਰ ਜਲ ਸਰੋਤ ਵਿਭਾਗ ਅਤੇ ਪਟਨਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਤਾਜ਼ਾ ਰਿਪੋਰਟਾਂ 'ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਲਈ ਇਹ ਰਿਪੋਰਟ ਪ੍ਰਕਾਸ਼ਿਤ ਕਰ ਰਿਹਾ ਹੈ।



## ਗੁਰੂ ਗ੍ਰੰਥ ਸਾਹਿਬ ਦੇ 422ਵੇਂ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼ :

# ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥

ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਦੇ ਇਤਿਹਾਸ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਬਾਰੇ ਇਹ ਲੇਖ ਸਾਂਝਾ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ। ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਦਾ ਮੁੱਢ ਬੱਝਦਾ ਹੈ, ਜਿਹਨਾਂ ਆਪਣੀ ਬਾਣੀ ਸਮੇਤ, ਵੱਖ-ਵੱਖ ਭਗਤਾਂ ਦੀਆਂ ਬਾਣੀਆਂ ਇਕੱਤਰ ਕੀਤੀਆਂ ਅਤੇ ਦੂਜੇ ਪਾਤਸ਼ਾਹ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪੀਆਂ। ਇਸੇ ਤਰ੍ਹਾਂ ਦੂਜੇ ਗੁਰੂ ਨਾਨਕ ਤੋਂ ਲੈ ਕੇ ਪੰਜਵੇਂ ਗੁਰੂ ਨਾਨਕ ਤੱਕ, ਇਹ ਬਾਣੀਆਂ ਪੋਥੀ ਸਰੂਪ ਵਿੱਚ, ਅਗਾਂਹ ਸੌਂਪੀਆਂ ਜਾਂਦੀਆਂ ਰਹੀਆਂ ਅਤੇ ਪੰਜਵੇਂ ਗੁਰੂ ਨਾਨਕ, ਗੁਰੂ ਅਰਜਨ ਸਾਹਿਬ ਨੇ ਆਪਣੇ ਸਮੇਤ, ਗੁਰੂ ਸਾਹਿਬਾਨਾਂ ਅਤੇ ਹੋਰਨਾਂ ਸ਼ਖ਼ਸੀਅਤਾਂ ਦੀਆਂ ਬਾਣੀਆਂ ਇਕੱਤਰ ਕਰਦਿਆਂ ਹੋਇਆਂ, 'ਪੋਥੀ ਸਾਹਿਬ' ਦਾ ਸੰਪਾਦਨ ਕਾਰਜ ਕੀਤਾ।

ਸੰਸਾਰ ਸਾਹਿਤ ਵਿੱਚ ਧਰਮ-ਗ੍ਰੰਥ ਦੀ ਪਰੰਪਰਾ ਨਾਲੋਂ ਨਿਰਾਲੀ ਮਿਸਾਲ ਕਾਇਮ ਕਰਦੇ ਹੋਏ, ਗੁਰੂ ਅਰਜਨ ਸਾਹਿਬ ਨੇ ਬਾਣੀ ਇਕੱਤਰ ਅਤੇ ਸੰਕਲਨ ਕਰਨ ਦਾ ਕਾਰਜ 1588 ਈ. ਤੋਂ ਲੈ ਕੇ 1603 ਈ. ਤੱਕ ਤਕਰੀਬਨ 15 ਸਾਲ ਦੀ ਘਾਲਣਾ ਕਰਕੇ ਸੰਪੂਰਨ ਕਰਵਾਇਆ। ਗੁਰਮਤਿ ਦੇ ਉੱਘੇ ਵਿਦਵਾਨ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਰਾਮਸਰ ਸਰੋਵਰ ਦੇ ਰਮਣੀਕ ਕਿਨਾਰੇ ਗੁਰੂ ਅਰਜਨ ਸਾਹਿਬ ਦੇ ਹੁਕਮ ਅਨੁਸਾਰ ਪਾਵਨ ਬੀੜ ਨੂੰ ਲਿਖਣ ਦੀ ਸੇਵਾ ਨਿਭਾਈ। ਪਾਵਨ ਬੀੜ ਸਾਹਿਬ ਦਾ ਸੰਪਾਦਨ ਕਰਦਿਆਂ ਗੁਰੂ ਸਾਹਿਬ ਨੇ ਸਮੁੱਚੀ ਬਾਣੀ ਨੂੰ ਰਾਗਾਂ ਵਿਚ ਤਰਤੀਬ ਅਨੁਸਾਰ ਲਿਖਵਾਇਆ। ਇਕ ਸਾਲ ਨੌਂ ਮਹੀਨੇ ਵਿੱਚ ਸਮੁੱਚੀ ਬਾਣੀ ਲਿਖਵਾ ਕੇ ਗੁਰੂ ਅਰਜਨ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰਵਾਇਆ। ਰਾਮਸਰ ਸਾਹਿਬ ਤੋਂ ਸੰਗਤਾਂ ਦੀ ਭਰਪੂਰ ਹਾਜ਼ਰੀ ਵਿੱਚ ਨਗਰ ਕੀਰਤਨ ਰਾਹੀਂ ਦਰਬਾਰ ਸਾਹਿਬ ਤੀਕ ਬਾਬਾ ਬੁੱਢਾ ਜੀ ਦੇ ਸੀਸ ਤੇ ਸਜਾ, ਧੰਨ ਧੰਨ ਸਾਹਿਬ ਗੁਰੂ ਅਰਜਨ ਸਾਹਿਬ ਚੌਰ ਕਰਦੇ ਪੁੱਜੇ ਅਤੇ ਪਹਿਲਾਂ ਪ੍ਰਕਾਸ਼, ਭਾਦੋਂ ਸੁਦੀ ਪਹਿਲੀ ਸੰਮਤ 1661, ਸੰਨ 1604 ਨੂੰ ਸੱਚਖੰਡ ਦਰਬਾਰ ਸਾਹਿਬ ਵਿਖੇ ਹੋਇਆ। ਬਾਬਾ ਬੁੱਢਾ ਜੀ ਸੱਚਖੰਡ ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ ਨਿਯੁਕਤ ਹੋਏ। ਬਾਬਾ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰਕੇ ਹੁਕਮਨਾਮਾ ਲਿਆ ;

ਸੂਹੀ ਮਹਲਾ ੫ ॥

**ਸੰਤਾ ਕੇ ਕਾਰਜਿ ਆਪਿ ਖਲੋਇਆ**
**ਹਰਿ ਕੰਮੁ ਕਰਾਵਣਿ ਆਇਆ ਰਾਮ ॥**
**ਧਰਤਿ ਸੁਹਾਵੀ ਤਾਲੁ ਸੁਹਾਵਾ**
**ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥**

(ਅੰਗ-873)

ਗੁਰੂ ਅਰਜਨ ਸਾਹਿਬ ਵੱਲੋਂ ਨੂੰ ਪਾਵਨ ਪੋਥੀ ਸਾਹਿਬ ਨੂੰ ਰੱਬ ਦਾ ਦਰਜਾ ਦੇਣਾ:

ਪੰਜਵੇਂ ਗੁਰੂ ਨਾਨਕ, ਗੁਰੂ ਅਰਜਨ ਸਾਹਿਬ ਨੇ ਪੋਥੀ ਸਾਹਿਬ ਦਾ ਸਤਿਕਾਰ ਕਰਦਿਆਂ, ਉੱਚੇ ਥਾਂ ਤੇ ਪ੍ਰਕਾਸ਼ ਕੀਤਾ ਅਤੇ ਖ਼ੁਦ ਚੌਰ ਸਾਹਿਬ ਕੀਤਾ। ਉਹਨਾਂ ਆਪਣੀ ਬਾਣੀ ਰਾਹੀਂ ਇਹ ਫ਼ੁਰਮਾਨ ਕੀਤਾ ਕਿ ਪੋਥੀ ਸਾਹਿਬ ਦਾ ਸਥਾਨ ਰੱਬ ਦੇ ਤੁਲ ਹੈ। ਦੂਜੇ ਸ਼ਬਦਾਂ ਵਿੱਚ ਗੁਰਬਾਣੀ ਹੀ ਪਰਮਾਤਮਾ ਦੇ ਮਿਲਾਪ ਦੀ ਥਾਂ ਹੈ। ਪੰਚਮ ਪਾਤਸ਼ਾਹ ਨੇ ਖ਼ੁਦ ਹੀ ਪਾਵਨ ਗ੍ਰੰਥ ਸਾਹਿਬ ਨੂੰ ਰੱਬੀ ਰੂਪ ਬਿਆਨ ਕਰਦਿਆਂ ਇਉਂ ਫ਼ੁਰਮਾਨ ਕੀਤਾ :

**ਪੋਥੀ ਪਰਮੇਸਰ ਕਾ ਥਾਨੁ ॥**
**ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥**

**ਸਾਰੰਗ ਮਹਲਾ ਪੰਜਵਾਂ,**
**ਗੁਰੂ ਗ੍ਰੰਥ ਸਾਹਿਬ ਅੰਗ 1226**

ਦਰਅਸਲ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਨੇ ਬਾਣੀ ਦੇ ਪ੍ਰਥਾਏ ਇਹ ਸਪਸ਼ਟ ਕਰ ਦਿੱਤਾ ਸੀ ਕਿ ਜਿਵੇਂ ਅਕਾਲ ਪੁਰਖ ਨੇ ਉਹਨਾਂ ਨੂੰ




ਬਾਣੀ ਬਖ਼ਸ਼ੀ ਹੈ, ਉਸੇ ਤਰ੍ਹਾਂ ਉਹ ਬਿਆਨ ਕਰ ਰਹੇ ਹਨ। ਗੁਰੂ ਸਾਹਿਬ ਦੇ ਪਾਵਨ ਬਚਨ ਹਨ;

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**

**ਤਿਲੰਗ ਮਹਲਾ ਪਹਿਲਾ,**
**ਗੁਰੂ ਗ੍ਰੰਥ ਸਾਹਿਬ : ਅੰਗ 722.**

ਤੀਜੇ ਗੁਰੂ ਨਾਨਕ, ਗੁਰੂ ਅਮਰਦਾਸ ਸਾਹਿਬ ਨੇ ਗੁਰਬਾਣੀ ਨੂੰ ਪਰਮਾਤਮਾ ਦੇ ਤੁੱਲ ਜਾਣ ਕੇ ਹੀ ਗੁਰਬਾਣੀ ਦੀ ਵਡਿਆਈ ਕੀਤੀ ਹੈ। ਆਪ ਜੀ ਦਾ ਫ਼ੁਰਮਾਨ ਹੈ;

**ਵਾਹੁ ਵਾਹੁ ਬਾਣੀ ਨਿਰੰਕਾਰ ਹੈ**
**ਤਿਸੁ ਜੇਵਡੁ ਅਵਰੁ ਨ ਕੋਇ ॥**
**ਸਲੋਕ ਮਹਲਾ 3, ਗੁਰੂ ਗ੍ਰੰਥ ਸਾਹਿਬ ਅੰਗ : 515**

ਪਾਵਨ ਪੋਥੀ ਸਾਹਿਬ (ਆਦਿ ਗੁਰੂ ਗ੍ਰੰਥ ਸਾਹਿਬ) ਵਿੱਚ ਦਰਜ ਬਾਣੀ ਨੂੰ ਧੁਰ ਕੀ ਕੀ ਬਾਣੀ ਭਾਵ ਰੱਬੀ ਬਾਣੀ ਦਸਦਿਆਂ ਹੋਇਆਂ, ਗੁਰੂ ਸਾਹਿਬ ਨੇ ਸਭ ਭੁਲੇਖੇ ਦੂਰ ਕੀਤੇ ਅਤੇ ਸਿੱਖਾਂ ਨੂੰ ਇਹ ਉਪਦੇਸ਼ ਬਖ਼ਸ਼ਿਆ :

**ਧੁਰ ਕੀ ਬਾਣੀ ਆਈ ॥**
**ਤਿਨਿ ਸਗਲੀ ਚਿੰਤ ਮਿਟਾਈ ॥**

**ਸੋਰਠਿ ਮਹਲਾ ਪੰਜਵਾਂ,**
**ਗੁਰੂ ਗ੍ਰੰਥ ਸਾਹਿਬ : ਅੰਗ 628**

ਇਉਂ ਪਾਵਨ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਗੁਰੂ ਸਾਹਿਬਾਨ ਨੇ ਖ਼ੁਦ ਸਪੱਸ਼ਟ ਕਰ ਦਿੱਤਾ ਹੈ ਕਿ ਬਾਣੀ ਅਕਾਲ ਪੁਰਖ ਦੇ ਹੁਕਮ ਵਿਚ ਹੀ ਉੱਚਾਰੀ ਹੈ ;

**ਹਉ ਆਪਹੁ ਬੋਲਿ ਨ ਜਾਣਦਾ**
**ਮੈ ਕਹਿਆ ਸਭੁ ਹੁਕਮਾਉ ਜੀਉ ॥**

**ਸੂਹੀ ਗੁਣਵੰਤੀ ਮਹਲਾ ਪਹਿਲਾ,**
**ਗੁਰੂ ਗ੍ਰੰਥ ਸਾਹਿਬ : ਅੰਗ 763**

ਇਹਨਾਂ ਪ੍ਰਮਾਣਾਂ ਮਗਰੋਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਗੁਰਬਾਣੀ ਗੁਰੂ ਸਾਹਿਬਾਨ ਜਾਂ ਭਗਤ ਸਾਹਿਬਾਨ ਵਲੋਂ ਗਏ 'ਗੀਤ' ਨਹੀਂ ਹਨ,ਬਲਕਿ ਇਹ ਤਾਂ ਰੱਬੀ ਵਿਚਾਰ ਹਨ ;

**ਲੋਗੁ ਜਾਨੈ ਇਹੁ ਗੀਤੁ ਹੈ**
**ਇਹੁ ਤਉ ਬ੍ਰਹਮ ਬੀਚਾਰ ॥**

**ਬਾਣੀ ਭਗਤ ਕਬੀਰ ਜੀ,**
**ਗੁਰੂ ਗ੍ਰੰਥ ਸਾਹਿਬ : ਪੰਨਾ 335**

ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੇ ਸਥਾਨ 'ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰਦੇ ਹੋਏ, ਆਦਿ ਗ੍ਰੰਥ ਸਾਹਿਬ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ। ਆਪ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਸ਼ਹੀਦੀ ਸਮੇਂ ਸੰਨ 1708 ਈ. ਨੂੰ ਸੱਚਖੰਡ ਹਜ਼ੂਰ ਸਾਹਿਬ ਵਿਖੇ ਪਾਵਨ ਬੀੜ ਸਾਹਿਬ ਨੂੰ ਗੁਰਗੱਦੀ ਦਿੰਦੇ ਹੋਏ 'ਗੁਰੂ' ਗ੍ਰੰਥ ਦਾ ਦਰਜਾ ਦਿੱਤਾ। ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੋਣ ਦਾ ਅਸਲ ਭਾਵ ਇਹ ਹੈ ਕਿ 'ਗੁਰਬਾਣੀ ਹੀ ਗੁਰੂ' ਹੈ ਅਤੇ ਇਹ ਪਾਵਨ ਸ਼ਬਦ ਚੌਥੇ ਗੁਰੂ ਨਾਨਕ, ਗੁਰੂ ਰਾਮਦਾਸ ਸਾਹਿਬ ਨੇ ਪਹਿਲਾਂ ਹੀ ਉਚਾਰਨ ਕੀਤਾ ਹੋਇਆ ਹੈ ;

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ**
**ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ**
**ਪਰਤਖਿ ਗੁਰੂ ਨਿਸਤਾਰੇ ॥**

**ਨਟ ਮਹਲਾ ਚੌਥਾ,**
**ਗੁਰੂ ਗ੍ਰੰਥ ਸਾਹਿਬ : ਅੰਗ 982)**

ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਇਹ ਸਮਝਣਾ ਸਭ ਤੋਂ ਜ਼ਰੂਰੀ ਹੈ ਕਿ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਥਾਪਦਿਆਂ ਗੁਰਤਾ ਗੱਦੀ ਬਖ਼ਸ਼ੀ ਹੈ, ਉਥੇ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਮੁੱਢ ਵਿੱਚ ਹੀ ਪੋਥੀ ਸਾਹਿਬ ਨੂੰ ਰੱਬ ਦਾ ਦਰਜਾ ਦਿੱਤਾ ਹੈ। ਇਉਂ ਸਾਡੇ ਲਈ ਗੁਰੂ ਗ੍ਰੰਥ ਸਾਹਿਬ ਗੁਰੂ ਵੀ ਹਨ ਅਤੇ ਰੱਬ ਵੀ ਹਨ। ਰੱਬ ਤੇ ਗੁਰੂ ਵਿੱਚ ਗੁਰੂ ਅਰਜਨ ਸਾਹਿਬ ਸਾਰਾ ਭੇਦ ਖਤਮ ਕਰਦੇ ਹਨ;

**ਡਾ. ਗੁਰਵਿੰਦਰ ਸਿੰਘ**
604 825 1550



**ਗੁਰੂ ਪਰਮੇਸਰੁ ਏਕੋ ਜਾਣੁ ॥**
**ਜੋ ਤਿਸੁ ਭਾਵੈ ਸੋ ਪਰਵਾਣੁ ॥੧॥**

**ਗੋਂਡ ਮਹਲਾ ਪੰਜਵਾਂ,**
**ਗੁਰੂ ਗ੍ਰੰਥ ਸਾਹਿਬ : ਅੰਗ 864**

ਗੁਰਬਾਣੀ ਵਿਚ ਅਨੇਕਾਂ ਪ੍ਰਮਾਣ ਮਿਲਦੇ ਹਨ, ਜਿੱਥੇ ਸਤਿਗੁਰੂ ਜੀ ਨੇ ਗੁਰੂ ਨੂੰ ਪਰਮਾਤਮਾ ਦੇ ਬਰਾਬਰ ਬਿਆਨ ਕੀਤਾ ਹੈ ;

**ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥**
**ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥**

**ਸਿਰੀਰਾਗੁ ਮਹਲਾ ਪੰਜਵਾਂ,**
**ਗੁਰੂ ਗ੍ਰੰਥ ਸਾਹਿਬ : ਅੰਗ 53**

ਰੋਜ਼ਾਨਾ ਅਰਦਾਸ ਉਪਰੰਤ ਜੋ ਦੋਹੇ ਗਾਇਨ ਕੀਤੇ ਜਾਂਦੇ ਹਨ, ਉਹਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਵਜੋਂ ਸੁਭਾਏਮਾਨ ਕੀਤੇ ਜਾਣ ਸਬੰਧੀ ਬਚਨ ਹਨ। ਇਹ ਜਾਨਣਾ ਜਰੂਰੀ ਹੈ ਕਿ ਇਹ ਦੋਹੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨਹੀਂ, ਪਰ ਇਹਨਾਂ ਦੇ ਭਾਵ ਗੁਰੂ ਗ੍ਰੰਥ ਸਾਹਿਬ ਨੂੰ 'ਸਦੀਵੀ ਗੁਰੂ' ਵਜੋਂ ਬਿਆਨ ਕਰਦੇ ਹਨ। ਸਿੱਖ ਵਿਦਵਾਨ ਡਾ. ਪਿਆਰਾ ਸਿੰਘ ਪਦਮ ਵਲੋਂ ਸੰਪਾਦਿਤ ਪੁਸਤਕ 'ਰਹਿਤਨਾਮੇ' ਵਿੱਚ ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਵਲੋਂ ਪੰਨਾ 67 ਉਪਰ, ਮੂਲ ਰੂਪ ਵਿੱਚ ਉਚਾਰਣ ਕੀਤੇ ਗਏ ਦੋਹਰਿਆਂ ਦਾ ਸਰੂਪ ਇਸ ਤਰਾਂ ਦਿਤਾ ਗਿਆ ਹੈ;

**ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਯੋ ਪੰਥ ॥**
**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥**
**ਗੁਰੂ ਖਾਲਸਾ ਮਾਨੀਅਹਿ ਪ੍ਰਗਟ ਗੁਰੂ ਕੀ ਦੇਹ ॥**
**ਜੋ ਸਿਖ ਮੋ ਮਿਲਬੋ ਚਹੈ ਖੋਜ ਇਨਹੁ ਮਹਿ ਲੇਹੁ ॥**

(ਰਹਿਤਨਾਮੇ, ਪੰਨਾ 67)

ਭਾਈ ਪ੍ਰਹਲਾਦ ਸਿੰਘ ਰਚਿਤ 'ਰਹਿਤਨਾਮਾ' ਨਾਲੋਂ ਥੋੜੇ ਫਰਕ ਨਾਲ ਗਿਆਨੀ ਗਿਆਨ ਸਿੰਘ ਦੀ ਲਿਖਤ ਵਿੱਚ ਇਹੀ ਦੋਹਰੇ ਅੰਕਿਤ ਕੀਤੇ ਹੋਏ ਮਿਲਦੇ ਹਨ। ਗਿਆਨੀ ਗਿਆਨ ਸਿੰਘ ਰਚਿਤ 'ਪੰਥ ਪ੍ਰਕਾਸ਼' (ਭਾਸ਼ਾ ਵਿਭਾਗ, ਪੰਜਾਬ 1987) ਦੇ ਪੰਨਾਂ 353 ਉੱਤੇ ਅਜਿਹੀਆਂ ਸਤਰਾਂ ਵਾਲਾ ਪੂਰਾ ਕਾਵਿ-ਬੰਦ ਹੇਠਾਂ ਦਿੱਤੇ ਅਨੁਸਾਰ ਪੇਸ਼ ਕੀਤਾ ਹੋਇਆ ਮਿਲਦਾ ਹੈ :

**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।**
**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।**
**ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸਬਦ ਮੈਂ ਲੇਹ।**

ਉਕਤ ਦੋਹਰੇ ਜਿਸ ਰੂਪ ਵਿੱਚ ਅਸੀਂ ਅੱਜ ਪੜ੍ਹਦੇ ਹਾਂ, ਪਹਿਲੇ ਦੋ ਦੋਹਿਰੇ ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਵਿਚੋਂ ਲਏ ਗਏ ਹਨ। ਭਾਈ ਪ੍ਰਹਲਾਦ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ ਅਤੇ ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ 'ਪੰਥ ਪ੍ਰਕਾਸ਼' 1867 ਈਸਵੀ ਵਿੱਚ ਤਿਆਰ ਕੀਤੀ ਸੀ। ਭਾਈ ਕਾਨ੍ਹ ਸਿੰਘ ਨਾਭਾ ਵਲੋਂ (ਗੁਰਮਤਿ ਮਾਰਤੰਡ-ਪੰਨਾ 331) ਸਪਸ਼ਟ ਨਿਰਣਾ ਦਿਤਾ ਗਿਆ ਹੈ ਕਿ ਇਹਨਾਂ ਦੋਹਰਿਆਂ ਵਿੱਚ ਗਿਆਨੀ ਗਿਆਨ ਸਿੰਘ ਨੇ ਕੁਝ ਤਬਦੀਲੀਆਂ ਕੀਤੀਆਂ ਹਨ ਜਿਵੇਂ 'ਗੁਰੂ ਖਾਲਸਾ ਮਾਨੀਅਹ' ਦੀ ਥਾਂ ਤੇ 'ਗੁਰੂ ਗ੍ਰੰਥ ਜੀ ਮਾਨਯੋ'- 'ਜੋ ਸਿਖ ਮੋ ਮਿਲਬੋ ਚਹਿਹ' ਦੀ ਥਾਂ ਤੇ 'ਜੋ ਪ੍ਰਭ ਕੋ ਮਿਲਬੋ ਚਹੈ'- 'ਖੋਜ ਇਨਹੁ ਮਹਿ ਲੇਹੁ' ਦੀ ਥਾਂ ਤੇ 'ਖੋਜ ਸ਼ਬਦ ਮਹਿ ਲੇਹ' ਆਦਿ। ਡਾ. ਜਸਵੰਤ ਸਿੰਘ ਨੇਕੀ ਕਿਤਾਬ 'ਅਰਦਾਸ' ਦੇ ਪੰਨਾ 342-343 ਤੇ ਲਿਖਦੇ ਹਨ ਕਿ 'ਤੀਜੀ ਗੱਲ ਗੁਰੂ ਗ੍ਰੰਥ ਸਾਹਿਬ ਨੂੰ 'ਪ੍ਰਗਟ ਗੁਰਾਂ ਕੀ ਦੇਹ' ਸਮਝਣਾ ਹੈ। ਇਹ ਗੱਲ ਗੁਰਮਤਿ ਸਿਧਾਂਤ ਅਨੁਸਾਰ ਸਹੀ ਨਹੀਂ, ਸੰਦੇਹ ਜਨਕ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸਤਿਗੁਰਾਂ ਦੀ ਜੋਤ ਹੈ, ਦੇਹ ਨਹੀਂ। ਗੁਰੂ ਦਾ ਸਰੀਰਕ ਦੀਦਾਰ ਤਾਂ ਖ਼ਾਲਸੇ ਵਿੱਚ ਹੈ"

ਅਜਿਹਾ ਹੀ ਇਕ ਦੋਹਰਾ ਭਾਈ ਦਯਾ ਸਿੰਘ ਵੱਲੋਂ ਲਿਖੇ ਰਹਿਤਨਾਮੇ ਵਿਚ ਵੀ ਦਰਜ ਹੈ;

**ਸ੍ਰੀ ਅਕਾਲ ਪੁਰਖ ਕੇ ਬਚਨ**
**ਸਿਉਂ ਪ੍ਰਗਟਿਓ ਪੰਥ ਮਹਾਨ ॥**
**ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਨ ॥**

(ਰਹਿਤਨਾਮੇ ਪੰਨਾ 71)

ਇਹ ਜਾਣਕਾਰੀ ਲਾਹੇਬੰਦ ਹੋਏਗੀ ਕਿ 'ਤਨਖਾਹਨਾਮਾ', ਲਿਖਤ ਭਾਈ ਨੰਦ ਲਾਲ ਜੀ ਵਿੱਚ 'ਰਾਜ ਕਰੇਗਾ ਖਾਲਸਾ' ਵਾਲਾ ਦੋਹਾ ਦਰਜ ਕੀਤਾ ਹੋਇਆ ਹੈ, ਜਿਸ ਨੂੰ ਸਿੱਖ ਸੰਗਤਾਂ ਅਰਦਾਸ ਉਪਰੰਤ ਗਾਇਨ ਕਰਦੀਆਂ ਹਨ ;

**ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ।**
**ਖੁਆਰ ਹੋਇ ਸਭ ਮਿਲੈਂਗੇ ਬਚੇ ਸ਼ਰਨ ਜੋ ਹੋਇ ॥3।**

ਮੱਧ-ਯੁਗ ਦੇ ਸਾਹਿਤ ਅਤੇ ਧਰਮ ਖੇਤਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਪ੍ਰਕਿਰਿਆ ਜੁਗਾਂਤਰਕਾਰੀ ਵਰਤਾਰਾ ਹੈ। ਜਿਥੇ ਇਸ ਨਾਲ ਸਾਹਿਤ ਜਗਤ ਵਿੱਚ ਗ੍ਰੰਥ ਸੰਪਾਦਨ ਕਲਾ ਦਾ ਆਰੰਭ ਹੁੰਦਾ ਹੈ, ਉਥੇ ਮਹਾਂ-ਗਿਆਨ ਦੇ ਵਿਸ਼ਾਲ ਖਜ਼ਾਨੇ ਨੂੰ ਕਿਸੇ ਕਿਸਮ ਦੇ ਰਲਾਅ ਤੋਂ ਸਦੀਵੀ ਤੌਰ 'ਤੇ ਸੁਰੱਖਿਅਤ ਕਰਕੇ, ਭਵਿੱਖ ਲਈ ਅਨਮੋਲ ਸਮੱਗਰੀ ਹੂ-ਬ ਹੂ ਬਰਕਰਾਰ ਰੱਖਣ ਦੀ ਪਿਰਤ ਪੈਂਦੀ ਹੈ। ਆਦਿ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਤੇ ਉਪਦੇਸ਼ ਸਰਬ- ਕਾਲੀ, ਸਰਬ-ਵਿਆਪਕ ਤੇ ਸਰਬ-ਸਾਂਝਾ ਹੈ। ਇਸ ਵਿਚਲੀ ਵਿਚਾਰਧਾਰਾ ਸਮੂਹ ਜਗਤ ਕਲਿਆਣ ਲਈ ਅਧਿਆਤਮਕ ਚਿੰਤਨ ਹੈ। ਸਮੁੱਚੇ ਸੰਸਾਰ ਲਈ ਭਾਵਾਤਮਕ ਸਾਂਝ ਦਾ ਸੁਨੇਹਾ ਦਿੰਦਾ ਇਹ ਪਹਿਲਾ ਧਰਮ ਗ੍ਰੰਥ ਹੈ, ਜਿਸ ਵਿੱਚ 12ਵੀਂ ਤੋਂ 17 ਵੀਂ ਸਦੀ ਤੱਕ ਦੀਆਂ, ਪੰਜ ਸਦੀਆਂ ਦੇ 36 ਮਹਾਂ-ਪੁਰਖਾਂ ਦੇ ਰੂਹਾਨੀ ਤੱਤ ਗਿਆਨ ਦਾ ਨਿਚੋੜ ਦੇਸ਼, ਕਾਲ ਤੇ ਸਮੇਂ ਦੀਆਂ ਹੱਦਾਂ ਖਤਮ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਹਰ ਮਹਾਂ-ਪੁਰਖ ਦਾ ਅੰਦਾਜ਼ ਚਾਹੇ ਨਿਵੇਕਲਾ ਹੈ, ਪਰ ਸਭ ਦਾ ਸੰਦੇਸ਼ ਸਾਂਝਾ ਹੈ, ਜੋ ਕਿ ਵਰਣ- ਵੰਡ, ਊਚ ਨੀਚ, ਜਾਤ-ਪਾਤ ਅਤੇ ਰੰਗ- ਨਸਲ ਤੋਂ ਉੱਚੇ ਉੱਠ ਕੇ, ਪ੍ਰਭੂ-ਪ੍ਰੇਮ ਵਿੱਚ ਲੀਨ ਹੋ ਕੇ , ਉਚੀ ਆਤਮਕ- ਅਵਸਥਾ ਵਿੱਚ ਬਿਰਾਜਣ ਦਾ ਹੈ। ਇਸ ਵਿਚਲੇ ਕੁੱਲ 5894 ਸ਼ਬਦਾਂ ਵਿਚੋਂ 4956 ਗੁਰੂਆਂ ਦੇ ਅਤੇ 938 ਭਗਤਾਂ ਦੇ ਸ਼ਬਦ ਹਨ। ਸਮੁੱਚੀ ਬਾਣੀ ਦੀ ਇਕਸੁਰਤਾ ਅਜਿਹੀ ਹੈ ਕਿ ਪੜ੍ਹਨ ਵਾਲਾ ਜਗਿਆਸੂ ਸੁੱਤੇ-ਸਿੱਧ ਗੁਰੂ ਬਾਣੀ ਤੋਂ ਭਗਤ ਬਾਣੀ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ਤੇ ਭਗਤ ਬਾਣੀ ਤੋਂ ਗੁਰੂ ਬਾਣੀ ਵਿੱਚ । ਗੁਰੂ ਗ੍ਰੰਥ ਸਾਹਿਬ ਅਜਿਹਾ ਬਹੁ- ਪਸਾਰੀ ਸੰਕਲਨ ਹੈ, ਜਿਸ ਵਿੱਚ ਅਕਾਲ ਪੁਰਖ, ਜਗਤ, ਮਾਨਵ, ਧਰਮ , ਦਰਸ਼ਨ, ਆਤਮਾ, ਅਨੁਭਵ, ਨੈਤਿਕ ਗੁਣ, ਸਤ, ਆਚਾਰ ਨੀਤੀ, ਸਮਾਜ ਆਦਿ ਅਨੇਕਾਂ ਸੂਖਮ ਤੇ ਸਥੂਲ, ਆਦਰਸ਼ਕ ਤੇ ਵਾਸਤਵਿਕ, ਅਧਿਆਤਮਕ ਅਤੇ ਸਮਾਜਿਕ ਵਿਸ਼ਿਆਂ ਉੱਪਰ ਵਿਸਤਾਰ-ਪੂਰਵਕ ਵਿਚਾਰ ਹੋਇਆ ਹੈ।

ਗੁਰਬਾਣੀ ਵਿੱਚ ਪਖੰਡ ਦੀ ਥਾਂ ਸੱਚੀ-ਸੁੱਚੀ ਭਗਤੀ, ਹਰਾਮ ਦੀ ਥਾਂ ਹਲਾਲ ਦੀ ਕਮਾਈ, ਅਨਿਆਂ ਦੀ ਥਾਂ ਨਿਆਂ ਅਤੇ ਨਫ਼ਰਤ ਦੀ ਥਾਂ ਪ੍ਰੇਮ ਦਾ ਸੁਨੇਹਾ ਦੇ ਕੇ, ਸੱਚ ਹੱਕ ਅਤੇ ਇਨਸਾਫ਼ ਦਾ ਸੰਦੇਸ਼ ਵਾਹਕ ਬਣਦੇ ਹੋਏ, ਸਮਾਜ ਦੀ ਪੁਨਰ-ਸਿਰਜਣਾ ਕੀਤੀ ਗਈ ਹੈ। ਸਮਕਾਲੀ ਸੰਪਰਦਾਵਾਂ ਨੂੰ ਅਡੰਬਰ, ਪਖੰਡ ਤੇ ਕੱਟੜਪੁਣੇ ਤੋਂ ਮੁਕਤ ਕਰਕੇ, ਸੱਚੇ ਧਰਮ ਦੇ ਕੇਂਦਰ-ਬਿੰਦੂ ਨਾਲ ਜੋੜਨ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਇਨ੍ਹਾਂ ਨੂੰ ਨਵੀਨ ਅਤੇ ਬਿਬੇਕਮਈ ਢੰਗ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ :

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥**
**ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ ਅੰਗ : 471**

**ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ ॥**
**ਗਲੀ ਜਿਨ੍ਾ ਜਪਮਾਲੀਆ, ਲੋਟੇ ਹਥਿ ਨਿਬਗ ॥**
**ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ ॥**

**ਭਗਤ ਕਬੀਰ ਜੀ,**
**ਗੁਰੂ ਗ੍ਰੰਥ ਸਾਹਿਬ ਅੰਗ : 476**

**ਬੁਤ ਪੂਜਿ ਪੂਜਿ ਹਿੰਦੂ ਮੂਏ, ਤੁਰਕ ਮੂਏ ਸਿਰੁ ਨਾਈ ॥**
**ਓਇ ਲੇ ਜਾਰੇ, ਓਇ ਲੇ ਗਾਡੇ, ਤੇਰੀ ਗਤਿ ਦੁਹੂ ਨ ਪਾਈ ॥**
**ਭਗਤ ਕਬੀਰ ਜੀ, ਗੁਰੂ ਗ੍ਰੰਥ ਸਾਹਿਬ ਅੰਗ : 654**

**ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥**
**ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥**

**ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥**
**ਸਾਧ ਭਲੇ ਅਣ ਨਾਤਿਆ ਚੋਰ ਸਿ ਚੋਰਾ॥**
**ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ ਅੰਗ : 789**

ਗੁਰੂ ਗ੍ਰੰਥ ਸਾਹਿਬ ਜਿੱਥੇ ਧਰਮ ਦੇ ਨਾਂ ਤੇ ਪਖੰਡ ਨੂੰ ਰੱਦ ਕਰਦੇ ਹਨ, ਉੱਥੇ ਜ਼ਾਲਮ ਹਕੂਮਤ ਦਾ ਤਿੱਖਾ ਵਿਰੋਧ ਕਰਦਿਆਂ ਲੋਕਾਂ ਨੂੰ ਲਾਮਬੰਦ ਕਰਦੇ ਹਨ। ਗੁਰੂ ਅਰਜਨ ਸਾਹਿਬ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਾਰਜ ਹੀ ਅਸਲ ਵਿੱਚ ਪੰਜਵੇਂ ਗੁਰੂ ਸਾਹਿਬ ਦੀ ਸ਼ਹੀਦੀ ਦਾ ਕਾਰਨ ਬਣੇ। ਗੁਰੂ ਗ੍ਰੰਥ ਸਾਹਿਬ ਵਿੱਚ ਸਮੇਂ ਦੀ ਸੱਤਾ ਨੂੰ ਚੁਣੌਤੀ ਦਿੰਦਿਆਂ ਇਹ ਪਾਵਨ ਸ਼ਬਦ ਫੁਰਮਾਨ ਕੀਤੇ ਗਏ ਹਨ, ਜਿਨਾਂ ਦੀ ਮਿਸਾਲ ਪਹਿਲਾਂ ਕਦੇ ਨਹੀਂ ਮਿਲਦੀ

**ਰਾਜੇ ਸੀਹ ਮੁਕਦਮ ਕੁਤੇ॥**
**ਜਾਇ ਜਗਾਇਨਿ੍ ਬੈਠੇ ਸੁਤੇ॥**
**ਚਾਕਰ ਨਹਦਾ ਪਾਇਨਿ ਘਾਉ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ॥**
**ਮਹਲਾ ਪਹਿਲਾ,**
**ਗੁਰੂ ਗ੍ਰੰਥ ਸਾਹਿਬ : ਅੰਗ 1288**

ਗੁਰਬਾਣੀ ਖ਼ਾਸ ਵਰਗ ਦੀ ਥਾਂ ਜਨ-ਸਾਧਾਰਨ ਰਾਹੀਂ ਸਮੁੱਚੀ ਮਨੁੱਖਤਾ ਨੂੰ ਸੰਬੋਧਤ ਹੈ। ਗੁਰਬਾਣੀ ਦਾ ਮੁੱਖ ਮੰਤਵ ਉੱਚੇ ਸੁੱਚੇ ਸਿਧਾਂਤ ਨੂੰ ਸਰਲ ਢੰਗ ਨਾਲ ਬਿਆਨ ਕਰਕੇ ਲੋਕ - ਸਮੂਹ ਤੱਕ ਪਹੁੰਚਾਉਣਾ ਹੈ। ਗੁਰਬਾਣੀ ਵਿੱਚ ਲੋਕ-ਧਰਮ ਅਤੇ ਲੋਕ-ਗਾਥਾਵਾਂ ਦਾ ਵਰਨਣ ਖੰਡਨਾਤਮਕ ਤੇ ਮੰਡਨਾਤਮਕ, ਦੋਹਾਂ ਵਿਧੀਆਂ ਰਾਂਹੀ ਹੋਇਆ ਹੈ। ਚਾਰ-ਵਰਣ, ਚਾਰ-ਆਸ਼ਰਮ, ਹੋਮ-ਜੱਗ, ਤੀਰਥ-ਗਮਨ, ਸੂਤਕ-ਪਾਤਕ, ਜਾਤ-ਪਾਤ, ਊਚ-ਨੀਚ ਆਦਿਕ ਕਰਮ-ਕਾਂਡ ਪ੍ਰਤੀ ਖੰਡਨਾਤਮਕ ਦ੍ਰਿਸ਼ਟੀਕੋਣ ਅਪਣਾਇਆ ਗਿਆ ਹੈ। ਗੁਰਮਤਿ ਦਾ ਮਾਰਗ ਪ੍ਰਵਿਰਤੀ ਮੂਲਕ ਨਵਿਰਤੀ ਅਤੇ ਪ੍ਰੇਮਾ-ਭਗਤੀ ਦਾ ਸਹਿਜ ਤੇ ਸੁਖੈਨ ਮਾਰਗ ਹੈ। ਗੁਰਬਾਣੀ ਦੀ ਕਲਾ ਸਹਿਜ ਅਵਸਥਾ ਵਿਚੋਂ ਹੀ ਉਪਜੀ ਹੈ ਤੇ ਸਹਿਜ ਦਾ ਹੀ ਪ੍ਰਚਾਰ ਕਰਦੀ ਹੈ।

ਜਿੱਥੇ ਗੁਰੂ ਗ੍ਰੰਥ ਸਾਹਿਬ ਦੀ ਲਿਪੀ ਗੁਰਮੁਖੀ ਹੈ, ਉਥੇ ਬੋਲੀ ਵੀ ਗੁਰਮੁਖੀ ਹੈ। ਗੁਰਬਾਣੀ ਸਾਹਿਤ ਦੀ ਵਿਲੱਖਣ ਨੁਹਾਰ ਦਾ ਕਾਰਨ ਗੁਰਮੁਖੀ ਬੋਲੀ ਦੇ ਰੂਪ ਵਿੱਚ ਰਹੱਸਮਈ ਰੂਹਾਨੀ ਪ੍ਰਗਟਾਵਾ ਅਤੇ ਕੀਰਤਨ ਦੇ ਨਾਲ- ਨਾਲ ਸਮੇਂ ਤੇ ਸਥਾਨ ਦੀ ਸੀਮਾ ਤੋਂ ਮੁਕਤ ਭਾਸ਼ਾ ਦਾ ਸੁਮੇਲ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰਮੁਖੀ ਸਦੀਵੀ ਸਮਝੀ ਜਾਣ ਵਾਲੀ, ਲੋਕ - ਮੁਹਾਵਰੇ ਵਾਲੀ ਸਾਧਾਰਨ ਲੋਕਾਂ ਦੀ ਬੋਲੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਮੁੱਚੀ ਬਾਣੀ ਦੀ ਲਿਪੀ ਚਾਹੇ ਗੁਰਮੁਖੀ ਹੈ, ਪਰ ਇਸ ਵਿੱਚ ਵੱਖ- ਵੱਖ ਭਾਸ਼ਾਵਾਂ ਮਿਲਦੀਆਂ ਹਨ।

ਗੁਰੂ ਗ੍ਰੰਥ ਸਾਹਿਬ ਮੱਧ-ਕਾਲ ਦੀਆਂ ਅਨੇਕਾਂ ਭਾਸ਼ਾਵਾਂ, ਜਿਵੇਂ ਪੰਜਾਬੀ, ਸਿੰਧੀ, ਦੱਖਣੀ, ਬ੍ਰਿਜ ਭਾਸ਼ਾ, ਅਪਭ੍ਰੰਸ਼, ਪ੍ਰਕਿਰਤ, ਮਰਾਠੀ, ਮੈਥਿਲੀ, ਲਗਾਥਾ, ਭੋਜਪੁਰੀ, ਸਧੁੱਕੜੀ, ਰੇਖਤਾ, ਬਾਂਗਰੂ, ਬਾਗੜੀ, ਫਾਰਸੀ, ਸੰਸਕ੍ਰਿਤ ਆਦਿ ਬੋਲੀਆਂ ਦਾ ਮਹਾਨ ਖ਼ਜ਼ਾਨਾ ਹੈ। ਗੁਰਬਾਣੀ ਦਾ ਵੱਡਾ ਹਿੱਸਾ ਪੰਜਾਬ ਵਿੱਚ ਲਿਖਿਆ ਹੋਣ ਕਰਕੇ ਇਸ ਬੋਲੀ ਦਾ ਜੁੱਸਾ, ਮੁਹਾਵਰਾ ਤੇ ਸ਼ੈਲੀ, ਵਿਸ਼ੇਸ਼ ਰੂਪ ਵਿੱਚ ਪੰਜਾਬੀ ਹੈ, ਪਰ ਫਿਰ ਵੀ ਇਹ ਬੋਲੀ ਪੂਰਨ ਤੌਰ ’ਤੇ ਪੰਜਾਬੀ ਨਹੀਂ, ਇਸ ਨੂੰ ‘ਗੁਰਮੁਖੀ ਬੋਲੀ’ ਕਹਿਣਾ ਹੀ ਉਚਿਤ ਹੋਏਗਾ।

ਗੁਰਬਾਣੀ ਮੁੱਖ ਤੌਰ ਤੇ ਲੋਕ- ਬੋਲੀ ਤੇ ਲੋਕ-ਮੁਹਾਵਰੇ ਵਿੱਚ ਹੋਣ ਕਰਕੇ ਲੋਕ-ਸਾਹਿਤ ਦੀ ਸਿਰਮੌਰ ਬਣ ਗਈ ਹੈ। ਮਿਸਾਲ ਵਜੋਂ ਗੁਰਬਾਣੀ ਦੇ ਇਹ ਸ਼ਬਦ ਮੁਹਾਵਰੇ ਅਤੇ ਅਖਾਣ ਬਣ ਚੁੱਕੇ ਹਨ :

**ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ॥**
**ਆਸਾ ਦੀ ਵਾਰ, ਮਹਲਾ ਪਹਿਲਾ,**
**ਗੁਰੂ ਗ੍ਰੰਥ ਸਾਹਿਬ : ਅੰਗ 470**

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥**
**ਸਲੋਕੁ ਸੇਖ ਫਰੀਦ ਕੇ, ਅੰਗ ;1379**

**ਮਨ ਜੀਤੈ ਜਗੁ ਜੀਤੁ॥**
**ਜਪੁ, ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ : ਅੰਗ 6**

**ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥**
**ਕਿਸੁ ਪਹਿ ਖੋਲ੍ਉ ਹਉ ਗੰਠੜੀ ਦੂਖੀ ਭਰਿ ਆਇਆ॥**
**ਸੂਹੀ ਮਹਲਾ ਪਹਿਲਾ,**
**ਛੰਤ ਗੁਰੂ ਗ੍ਰੰਥ ਸਾਹਿਬ : ਅੰਗ 767**

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥**
**ਜਪੁ ਮਹਲਾ ਪਹਿਲਾ,**
**ਗੁਰੂ ਗ੍ਰੰਥ ਸਾਹਿਬ : ਅੰਗ 8**

**ਘਰਿ ਘਰਿ ਮੀਆ ਸਭਨਾ ਜੀਆਂ ਬੋਲੀ ਅਵਰ ਤੁਮਾਰੀ॥**
**ਬਸੰਤੁ ਮਹਲਾ ਪਹਿਲਾ -**
**ਗੁਰੂ ਗ੍ਰੰਥ ਸਾਹਿਬ : ਅੰਗ 1191**

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥**
**ਸ਼ੇਖ ਫਰੀਦ, ਗੁਰੂ ਗ੍ਰੰਥ ਸਾਹਿਬ : ਅੰਗ 1380**

**ਜਬ ਲਗੁ ਦੁਨੀਆ ਰਹੀਐ ਨਾਨਕ**
**ਕਿਛੁ ਸੁਣੀਐ ਕਿਛੁ ਕਹੀਐ॥**
**ਧਨਾਸਰੀ ਮਹਲਾ ਪਹਿਲਾ,**
**ਗੁਰੂ ਗ੍ਰੰਥ ਸਾਹਿਬ : ਅੰਗ 661**

**ਫਿਟੁ ਇਵੇਹਾ ਜੀਵਿਆ**
**ਜਿਤੁ ਖਾਇ ਵਧਾਇਆ ਪੇਟੁ॥**
**ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ ਅੰਗ 790**

**ਹਕੁ ਪਰਾਇਆ ਨਾਨਕਾ,**
**ਉਸ ਸੂਅਰੁ ਉਸ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ,**
**ਜਾ ਮੁਰਦਾਰੁ ਨ ਖਾਇ॥**
**ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ ਅੰਗ 141**

**ਬਾਬਾ ਹੋਰੁ ਖਾਣਾ ਖੁਸੀ ਖੁਆਰੁ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥**
**ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ ਅੰਗ 16**

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥**
**ਮਹਲਾ ਤੀਜਾ, ਗੁਰੂ ਗ੍ਰੰਥ ਸਾਹਿਬ ਅੰਗ 788**

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**
**ਸਲੋਕੁ ਮਹਲਾ 9 ਅੰਗ:1427**

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥**
**ਰਾਗੁ ਗੂਜਰੀ ਵਾਰ,**
**ਮਹਲਾ 5 ਗੁਰੂ ਗ੍ਰੰਥ ਸਾਹਿਬ ਅੰਗ : 522**

ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਭੰਡਾਰ ਵਿੱਚ ਚਿੰਨ੍ਹ, ਪ੍ਰਤੀਕ, ਅਲ਼ੰਕਾਰ, ਰਸ, ਸ਼ਬਦ- ਚਿੱਤਰ, ਬੋਲ-ਚਿਤੱਰ ਤੇ ਭਾਵ-ਚਿੱਤਰ ਅਨੇਕਾਂ ਰਹੱਸਮਈ ਭਾਵਾਂ ਨੂੰ ਉਜਾਗਰ ਕਰਨ ਲਈ ਵਰਤੇ ਗਏ ਹਨ। ਜਿਵੇ ਧਰਤੀ-ਅਕਾਸ਼, ਬਾਰਕੁ-ਮਾਤਾ, ਸਹੁਰਾ-ਪੇਕਾ, ਸੁਹਾਗਣ-ਦੁਹਾਗਣ, ਬੇੜੀ-ਤੁਲਹਾ, ਬੋਹਿਥ- ਸਾਗਰ, ਮੱਛਲੀ, ਕਮਲ, ਭਉਰ, ਮਿਰਗ, ਦੀਵਾ ਆਦਿ ਅਨੇਕਾਂ ਘਰੋਗੀ ਅਤੇ ਕੁਦਰਤੀ ਵਸਤੂਆਂ ਦੁਆਲੇ ਬਿੰਬ ਤੇ ਪ੍ਰਤੀਕ ਉਸਰਦੇ ਹਨ। ਗੁਰਮਤਿ ਕਾਵਿ ਵਿੱਚ ਵਰਤੇ ਗਏ ਪਿੰਗਲ ਦੇ ਪ੍ਰਮੁੱਖ ਛੰਦ ਦੋਹਿਰਾ, ਸੋਰਠਾ, ਦਵੈਯਾ, ਸਵੈਯਾ, ਚੌਪਾਈ, ਝੂਲਨਾ, ਨਿਸ਼ਾਨੀ, ਸਿਰਖੰਡੀ, ਹੰਸਗੀਤ, ਚਿਤਰਕਲਾ, ਛਪੈ, ਸਾਰ, ਸਰਸੀ, ਹਾਕਲ, ਉਗਾਹਾ, ਉਲਾਲਾ, ਰੂਪਮਾਲਾ, ਰਡ, ਅੰਮ੍ਰਿਤ, ਘਟ, ਕਜਲ, ਕਲਸ, ਘਨਾਛੀਰ ਆਦਿ ਦੀ ਮੌਜੂਦਗੀ ਬੇਹੱਦ ਪ੍ਰਭਾਵਸ਼ਾਲੀ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿੱਚ ਅਹਿਮੀਅਤ ਛੰਦ-ਘਾੜਤ ਨੂੰ ਨਹੀਂ, ਸਗੋਂ ਭਾਵ- ਪ੍ਰਗਟਾਵੇ ਨੂੰ ਦਿੱਤੀ ਗਈ ਹੈ।

ਬਾਣੀਕਾਰ ਆਵੇਸ਼ ਵਿੱਚ ਉਗਮਦੀ ਸਰੋਧ ਹੂਕ ਦੇ ਧੁਰੋਂ ਉੱਠਣ ’ਤੇ ਰਚਨਾ ਕਰਦੇ ਹਨ ਅਤੇ ਛੰਦਾ-ਬੰਦੀ ਦੀ ਕੈਦ ਨੂੰ ਨਹੀਂ ਸਵੀਕਾਰਦੇ। ਬਾਣੀਕਾਰ ਜ਼ਿਆਦਾਤਰ ਜਨ-ਸਾਧਾਰਨ ਦੇ ਪ੍ਰਚਲਤ ਛੰਦਾਂ ਨੂੰ ਅਪਨਾ ਕੇ ਲੋਕ-ਕਾਵਿ ਰੂਪਾਂ ਦੋਹੇ, ਛੰਤ, ਘੋੜੀਆਂ, ਲਾਵਾਂ, ਅਲਾਹੁਣੀਆਂ, ਬਾਰਾਮਾਹ, ਗੋਸਟ, ਸਲੋਕ, ਸੋਹਿਲਾ, ਆਰਤੀ, ਬਾਵਨ ਅਖਰੀ, ਕਾਫ਼ੀ, ਮੰਗਲ, ਛਿੰਝ, ਰੁੱਤਾਂ, ਥਿਤਾਂ, ਪਹਿਰ ਦਿਨ ਰੈਣਿ, ਫੁਨਹੇ, ਕਰਹਲੇ, ਗੁਣਵੰਤੀ, ਸੁਚਜੀ, ਕੁਚਜੀ, ਅੰਜਲੀ, ਸਤਵਾਰਾ, ਬਿਸ਼ਨਪਦਾ, ਗੀਤ, ਵਾਰਾਂ ਆਦਿ ਵਿੱਚ ਬਾਣੀ ਰਚਨਾ ਕਰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿੱਚ ਰੂਹ ਨੂੰ ਰੱਬ ਨਾਲ ਇਕਸੁਰ ਤੇ ਇਕਾਗਰ ਕਰਨ ਦਾ ਪ੍ਰਮੁੱਖ ਸਾਧਨ ਕੀਰਤਨ ਹੈ। ਜਿੱਥੇ ਸ਼ਾਸਤਰੀ ਸੰਗੀਤ ਵਿੱਚ ਗਾਇਕੀ ਤੇ ਹਰਕਤ ਵੱਧ ਤੇ ਬੋਲ ਘੱਟ ਹੁੰਦੇ ਹਨ, ਉਥੇ ਕੀਰਤਨ (ਗੁਰਮਤਿ ਸੰਗੀਤ) ਵਿੱਚ ਬਾਣੀ ਵਧੇਰੇ ਅਤੇ ਗਾਇਕੀ ਮੁਕਾਬਲਤਨ ਘੱਟ ਹੁੰਦੀ ਹੈ। ਗੁਰਬਾਣੀ ਦਾ ਉਪਦੇਸ਼ ਸ਼ਾਸਤਰੀ ਢੰਗਾਂ ਨਾਲ਼ ਰਾਗਾਂ ਦਾ ਪ੍ਰਚਾਰ ਕਰਨਾ ਨਹੀਂ, ਸਗੋਂ ਸਹਿਜ, ਸੁਖੈਨ ਤੇ ਸੁਭਾਵਿਕ ਕੀਰਤਨ ਰਾਹੀ, ਰੱਬੀ ਅਨੁਭਵ ਦਾ ਪ੍ਰਗਟਾਵਾ ਕਰਦੇ ਹੋਏ, ਲੈਅ-ਭਰਪੂਰ ‘ਨਾਮ ਵਾਲੀ ਸ਼ਖ਼ਸੀਅਤ’ ਦੀ ਉਸਾਰੀ ਕਰਨਾ ਹੈ। ਦਿਮਾਗੋਂ ਰਾਗ, ਦਿਲੋਂ ਧੁਨ, ਹਿਰਦੇ ਤੋਂ ਸੁਰਤ, ਹੱਥੋਂ ਸਾਜ, ਮੂੰਹੋਂ ਸੁਰਾਂ, ਕੰਨੋਂ ਤਾਨ ਅਤੇ ਪੈਰੋਂ ਨ੍ਰਿਤਕਾਰੀ ਆਦਿ ਸਾਰੀ ਸਮੱਗਰੀ ਅਕਾਲ-ਪੁਰਖ ਨਾਲ ਇਕ-ਮਿੱਕ ਤੇ ਇੱਕਸੁਰ ਹੋਣ ਦੇ ਸਾਧਨ ਹਨ।

ਗੁਰੂ ਗ੍ਰੰਥ ਸਾਹਿਬ ਦੇ ਪੰਨਾ 14 ਤੋਂ ਲੈ ਕੇ 1352 ਤੱਕ ਸਾਰੀ ਬਾਣੀ ਸਭ ਮੱਤਾਂ ਸੰਪਰਦਾਵਾਂ, ਮੌਸਮਾਂ ਤੇ ਰੁੱਤਾਂ ਨਾਲ ਸੰਬੰਧਿਤ 31 ਰਾਗਾਂ ਵਿੱਚ ਰਚੀ ਹੈ, ਜੋ ਕ੍ਰਮਵਾਰ ਸਿਰੀ ਰਾਗ, ਮਾਝ, ਗਉੜੀ, ਆਸਾ ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਤੇ ਜੈਜਾਵੰਤੀ ਹਨ। ਸਭ ਤੋਂ ਵਧੇਰੇ 30 ਰਾਗਾਂ ਵਿੱਚ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਸਾਹਿਬ ਨੇ ਬਾਣੀ ਲਿਖੀ ਹੈ। ਗੁਰੂ ਨਾਨਕ ਸਾਹਿਬ ਨੇ 19, ਗੁਰੂ ਅਮਰਦਾਸ ਜੀ ਨੇ 17 ਤੇ ਗੁਰੂ ਤੇਗ ਬਹਾਦਰ ਜੀ ਨੇ 15 ਰਾਗਾਂ ਵਿੱਚ ਬਾਣੀ ਉਚਾਰੀ ਹੈ। ਭਗਤ ਕਵੀਆਂ ਵਿਚੋਂ ਕਬੀਰ ਤੇ ਨਾਮਦੇਵ ਨੇ 18, ਭਗਤ ਰਵਿਦਾਸ ਨੇ 16, ਭਗਤ ਤ੍ਰਿਲੋਚਨ ਤੇ ਭਗਤ ਬੇਣੀ ਨੇ 3, ਭਗਤ ਧੰਨਾ, ਭਗਤ ਜੈਦੇਵ ਤੇ ਬਾਬਾ ਫਰੀਦ ਨੇ 2 ਅਤੇ ਭਗਤ ਭੀਖਣ, ਭਗਤ ਸੈਣ, ਭਗਤ ਪੀਪਾ, ਭਗਤ ਸਧਨਾ ਤੇ ਭਗਤ ਪਰਮਾਨੰਦ ਨੇ ਕੇਵਲ ਇਕ ਹੀ ਰਾਗ ਵਿੱਚ ਬਾਣੀ ਰਚੀ ਹੈ।

ਆਦਿ ਗੁਰੂ ਗ੍ਰੰਥ ਸਾਹਿਬ ਵਿਸ਼ਵ ਦੇ ਧਾਰਮਿਕ ਤੇ ਅਧਿਆਤਮਕ ਸਾਹਿਤ ਦਾ ਅਜਿਹਾ ਮਹਾਨ ਕੋਸ਼ ਹੈ, ਜਿਸ ਵਿੱਚ ਆਤਮਿਕ ਗਿਆਨ, ਅਧਿਆਤਮਕ ਵੀਚਾਰ ਅਤੇ ਪ੍ਰੇਮ-ਭਗਤੀ ਦੀ ਸਾਂਝੀ ਧੁਨ ਜੀਵਨ ਲਈ ਕਲਿਆਣਕਾਰੀ ਸੱਚ ਦਾ ਸੰਦੇਸ਼ ਦਿੰਦੀ ਹੈ। ਸੰਪੂਰਨ ਮਨੁੱਖੀ ਭਾਈਚਾਰੇ ਲਈ ਚਾਨਣ-ਮੁਨਾਰਾ ਬਣ ਕੇ ਵਲਗਣਾਂ, ਵਖਰੇਵਿਆਂ ਤੇ ਵਿਤਕਰਿਆਂ ਦੇ ਚੱਕਰਵਿਊ ਤੋਂ ਨਿਜਾਤ ਦੁਆ ਕੇ, ਆਦਿ ਗੁਰੂ ਗ੍ਰੰਥ ਸਾਹਿਬ ਸਦਾਚਾਰ ਦੇ ਸੁਮਾਰਗ ਰਾਹੀਂ ਅਧਿਆਤਮਿਕ ਮੰਜ਼ਿਲ ’ਤੇ ਪਹੁੰਚਾਉਂਦੇ ਹਨ। ਇਹ ਧਰਮ ਗ੍ਰੰਥ ਪੰਜ ਸੌ ਵਰ੍ਹਿਆਂ ਦਾ ਅਜਿਹਾ ਦਰਪਣ ਹੈ, ਜਿਸ ਵਿਚੋਂ ਮੱਧਕਾਲੀ ਸਮਾਜ ਦੀ ਇਤਿਹਾਸਕ, ਸਭਿਆਚਾਰਕ ਤੇ ਧਾਰਮਿਕ ਰੂਪ-ਰੇਖਾ ਪ੍ਰਤੀਬਿੰਬਤ ਹੁੰਦੀ ਹੈ। ਵਿਸ਼ਵ ਸਾਹਿਤ ਪੱਖੋਂ ਵਿੱਚ ਗੁਰੂ ਗ੍ਰੰਥ ਸਾਹਿਬ ਅਜਿਹੀ ਅਦੁੱਤੀ ਰਚਨਾ ਹੈ, ਜਿਸ ਵਿੱਚ ’ਸਤਿ ਚਿਤੁ ਆਨੰਦ’ ਦਾ ਮਹਾਨ ਸੰਕਲਪ ਦ੍ਰਿਸ਼ਟੀਗੋਚਰ ਹੁੰਦਾ ਹੈ।

ਆਦਿ ਗੁਰੂ ਗ੍ਰੰਥ ਸਾਹਿਬ ਦਾ ਮੰਤਵ ਸਰਬ-ਸ੍ਰੇਸ਼ਟ, ਰੂਹਾਨੀ ਫਲਸਫਾ ਉਤਮ ਕਾਵਿ ਕਲਾ ਰਾਹੀ ਪੇਸ਼ ਕਰਦੇ ਹੋਏ, ਸਦੀਵੀ ਆਨੰਦ ਪੈਦਾ ਕਰਨਾ ਹੈ। ਗੁਰਬਾਣੀ ਵਿੱਚ ਵਿਸ਼ੇ ਤੇ ਰੂਪ ਦਾ, ਅਕਾਰ ਤੇ ਪ੍ਰਕਾਰ ਦਾ, ਕਿਰਤ ਤੇ ਕਰਮ ਦਾ, ਨੇਮ ਤੇ ਪ੍ਰੇਮ ਦਾ, ਭਗਤੀ ਤੇ ਸ਼ਕਤੀ ਦਾ, ਧਰਮ ਤੇ ਕਰਮ ਦਾ, ਗਿਆਨ ਤੇ ਸ਼ਰਮ ਦਾ, ਗ੍ਰਹਿਸਤ ਤੇ ਉਦਾਸ ਦਾ, ਆਸਾ ਤੇ ਨਿਰਾਸ਼ਾ ਦਾ, ਹੁਕਮ ਤੇ ਭਾਣੇ ਦਾ, ਨਾਮ ਤੇ ਭਗਤੀ ਦਾ, ਆਦਰ ਤੇ ਯਥਾਰਥ ਦਾ, ਮਨੁੱਖ ਤੇ ਪ੍ਰਕ੍ਰਿਤੀ ਦਾ, ਧਰਮ ਤੇ ਰਾਜਨੀਤੀ ਦਾ ਮਹਾਨ ਸੰਜੋਗ ਹੈ, ਜਿਸ ਦੀ ਅਜਿਹੀ ਮਿਸਾਲ ਵਿਸ਼ਵ ਸਾਹਿਤ ਤੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ। ਸਰਬੱਤ ਦੀ ਚੜ੍ਹਦੀ ਕਲਾ ਦਾ ਪੇ ?ਰਕ ਆਦਿ ਗੁਰੂ ਗ੍ਰੰਥ ਸਾਹਿਬ ਸਰਬ ਸਾਂਝੇ ਅਧਿਆਮਤਿਕ ਗਿਆਨ ਦਾ ਸਦੀਵੀ ਸੱਚ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ 422ਵੇਂ ਪਹਿਲੇ ਪ੍ਰਕਾਸ਼ ਦਿਹਾੜੇ ’ਤੇ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਐਬਸਫੋਰਡ ਵੱਲੋਂ ਨਗਰ ਕੀਰਤਨ ਸਜਾਏ ਜਾ ਰਹੇ ਹਨ। ਇਸ ਮੁਬਾਰਕ ਮੌਕੇ ’ਤੇ ਸੇਵਾਦਾਰ, ਸੰਗਤ, ਪ੍ਰਬੰਧਕ ਸਮੂਹ ਮਾਈ ਭਾਈ, ਆਓ ਮਿਲ ਕੇ, ਆਪਸੀ ਦੁਵਿਧਾਵਾਂ, ਮਨ-ਮਿਟਾਓ ਖਤਮ ਕਰਕੇ, ਗੁਰੂ ਗ੍ਰੰਥ ਸਾਹਿਬ ਤੋਂ ਜੀਵਨ ਦੀ ਸੇਧ ਲੈ ਕੇ ਕੌਮ ਦੀ ਚੜ੍ਹਦੀ ਕਲਾ ਲਈ ਅਤੇ ਸਰਬੱਤ ਦੇ ਭਲੇ ਲਈ ਤੱਤਪਰ ਹੋਈਏ;

**ਹੋਇ ਇਕਤ੍ਰ ਮਿਲਹੁ ਮੇਰੇ ਭਾਈ**
**ਦੁਬਿਧਾ ਦੂਰਿ ਕਰਹੁ ਲਿਵ ਲਾਇ॥**
**ਹਰਿ ਨਾਮੈ ਕੇ ਹੋਵਹੁ ਜੋੜੀ**
**ਗੁਰਮੁਖਿ ਬੈਸਹੁ ਸਫਾ ਵਿਛਾਇ॥**
**ਬਸੰਤੁ ਮਹਲਾ ਪੰਜਵਾਂ,**
**ਗੁਰੂ ਗ੍ਰੰਥ ਸਾਹਿਬ : ਅੰਗ 1185**

### ਅਮਰੀਕਾ ਦਾ ਇਰਾਨ ’ਤੇ ਵੱਡਾ ਆਰਥਿਕ ਹੱਲਾਬੋਲ

# 60 ਸੰਸਥਾਵਾਂ ਤੇ ਜਹਾਜ਼ਾਂ ’ਤੇ ਨਵੀਆਂ ਪਾਬੰਦੀਆਂ; ਦੁਨੀਆ ਨੂੰ ਵਪਾਰ ਖ਼ਤਮ ਕਰਨ ਦੀ ਚਿਤਾਵਨੀ

## ਖ਼ਜ਼ਾਨਾ ਸਕੱਤਰ ਸਕੌਟ ਬੇਸੈਂਟ ਦੀ ਦੋ-ਟੂਕ: ਅਮਰੀਕੀ ਵਿੱਤੀ ਪ੍ਰਣਾਲੀ ’ਚੋਂ ਬਾਹਰ ਹੋਣਗੇ ਇਰਾਨ ਦੇ ਵਪਾਰਕ ਭਾਈਵਾਲ; ਇਰਾਨ ਵੱਲੋਂ ਸਟਰੇਟ ਆਫ਼ ਹੋਰਮੁਜ਼ ਰਾਹੀਂ ਜਵਾਬੀ ਕਾਰਵਾਈ ਦਾ ਖ਼ਦਸ਼ਾ

ਵਾਸ਼ਿੰਗਟਨ/ਤਹਿਰਾਨ: ਅਮਰੀਕਾ ਨੇ ਇਰਾਨ ਦੀ ਆਰਥਿਕ ਲਾਈਫਲਾਈਨ ਨੂੰ ਮੁਕੰਮਲ ਤੌਰ ’ਤੇ ਕੱਟਣ ਅਤੇ ਉਸ ਦੇ ਤੇਲ ਵਪਾਰ ’ਤੇ ਸ਼ਿਕੰਜਾ ਕੱਸਣ ਦੇ ਮਕਸਦ ਨਾਲ ਪਾਬੰਦੀਆਂ ਦਾ ਦਾਇਰਾ ਹੋਰ ਵਿਸ਼ਾਲ ਕਰ ਦਿੱਤਾ ਹੈ। ਅਮਰੀਕੀ ਖ਼ਜ਼ਾਨਾ ਵਿਭਾਗ (US Department of the Treasury) ਨੇ ਇਰਾਨ ਦੇ ਊਰਜਾ, ਸ਼ਿਪਿੰਗ ਅਤੇ ਵਿੱਤੀ ਨੈੱਟਵਰਕ ਨਾਲ ਜੁੜੇ 60 ਵਿਅਕਤੀਆਂ, ਸੰਸਥਾਵਾਂ ਅਤੇ ਸਮੁੰਦਰੀ ਜਹਾਜ਼ਾਂ (Vessels) ’ਤੇ ਸਖ਼ਤ ਪਾਬੰਦੀਆਂ ਦਾ ਐਲਾਨ ਕੀਤਾ ਹੈ।





ਇਸ ਦੇ ਨਾਲ ਹੀ ਵਾਸ਼ਿੰਗਟਨ ਨੇ ਦੁਨੀਆ ਭਰ ਦੇ ਦੇਸ਼ਾਂ ਅਤੇ ਅੰਤਰਰਾਸ਼ਟਰੀ ਕਾਰਪੋਰੇਸ਼ਨਾਂ ਨੂੰ ਅਲਟੀਮੇਟਮ ਜਾਰੀ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਉਹ ਇਰਾਨ ਨਾਲ ਆਪਣੇ ਸਮੂਹ ਵਪਾਰਕ ਸਬੰਧ ਤੁਰੰਤ ਬੰਦ ਕਰਨ, ਨਹੀਂ ਤਾਂ ਉਨ੍ਹਾਂ ਨੂੰ ਅਮਰੀਕੀ ਡਾਲਰ ਆਧਾਰਿਤ ਗਲੋਬਲ ਵਿੱਤੀ ਪ੍ਰਣਾਲੀ (Global Banking System) ਵਿੱਚੋਂ ਬਲੈਕਲਿਸਟ ਕਰਕੇ ਬਾਹਰ ਕਰ ਦਿੱਤਾ ਜਾਵੇਗਾ।

**1. ਖ਼ਜ਼ਾਨਾ ਸਕੱਤਰ ਸਕੌਟ ਬੇਸੈਂਟ ਦਾ ਸਖ਼ਤ ਰੁਖ਼ :** ਅਮਰੀਕੀ ਖ਼ਜ਼ਾਨਾ ਸਕੱਤਰ ਸਕੌਟ ਬੇਸੈਂਟ (Scott Bessent) ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਰਾਨ ਦੀਆਂ ਅਸਥਿਰਤਾ ਫੈਲਾਉਣ ਵਾਲੀਆਂ ਗਤੀਵਿਧੀਆਂ ਨੂੰ ਵਿੱਤੀ ਸਹਾਇਤਾ ਦੇਣ ਵਾਲੇ ਕਿਸੇ ਵੀ ਨੈੱਟਵਰਕ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ:

‘ਕੋਈ ਵੀ ਮੁਲਕ ਜਾਂ ਵਿੱਤੀ ਅਦਾਰਾ ਇਨ੍ਹਾਂ ਪਾਬੰਦੀਆਂ ਦੇ ਘੇਰੇ ਤੋਂ ਬਾਹਰ ਨਹੀਂ ਹੈ। ਜੇਕਰ ਕੋਈ ਵੀ ਧਿਰ ਇਰਾਨੀ ਸਰਕਾਰ ਜਾਂ ਉਸ ਦੇ ਊਰਜਾ ਖੇਤਰ ਨਾਲ ਵਪਾਰ ਜਾਰੀ ਰੱਖਦੀ ਹੈ, ਤਾਂ ਉਸ ਨੂੰ ਅਮਰੀਕੀ ਆਰਥਿਕ ਬਾਜ਼ਾਰ ਅਤੇ ਡਾਲਰ ਸਿਸਟਮ ਤੋਂ ਪੂਰੀ ਤਰ੍ਹਾਂ ਅਲੱਗ-ਥਲੱਗ ਕਰ ਦਿੱਤਾ ਜਾਵੇਗਾ।’

**2. ਇਰਾਨ ਦਾ ਤਿੱਖਾ ਪਲਟਵਾਰ ਤੇ ਜਵਾਬੀ ਚਿਤਾਵਨੀ :** ਦੂਜੇ ਪਾਸੇ, ਇਰਾਨ ਸਰਕਾਰ ਨੇ ਅਮਰੀਕੀ ਪਾਬੰਦੀਆਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਹੈ ਕਿ ਦੇਸ਼ ਲੰਮੇ ਸਮੇਂ ਤੋਂ ਅਜਿਹੇ ਆਰਥਿਕ ਦਬਾਅ ਦਾ ਸਾਹਮਣਾ ਕਰਨ ਲਈ ਸਮਰੱਥ ਹੈ। ਤਹਿਰਾਨ ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਰਣਨੀਤੀ ਹੁਣ ਸਿਰਫ਼ ਰੱਖਿਆਤਮਕ (Defensive) ਨਹੀਂ ਰਹੇਗੀ, ਸਗੋਂ ਉਹ ਕਿਸੇ ਵੀ ਆਰਥਿਕ ਨਾਕਾਬੰਦੀ ਦਾ ਮੂੰਹ-ਤੋੜ ਜਵਾਬ ਦੇਣਗੇ।

**3. ਸਟਰੇਟ ਆਫ਼ ਹੋਰਮੁਜ਼ ’ਚ ਤਣਾਅ ਸਿਖ਼ਰਾਂ ’ਤੇ :** ਇਰਾਨ ਨੇ ਵਿਸ਼ਵ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਤੇਲ ਮਾਰਗ ਸਟਰੇਟ ਆਫ਼ ਹੋਰਮੁਜ਼ (Strait of Hormuz) ਵਿੱਚੋਂ ਲੰਘਣ ਵਾਲੇ ਵਪਾਰਕ ਜਹਾਜ਼ਾਂ ਅਤੇ ਆਇਲ ਟੈਂਕਰਾਂ ਨੂੰ ਨਵੀਂ ਚਿਤਾਵਨੀ ਜਾਰੀ ਕਰ ਦਿੱਤੀ ਹੈ। ਵਿਸ਼ਲੇਸ਼ਕਾਂ ਅਨੁਸਾਰ ਜੇਕਰ ਇਰਾਨ ਨੇ ਇਸ ਜਲਡਮਰੂ ਵਿੱਚ ਕੋਈ ਸਮੁੰਦਰੀ ਰੁਕਾਵਟ ਜਾਂ ਜ਼ਬਤੀਆਂ ਸ਼ੁਰੂ ਕੀਤੀਆਂ, ਤਾਂ ਕੌਮਾਂਤਰੀ ਪੱਧਰ ’ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆ ਸਕਦਾ ਹੈ ਅਤੇ ਖੇਤਰੀ ਟਕਰਾਅ ਇੱਕ ਨਵੇਂ ਫ਼ੌਜੀ ਸੰਕਟ ਦਾ ਰੂਪ ਧਾਰਨ ਕਰ ਸਕਦਾ ਹੈ।

**ਨਿਸ਼ਕਰਸ਼ :** ਅਮਰੀਕਾ ਵੱਲੋਂ ਲਗਾਈਆਂ ਗਈਆਂ ਇਹ ਨਵੀਆਂ ਪਾਬੰਦੀਆਂ ਅਤੇ ਇਰਾਨ ਵੱਲੋਂ ਦਿੱਤੀਆਂ ਜਵਾਬੀ ਧਮਕੀਆਂ ਨੇ ਮੱਧ ਪੂਰਬ ਵਿੱਚ ਜੰਗੀ ਹਾਲਾਤ ਅਤੇ ਵਿਸ਼ਵ ਅਰਥਵਿਵਸਥਾ ਵਿੱਚ ਅਨਿਸ਼ਚਿਤਤਾ ਦੇ ਬੱਦਲ ਹੋਰ ਗਹਿਰੇ ਕਰ ਦਿੱਤੇ ਹਨ।

ਇਹ ਖ਼ਬਰ ਅਮਰੀਕੀ ਖ਼ਜ਼ਾਨਾ ਵਿਭਾਗ ਦੇ ਅਧਿਕਾਰਕ ਬਿਆਨਾਂ, ਇਰਾਨੀ ਸਰਕਾਰੀ ਏਜੰਸੀਆਂ ਅਤੇ ਪ੍ਰਮੁੱਖ ਅੰਤਰਰਾਸ਼ਟਰੀ ਨਿਊਜ਼ ਏਜੰਸੀਆਂ ਦੀਆਂ ਰਿਪੋਰਟਾਂ ’ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਅਤੇ ਭੂ-ਰਾਜਨੀਤਿਕ ਵਿਸ਼ਲੇਸ਼ਣ ਲਈ ਇਹ ਖ਼ਬਰ ਪ੍ਰਕਾਸ਼ਿਤ ਕਰ ਰਿਹਾ ਹੈ।

**ਫੋਟੋ : ਧੰਨਵਾਦ ਸਾਹਿਤ ਸੋਸ਼ਲ ਮੀਡੀਆ**

# ਰੋਮ ਹਵਾਈ ਅੱਡੇ ਦਾ ਮਸ਼ਹੂਰ ਮਿਊਜ਼ੀਅਮ











ਰੋਮ ਦਾ ਲਿਓਨਾਰਡੋ ਦਾ ਵਿੰਚੀ-ਫਿਊਮਚੀਨੋ ਹਵਾਈ ਅੱਡਾ ਸਿਰਫ ਇਟਲੀ ਦਾ ਸਭ ਤੋਂ ਵਿਅਸਤ ਅੰਤਰਰਾਸ਼ਟਰੀ ਹਵਾਈ ਅੱਡਾ ਹੀ ਨਹੀਂ, ਸਗੋਂ ਇਹ ਪ੍ਰਾਚੀਨ ਰੋਮਨ ਸਭਿਆਚਾਰ ਨਾਲ ਵੀ ਡੂੰਘਾ ਸੰਬੰਧ ਰੱਖਦਾ ਹੈ। ਹਵਾਈ ਅੱਡੇ ਦੇ ਨੇੜੇ ਸਥਿਤ ਫਿਊਮੀਚੀਨੋ ਰੋਮਨ ਸ਼ਿੱਪਸ ਮਿਊਜ਼ੀਅਮ ਸਭ ਤੋਂ ਮਹੱਤਵਪੂਰਨ ਰੋਮਨ ਜਹਾਜ਼ ਅਜਾਇਬਘਰਾਂ ਵਿੱਚੋ ਂਇੱਕ ਹੈ। ਇੱਥੇ ਸੰਭਾਲੇ ਗਏ ਜਹਾਜ਼ ਕਰੀਬਨ 2,000 ਸਾਲ ਪੁਰਾਣੇ ਹਨ ਅਤੇ ਇਹ ਰੋਮਨ ਸਾਮਰਾਜ ਦੇ ਸਮੁੰਦਰੀ ਵਪਾਰ, ਬੰਦਰਗਾਹ ਪ੍ਰਣਾਲੀ ਅਤੇ ਜਹਾਜ਼-ਨਿਰਮਾਣ ਕਲਾ ਬਾਰੇ ਜਰੂਰੀ ਜਾਣਕਾਰੀ ਦਿੰਦੇ ਹਨ।

**ਪ੍ਰਾਚੀਨ ਰੋਮ ਦਾ ਮਹਾਨ ਬੰਦਰਗਾਹ:**
ਅੱਜ ਜਿੱਥੇ ਐਫਸੀਓ ਹਵਾਈ ਅੱਡਾ ਸਥਿਤ ਹੈ, ਉੱਥੇ ਰੋਮਨ ਯੁੱਗ 'ਚ ਪੋਰਟਸ ਨਾਂ ਦਾ ਵਿਸ਼ਾਲ ਬੰਦਰਗਾਹ ਹੁੰਦਾ ਸੀ। ਇਸ ਦੀ ਸਥਾਪਨਾ ਸਮਰਾਟ ਕਲਾਡੀਅਸ ਨੇ ਪਹਿਲੀ ਸਦੀ ਈਸਵੀ 'ਚ ਕਰਵਾਈ ਅਤੇ ਬਾਅਦ 'ਚ ਸਮਰਾਟ ਟਾਰਜਨ ਨੇ ਇਸਦਾ ਵੱਡਾ ਵਿਸਥਾਰ ਕੀਤਾ। ਇਹ ਬੰਦਰਗਾਹ ਰੋਮਨ ਸਾਮਰਾਜ ਦਾ ਸੱਭ ਤੋਂ ਮਹੱਤਵਪੂਰਨ ਸਮੁੰਦਰੀ ਵਪਾਰ ਕੇਂਦਰ ਬਣ ਗਿਆ, ਜਿੱਥੇ ਅਫਰੀਕਾ, ਮਿਸਰ ਯੂਨਾਨ, ਸਪੇਨ, ਅਤੇ ਮੱਧ-ਪੂਰਬ ਤੋਂ ਅਨਾਜ, ਜੈਤੂਨ ਦਾ ਤੇਲ, ਸ਼ਰਾਬ, ਸੰਗਮਰਮਰ ਅਤੇ ਹੋਰ ਕੀਮਤੀ ਸਮਾਨ ਆਉਂਦਾ ਸੀ।

**ਜਹਾਜ਼ਾਂ ਦੀ ਖੋਜ:** 1958 ਤੋਂ 1965 ਦੇ ਵਿਚਕਾਰ ਜਦੋਂ ਲਿਓਨਾਰਡੋ ਦਾ ਵਿੰਚੀ ਹਵਾਈ ਅੱਡਾ ਬਣਾਇਆ ਜਾ ਰਿਹਾ ਸੀ, ਤੱਦ ਖੁਦਾਈ ਦੌਰਾਣ ਪ੍ਰਾਚੀਨ ਬੰਦਰਗਾਹ ਦੇ ਅਵਸ਼ੇਸ਼ ਅਤੇ ਸੱਤ ਰੋਮਨ ਜਹਾਜ਼ਾਂ ਦੇ ਢਾਂਚੇ ਮਿਲੇ। ਇਹ ਜਹਾਜ਼ ਸਦੀਆਂ ਤੱਕ ਦਰਿਆ ਦੀ ਗਾਰ 'ਤੇ ਰੇਤ ਹੇਠਾਂ ਦੱਬੇ ਰਹੇ, ਜਿਸ ਕਾਰਨ ਲੱਕੜ ਕਾਫੀ ਹੱਦ ਤੱਕ ਸੁਰੱਖਿਅਤ ਰਹਿ ਗਿਆ। ਇਹ ਖੋਜ ਰੋਮਨ ਪੁਰਾਤੱਤਵ ਦੇ ਇਤਿਹਾਸ ਦੀਆਂ ਸੱਭ ਤੋਂ ਮਹੱਤਵਪੂਰਨ ਖੋਜਾਂ 'ਚੋਂ ਇੱਕ ਮੰਨੀ ਜਾਂਦੀ ਹੈ।

**ਮਿਊਜ਼ੀਅਮ ਦੀ ਸਥਾਪਨਾ:** ਖੋਜੇ ਗਏ ਜਹਾਜ਼ਾਂ ਨੂੰ ਸੁਰੱਖਿਅਤ ਰੱਖਣ ਲਈ 1970 ਦੇ ਦਹਾਕੇ 'ਚ ਇੱਕ ਵਿਸ਼ੇਸ਼ ਅਜਾਇਬਘਰ ਬਣਾਇਆ ਗਿਆ ।ਇਸ ਦਾ ਉਦਘਾਟਨ 1979 'ਚ ਕੀਤਾ ਗਿਆ। ਮਿਊਜ਼ੀਅਮ ਉਸੇ ਥਾਂ ਦੇ ਨੇੜੇ ਬਣਾਇਆ ਗਿਆ ਜਿੱਥੇ ਜਹਾਜ਼ ਮਿਲੇ ਸਨ, ਤਾਂ ਜੋ ਇਤਿਹਾਸਕ ਮਹੱਤਤਾ ਕਾਇਮ ਰਹਿ ਸਕੇ।

**ਆਓ ਮਿਊਜ਼ੀਅਮ ਦੇਖੋ:** ਇੱਥੇ ਪੰਜ ਖਾਸ ਰੋਮਨ ਜਹਾਜ਼ ਰੱਖੇ ਗਏ ਹਨ। ਇੱਕ ਸਮੁੰਦਰੀ ਵਪਾਰਕ ਜਹਾਜ਼, ਜੋ ਦੂਰ ਦਰਾਜ ਦੇਸ਼ਾਂ ਨਾਲ ਵਪਾਰ ਲਈ ਵਰਤਿਆ ਜਾਂਦਾ ਹੈ। ਤਿੰਨ ਦਰਿਆਈ ਵਪਾਰਕ ਜਹਾਜ਼, ਜੋ ਟਾਈਬਰ ਦਰਿਆ ਰਾਹੀਂ ਸਮਾਨ ਰੋਮ ਤੱਕ ਲੈ ਜਾਂਦੇ ਸਨ। ਇੱਕ ਮਛੀਰਿਆਂ ਦੀ ਕਿਸ਼ਤੀ, ਜਿਸ 'ਚ ਜਿਉਂਦੀਆਂ ਮੱਛੀਆਂ ਰੱਖਣ ਲਈ ਲੱਕੜ ਦਾ ਪਾਣੀ ਵਾਲਾ ਟੈਂਕ ਬਣਿਆ ਹੋਇਆ ਸੀ। ਇਹ ਆਪਣੀ ਹੀ ਕਿਸਮ ਦੀ ਦੁਰਲੱਭ ਖੋਜ ਹੈ। ਜਹਾਜ਼ਾਂ ਦੀ ਬਣਾਵਟ ਤੋਂ ਪਤਾ ਲੱਗਦਾ ਹ ੈਕਿ ਰੋਮਨ ਇੰਜੀਨੀਅਰਿੰਗ ਬਹੁਤ ਹੀ ਓੱਚ ਪੱਧਰ ਦੀ ਸੀ। ਮਜਬੂਤ ਲੱਕੜ, ਲੋਹੇ ਦੀਆਂ ਕੀਲਾਂ, ਵੱਡੇ ਤਲੇ 'ਤੇ ਵੱਡੀ ਮਾਤਰਾ 'ਚ ਸਮਾਨ ਲਿਜਾਣ ਯੋਗ ਬਣਤਰ ਇਸ ਗੱਲ ਦਾ ਸਬੂਤ ਹ ੈਕਿ ਰੋਮਨ ਸਮੁੰਦਰੀ ਵਪਾਰ ਬਹੁਤ ਸੁਚੱਜਾ ਅਤੇ ਵਿਕਸਿਤ ਸੀ।

**ਪ੍ਰਦਰਸ਼ਿਤ ਪੁਰਾਤੱਤਵ ਵਸਤਾਂ:** ਮਿਊਜ਼ੀਅਮ 'ਚ ਜਹਾਜ਼ਾਂ ਦੇ ਨਾਲ ਕਈ ਹੋਰ ਚੀਜ਼ਾਂ ਵੀ ਜਿਵੇਂ ਸੰਗਮਰਮਰ ਦੇ ਟੁੱਕੜੇ, ਐਮਫੋਰਾ ਯਾਨਿ ਮਿੱਟੀ ਦੇ ਘੜੇ, ਭੋਜਨ ਰੱਖਣ ਵਾਲੇ ਬਰਤਨ, ਰੱਸੀਆਂ 'ਤੇ ਲੱਕੜ ਦੇ ਸਾਜੋ-ਸਾਮਾਨ, ਜਹਾਜ਼ਾਂ ਨਾਲ ਸੰਬੰਧਿਤ ਹੋਰ ਕਈ ਕਿਸਮ ਦੀ ਪੁਰਾਤੱਤਵ ਵਸਤਾਂ, ਰੋਮਨ ਲੋਕਾਂ ਦੀ ਰੋਜ਼ਾਨਾ ਦੀ ਜ਼ਿੰਦਗੀ ਅਤੇ ਵਪਾਰਕ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦੀਆਂ ਹਨ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

**ਮਾਡਰਨ ਪੁਨਰ-ਸਥਾਪਨਾ:**
ਸਮੇਂ ਦੇ ਨਾਲ ਲੱਕੜ ਦੇ ਜਹਾਜ਼ਾਂ ਦੀ ਸੰਭਾਲਇੱਕ ਵੱਡੀ ਬਣ ਗਈ। ਇਸ ਲਈ ਮਿਊਜ਼ੀਅਮ ਨੂੰ ਕਈ ਸਾਲਾਂ ਲਈ ਬੰਦ ਕਰਕੇ ਵਿਸ਼ਾਲ ਮੁਰੰਮਤ ਅਤੇ ਸੰਰੱਖਣ ਕੰਮ ਕੀਤਾ ਗਿਆ। ਇਸ ਤੋਂ ਬਾਅਦ ਅਕਤੂਬਰ 2021 'ਚ ਮਿਊਜ਼ੀਅਮ ਨੂੰ ਨਵੇਂ ਪ੍ਰਦਰਸ਼ਨੀ ਮਾਰਗ ਨਾਲ ਦੁਬਾਰਾ ਖੋਲਿਆ ਗਿਆ। ਜਹਾਜ਼ਾਂ ਦੀ ਸੰਭਾਲ ਅਤੇ ਵਿਗਿਆਨਕ ਰੀਸਟੋਰੇਸ਼ਨ ਦਾ ਕੰਮ 2025 'ਚ ਹੋਰ ਵੀ ਸੁਧਾਰਿਆ ਗਿਆ, ਜਿਸ ਨਾਲ ਉਨਾਂ ਦੀ ਅਸਲ ਇਤਿਹਾਸਕ ਲੁੱਕ ਅਤੇ ਮਹੱਤਤਾ ਨੂੰ ਹੋਰ ਉਭਾਰਿਆ ਗਿਆ।

**ਯਾਤਰੀਆਂ ਲਈ ਮਹੱਤਤਾ:** ਇਹ ਮਿਊਜ਼ੀਅਮ ਐਫਸੀਓ ਹਵਾਈ ਅੱਡੇ ਤੋਂ ਆਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ ਅਤੇ ਮੁਫਤ ਏਅਰਪੋਰਟ ਸ਼ਟਲ ਰਾਹੀਂ ਵੀ ਜਾਇਆ ਜਾ ਸਕਦਾ ਹੈ। ਇਸ ਲਈ ਜਿਨਾਂ ਯਾਤਰੀਆਂ ਕੋਲ ਲੰਮਾ ਲੇਓਵਰ ਹੋਵੇ, ਉਨਾਂ ਲਈ ਇਹ ਰੋਮ ਦੇ ਪ੍ਰਾਚੀਨ ਸਮੁੰਦਰੀ ਇਤਿਹਾਸ ਨੂੰ ਜਾਣਨ ਦਾ ਸ਼ਾਨਦਾਰ ਮੌਕਾ ਮਿਲ ਜਾਂਦਾ ਹੈ।

**ਇਹ ਖਾਸ ਕਿਉਂ:**

- ਫਿਊਮੀਚੀਨੋ ਰੋਮਨ ਸ਼ਿਪਸ ਮਿਊਜ਼ੀਅਮ ਸਿਰਫ ਇੱਕ ਅਜਾਇਬ ਘਰ ਨਹੀਂ, ਸਗੋਂ ਰੋਮਨ ਸਾਮਰਾਜ ਦੀ ਸਮੁੰਦਰੀ ਤਾਕਾ, ਵਪਾਰਕ ਤਰੱਕੀ, ਅਤੇ ਇੰਜੀਨੀਅਰਿੰਗ ਕਲਾ ਦਾ ਜ਼ਿੰਦਾ ਸਬੂਤ ਹੈ।
- ਜੇ ਤੁਸੀਂ ਰੋਮ ਦੇ ਐਫਸ਼ਓ ਹਵਾਈ ਅੱਡੇ 'ਤੇ ਹੋ, ਤਾਂ ਇਸ ਮਿਊਜ਼ੀਅਮ ਦੀ ਯਾਤਰਾ ਤੁਹਾਨੂੰ ਲੱਗਭਗ ਦੋ ਹਜ਼ਾਰ ਸਾਲ ਪੁਰਾਣੇ ਇਤਿਹਾਸ ਨਾਲ ਜਾਣੂ ਕਰਾ ਸਕਦੀ ਹੈ।
- ਇਹ ਸਥਾਨ ਤੋਂ ਪਤਾ ਲੱਗਦਾ ਹੈ ਕਿਵੇਂ ਸਮੁੰਦਰੀ ਵਪਾਰ ਨੇ ਰੋਮ ਨੂੰ ਦੁਨੀਆ ਦੇ ਸੱਭ ਤੋਂ ਤਾਕਤਵਰ ਸਾਮਰਾਜਾਂ ਵਿੱਚੋਂ ਇੱਕ ਬਣਾਉਣ 'ਚ ਖਾਸ ਭੂਮਿਕਾ ਨਿਭਾਈ ਹੈ।
- 1958 ਤੋਂ 1965 ਦੌਰਾਣ ਹਵਾਈ ਅੱਡਾ ਬਣਾਉਂਦੇ ਸਮੇਂ ਜਹਾਜ਼ ਮਿਲੇ। ਕੁੱਲ ਸੱਤ ਰੋਮਨ ਜਹਾਜ਼ਾਂ ਦੇ ਅਵਸ਼ੇਸ਼ ਮਿਲੇ। ਇਹ ਜਹਾਜ਼ ਸਦੀਆਂ ਤੱਕ ਰੇਤ 'ਤੇ ਗਾਰ ਹੇਠਾਂ ਦੱਬੇ ਰਹੇ। ਇਸ ਕਰਕੇ ਲੱਕੜ ਹੈਰਾਨੀਜਨਕ ਢੰਗ ਨਾਲ ਸੇਫ ਰਹੇ। ਇਹ ਖੋਜ ਰੋਮਨ ਸਮੁੰਦਰੀ ਇਤਿਹਾਸ ਦੀਆਂ ਸੱਭ ਤੋਂ ਖਾਸ ਖੋਜਾਂ 'ਚੋਂ ਇੱਕ ਮੰਨੀ ਜਾਂਦੀ ਹੈ।
- ਇਹ ਮਿਊਜ਼ੀਅਮ 1979 'ਚ ਖੋਲਿਆ ਗਿਆ। ਇਸ ਮਿਊਜ਼ੀਅਮ 'ਚ ਦੋ ਮੰਜਿਲਾਂ ਵਾਲਾ ਪ੍ਰਦਰਸ਼ਨੀ ਮਾਰਗ ਹੈ।
- ਮਛੀਰੀਆ ਕਿਸ਼ਤੀ ਵਿਸ਼ਵ ਦੀ ਬਹੁਤ ਹੀ ਦੁਰਲੱਭ ਰੋਮਨ ਮੱਛੀ ਪਕੜਨ ਵਾਲੀਆਂ ਕਿਸ਼ਤੀਆਂ 'ਚੋਂ ਇੱਕ ਹੈ।
- ਵਪਾਰ ਰੋਮ ਦੀ ਅਰਥਵਿਵਸਥਾ ਦੀ ਰੀੜ ਦੀ ਹੱਡੀ ਸੀ। ਇਸ ਬੰਦਰਗਾਹ 'ਤੇ ਹਜ਼ਾਰਾਂ ਮਜਦੂਰ ਕੰਮ ਕਰਦੇ ਸਨ। ਹਜ਼ਾਰਾਂ ਟਨ ਅਨਾਜ ਹਰ ਸਾਲ ਇੱਥੇ ਉੱਤਰਦਾ ਸੀ।
- ਇੱਥੇ ਜਹਾਜ਼ਾਂ ਦੀ ਵਿਗਿਆਨਕ ਤਰੀਕੇ ਨਾਲ ਸੰਭਾਲ ਕੀਤੀ ਗਈ ਹੈ।
- ਦਿਲਚਸਪ ਤੱਥ ਮੁਤਾਬਕ ਜਹਾਜ਼ਾਂ ਨੂੰ ਉਨਾਂ ਦੀ ਵਰਤੋਂ ਤੋਂ ਬਾਅਦ ਸੰਭਵਤ ਬੰਦਰਗਾਹ ਦੇ ਕਿਨਾਰੇ ਜਾਣ-ਬੁਝ ਕੇ ਡੁੱਬੋ ਦਿੱਤਾ ਗਿਆ ਸੀ।
- ਇਸ ਇਲਾਕੇ ਨੂੰ 'ਜਹਾਜ਼ਾਂ ਦਾ ਕਬਰਿਸਤਾਨ' ਵੀ ਕਿਹਾ ਜਾਂਦਾ ਹੈ।
- ਇਹ ਮਿਉਜ਼ੀਅਮ ਭੂ-ਮੱਧ ਸਾਗਰ ਦੇ ਸੱਭ ਤੋਂ ਖਾਸ ਰੋਮਨ ਜਹਾਜ਼ ਸੰਗ੍ਰਹਿਆਂ 'ਚੋਂ ਇੱਕ ਹੈ।

**ਨੋਟ:** ਤੁਹਾਨੂੰ ਜੇ ਮੌਕਾ ਮਿਲੇ ਤਾਂ ਇਹ ਮਿਉਜ਼ੀਅਮ ਜਰੂਰ ਦੇਖੋ। ਰੋਮਾ ਐਫਸੀਓ ਦੀ ਯਾਤਰਾ ਕਰਨ ਵਾਲੇ ਯਾਤਰੀਆਂ ਲਈ ਇਹ ਮਿਊਜ਼ੀਅਮ ਪ੍ਰਾਚੀਨ ਰੋਮ ਦੇ ਸਮੁੰਦਰੀ ਇਤਿਹਾਸ ਨੂੰ ਸਮਝਣ ਦੀ ਸੱਭ ਤੋਂ ਵੱਧੀਆ ਥਾਂ ਕਹੀ ਜਾ ਸਕਦੀ ਹੈ। ਅਗਲੀ ਬਾਰ ਕਿਸੇ ਹੋਰ ਰੋਮਾਂਚਕ ਵਿਸ਼ੇ 'ਤੇ ਚਰਚਾ ਕਰਾਂਗੇ।

# ਸਹੂਲਤਾਂ ਬਨਾਮ ਨਿੱਜਤਾ ਦੀ ਸੁਰੱਖਿਆ

ਭਾਰਤ ਦੇ ਸ਼ਹਿਰੀ ਹਵਾਬਾਜ਼ੀ ਖੇਤਰ ਵਿੱਚ ਇੱਕ ਵੱਡਾ ਬਦਲਾਅ ਹੋਣ ਜਾ ਰਿਹਾ ਹੈ। ਪਹਿਲੀ ਸਤੰਬਰ ਤੋਂ ਇਮੀਗ੍ਰੇਸ਼ਨ ਬਿਊਰੋ ਵੱਲੋਂ ਭਾਰਤ ਤੋਂ ਬਾਹਰ ਜਾਣ ਵਾਲੇ ਕੌਮਾਂਤਰੀ ਮੁਸਾਫ਼ ?ਰਾਂ ਦੇ ਬੋਰਡਿੰਗ ਪਾਸਾਂ 'ਤੇ ਮੋਹਰ ਲਗਾਉਣੀ ਬੰਦ ਕਰ ਦਿੱਤੀ ਜਾਵੇਗੀ। ਇਸ ਕਦਮ ਦਾ ਮਕਸਦ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਸੁਖਾਲਾ ਬਣਾਉਣਾ ਅਤੇ ਕਾਗ਼ਜ਼ੀ ਕਾਰਵਾਈ ਨੂੰ ਘਟਾਉਣਾ ਹੈ, ਜੋ ਕਿ ਦੇਸ਼ ਵਿੱਚ ਕਾਗ਼ਜ਼ ਰਹਿਤ (ਪੇਪਰਲੈੱਸ) ਯਾਤਰਾ ਵੱਲ ਵਧ ਰਹੇ ਕਦਮਾਂ ਦਾ ਹੀ ਹਿੱਸਾ ਹੈ। ਇਲੈਕਟ ?ਰੌਨਿਕ ਅਤੇ ਪ੍ਰਿੰਟ ਕੀਤੇ ਹੋਏ ਬੋਰਡਿੰਗ ਪਾਸ ਪਹਿਲਾਂ ਵਾਂਗ ਹੀ ਸਵੀਕਾਰ ਕੀਤੇ ਜਾਣਗੇ, ਸਿਰਫ਼ ਮੋਹਰ ਲਗਾਉਣ ਦੀ ਰੀਤ ਨੂੰ ਬੰਦ ਕੀਤਾ ਜਾ ਰਿਹਾ ਹੈ। ਜੇਕਰ ਇਸ ਨਾਲ ਲੰਮੀਆਂ ਕਤਾਰਾਂ ਅਤੇ ਬੇਲੋੜੀ ਕਾਗ਼ਜ਼ੀ ਕਾਰਵਾਈ ਘੱਟ ਹੁੰਦੀ ਹੈ ਤਾਂ ਇਹ ਤਬਦੀਲੀ ਸਵਾਗਤਯੋਗ ਹੈ, ਪਰ ਇਹ ਫ਼ੈਸਲਾ ਰੋਜ਼ਾਨਾ ਜੀਵਨ ਵਿੱਚ ਬਾਇਓਮੈਟ੍ਰਿਕ ਪਛਾਣ ਦੇ ਵਧ ਰਹੇ ਦਾਇਰੇ ਦਰਮਿਆਨ ਆਇਆ ਹੈ। ਨਵੇਂ ਟੈਲੀਕੌਮ ਨਿਯਮਾਂ ਤਹਿਤ ਨਵਾਂ ਸਿਮ ਕਾਰਡ ਲੈਣ ਅਤੇ ਖਾਤੇ ਦੇ ਵੇਰਵਿਆਂ ਵਿੱਚ ਕੁਝ ਖ਼ਾਸ ਬਦਲਾਅ ਕਰਨ ਲਈ ਬਾਇਓਮੈਟ੍ਰਿਕ ਤਸਦੀਕ ਲਾਜ਼ਮੀ ਕਰ ਦਿੱਤੀ ਗਈ ਹੈ, ਜਿਸ ਦਾ ਮਕਸਦ ਧੋਖਾਧੜੀ ਅਤੇ ਡਿਜੀਟਲ ਘੁਟਾਲਿਆਂ ਨੂੰ ਰੋਕਣਾ ਦੱਸਿਆ ਜਾ ਰਿਹਾ ਹੈ। ਹੁਣ ਅਸਲ ਸਵਾਲ ਇਹ ਬਣਦਾ ਹੈ ਕਿ ਕੀ ਨਾਗਰਿਕ ਇਸ ਗੱਲ ਦਾ ਭਰੋਸਾ ਰੱਖ ਸਕਦੇ ਹਨ ਕਿ ਸਾਡੀ ਨਿੱਜੀ ਪਛਾਣ ਦਾ ਇਕੱਠਾ ਹੋ ਰਿਹਾ ਇਹ ਡੇਟਾ ਪੂਰੀ ਤਰ੍ਹਾਂ ਸੁਰੱਖਿਅਤ ਰਹੇਗਾ ਅਤੇ ਇਸ ਦੀ ਦੁਰਵਰਤੋਂ ਨਹੀਂ ਹੋਵੇਗੀ ?

ਡਿਜੀਯਾਤਰਾ ਇਸ ਦੀ ਇੱਕ ਵਧੀਆ ਮਿਸਾਲ ਹੈ। ਸਰਕਾਰ ਦਾ ਕਹਿਣਾ ਹੈ ਕਿ ਯਾਤਰੀਆਂ ਦੀ ਜਾਣਕਾਰੀ ਕਿਸੇ ਕੇਂਦਰੀ ਡੇਟਾਬੇਸ ਵਿੱਚ ਸਟੋਰ ਨਹੀਂ ਕੀਤੀ ਜਾਂਦੀ, ਡੇਟਾ ਨੂੰ ਐਨਕ੍ਰਿਪਟ ਕੀਤਾ ਜਾਂਦਾ ਹੈ, ਜਿੱਥੋਂ ਸਫ਼ਰ ਸ਼ੁਰੂ ਹੋ ਰਿਹਾ ਹੈ ਉਸ ਹਵਾਈ ਅੱਡੇ ਨਾਲ ਸਾਂਝਾ ਕੀਤਾ ਜਾਂਦਾ ਹੈ ਅਤੇ ਉਡਾਣ ਭਰਨ ਦੇ 24 ਘੰਟਿਆਂ ਦੇ ਅੰਦਰ-ਅੰਦਰ ਹਵਾਈ ਅੱਡੇ ਦੇ ਸਿਸਟਮ ਵਿੱਚੋਂ ਹਟਾ ਦਿੱਤਾ ਜਾਂਦਾ ਹੈ। ਡਿਜੀਯਾਤਰਾ ਦੀ ਵਰਤੋਂ ਵੀ ਮੁਸਾਫ਼ ?ਰ ਦੀ ਆਪਣੀ ਮਰਜ਼ੀ 'ਤੇ ਨਿਰਭਰ ਕਰਦੀ ਹੈ, ਜਿਸ ਵਿੱਚ ਮੁਸਾਫ਼ ?ਰ ਚਾਹੁਣ ਤਾਂ ਪੁਰਾਣੇ ਤਰੀਕੇ ਨਾਲ ਵੀ ਜਾ ਸਕਦੇ ਹਨ। ਇਹ ਸੁਰੱਖਿਆ ਪ੍ਰਬੰਧ ਤਸੱਲੀਬਖ਼ਸ਼ ਹਨ, ਪਰ ਇਹ ਮਜ਼ਬੂਤ ਅਤੇ ਸੁਤੰਤਰ ਤੌਰ 'ਤੇ ਜਾਂਚੇ ਜਾ ਸਕਣ ਵਾਲੇ ਜਵਾਬਦੇਹ ਪ੍ਰਬੰਧ ਦਾ ਬਦਲ ਨਹੀਂ ਹੋ ਸਕਦੇ।

ਡਿਜੀਟਲ ਅਤੇ ਬਾਇਓਮੈਟ੍ਰਿਕ ਪਛਾਣ ਦੇ ਦਾਇਰੇ ਨੂੰ ਵਧਾਉਣ ਲਈ ਲੋੜ ਹੈ ਕਿ ਇਸ ਦੀ ਵਰਤੋਂ ਦੀ ਸਹਿਮਤੀ, ਮਕਸਦ ਦੀ ਹੱਦ, ਡੇਟਾ ਨੂੰ ਸੰਭਾਲ ਕੇ ਰੱਖਣ, ਉਸ ਤੱਕ ਪਹੁੰਚ ਅਤੇ ਇਸ ਨੂੰ ਮਿਟਾਉਣ ਬਾਰੇ ਬਿਲਕੁਲ ਸਪੱਸ਼ਟ ਨਿਯਮ ਹੋਣ। ਸੁਤੰਤਰ ਸੁਰੱਖਿਆ ਆਡਿਟ ਸਾਰਥਕ, ਡੇਟਾ ਸਾਂਝਾ ਕਰਨ ਵਾਲੇ ਪ੍ਰੋਟੋਕੋਲ ਪਾਰਦਰਸ਼ੀ ਅਤੇ ਦੁਰਵਰਤੋਂ ਹੋਣ ਉੱਤੇ ਜੁਰਮਾਨੇ ਸਖ਼ਤ ਹੋਣੇ ਚਾਹੀਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜਿੱਥੇ ਵੀ ਬਾਇਓਮੈਟ੍ਰਿਕ ਤਸਦੀਕ ਜ਼ਰੂਰੀ ਨਾ ਹੋਵੇ, ਉੱਥੇ ਨਾਗਰਿਕਾਂ ਕੋਲ ਬਾਇਓਮੈਟ੍ਰਿਕ ਤੋਂ ਬਿਨਾਂ ਕੋਈ ਅਸਲ ਬਦਲ ਵੀ ਹੋਣਾ ਚਾਹੀਦਾ ਹੈ। ਡਿਜੀਟਲ ਤਬਦੀਲੀ ਦਾ ਮਕਸਦ ਯਾਤਰਾ ਅਤੇ ਸਰਕਾਰੀ ਸੇਵਾਵਾਂ ਨੂੰ ਤੇਜ਼ ਕਰਨਾ ਹੋਣਾ ਚਾਹੀਦਾ ਹੈ, ਨਾ ਕਿ ਇਸ ਕਾਰਨ ਨਾਗਰਿਕਾਂ ਨੂੰ ਆਪਣੀ ਪਛਾਣ ਦਾ ਕੰਟਰੋਲ ਗੁਆਉਣਾ ਪਵੇ। ਅਸਲ ਸਿਧਾਂਤ ਤਾਂ ਇਹ ਹੈ ਕਿ ਸਹੂਲਤ ਬਿਨਾਂ ਕਿਸੇ ਰੋਕ-ਟੋਕ ਤੋਂ ਡੇਟਾ ਇਕੱਠਾ ਕਰਨ ਦਾ ਲਾਇਸੈਂਸ ਹਰਗਿਜ਼ ਨਹੀਂ ਬਣਨੀ ਚਾਹੀਦੀ।

# ਨਾਂਹ ਦਾ ਮਤਲਬ ਨਾਂਹ ਹੁੰਦਾ ਹੈ

**ਜਯੋਤੀ ਮਲਹੋਤਰਾ**

ਪਿਛਲੇ ਕੁਝ ਹਫ਼ਤਿਆਂ ਤੋਂ ਔਰਤਾਂ ਮੁੜ ਇਸ ਕੌਮੀ ਚਰਚਾ ਦੇ ਕੇਂਦਰ ਵਿੱਚ ਹਨ ਕਿ ਉਨ੍ਹਾਂ ਨੂੰ ਕੀ ਬੋਲਣਾ ਚਾਹੀਦਾ ਹੈ, ਕਿੰਨਾ ਬੋਲਣਾ ਚਾਹੀਦਾ ਹੈ ਅਤੇ ਕਦੋਂ ਚੁੱਪ ਰਹਿਣਾ ਚਾਹੀਦਾ ਹੈ। ਸਭ ਤੋਂ ਵੱਡਾ ਸੁਆਲ ਇਹ ਹੈ ਕਿ ਜਦੋਂ ਕੋਈ ਔਰਤ 'ਨਾਂਹ' ਆਖਦੀ ਹੈ, ਭਾਵੇਂ ਹਲਕੀ ਆਵਾਜ਼ ਵਿੱਚ ਜਾਂ ਉੱਚੀ ਆਵਾਜ਼ ਵਿੱਚ ਤਾਂ ਮਰਦ ਉਸ ਨੂੰ ਕਿਉਂ ਨਹੀਂ ਸੁਣਦੇ? ਪਿਛਲੇ ਸਮੇਂ ਦੌਰਾਨ ਪਿਤਰ-ਸੱਤਾ ਬਾਰੇ ਬਥੇਰਾ ਕੁਝ ਆਖਿਆ ਗਿਆ ਹੈ, ਪਰ ਜੰਤਰ-ਮੰਤਰ 'ਤੇ 'ਕੌਕਰੋਚ ਜਨਤਾ ਪਾਰਟੀ' ਦੇ ਰੋਸ ਪ੍ਰਦਰਸ਼ਨ ਵੇਲੇ ਇੰਸਟਾਗ੍ਰਾਮ ਉੱਤੇ ਆਏ ਇੱਕ ਨਾਅਰੇ ਨੇ ਇਸ ਸ਼ਬਦ ਦੀ ਅਸਲ ਜਟਿਲਤਾ ਨੂੰ ਬਾਖ਼ੂਬੀ ਬਿਆਨ ਕੀਤਾ ਹੈ। ਇੱਕ ਨੌਜਵਾਨ ਪ੍ਰਦਰਸ਼ਨਕਾਰੀ ਕੁੜੀ ਆਖਦੀ ਹੈ ਕਿ ਆਪਣੀਆਂ ਮਾਵਾਂ ਨੂੰ ਪ੍ਰਦਰਸ਼ਨ ਵਿੱਚ ਲਿਆਉਣ ਤੋਂ ਨਾ ਡਰੋ ਅਤੇ ਨਾ ਹੀ ਇਸ ਗੱਲੋਂ ਡਰੋ ਕਿ ਹੰਝੂ ਗੈਸ ਦਾ ਗੋਲਾ ਵੱਜਣ ਨਾਲ ਉਹ ਰੋਣ ਲੱਗ ਪੈਣਗੀਆਂ, ਕਿਉਂਕਿ ਪਿਤਰ-ਸੱਤਾ ਨੇ ਤਾਂ ਪਹਿਲਾਂ ਹੀ ਉਨ੍ਹਾਂ ਦੇ ਸਾਰੇ ਹੰਝੂ ਸੁਕਾ ਦਿੱਤੇ ਹਨ।




ਇਸ ਸੰਖੇਪ ਵਾਕ ਵਿੱਚ ਵਿਅੰਗ ਨਾਲ ਭਰਪੂਰ ਇਸ ਗੱਲ ਨੇ ਸਾਨੂੰ ਸਾਰਿਆਂ ਨੂੰ ਇੱਕ ਵਾਰ ਫਿਰ ਆਪਣੇ ਅੰਦਰ ਝਾਤੀ ਮਾਰਨ ਲਈ ਮਜਬੂਰ ਕਰ ਦਿੱਤਾ ਹੈ। ਅਸੀਂ ਆਪਣੇ ਘਰਾਂ ਦੇ ਅੰਦਰ ਅਤੇ ਬਾਹਰ ਔਰਤਾਂ ਨਾਲ ਅਜਿਹਾ ਸਲੂਕ ਕਿਉਂ ਕਰਦੇ ਹਾਂ, ਜਿਵੇਂ ਉਨ੍ਹਾਂ ਕੋਲ ਕੋਈ ਆਵਾਜ਼ ਹੀ ਨਾ ਹੋਵੇ ਅਤੇ ਨਾ ਹੀ ਉਸ ਆਵਾਜ਼ ਨੂੰ ਵਰਤਣ ਦੀ ਕੋਈ ਸਮਰੱਥਾ ਹੋਵੇ?

ਸਭ ਨੇ ਉਹ ਵੀਡੀਓ ਦੇਖੀ ਹੈ ਜਿਸ ਵਿੱਚ ਇੱਕ ਪੁਲੀਸ ਵਾਲਾ 20 ਜੁਲਾਈ ਨੂੰ ਸੰਸਦ ਵੱਲ ਕੀਤੇ ਗਏ ਸੀ ਜੇ ਪੀ ਦੇ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਇੱਕ ਨੌਜਵਾਨ ਕੁੜੀ ਦੀ ਪਿੱਠ ਵਿੱਚ ਡੰਡਾ ਮਾਰਦਾ ਹੈ ਅਤੇ ਇੱਕ ਮਰਦ ਆਈ ਪੀ ਐੱਸ ਅਧਿਕਾਰੀ ਪ੍ਰਦਰਸ਼ਨਕਾਰੀ ਔਰਤ ਨੂੰ ਥੱਪੜ ਮਾਰਦਾ ਹੈ। ਹੁਣ ਤੱਕ ਅਸੀਂ ਵੱਖ-ਵੱਖ ਥਾਵਾਂ ਉੱਤੇ ਉਨ੍ਹਾਂ ਨੌਜਵਾਨ ਕੁੜੀਆਂ ਦੀਆਂ ਇੰਟਰਵਿਊ ਵੀ ਸੁਣ ਲਈਆਂ ਹਨ ਜਿਨ੍ਹਾਂ ਨੇ ਦੱਸਿਆ ਕਿ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਬਦਲੇ ਉਨ੍ਹਾਂ ਨੂੰ ਕਿਵੇਂ ਗਾਲੀ-ਗਲੋਚ ਅਤੇ ਖ਼ਾਸ ਕਰਕੇ ਜਿਨਸੀ ਜ਼ਲਾਲਤ ਦਾ ਸਾਹਮਣਾ ਕਰਨਾ ਪਿਆ। ਅਸੀਂ ਇਹ ਵੀ ਸੁਣਿਆ ਹੈ ਕਿ ਕਿਵੇਂ ਕਈ ਔਰਤਾਂ ਦੀ ਪਛਾਣ ਉਨ੍ਹਾਂ ਦੀ ਇਜਾਜ਼ਤ ਤੋਂ ਬਿਨਾਂ ਜਨਤਕ ਕਰ ਦਿੱਤੀ ਗਈ। 'ਡੌਕਸਿੰਗ' ਸ਼ਬਦ ਸਾਡੀ ਬੋਲਚਾਲ ਵਿੱਚ ਆ ਗਿਆ ਹੈ ਜੋ ਕਿ ਨੱਬੇ ਦੇ ਦਹਾਕੇ ਦੇ ਸ਼ੁਰੂ ਵਿੱਚ ਪੱਛਮੀ ਦੇਸ਼ਾਂ ਦੇ ਹੈਕਰਾਂ ਦੇ ਸੱਭਿਆਚਾਰ ਵਿੱਚੋਂ ਨਿਕਲਿਆ ਹੈ, ਜਿਸ ਦਾ ਮਤਲਬ ਹੈ ਕਿਸੇ ਦੀ ਨਿੱਜੀ ਜਾਣਕਾਰੀ ਜਾਂ ਦਸਤਾਵੇਜ਼ ਨੂੰ ਜੱਗ-ਜ਼ਾਹਿਰ ਕਰਨਾ। ਅਸੀਂ ਇਹ ਵੀ ਦੇਖਿਆ ਹੈ ਕਿ ਕਿਵੇਂ ਇਨ੍ਹਾਂ ਔਰਤਾਂ ਦਾ ਪਿੱਛਾ ਕੀਤਾ ਗਿਆ, ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ ਅਤੇ ਧਮਕੀਆਂ ਦਿੱਤੀਆਂ ਗਈਆਂ ਕਿਉਂਕਿ ਕਮਜ਼ੋਰ ਦਿਲ ਮਰਦਾਂ ਨੂੰ ਲੱਗਦਾ ਸੀ ਕਿ ਇਨ੍ਹਾਂ ਔਰਤਾਂ ਨੂੰ ਇਨ੍ਹਾਂ ਦੀ ਅਸਲ ਔਕਾਤ ਦਿਖਾਉਣੀ ਜ਼ਰੂਰੀ ਹੈ।

ਜਦੋਂ ਅਜਿਹਾ ਮੌਕਾ ਆਵੇ ਤਾਂ ਸਾਨੂੰ ਸਾਲ 2012 ਦਾ ਨਿਰਭਯਾ ਦਾ ਉਹ ਘਿਣਾਉਣਾ ਸਮੂਹਕ ਜਬਰ-ਜਨਾਹ ਕਦੀ ਨਹੀਂ ਭੁੱਲਣਾ ਚਾਹੀਦਾ ਜਿਸ ਦਾ ਅਸਲੀ ਨਾਂ ਜੋਤੀ ਸਿੰਘ ਸੀ। ਅਸੀਂ ਹੁਣ ਉਸ ਦਾ ਨਾਂ ਲੈ ਸਕਦੇ ਹਾਂ ਕਿਉਂਕਿ ਉਹ ਇਸ ਦੁਨੀਆ ਵਿੱਚ ਨਹੀਂ ਹੈ। ਉਸ ਵੇਲੇ ਔਰਤਾਂ ਦਿੱਲੀ ਦੀਆਂ ਸੜਕਾਂ ਉੱਤੇ ਨਿਕਲ ਆਈਆਂ ਸਨ ਅਤੇ ਦਿੱਲੀ ਪੁਲੀਸ ਦੀਆਂ ਡਾਂਗਾਂ ਤੇ ਪਾਣੀ ਦੀਆਂ ਬੁਛਾੜਾਂ ਦਾ ਸਾਹਮਣਾ ਕਰਦਿਆਂ ਰੋਸ ਪ੍ਰਦਰਸ਼ਨ ਕੀਤਾ ਸੀ। ਲਗਪਗ ਦਸ ਦਿਨ ਪਹਿਲਾਂ ਹੀ ਅਸੀਂ ਸਾਲ 2013 ਦੇ ਤਰੁਨ ਤੇਜਪਾਲ ਕੇਸ ਵਿੱਚ ਪੀੜਤਾ ਦੀ ਮਾਂ ਦੇ ਉਹ ਧੰਨਵਾਦੀ ਸ਼ਬਦ ਪੜ੍ਹੇ ਸਨ, ਜਦੋਂ ਬੰਬੇ ਹਾਈ ਕੋਰਟ ਦੀ ਗੋਆ ਬੈਂਚ (ਜਿਸ ਵਿੱਚ ਇੱਕ ਮਹਿਲਾ ਜੱਜ ਸ਼ਾਮਲ ਸੀ) ਨੇ ਹੇਠਲੀ ਅਦਾਲਤ ਦਾ 2021 ਵਾਲਾ ਉਹ ਫ਼ੈਸਲਾ (ਜੋ ਕਿ ਇੱਕ ਮਹਿਲਾ ਜੱਜ ਨੇ ਹੀ ਦਿੱਤਾ ਸੀ ) ਪਲਟ ਦਿੱਤਾ ਸੀ, ਜਿਸ ਰਾਹੀਂ ਲਿਫ਼ਟ ਵਿੱਚ ਹੋਏ ਜਬਰ-ਜਨਾਹ ਦੇ ਦੋਸ਼ੀ ਨੂੰ ਬਰੀ ਕਰ ਦਿੱਤਾ ਗਿਆ ਸੀ। ਇਹ ਸਭ ਪੜ੍ਹ ਕੇ ਮਨ ਵਿੱਚ ਇਹ ਫ਼ਿਕਰ ਹੁੰਦਾ ਹੈ ਕਿ ਉਸ ਮਾਂ ਉੱਤੇ ਕੀ ਬੀਤਦੀ ਹੋਵੇਗੀ ਜਦੋਂ ਉਸ ਦੀ ਧੀ ਦੀ ਫ਼ਰਿਆਦ ਕੋਈ ਨਹੀਂ ਸੁਣਦਾ ਅਤੇ ਜਦੋਂ ਉਸ ਦੀ ਧੀ ਨਾਂਹ ਆਖਦੀ ਹੈ ਤਾਂ ਸਾਹਮਣੇ ਖੜ੍ਹਾ ਮਰਦ ਉਸ ਨੂੰ ਸੁਣਨ ਤੋਂ ਸਾਫ਼ ਇਨਕਾਰ ਕਰ ਦਿੰਦਾ ਹੈ।

ਇਹ ਸਮਝਣ ਲਈ ਕਿਸੇ ਨਾਰੀਵਾਦੀ ਕੋਲੋਂ ਸੁਣਨ ਦੀ ਲੋੜ ਨਹੀਂ ਕਿ ਬੋਲ-ਕੁਬੋਲ ਜਾਂ ਗਾਲਾਂ ਵਿੱਚ ਜ਼ਿਆਦਾਤਰ ਔਰਤਾਂ, ਖ਼ਾਸ ਕਰਕੇ ਭੈਣਾਂ ਅਤੇ ਮਾਵਾਂ ਨੂੰ ਹੀ ਕਿਉਂ ਨਿਸ਼ਾਨਾ ਬਣਾਇਆ ਜਾਂਦਾ ਹੈ, ਜਾਂ ਫਿਰ ਜਿਨਸੀ ਸ਼ੋਸ਼ਣ, ਤੰਗ-ਪ੍ਰੇਸ਼ਾਨ ਕਰਨ ਤੇ ਜਬਰ-ਜਨਾਹ ਨੂੰ ਹਿੰਸਾ ਦੇ ਹਥਿਆਰ ਵਜੋਂ ਕਿਉਂ ਵਰਤਿਆ ਜਾਂਦਾ ਹੈ। ਇਹ ਸਭ ਕੁਝ ਤਾਂ ਸਦੀਆਂ ਪੁਰਾਣਾ ਵਰਤਾਰਾ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ 21ਵੀਂ ਸਦੀ ਵਿੱਚ ਵੀ ਔਰਤਾਂ ਉੱਤੇ ਇਹ ਕਾਬੂ ਰੱਖਣ ਦੀ ਮਾਨਸਿਕਤਾ ਜਾਰੀ ਹੈ। ਜਿਵੇਂ-ਜਿਵੇਂ ਭਾਰਤ 'ਵਿਕਸਿਤ ਭਾਰਤ' ਬਣਨ ਅਤੇ ਇੱਕ ਆਲਮੀ ਤਾਕਤ ਬਣਨ ਵੱਲ ਤੇਜ਼ੀ ਨਾਲ ਵਧ ਰਿਹਾ ਹੈ, ਓਵੇਂ-ਓਵੇਂ ਤਾਕਤ ਦੇ ਅਹੁਦਿਆਂ 'ਤੇ ਬੈਠੇ ਲੋਕਾਂ ਵੱਲੋਂ ਔਰਤਾਂ ਦੇ ਸਰੀਰ ਅਤੇ ਮਨ ਉੱਤੇ ਕਬਜ਼ਾ ਬਣਾਈ ਰੱਖਣ ਦੀ ਇੱਛਾ ਹੋਰ ਵੀ ਪ੍ਰਚੰਡ ਹੁੰਦੀ ਜਾ ਰਹੀ ਹੈ। ਮਰਦਾਂ ਦੀਆਂ ਹੰਕਾਰ ਭਰੀਆਂ ਆਵਾਜ਼ਾਂ ਹੋਰ ਉੱਚੀਆਂ ਹੋ ਰਹੀਆਂ ਹਨ। ਭਾਜਪਾ ਦੇ ਸਾਬਕਾ ਸੰਸਦ ਮੈਂਬਰ ਅਤੇ ਕੁਸ਼ਤੀ ਸੰਘ ਦੇ ਸਾਬਕਾ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਹਾਲ ਹੀ ਵਿੱਚ ਹੇਠਲੀ ਅਦਾਲਤ ਨੇ ਮਹਿਲਾ ਪਹਿਲਵਾਨਾਂ ਵੱਲੋਂ ਲਾਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਬਰੀ ਹੋਣ ਤੋਂ ਬਾਅਦ ਜਦੋਂ ਉਸ ਨੇ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਤਾਂ ਐੱਨ ਡੀ ਟੀ ਵੀ ਦੀ ਇੱਕ ਨਿਡਰ ਮਹਿਲਾ ਪੱਤਰਕਾਰ ਵੱਲੋਂ ਲਗਾਤਾਰ ਔਖੇ ਸਵਾਲ ਪੁੱਛਣ 'ਤੇ ਉਹ ਉਸ ਦੇ ਮੂੰਹ ਉੱਤੇ ਹੱਸ ਪਿਆ।

ਇਹੀ ਕਾਰਨ ਹੈ ਕਿ ਔਰਤਾਂ ਹੁਣ ਉਸ ਇੱਕੋ ਇੱਕ ਹਥਿਆਰ ਦਾ ਸਹਾਰਾ ਲੈ ਰਹੀਆਂ ਹਨ ਜਿਸ ਬਾਰੇ ਉਹ ਜਾਣਦੀਆਂ ਹਨ ਕਿ ਇਹ ਉਨ੍ਹਾਂ ਨੂੰ ਕਦੇ ਧੋਖਾ ਨਹੀਂ ਦੇਵੇਗਾ। ਇਹੀ ਵਜ੍ਹਾ ਹੈ ਕਿ ਅੱਜ ਤੁਹਾਨੂੰ ਜੰਤਰ-ਮੰਤਰ ਤੋਂ ਲੈ ਕੇ ਰਾਂਚੀ ਤੱਕ ਦੇ ਪ੍ਰਦਰਸ਼ਨਾਂ ਵਿੱਚ ਅੰਬੇਡਕਰ ਦੀਆਂ ਤਸਵੀਰਾਂ ਅਤੇ ਪੋਸਟਰ ਨਜ਼ਰ ਆਉਣਗੇ। ਉੱਥੇ ਗਾਂਧੀ, ਨਹਿਰੂ ਜਾਂ ਸੁਭਾਸ਼ ਚੰਦਰ ਬੋਸ ਨਹੀਂ, ਸਗੋਂ ਅੰਬੇਡਕਰ ਦੀਆਂ ਤਸਵੀਰਾਂ ਸਭ ਤੋਂ ਵੱਧ ਦਿਖਾਈ ਦਿੰਦੀਆਂ ਹਨ। ਅੰਬੇਡਕਰ, ਜੋ ਖ਼ੁਦ ਇੱਕ ਦਲਿਤ ਸਨ, ਆਪਣੇ ਔਖੇ ਹਾਲਾਤ ਨਾਲ ਲੜ ਕੇ ਸੰਵਿਧਾਨ ਬਣਾਉਣ ਦੀ ਅਗਵਾਈ ਕਰਨ ਤੱਕ ਪਹੁੰਚੇ ਸਨ। ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਕਿ ਜਾਤ ਜਾਂ ਧਰਮ ਤੋਂ ਉੱਪਰ ਉੱਠ ਕੇ ਸਾਰੇ ਮਰਦਾਂ ਅਤੇ ਔਰਤਾਂ ਨੂੰ ਬਰਾਬਰੀ ਤੇ ਇਨਸਾਫ਼ ਦਾ ਹੱਕ ਦੇਣਾ ਕਿਉਂ ਜ਼ਰੂਰੀ ਹੈ। ਉਹ ਜਾਤ ਦੇ ਨਾਂ ਉੱਤੇ ਹੋਣ ਵਾਲੀ ਹਿੰਸਾ ਨੂੰ ਵੀ ਚੰਗੀ ਤਰ੍ਹਾਂ ਜਾਣਦੇ ਸਨ ਕਿਉਂਕਿ ਜਾਤ ਇਨਸਾਨ ਦਾ ਪਿੱਛਾ ਉਮਰ ਭਰ ਨਹੀਂ ਛੱਡਦੀ ਅਤੇ ਤੁਹਾਡੀ ਮੌਤ ਤੋਂ ਬਾਅਦ ਵੀ ਤੁਹਾਡੇ ਬੱਚਿਆਂ ਵਿੱਚ ਉਸੇ ਤਰ੍ਹਾਂ ਚੱਲਦੀ ਰਹਿੰਦੀ ਹੈ ਅਤੇ ਔਰਤ ਕੋਲ ਜਾਤ ਬਦਲਣ ਦਾ ਇੱਕੋ ਇੱਕ ਤਰੀਕਾ ਉਹੀ ਹੁੰਦਾ ਹੈ ਜਦੋਂ ਉਹ ਕਿਸੇ ਦੂਜੀ ਜਾਤ ਦੇ ਮੁੰਡੇ ਨਾਲ ਵਿਆਹ ਕਰਵਾਉਂਦੀ ਹੈ। ਅੰਬੇਡਕਰ ਸਮਝਦੇ ਸਨ ਕਿ ਆਜ਼ਾਦੀ ਦਾ ਮਤਲਬ ਸਿਰਫ਼ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣਾ ਅਤੇ ਨਵੇਂ ਦੇਸ਼ ਦਾ ਵਾਅਦਾ ਨਹੀਂ ਹੈ ਸਗੋਂ ਇਸ ਵਿੱਚ ਸੰਵਿਧਾਨਕ ਤੌਰ ਉੱਤੇ ਧਾਰਾ 21 ਤਹਿਤ ਜਿਊਣ ਦਾ ਪੱਕਾ ਹੱਕ ਵੀ ਸ਼ਾਮਲ ਹੈ। ਉਹ ਜਾਣਦੇ ਸਨ ਕਿ ਸੰਵਿਧਾਨ ਹਰ ਨਾਗਰਿਕ ਨੂੰ ਉਸ ਦੀ ਮਰਜ਼ੀ ਬਾਰੇ ਆਜ਼ਾਦੀ ਦੇਣ ਲਈ ਪਾਬੰਦ ਹੈ। ਇਸੇ ਆਜ਼ਾਦੀ ਵਿੱਚ 'ਨਾਂਹ' ਆਖਣ ਦਾ ਹੱਕ ਵੀ ਸ਼ਾਮਲ ਹੈ। ਇਹੀ ਉਹ ਗੱਲ ਹੈ ਜਿਹੜੀ ਲੋਕਾਂ ਨੂੰ ਸਭ ਤੋਂ ਵੱਧ ਗ਼ੁੱਸਾ ਦਿਵਾਉਂਦੀ ਹੈ, ਭਾਵੇਂ ਉਹ ਕੰਟਰੋਲ ਕਰਨ ਵਾਲੇ ਮਾਂ-ਬਾਪ ਹੋਣ, ਜੀਵਨ ਸਾਥੀ ਹੋਵੇ ਜਾਂ ਕੋਈ ਅਜਨਬੀ, ਲੋਕਾਂ ਨੂੰ ਸਭ ਤੋਂ ਵੱਧ ਗ਼ੁੱਸਾ ਇਸ ਗੱਲ ਦਾ ਆਉਂਦਾ ਹੈ ਕਿ ਸਾਹਮਣੇ ਵਾਲਾ ਵਿਅਕਤੀ ਆਪਣੀ 'ਨਾਂਹ' ਆਖਣ ਦੀ ਆਜ਼ਾਦੀ ਵਰਤ ਰਿਹਾ ਹੈ, ਕਿਉਂਕਿ ਨਾਂਹ ਦਾ ਮਤਲਬ ਸਿਰਫ਼ ਨਾਂਹ ਹੀ ਹੁੰਦਾ ਹੈ।

ਜੀਨ-ਪਾਲ ਸਾਰਤਰ ਨੇ ਸਾਲ 1943 ਵਿੱਚ ਆਪਣੀ ਪੁਸਤਕ 'ਬੀਂਗ ਐਂਡ ਨਥਿੰਗਨੈੱਸ' ਵਿੱਚ ਆਖਿਆ ਸੀ ਕਿ ਇਨਸਾਨ ਆਪਣੇ ਫ਼ੈਸਲਿਆਂ ਨਾਲ ਹੀ ਘੜਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਉਸ ਨੇ ਆਜ਼ਾਦੀ ਤੇ ਜ਼ਿੰਮੇਵਾਰੀ ਦੇ ਵਿਚਾਰ ਨੂੰ ਮਨੁੱਖ ਨਾਲ ਜੋੜਿਆ ਸੀ। ਡਾ. ਬੀ ਆਰ ਅੰਬੇਡਕਰ ਸਾਰਤਰ ਦੇ ਇਨ੍ਹਾਂ ਸ਼ਬਦਾਂ ਨੂੰ ਸੰਵਿਧਾਨਕ ਤਾਕਤ ਪ੍ਰਦਾਨ ਕਰਦੇ ਹਨ। ਜਦੋਂ ਉਨ੍ਹਾਂ ਨੇ ਸੰਵਿਧਾਨ ਘੜਿਆ ਤਾਂ ਉਨ੍ਹਾਂ ਦਾ ਸੰਦੇਸ਼ ਔਰਤਾਂ ਲਈ ਇਹੋ ਸੀ ਕਿ ਅੱਗੇ ਵਧੋ ਅਤੇ ਦੁਨੀਆ ਬਦਲ ਦਿਓ ਕਿਉਂਕਿ ਦੇਸ਼ ਦਾ ਸੰਵਿਧਾਨ ਤੁਹਾਡੀ ਰਾਖੀ ਲਈ ਹਾਜ਼ਰ ਹੈ।

ਜੰਤਰ-ਮੰਤਰ ਅਤੇ ਰਾਂਚੀ ਵਿੱਚ ਇਕੱਠੇ ਹੋਏ ਮਰਦਾਂ ਤੇ ਔਰਤਾਂ ਦੇ ਕਾਫ਼ਲੇ ਨੇ ਵੀ ਇਸੇ ਸੱਚਾਈ ਨੂੰ ਅਪਣਾਇਆ ਜਦੋਂ ਉਨ੍ਹਾਂ ਨੇ ਪੁਰਾਣੇ ਸਿਸਟਮ, ਹਕੂਮਤ ਅਤੇ ਤਾਕਤ ਦੇ ਵੱਡੇ ਰੁਤਬਿਆਂ ਨੂੰ ਵੰਗਾਰਿਆ। ਸ਼ਰਧਾ ਸਿੰਘ, ਯਸ਼ਸਵਿਨੀ ਸਿੰਘ ਅਤੇ ਨੇਹਾ ਬੋਰਾ ਇਸ ਦੀ ਜਿਉਂਦੀ ਜਾਗਦੀ ਮਿਸਾਲ ਹਨ। (ਨੇਹਾ ਦੇ ਵਜੂਦ ਦੇ ਕਈ ਰੰਗ ਦੇਖਣਯੋਗ ਹਨ, ਜਿੱਥੇ ਇੱਕ ਪਾਸੇ ਉਹ ਸੰਵਿਧਾਨ ਵਿੱਚ ਪੂਰੀ ਆਸਥਾ ਰੱਖਦੀ ਹੈ ਅਤੇ ਦੂਜੇ ਪਾਸੇ ਉਸ ਰਾਜਸੀ ਧਿਰ ਨਾਲ ਜੁੜੀ ਹੈ ਜਿਸ ਦੀ ਖੱਬੇਪੱਖੀ ਵਿਚਾਰਧਾਰਾ ਇਨਕਲਾਬ ਦੀ ਗੱਲ ਕਰਦੀ ਹੈ)। ਉੱਥੇ ਹੀ ਉਹ ਨਾਬਾਲਗ ਕੁੜੀ ਵੀ ਸਾਡੇ ਸਾਹਮਣੇ ਹੈ ਜਿਸ ਦਾ ਨਾਂ ਨਹੀਂ ਲਿਆ ਜਾ ਸਕਦਾ, ਜਿਸ ਉੱਤੇ ਬਲਾਤਕਾਰ, ਮੌਤ ਦੀਆਂ ਧਮਕੀਆਂ ਅਤੇ ਹੋਰ ਜਿਨਸੀ ਤਸ਼ੱਦਦ ਇਸ ਹੱਦ ਤੱਕ ਵਰ੍ਹਾਇਆ ਗਿਆ ਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ ਇੱਕ ਵੀਡੀਓ ਵਿੱਚ ਉਸ ਵੱਲੋਂ ਉਨ੍ਹਾਂ ਅਤੇ ਉਨ੍ਹਾਂ ਦੀ ਮਾਂ ਵਿਰੁੱਧ ਕੀਤੀ ਗਈ ਟਿੱਪਣੀ ਦਾ ਜ਼ਿਕਰ ਕਰਨ ਤੋਂ ਬਾਅਦ ਉਸ ਨੂੰ ਅਤੇ ਉਸ ਦੀ ਮਾਂ ਨੂੰ ਡਰ ਦੇ ਮਾਰੇ ਆਪਣਾ ਘਰ ਛੱਡ ਕੇ ਜਾਣ ਲਈ ਮਜਬੂਰ ਹੋਣਾ ਪਿਆ। ਕੋਈ ਵੀ ਪੁੱਛ ਸਕਦਾ ਹੈ ਕਿ ਅੱਜ ਦੀ ਇਸ ਅਸਾਵੀਂ ਅਤੇ ਹਿੰਸਕ ਦੁਨੀਆ ਵਿੱਚ ਆਖ਼ਰ ਇੱਕ ਔਰਤ ਕੋਲ ਕੀ ਰਾਹ ਬਚਦੇ ਹਨ। ਇਸ ਦਾ ਬਿਹਤਰੀਨ ਜਵਾਬ ਇਹ ਹੈ ਕਿ ਤੁਸੀਂ ਆਪਣੇ ਆਲੇ-ਦੁਆਲੇ ਦੀਆਂ ਸਾਰੀਆਂ ਔਰਤਾਂ ਦਾ ਸਾਥ ਦਿਓ ਤਾਂ ਜੋ ਉਹ ਇੱਕ ਵਧੇਰੇ ਨਿਆਂਪੂਰਨ ਸਮਾਜ ਦੀ ਸਿਰਜਣਾ ਲਈ ਸਮਾਜਿਕ ਅੜਿੱਕਿਆਂ ਅਤੇ ਮਾਨਸਿਕ ਦੀਵਾਰਾਂ ਨੂੰ ਤੋੜ ਸਕਣ।

ਤੁਸੀਂ ਸਿਰਫ਼ ਆਜ਼ਾਦੀ ਦਿਹਾੜੇ ਉੱਤੇ ਹੀ ਨਹੀਂ ਸਗੋਂ ਸਾਲ ਦੇ ਹਰ ਦਿਨ ਇਸ ਬਦਲਾਅ ਦੇ ਭਾਗੀਦਾਰ ਬਣੋ ਤਾਂ ਜੋ ਜਦੋਂ ਇਨ੍ਹਾਂ ਵਿੱਚੋਂ ਕੋਈ ਵੀ ਔਰਤ ਕਿਸੇ ਅਪਰਾਧੀ ਨੂੰ ਲਲਕਾਰ ਕੇ ਇਹ ਆਖੇ ਕਿ 'ਨਾਂਹ ਦਾ ਮਤਲਬ ਨਾਂਹ ਹੁੰਦਾ ਹੈ', ਤਾਂ ਉਸ ਨੂੰ ਪਤਾ ਹੋਵੇ ਕਿ ਸਮਾਜ ਅਤੇ ਤੁਸੀਂ ਉਸ ਦੇ ਪਿੱਛੇ, ਉਸ ਦਾ ਸਾਥ ਦੇਣ ਲਈ ਖੜ੍ਹੇ ਹੋ।

# ਚੋਣਾਂ ਵਿੱਚ ਕਾਲਾ ਧਨ



ਸੁਪਰੀਮ ਕੋਰਟ ਨੇ ਬਿਲਕੁਲ ਸਹੀ ਟਿੱਪਣੀ ਕੀਤੀ ਹੈ ਕਿ ਚੋਣਾਂ ਵਿੱਚ ਕਾਲੇ ਧਨ ਦੀ ਵਰਤੋਂ ਜਮਹੂਰੀਅਤ ਨੂੰ ਕਮਜ਼ੋਰ ਕਰਦੀ ਹੈ ਕਿਉਂਕਿ ਵੋਟਰਾਂ ਦੀ ਪਸੰਦ ਪੈਸੇ ਜਾਂ ਲਾਲਚ ਨਾਲ ਪ੍ਰਭਾਵਿਤ ਹੁੰਦੀ ਹੈ। ਦਰਅਸਲ, ਚੋਣ ਪ੍ਰਕਿਰਿਆ ਉਦੋਂ ਤੱਕ ਨਿਰਪੱਖ ਅਤੇ ਆਜ਼ਾਦ ਨਹੀਂ ਹੋ ਸਕਦੀ ਜਦੋਂ ਤੱਕ ਗ਼ੈਰ-ਕਾਨੂੰਨੀ ਜਾਂ ਕਾਲਾ ਧਨ ਲੋਕਾਂ ਦੀ ਵੋਟਿੰਗ ਨੂੰ ਪ੍ਰਭਾਵਿਤ ਕਰਦਾ ਰਹੇਗਾ ਅਤੇ ਚੋਣ ਅਪਰਾਧਾਂ ਦੇ ਕੇਸ ਸਾਲਾਂਬੱਧੀ ਲਟਕਦੇ ਰਹਿਣਗੇ। ਅਦਾਲਤ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਚੋਣਾਂ ਵੇਲੇ ਸ਼ੱਕੀ ਨਕਦੀ ਫੜੇ ਜਾਣ ਪਿੱਛੋਂ ਫੌਰੀ ਭਰੋਸੇਯੋਗ ਕਾਰਵਾਈ ਹੋਣੀ ਚਾਹੀਦੀ ਹੈ।

ਇਹ ਹਦਾਇਤ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਇੱਕ ਅਹਿਮ ਕਦਮ ਹੈ ਕਿ ਜ਼ਬਤ ਕੀਤੀ ਗਈ ਰਕਮ ਦੀ ਰਿਪੋਰਟ 24 ਘੰਟਿਆਂ ਦੇ ਅੰਦਰ ਦਿੱਤੀ ਜਾਵੇ ਅਤੇ ਇਸ ਦੇ ਚੋਣ ਬੇਨੇਮੀਆਂ ਨਾਲ ਜੁੜੇ ਹੋਣ ਦੇ ਮੁੱਢਲੇ ਕਾਰਨ ਦੱਸੇ ਜਾਣ। ਇਸ ਦੇ ਨਾਲ ਹੀ ਜਾਂਚ ਆਮ ਤੌਰ 'ਤੇ ਇੱਕ ਸਾਲ ਦੇ ਅੰਦਰ ਮੁਕੰਮਲ ਹੋ ਜਾਣੀ ਚਾਹੀਦੀ ਹੈ ਅਤੇ ਕਿਸੇ ਵੀ ਕਿਸਮ ਦੀ ਦੇਰੀ ਦਾ ਕਾਰਨ ਭਾਰਤੀ ਚੋਣ ਕਮਿਸ਼ਨ ਨੂੰ ਦੱਸਿਆ ਜਾਵੇ। ਸੁਪਰੀਮ ਕੋਰਟ ਦਾ ਇਹ ਹੁਕਮ ਇੱਕ ਹੋਰ ਅਜਿਹੇ ਕੌੜੇ ਸੱਚ ਨੂੰ ਵੀ ਸਾਹਮਣੇ ਲਿਆਉਂਦਾ ਹੈ ਕਿ ਚੋਣ ਮਾਮਲਿਆਂ ਵਿੱਚ ਦੇਰੀ ਹੋਣ ਦਾ ਮਤਲਬ ਇਨਸਾਫ਼ ਮਿਲਣ ਤੋਂ ਇਨਕਾਰ ਹੋਣਾ ਹੈ। ਹਰ ਪੰਜ ਸਾਲ ਬਾਅਦ ਹੋਣ ਵਾਲੀਆਂ ਚੋਣਾਂ ਕਾਰਨ ਲੰਮੇ ਸਮੇਂ ਤੱਕ ਚੱਲਣ ਵਾਲੇ ਮੁਕੱਦਮੇ ਗੰਭੀਰ ਅਪਰਾਧਾਂ ਦੇ ਦੋਸ਼ੀ ਉਮੀਦਵਾਰਾਂ ਨੂੰ ਕੇਸ ਲਟਕਦੇ ਰਹਿਣ ਦੌਰਾਨ ਵਾਰ-ਵਾਰ ਚੋਣਾਂ ਲੜਨ ਦਾ ਮੌਕਾ ਦਿੰਦੇ ਹਨ। ਇਸ ਲਈ ਹਾਈਕੋਰਟਾਂ ਨੂੰ ਛੇਤੀ ਫ਼ੈਸਲੇ ਲਈ ਵਿਸ਼ੇਸ਼ ਅਦਾਲਤਾਂ ਬਣਾਉਣ ਦੀ ਹਦਾਇਤ ਬਹੁਤ ਸੁਆਗਤਯੋਗ ਹੈ। ਇਸੇ ਤਰ੍ਹਾਂ ਇਹ ਸ਼ਰਤ ਵੀ ਅਹਿਮ ਹੈ ਕਿ ਉਮੀਦਵਾਰਾਂ ਖ਼ਿਲਾਫ਼ ਚੋਣਾਂ ਨਾਲ ਜੁੜੇ ਕੇਸ ਵਾਪਸ ਲੈਣ ਤੋਂ ਪਹਿਲਾਂ ਹਾਈਕੋਰਟ ਦੀ ਮਨਜ਼ੂਰੀ ਲੈਣੀ ਪਵੇਗੀ। ਸੱਤਾ ਵਿੱਚ ਇੱਕ ਸਿਆਸੀ ਪਾਰਟੀ ਦੀ ਥਾਂ ਦੂਜੀ ਪਾਰਟੀ ਦੇ ਆਉਣ ਨੂੰ ਅਪਰਾਧਿਕ ਮਾਮਲਿਆਂ ਸਬੰਧੀ ਕੇਸਾਂ ਨੂੰ ਚੁੱਪਚਾਪ ਬੰਦ ਕਰ ਦੇਣ ਦਾ ਬਹਾਨਾ ਨਹੀਂ ਬਣਨ ਦਿੱਤਾ ਜਾਣਾ ਚਾਹੀਦਾ।

ਵੱਡੀ ਗਿਣਤੀ ਕੇਸਾਂ ਦੇ ਲਟਕਦੇ ਆ ਰਹੇ ਹੋਣ ਕਰਕੇ ਇਹ ਕਦਮ ਫੌਰੀ ਚੁੱਕਣਾ ਬਣਦਾ ਸੀ। ਸਾਲ 2024 ਦੀਆਂ ਲੋਕ ਸਭਾ ਚੋਣਾਂ ਦੇ ਸਬੰਧ ਵਿੱਚ 3.87 ਲੱਖ ਤੋਂ ਵੱਧ ਐੱਫ ਆਈ ਆਰਜ਼ ਦਰਜ ਕੀਤੀਆਂ ਗਈਆਂ ਸਨ। ਇਨ੍ਹਾਂ ਵਿੱਚੋਂ ਲਗਪਗ 43 ਫ਼ੀਸਦੀ ਕੇਸਾਂ ਵਿੱਚ ਸਜ਼ਾਵਾਂ ਹੋਈਆਂ ਹਨ ਜਦੋਂਕਿ 20 ਫ਼ੀਸਦੀ ਕੇਸਾਂ ਵਿੱਚ ਰਿਪੋਰਟਾਂ ਬੰਦ ਕਰ ਦਿੱਤੀਆਂ ਗਈਆਂ ਹਨ, ਬਾਕੀ ਦੇ ਕੇਸ ਜਾਂ ਤਾਂ ਅਦਾਲਤ ਵਿੱਚ ਵਿਚਾਰ ਅਧੀਨ ਹਨ ਜਾਂ ਉਨ੍ਹਾਂ ਦੀ ਜਾਂਚ ਚੱਲ ਰਹੀ ਹੈ। ਸੁਪਰੀਮ ਕੋਰਟ ਦੇ ਇਸ ਦਖ਼ਲ ਨੇ ਸਿਆਸੀ ਫੰਡਿੰਗ ਬਾਰੇ ਚਰਚਾ ਨੂੰ ਵੀ ਸੁਰਜੀਤ ਕਰ ਦਿੱਤਾ ਹੈ। ਸਾਲ 2024 ਵਿੱਚ ਸੁਪਰੀਮ ਕੋਰਟ ਨੇ ਚੋਣ ਬਾਂਡ ਯੋਜਨਾ ਨੂੰ ਰੱਦ ਕਰਦਿਆਂ ਇਹ ਫ਼ੈਸਲਾ ਸੁਣਾਇਆ ਸੀ ਕਿ ਗੁਮਨਾਮ ਸਿਆਸੀ ਚੰਦੇ ਵੋਟਰਾਂ ਦੇ ਜਾਣਕਾਰੀ ਦੇ ਅਧਿਕਾਰ ਦੀ ਉਲੰਘਣਾ ਕਰਦੇ ਹਨ। ਹੁਣ ਜਾਂਚ ਏਜੰਸੀਆਂ, ਸਰਕਾਰੀ ਵਕੀਲਾਂ, ਅਦਾਲਤਾਂ ਅਤੇ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਨ੍ਹਾਂ ਤਾਜ਼ਾ ਹਦਾਇਤਾਂ ਨੂੰ ਸਖ਼ਤੀ ਅਤੇ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ।

# ਖ਼ੁਸ਼ਹਾਲੀ ਦੀ ਬਹਾਰ ਲਿਆਉਂਦੇ ਰੁੱਖ



ਸਾਡੇ ਜੀਵਨ ਵਿੱਚ ਰੁੱਖਾਂ ਦੇ ਮਹੱਤਵ ਲਈ ਬਸ ਇੱਕੋ ਗੱਲ ਕਹਿਣੀ ਬਣਦੀ ਹੈ ਕਿ ਜੇ ਰੁੱਖ ਹਨ ਤਾਂ ਸਾਡਾ ਜੀਵਨ ਹੈ। ਰੁੱਖ ਹਰੇ ਭਰੇ ਹਨ ਤਾਂ ਅਸੀਂ ਵੀ ਖ਼ੁਸ਼ਹਾਲ ਹਾਂ। ਰੁੱਖ ਸੁੱਕ ਮੁੱਕ ਗਏ ਤਾਂ ਅਸੀਂ ਵੀ ਸੁੱਕ ਮੁੱਕ ਜਾਵਾਂਗੇ। ਅਸੀਂ ਭਾਵੇਂ ਧਿਆਨ ਦੇਈਏ ਜਾਂ ਨਾ ਅਸੀਂ ਰੁੱਖਾਂ ਨਾਲ ਅਤੇ ਰੁੱਖ ਸਾਡੇ ਨਾਲ ਭਾਵਨਾਤਮਕ ਤੌਰ 'ਤੇ ਵੀ ਜੁੜੇ ਹੋਏ ਹਨ। ਥੋੜ੍ਹਾ ਜਿਹਾ ਅੰਦਰੋਂ ਬਾਹਰੋਂ ਮਨ ਸ਼ਾਂਤ ਕਰ ਕੇ ਰੁੱਖਾਂ ਦੇ ਨੇੜੇ ਜਾਈਏ ਤਾਂ ਅਸੀਂ ਉਨ੍ਹਾਂ ਨਾਲ ਗੱਲਾਂ ਕਰਨ ਲੱਗ ਪੈਂਦੇ ਹਾਂ। ਉਹ ਵੀ ਸਾਡੀਆਂ ਗੱਲਾਂ ਦਾ ਜਵਾਬ ਦਿੰਦੇ ਪ੍ਰਤੀਤ ਹੁੰਦੇ ਹਨ।

ਇਹ ਤਾਂ ਵਿਗਿਆਨੀਆਂ ਨੇ ਸਿੱਧ ਕਰ ਦਿੱਤਾ ਹੈ ਕਿ ਰੁੱਖ ਖ਼ੁਸ਼ ਵੀ ਹੁੰਦੇ ਹਨ, ਦੁਖੀ ਵੀ ਹੁੰਦੇ ਹਨ ਅਤੇ ਜਦੋਂ ਸਾਡੇ ਵਰਗੇ ਅਕ੍ਰਿਤਘਣ ਮਨੁੱਖ ਉਨ੍ਹਾਂ ਦੀ ਛਾਂ ਹੇਠ ਬੈਠ ਕੇ ਹੀ ਉਨ੍ਹਾਂ ਨੂੰ ਵੱਢਣ ਦੀਆਂ ਯੋਜਨਾਵਾਂ ਬਣਾਉਂਦੇ ਹਨ ਤਾਂ ਉਹ ਡਰ ਵੀ ਜਾਂਦੇ ਹਨ ਤੇ ਉਦਾਸ ਵੀ ਹੁੰਦੇ ਹਨ। ਅਸੀਂ ਰੁੱਖਾਂ ਨੂੰ ਨੁਕਸਾਨ ਪਹੁੰਚਾ ਕੇ ਉਹ ਬਣ ਜਾਂਦੇ ਹਾਂ ਜਿਸ ਨੂੰ ਭਾਈ ਗੁਰਦਾਸ ਜੀ ਬੁਰਿਆਂ ਤੋਂ ਬੁਰੇ ਅਤੇ ਧਰਤੀ ਦਾ ਸਭ ਤੋਂ ਵੱਡਾ ਭਾਰ ਆਖਦੇ ਹਨ;

**ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ॥**

ਜੇ ਅਸੀਂ ਥੋੜ੍ਹੇ ਜਿਹੇ ਸੁਚੇਤ ਹੋ ਕੇ ਆਲੇ-ਦੁਆਲੇ ਲੱਗੇ ਰੁੱਖਾਂ ਨੂੰ ਹਰ ਰੋਜ਼ ਧਿਆਨ ਨਾਲ ਦੇਖੀਏ ਤਾਂ ਰੁੱਖਾਂ ਦੀਆਂ ਬਹੁਤ ਸਾਰੀਆਂ ਭਾਵਨਾਵਾਂ ਸਾਨੂੰ ਸਮਝ ਵਿੱਚ ਆਉਣਗੀਆਂ। ਇੱਕ ਅੱਖੀਂ ਦੇਖੀ ਗੱਲ ਸਾਂਝੀ ਕਰਨ ਲੱਗੀ ਹਾਂ ਦੋ ਕੁ ਵਰ੍ਹੇ ਪਹਿਲਾਂ ਦੀ ਗੱਲ ਹੈ ਕਿ ਇੱਕ-ਦੋ ਕੁ ਸਾਲ ਦੀ ਨਿੱਕੀ ਬੱਚੀ ਸਾਡੇ ਨਾਲ ਛੱਤ 'ਤੇ ਖੇਡਦੀ ਸੀ। ਛੱਤ ਦੇ ਜੰਗਲੇ ਨਾਲ ਨਿੰਮ ਦੀਆਂ ਟਾਹਣੀਆਂ ਲੱਗਦੀਆਂ ਸਨ। ਸਤੰਬਰ ਦਾ ਮਹੀਨਾ ਸੀ। ਉਸ ਬੱਚੀ ਦੇ ਚਿਹਰੇ ਨਾਲ ਨਿੰਮ ਦੀਆਂ ਟਾਹਣੀਆਂ ਛੂੰਹਦੀਆਂ ਤਾਂ ਉਹ ਬਹੁਤ ਖ਼ੁਸ਼ ਹੁੰਦੀ ਸੀ। ਉਸ ਦੀਆਂ ਅੱਖਾਂ ਹੱਸਦੀਆਂ ਸਨ। ਉਹ ਆਪਣੇ ਮੋਢੇ ਕੰਨਾਂ ਨਾਲ ਲਾ ਲੈਂਦੀ। ਖ਼ੁਸ਼ੀ ਵਿੱਚ ਕਿਲਕਾਰੀਆਂ ਮਾਰਦੀ, ਉਹ ਭੱਜ ਕੇ ਫਿਰ ਟਾਹਣੀਆਂ ਅਤੇ ਪੱਤਿਆਂ ਨਾਲ ਖੇਡਦੀ। ਅਸੀਂ ਟਾਹਣੀ ਫੜ ਕੇ ਪੱਤੇ ਉਸ ਦੇ ਕੰਨਾਂ ਨਾਲ, ਮੱਥੇ ਨਾਲ, ਗਰਦਨ ਨਾਲ, ਗੱਲ੍ਹਾਂ ਨਾਲ ਛੁਹਾਉਂਦੇ ਅਤੇ ਉਸ ਦੀ ਖ਼ੁਸ਼ੀ ਦੇਖਣ ਵਾਲੀ ਹੁੰਦੀ ਸੀ। ਉਹ ਹਰ ਰੋਜ਼ ਖੇਡਣ ਆਉਂਦੀ ਸੀ। ਉਸ ਦੀ ਖ਼ੁਸ਼ੀ ਨੂੰ ਦੇਖਦੇ ਹੋਏ ਅਸੀਂ ਉਸ ਨੂੰ ਛੱਤ 'ਤੇ ਹੀ ਲੈ ਜਾਂਦੇ। ਥੋੜ੍ਹੇ ਦਿਨਾਂ ਬਾਅਦ ਮੈਂ ਦੇਖਿਆ ਕਿ ਜਿਹੜੀ ਟਾਹਣੀ ਨਾਲ ਉਹ ਖੇਡਦੀ ਸੀ ਉਸ ਦੇ ਪੱਤੇ ਨਿੰਮ ਦੇ ਬਾਕੀ ਪੱਤਿਆਂ ਨਾਲੋਂ ਵੱਡੇ ਸਨ। ਉਹ ਟਾਹਣੀ ਤੇਜ਼ੀ ਨਾਲ ਵਧੀ ਸੀ ਅਤੇ ਜੰਗਲੇ ਦੇ ਅੰਦਰ ਵੱਲ ਨੂੰ ਕਾਫ਼ੀ ਝੁਕ ਗਈ ਸੀ। ਕਮਾਲ ਤਾਂ ਉਸ ਵੇਲੇ ਹੋਇਆ ਜਦੋਂ ਉਸ ਟਾਹਣੀ ਦੇ ਉੱਪਰ ਵੱਲ ਰੁੱਖ ਵਾਲੇ ਪਾਸੇ ਨੂੰ ਇੱਕ ਬੇਮੌਸਮਾ ਫੁੱਲਾਂ ਦਾ ਗੁੱਛਾ ਨਿਕਲ ਆਇਆ। ਫਿਰ ਮੈਨੂੰ ਆਸਕਰ ਵਾਈਲਡ ਦੀ ਲਿਖੀ ਕਹਾਣੀ 'ਸਵਾਰਥੀ ਦਿਉ' (The Selfish Giant) ਯਾਦ ਆਈ। ਉਸ ਵਿੱਚ ਵੀ ਬੱਚਿਆਂ ਦੇ ਖੇਡਣ ਨਾਲ ਸਾਰਾ ਬਾਗ਼ ਫੁੱਲਾਂ ਨਾਲ ਭਰ ਜਾਂਦਾ ਹੈ। ਉਸ ਵੇਲੇ ਇਹ ਕਹਾਣੀ ਕਾਲਪਨਿਕ ਲੱਗਦੀ ਸੀ। ਹੁਣ ਪੜ੍ਹ ਕੇ ਲੱਗਦਾ ਹੈ ਕਿ ਇਸ ਕਹਾਣੀ ਵਿੱਚ ਕਿੰਨਾ ਖ਼ੂਬਸੂਰਤ ਸੱਚ ਲਿਖਿਆ ਹੈ।

ਆਮ ਦੇਖਣ ਵਿੱਚ ਆਇਆ ਹੈ ਕਿ ਕਈ ਵਾਰ ਜਦੋਂ ਫ਼ਲਦਾਰ ਰੁੱਖਾਂ ਦੇ ਫ਼ਲ ਨਹੀਂ ਲੱਗਦੇ ਤਾਂ ਉਨ੍ਹਾਂ ਅੰਦਰ ਡਰ ਪੈਦਾ ਕੀਤਾ ਜਾਂਦਾ ਹੈ। ਕਈ ਬਜ਼ੁਰਗ ਬੀਬੀਆਂ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ਵਾਰ ਵਾਰ ਉਸ ਰੁੱਖ ਕੋਲ ਇਹ ਆਖੋ ਕਿ ਹੁਣ ਇਹਨੂੰ ਵੱਢ ਦੇਣਾ ਹੈ ਜਾਂ ਪੁੱਟ ਦੇਣਾ ਹੈ ਤਾਂ ਉਸ ਨੂੰ ਅਗਲੇ ਸਾਲ ਨੂੰ ਫ਼ਲ ਲੱਗਣ ਲੱਗ ਪੈਂਦੇ ਹਨ। ਕਈ ਵਾਰ ਤਾਂ ਉਨ੍ਹਾਂ ਦੇ ਕੁਹਾੜੀ ਨਾਲ ਛੋਟੇ ਛੋਟੇ ਟੱਕ ਵੀ ਲਾ ਦਿੱਤੇ ਜਾਂਦੇ ਹਨ ਅਤੇ ਆਖਿਆ ਜਾਂਦਾ ਹੈ ਕਿ ਉਹ ਰੁੱਖ ਆਉਣ ਵਾਲੇ ਸਾਲ ਨੂੰ ਫ਼ਲ ਜ਼ਰੂਰ ਦੇਣ ਲੱਗ ਪੈਂਦਾ ਹੈ।

ਆਪਣੇ ਆਲੇ-ਦੁਆਲੇ ਅਸੀਂ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਦੇਖ ਅਤੇ ਮਹਿਸੂਸ ਕਰ ਸਕਦੇ ਹਾਂ। ਵਿਗਿਆਨੀਆਂ ਨੇ ਬਹੁਤ ਸਾਰੇ ਪ੍ਰਯੋਗ ਕੀਤੇ ਅਤੇ ਦੁਨੀਆ ਸਾਹਮਣੇ ਇਹ ਗੱਲਾਂ ਵਿਗਿਆਨਕ ਤਰੀਕੇ ਨਾਲ ਸਿੱਧ ਕੀਤੀਆਂ ਹਨ ਕਿ ਰੁੱਖ, ਵੇਲ-ਬੂਟੇ ਦੁਖ-ਸੁਖ, ਖ਼ੁਸ਼ੀ, ਸਨੇਹ, ਦਿਆਲਤਾ ਅਤੇ ਕਠੋਰਤਾ ਮਹਿਸੂਸ ਕਰਦੇ ਹਨ। ਉਨ੍ਹਾਂ ਉੱਤੇ ਸੰਗੀਤ ਦਾ ਬਹੁਤ ਚੰਗਾ ਅਸਰ ਦੇਖਣ ਨੂੰ ਮਿਲਿਆ ਹੈ। ਉਹ ਮਨੁੱਖ ਦੀਆਂ ਭਾਵਨਾਵਾਂ ਤੱਕ ਨੂੰ ਮਹਿਸੂਸ ਕਰ ਲੈਂਦੇ ਹਨ।

ਸਾਡੇ ਇਤਿਹਾਸ ਵਿੱਚੋਂ ਬਹੁਤ ਸਾਰੀਆਂ ਉਦਾਹਰਨਾਂ ਦੇਖੀਆਂ ਸੁਣੀਆਂ ਜਾਂਦੀਆਂ ਹਨ ਕਿ ਕਿਸ ਤਰ੍ਹਾਂ ਮਹਾਪੁਰਸ਼ਾਂ ਦੀ ਛੋਹ ਪ੍ਰਾਪਤ ਰੁੱਖ ਸਦੀਆਂ ਤੱਕ ਜਿਊਂਦੇ ਰਹਿ ਸਕਦੇ ਹਨ ਅਤੇ ਉਨ੍ਹਾਂ ਦੇ ਫ਼ਲਾਂ ਦਾ ਸੁਆਦ ਵੀ ਬਦਲ ਸਕਦਾ ਹੈ। ਜਿਵੇਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਸੰਪਰਕ ਵਿੱਚ ਆਉਂਦਿਆਂ ਗੀਠਿਆਂ ਵਿਚਲੀ ਕੁੜੱਤਣ ਖ਼ਤਮ ਹੋ ਗਈ। ਇਸ ਤਰ੍ਹਾਂ ਦੀਆਂ ਹੋਰ ਉਦਾਹਰਨਾਂ ਵੀ ਮਿਲਦੀਆਂ ਹਨ। ਰੁੱਖਾਂ ਦੇ ਸਾਨੂੰ ਬੇ-ਹਿਸਾਬ ਫਾਇਦੇ ਹਨ। ਜੇ ਅਸੀਂ ਇਨ੍ਹਾਂ ਤੋਂ ਫ਼ਲ ਲੈਂਦੇ ਹਾਂ, ਫੁੱਲਾਂ ਦੀਆਂ ਮਹਿਕਾਂ ਦਾ ਆਨੰਦ ਮਾਣਦੇ ਹਾਂ, ਤੰਦਰੁਸਤੀ ਇਨ੍ਹਾਂ ਤੋਂ ਲੈਂਦੇ ਹਾਂ, ਜ਼ਿੰਦਗੀ ਦੀਆਂ ਹੋਰ ਸੁੱਖ ਸਹੂਲਤਾਂ ਇਨ੍ਹਾਂ ਤੋਂ ਲੈਂਦੇ ਹਾਂ, ਸਾਡੇ ਪ੍ਰਾਣ ਇਨ੍ਹਾਂ ਦੀ ਮਿਹਰਬਾਨੀ ਨਾਲ

**ਅੰਮ੍ਰਿਤ ਕੌਰ ਬਡਰੁੱਖਾਂ**

ਚੱਲਦੇ ਹਨ ਤਾਂ ਫਿਰ ਸਾਡੇ ਵੀ ਇਨ੍ਹਾਂ ਪ੍ਰਤੀ ਕੁਝ ਫਰਜ਼ ਬਣਦੇ ਹਨ। ਜੋ ਸਾਡੇ ਲਈ ਨਿਭਾਉਣੇ ਬਹੁਤ ਜ਼ਰੂਰੀ ਹਨ। ਅਸੀਂ ਰੁੱਖ ਲਗਾ ਕੇ, ਉਨ੍ਹਾਂ ਦੀ ਸਾਂਭ-ਸੰਭਾਲ ਕਰਕੇ ਰੁੱਖਾਂ ਸਿਰ ਕੋਈ ਅਹਿਸਾਨ ਨਹੀਂ ਕਰਾਂਗੇ ਸਗੋਂ ਇਹ ਸਾਡੀ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਹੋਵੇਗੀ। ਰੁੱਖ ਮਨੁੱਖ ਤੋਂ ਬਿਨਾਂ ਵਧ ਫੁੱਲ ਸਕਦੇ ਹਨ ਪਰ ਮਨੁੱਖ ਨੂੰ ਰੁੱਖਾਂ ਬਿਨਾਂ ਇੱਕ ਮਿੰਟ ਵੀ ਨਹੀਂ ਸਰਦਾ।

ਰੁੱਖ ਸਾਨੂੰ ਢੇਰ ਸਾਰੀਆਂ ਨਿਆਮਤਾਂ ਨਾਲ ਨਿਵਾਜਦੇ ਹਨ। ਸਾਡੇ ਅੰਦਰ ਵੀ ਰੁੱਖਾਂ ਨੂੰ ਦੇਣ ਨੂੰ ਸਨੇਹ ਤੇ ਦਿਆਲਤਾ ਹੈ। ਉਨ੍ਹਾਂ ਦੀ ਸਾਂਭ-ਸੰਭਾਲ ਲਈ ਸਾਧਨ ਵੀ ਹਨ, ਫਿਰ ਅਸੀਂ ਕਿਉਂ ਕੰਜੂਸੀ ਕਰਦੇ ਹਾਂ। ਕਿਉਂ ਕਠੋਰਤਾ ਨੂੰ ਮੂਹਰੇ ਰੱਖ ਲੈਂਦੇ ਹਾਂ। ਸਾਡੇ ਵਿੱਚੋਂ ਕਈਆਂ ਨੂੰ ਆਦਤ ਹੁੰਦੀ ਹੈ ਕਿ ਤੁਰੇ ਜਾਂਦੇ ਹੀ ਰੁੱਖਾਂ ਦੇ ਪੱਤੇ ਸੂਤ ਲੈਂਦੇ ਹਨ। ਕੁਝ ਦੇਰ ਉਨ੍ਹਾਂ ਨੂੰ ਤੋੜਦੇ ਮਰੋੜਦੇ ਹਨ, ਫਿਰ ਸੁੱਟ ਦਿੰਦੇ ਹਨ। ਇਨ੍ਹਾਂ ਪੱਤਿਆਂ ਤੋਂ ਕੋਈ ਲਾਭ ਨਹੀਂ ਲਿਆ ਬਸ ਟਾਹਣੀਆਂ ਜ਼ਰੂਰ ਰੁੰਡ ਮਰੁੰਡ ਕਰ ਦਿੰਦੇ ਹਾਂ। ਜੇ ਇਨ੍ਹਾਂ ਨੂੰ ਕਿਸੇ ਲਾਭ ਲਈ ਵਰਤਿਆ ਜਾਵੇ ਤਾਂ ਠੀਕ ਹੈ ਪਰ ਇਨ੍ਹਾਂ ਦੀ ਬਰਬਾਦੀ ਕਰਨਾ, ਇਨ੍ਹਾਂ ਨੂੰ ਸਾੜਨਾ ਸਿਆਣਪ ਦੀ ਨਿਸ਼ਾਨੀ ਨਹੀਂ। ਕਦੇ ਵਿਹਲੇ ਸਮੇਂ ਮੋਬਾਈਲ ਤੋਂ ਨਿਗ੍ਹਾ ਹਟਾ ਕੇ ਕੁਝ ਦੇਰ ਲਈ ਹਵਾ ਵਿੱਚ ਲਹਿਰਾ ਰਹੀਆਂ ਟਾਹਣੀਆਂ ਵੱਲ ਦੇਖਣਾ ਕਿ ਉਹ ਕਿਸ ਤਰ੍ਹਾਂ ਆਪਸ ਵਿੱਚ ਗੱਲਾਂ ਕਰਦੀਆਂ, ਖੇਡਦੀਆਂ, ਮਸਤੀ ਕਰਦੀਆਂ ਪ੍ਰਤੀਤ ਹੋਣਗੀਆਂ।

ਮਨ ਨੂੰ ਖ਼ੁਸ਼ੀ ਨਾਲ ਭਰ ਦਿੰਦੀਆਂ ਹਨ। ਜਦੋਂ ਕਦੇ ਹਵਾ ਨਾ ਚੱਲਦੀ ਹੋਵੇ, ਪੱਤਾ ਵੀ ਨਾ ਹਿਲਦਾ ਹੋਵੇ ਤਾਂ ਇਹ ਕਿਸੇ ਤਪੱਸਵੀ ਦੀ ਤਰ੍ਹਾਂ ਸਮਾਧੀ ਵਿੱਚ ਜਾਪਦੇ ਹਨ। ਜਿਵੇਂ ਪਤਾਲ ਤੋਂ ਅਕਾਸ਼ ਤੱਕ ਇਨ੍ਹਾਂ ਦੀ ਸਿੱਧੀ ਗੱਲਬਾਤ ਹੋਵੇ ਤੇ ਇਹ ਅਡੋਲ ਖੜ੍ਹੇ ਪਤਾਲ ਧਰਤੀ ਅਕਾਸ਼ ਦਾ ਸੁਨੇਹਾ ਸਾਹ ਰੋਕ ਕੇ ਸੁਣਦੇ ਹੋਣ।

ਰੁੱਖ ਸਾਡੇ ਜੀਵਨ ਨੂੰ ਖ਼ੁਸ਼ੀਆਂ, ਖੇੜੇ ਤੇ ਰਹਿਮਤਾਂ ਬਖ਼ਸ਼ਦੇ ਹਨ। ਇਨ੍ਹਾਂ ਦੇ ਫਾਇਦੇ ਗਿਣਾਏ ਨਹੀਂ ਜਾ ਸਕਦੇ। ਸਾਡੇ ਸੁਭਾਅ ਵਿੱਚ ਕੁਦਰਤੀ ਤੌਰ 'ਤੇ ਨਿੱਤ ਦੇ ਕੰਮਾਂ ਵਿੱਚ ਰੁੱਖਾਂ ਦਾ ਖ਼ ?ਆਲ ਰੱਖਣਾ ਵੀ ਸ਼ਾਮਲ ਹੋਣਾ ਚਾਹੀਦਾ ਹੈ। ਸਾਡੇ ਵਿੱਚੋਂ ਬਹੁ-ਗਿਣਤੀ ਪਾਪ-ਪੁੰਨ ਦੀ ਧਾਰਨਾ ਵਿੱਚ ਯਕੀਨ ਰੱਖਦੀ ਹੈ। ਇਸ ਪੱਖ ਤੋਂ ਸੋਚਦਿਆਂ ਵੀ ਰੁੱਖ ਲਾਉਣਾ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਤੋਂ ਵੱਡਾ ਪੁੰਨ ਦਾ ਕੰਮ ਕੋਈ ਨਹੀਂ। ਕਿਹਾ ਜਾਂਦਾ ਹੈ ਕਿ ਇੱਕ ਖੂਹ ਲਵਾ ਕੇ ਬੰਦਾ ਉਸ ਦੇ ਤੁਪਕਿਆਂ ਜਿੰਨੇ ਸਾਲ ਸਵਰਗ ਵਿੱਚ ਰਹਿੰਦਾ ਹੈ। ਇੱਕ ਤਲਾਬ ਪੁੱਟਣ ਦਾ ਕੰਮ ਦਸ ਖੂਹਾਂ ਦੇ ਬਰਾਬਰ, ਦਸ ਤਲਾਬ ਇੱਕ ਝੀਲ ਦੇ ਬਰਾਬਰ, ਦਸ ਝੀਲਾਂ ਇੱਕ ਨੇਕ ਪੁੱਤਰ ਪ੍ਰਾਪਤੀ ਦੇ ਬਰਾਬਰ, ਦਸ ਨੇਕ ਪੁੱਤਰ ਇੱਕ ਰੁੱਖ ਦੇ ਬਰਾਬਰ ਹਨ। ਜਿਹੜਾ ਨੇਕ ਹੋਵੇਗਾ ਉਹ ਸਿਰਫ਼ ਆਪਣੇ ਲਈ ਹੀ ਨਹੀਂ ਸੋਚੇਗਾ। ਸਰਬੱਤ ਦੇ ਭਲੇ ਨਾਲ ਹੀ ਆਪਣਾ ਭਲਾ ਚਾਹੇਗਾ। ਸੋਚੋ ਇਸ ਤਰ੍ਹਾਂ ਦੇ ਦਸ ਨੇਕ ਪੁੱਤਰ ਦੁਨੀਆ ਦੀ ਭਲਾਈ ਲਈ ਜੋ ਕਰ ਸਕਦੇ ਹਨ ਓਨਾ ਇੱਕ ਰੁੱਖ ਕਰ ਦਿੰਦਾ ਹੈ। ਰੁੱਖ ਲਾਉਣ ਦਾ ਐਨਾ ਵੱਡਾ ਪੁੰਨ ਫਿਰ ਸਾਨੂੰ ਸਾਰਿਆਂ ਨੂੰ ਇਹ ਪੁੰਨ ਕਮਾ ਲੈਣਾ ਚਾਹੀਦਾ ਹੈ ਅਤੇ ਰੁੱਖਾਂ ਨੂੰ ਸਾੜਨ ਵਾਲਿਆਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਉਹ ਦਸ ਨੇਕ ਪੁੱਤਰਾਂ ਦੇ ਬਰਾਬਰ ਦੇ ਇੱਕ ਰੁੱਖ ਨੂੰ ਸਾੜ ਰਹੇ ਹਨ।

ਅਖ਼ੀਰ ਵਿੱਚ ਇਹ ਹੀ ਕਹਿ ਸਕਦੇ ਹਾਂ ਕਿ ਭਾਈ ਰੁੱਖ ਲਾਈਏ, ਭਾਵੇਂ ਪੁੰਨ ਕਰਨ ਦੀ ਖ਼ੁਸ਼ੀ ਮਹਿਸੂਸ ਕਰਨ ਲਈ, ਭਾਵੇਂ ਡਰ ਕੇ ਜਾਂ ਫਿਰ ਕੁਦਰਤ ਅਤੇ ਖਲਕਤ ਦੇ ਪਿਆਰ ਲਈ ਪਰ ਰੁੱਖ ਜ਼ਰੂਰ ਲਾਈਏ। ਜਿਹੜੇ ਇਨਸਾਨਾਂ ਨੇ ਰੁੱਖ ਲਾਉਣ ਦਾ ਬੀੜਾ ਚੁੱਕਿਆ ਹੋਇਆ ਹੈ ਉਨ੍ਹਾਂ ਨੂੰ ਦਿਲੋਂ ਸਲਾਮ ਹੈ।


SINGHS TRRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595



KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker



CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

# ਚਲ-ਚਿੱਤਰਾਂ ਨਾਲ ਮਨੋਰੰਜਨ



ਜਦੋਂ ਤੋਂ ਮਨੁੱਖ ਹੋਂਦ ਵਿੱਚ ਆਇਆ ਹੈ ਮਨੋਰੰਜਨ ਉਸ ਦੀ ਜ਼ਿੰਦਗੀ ਦੀ ਅਹਿਮ ਕੜੀ ਰਿਹਾ ਹੈ। ਸਮੇਂ ਦੇ ਨਾਲ-ਨਾਲ ਮਨੋਰੰਜਨ ਦੇ ਸਾਧਨ ਵੀ ਬਦਲਦੇ ਗਏ। ਕਦੇ ਸਮਾਂ ਸੀ ਜਦੋਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਤਾਂ ਉਸ ਸਮੇਂ ਉਹ ਸ਼ਿਕਾਰ ਖੇਡਣ ਨਾਲ ਹੀ ਮਨੋਰੰਜਨ ਕਰ ਲੈਂਦਾ ਸੀ। ਇਸ ਨਾਲ ਉਸ ਦੇ ਖਾਣ ਅਤੇ ਮਨੋਰੰਜਨ ਦੇ ਦੋਵੇਂ ਕਾਰਜ ਸਿੱਧ ਹੋ ਜਾਂਦੇ ਸਨ, ਪਰ ਜਿਉਂ-ਜਿਉਂ ਮਨੁੱਖ ਵਿਕਾਸ ਦੀ ਪੌੜੀ ਚੜ੍ਹਦਾ ਗਿਆ ਤਾਂ ਉਹ ਮਨੋਰੰਜਨ ਦੇ ਸਾਧਨ ਵੀ ਵੱਖ-ਵੱਖ ਲੱਭਦਾ ਗਿਆ। ਅੱਜ ਭਾਵੇਂ ਵਿਗਿਆਨ ਦੀ ਮਹਾਨ ਉੱਨਤੀ ਸਦਕਾ ਮਨੁੱਖ ਕੋਲ ਮਨੋਰੰਜਨ ਦੇ ਬਹੁਤ ਸਾਰੇ ਸਾਧਨ ਮੌਜੂਦ ਹਨ, ਪਰ ਜੇ ਅਸੀਂ 60-70 ਸਾਲ ਪਹਿਲਾਂ ਦੇ ਪੰਜਾਬ ਦੀ ਗੱਲ ਕਰੀਏ ਤਾਂ ਮਨੋਰੰਜਨ ਦੇ ਸਾਧਨ ਬਹੁਤ ਸੀਮਤ ਸਨ ਅਤੇ ਜੋ ਹੈ ਵੀ ਸਨ, ਉਹ ਵੀ ਮੁੱਢਲੀ ਜ਼ਰੂਰਤ ਵਾਲੇ ਹੀ ਸਨ।

ਮਨੁੱਖ ਦਾ ਮਨ ਬਹੁਤ ਚੰਚਲ ਹੈ ਅਤੇ ਚੰਚਲ ਮਨ ਨੂੰ ਮਨੋਰੰਜਨ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ। ਆਜ਼ਾਦੀ ਤੋਂ ਪਹਿਲਾਂ ਪੰਜਾਬ ਬਹੁਤ ਵਿਕਸਤ ਨਹੀਂ ਸੀ। ਉਸ ਸਮੇਂ ਮਨੁੱਖ ਮਨੋਰੰਜਨ ਲਈ ਕੁਝ ਖੇਡਾਂ ਦਾ ਸਹਾਰਾ ਲੈਂਦਾ ਸੀ ਜਾਂ ਫਿਰ ਪਸ਼ੂ-ਪੰਛੀਆਂ ਨੂੰ ਪਾਲ ਕੇ, ਉਨ੍ਹਾਂ ਨਾਲ ਆਪਣਾ ਮਨ ਪਰਚਾਉਂਦਾ ਸੀ। ਉਦਾਹਰਨ ਦੇ ਤੌਰ 'ਤੇ ਪਿੰਡਾਂ ਦੇ ਲੋਕ ਕਬੂਤਰ ਪਾਲਦੇ ਅਤੇ ਉਨ੍ਹਾਂ ਦੀ ਉਡਾਣ ਨਾਲ ਮਨੋਰੰਜਨ ਕਰਦੇ ਸਨ। ਕਈ ਤੋਤਿਆਂ-ਚਿੜੀਆਂ ਨੂੰ ਪਾਲਤੂ ਬਣਾ ਕੇ ਵੀ ਆਪਣਾ ਸ਼ੌਕ ਪੂਰਾ ਕਰਦੇ ਸਨ ਕਿਉਂਕਿ ਉਸ ਸਮੇਂ ਅੱਜ ਵਰਗੇ ਟੀਵੀ, ਸਿਨੇਮਾ, ਰੇਡੀਓ, ਰੰਗੀਨ ਫਿਲਮਾਂ ਜਾਂ ਅੱਜਕੱਲ੍ਹ ਵਾਲੇ ਮੋਬਾਈਲ ਫੋਨ ਨਹੀਂ ਸਨ, ਪਰ ਫਿਰ ਵੀ ਆਪਣੇ ਮਨ ਦੀ ਖ਼ੁਸ਼ੀ ਲਈ ਉਹ ਮਨੋਰੰਜਨ ਦਾ ਕੋਈ ਨਾ ਕੋਈ ਸਾਧਨ ਲੱਭ ਹੀ ਲੈਂਦੇ ਸਨ।

ਇਸ ਮਨੋਰੰਜਨ ਲਈ ਪਿੰਡਾਂ ਵਿੱਚ ਲੋਕਾਂ ਨੇ ਗਾਉਣ-ਵਜਾਉਣ ਅਤੇ ਕੁਝ ਦੇਸੀ ਪੰਜਾਬੀ ਖੇਡਾਂ ਨੂੰ ਆਪਣੇ ਮਨੋਰੰਜਨ ਲਈ ਅਪਣਾ ਲਿਆ। ਔਰਤਾਂ ਵਿੱਚ ਨੱਚਣਾ ਤੇ ਗਾਉਣਾ ਵਿਕਸਤ ਹੋਇਆ। ਮਰਦਾਂ ਨੇ ਗਾਉਣ ਦੇ ਅਖਾੜੇ, ਝੁਰਮਟ, ਰਾਸ ਲੀਲਾ ਜਾਂ ਡਰਾਮੇ ਖੇਡਣ ਨੂੰ ਆਪਣੇ ਮਨੋਰੰਜਨ ਦਾ ਸਾਧਨ ਬਣਾ ਲਿਆ। ਪਰ ਜਦੋਂ ਸਮਾਂ ਚਲ-ਚਿੱਤਰਾਂ ਦਾ ਆਇਆ ਤਾਂ ਪੇਂਡੂ ਲੋਕਾਂ ਲਈ ਇਹ ਇੱਕ ਵਰਦਾਨ ਹੀ ਸਾਬਤ ਹੋਇਆ।

ਚਲ-ਚਿੱਤਰਾਂ ਨੂੰ ਪੇਂਡੂ ਲੋਕ ਬਹੁਤ ਦਿਲਚਸਪੀ ਅਤੇ ਨੀਝ ਨਾਲ ਦੇਖਦੇ ਸਨ। ਉਹ ਹੈਰਾਨ ਹੁੰਦੇ ਸਨ ਕਿ ਕਿਸ ਤਰ੍ਹਾਂ ਤਸਵੀਰਾਂ ਚੱਲ ਰਹੀਆਂ ਹਨ ਅਤੇ ਕੋਈ ਨਾ ਕੋਈ ਸੁਨੇਹਾ ਵੀ ਦੇ ਜਾਂਦੀਆਂ ਹਨ।

ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਪਿੰਡਾਂ ਵਿੱਚ ਦਿਖਾਏ ਜਾਣ ਵਾਲੇ ਚਲ-ਚਿੱਤਰ ਲੋਕਾਂ ਲਈ ਬਹੁਤ ਖਿੱਚ ਦਾ ਕੇਂਦਰ ਬਣਦੇ ਸਨ। ਭਾਵੇਂ ਇਹ ਚਲ-ਚਿੱਤਰ ਬਲੈਕ ਅਤੇ ਵ੍ਹਾਈਟ ਹੀ ਹੁੰਦੇ ਸਨ ਅਤੇ ਸ਼ੁਰੂ-ਸ਼ੁਰੂ ਵਿੱਚ ਤਾਂ ਤਸਵੀਰਾਂ ਬੋਲਦੀਆਂ ਵੀ ਨਹੀਂ ਸਨ, ਪਰ ਜਦੋਂ ਕਦੇ ਵੀ ਕਿਸੇ ਸਰਕਾਰੀ ਮਹਿਕਮੇ ਵਾਲੇ ਕਰਿੰਦੇ, ਇਹ ਚਲ-ਚਿੱਤਰ ਪਿੰਡਾਂ ਵਿੱਚ ਦਿਖਾਉਣ ਆਉਂਦੇ ਤਾਂ ਉਨ੍ਹਾਂ ਨੂੰ ਦੇਖਣ ਲਈ ਲੋਕਾਂ ਦੀ ਭੀੜ ਲੱਗ ਜਾਂਦੀ। ਲੋਕ ਪਰਦਿਆਂ ਦੇ ਨੇੜੇ ਹੋ ਕੇ ਬੈਠਦੇ, ਉਨ੍ਹਾਂ ਨੂੰ ਪਰਦਿਆਂ 'ਤੇ ਚੱਲਦੀਆਂ ਤਸਵੀਰਾਂ ਬਹੁਤ ਅਜੀਬ ਲੱਗਦੀਆਂ ਅਤੇ ਉਹ ਇਨ੍ਹਾਂ ਨਾਲ ਖ਼ੂਬ ਮਨੋਰੰਜਨ ਕਰਦੇ। ਸਰਕਾਰਾਂ ਨੇ ਵੀ ਇਸ ਗੱਲ ਦਾ ਭਰਪੂਰ ਫਾਇਦਾ ਲਿਆ। ਉਹ ਆਪਣੀ ਕੋਈ ਵਿਕਾਸ ਦੀ ਗਤੀਵਿਧੀ ਲੋਕਾਂ ਤੱਕ ਪਹੁੰਚਾਉਣ ਲਈ ਉਸ ਸਬੰਧੀ ਚਲ-ਚਿੱਤਰਾਂ ਦਾ ਸਹਾਰਾ ਲੈਂਦੀਆਂ।

ਮੈਨੂੰ ਯਾਦ ਹੈ ਕਿ ਜਦੋਂ ਪੰਜਾਬ ਵਿੱਚ ਸਿਹਤ ਵਿਭਾਗ ਨੇ ਪਰਿਵਾਰ ਨਿਯੋਜਨ ਦਾ ਕੋਈ ਪ੍ਰਚਾਰ ਕਰਨਾ ਹੁੰਦਾ ਸੀ ਤਾਂ ਪਿੰਡਾਂ ਵਿੱਚ ਸਿਹਤ ਵਿਭਾਗ ਦੇ ਕਰਿੰਦੇ ਜਾਂ ਸਰਕਾਰੀ ਮੁਲਾਜ਼ਮ ਪਿੰਡਾਂ ਵਿੱਚ ਲੋਕਾਂ ਨੂੰ ਪਰਿਵਾਰ ਨਿਯੋਜਨ ਬਾਰੇ ਸਮਝਾਉਣ ਲਈ ਚਲ-ਚਿੱਤਰਾਂ ਰਾਹੀਂ ਲੋਕਾਂ ਦੇ ਮਨਾਂ ਤੱਕ ਜਾ ਉਤਰਦੇ ਸਨ। ਵਧ ਰਹੀ ਆਬਾਦੀ ਨੂੰ ਕਾਬੂ ਕਰਨ ਜਾਂ ਪਰਿਵਾਰ ਨੂੰ ਛੋਟਾ ਰੱਖਣ ਲਈ ਉਹ ਤਰ੍ਹਾਂ ਤਰ੍ਹਾਂ ਦੇ ਚਲ-ਚਿੱਤਰਾਂ ਰਾਹੀਂ ਲੋਕਾਂ ਨੂੰ ਜਾਗਰੂਕ ਕਰਦੇ। ਇਸ ਤਰ੍ਹਾਂ ਜਿੱਥੇ ਇਹ ਲੋਕਾਂ ਦੇ ਮਨੋਰੰਜਨ ਦਾ ਵਧੀਆ ਸਾਧਨ ਸਨ ਤਾਂ ਉੱਥੇ ਹੀ ਉਨ੍ਹਾਂ ਨੂੰ ਸਮਾਜਿਕ ਕੁਰੀਤੀਆਂ ਬਾਰੇ ਵੀ ਜਾਗਰੂਕ ਕਰਨ ਵਿੱਚ ਪੂਰੀ ਤਰ੍ਹਾਂ ਸਹਾਈ ਹੁੰਦੇ ਸਨ। ਜਦੋਂ ਵੀ ਕਿਸੇ ਪਿੰਡ ਵਿੱਚ ਚਲ-ਚਿੱਤਰਾਂ ਵਾਲੀਆਂ ਟੀਮਾਂ ਪਹੁੰਚਦੀਆਂ ਸਨ, ਪਿੰਡ ਦੇ ਲੋਕ ਆਪਣੇ ਘਰ ਦੇ ਸਾਰੇ ਕੰਮਕਾਜ ਛੱਡ ਕੇ ਇਨ੍ਹਾਂ ਨੂੰ ਦੇਖਣ ਲਈ ਜ਼ਰੂਰ ਇਕੱਠੇ ਹੋ ਜਾਂਦੇ। ਸ਼ਹਿਰਾਂ ਵਿੱਚ ਵੀ ਅਜੇ ਸਿਨੇਮਾ ਨਹੀਂ ਸੀ ਬਣੇ ਤਾਂ ਬਹੁਤਾ ਮਨੋਰੰਜਨ ਲੋਕ ਇਨ੍ਹਾਂ ਚਲ-ਚਿੱਤਰਾਂ ਰਾਹੀਂ ਹੀ ਕਰਦੇ ਸਨ।

ਫਿਰ ਜਦੋਂ ਸ਼ਹਿਰਾਂ ਵਿੱਚ ਵੱਡੇ ਪਰਦੇ ਵਾਲੇ ਸਿਨੇਮਾ ਘਰ ਤਿਆਰ ਹੋ ਗਏ ਤਾਂ ਉਨ੍ਹਾਂ 'ਤੇ ਵੀ ਬਲੈਕ ਅਤੇ ਵ੍ਹਾਈਟ ਛੋਟੀਆਂ ਫਿਲਮਾਂ ਹੀ ਦਿਖਾਈਆਂ ਜਾਂਦੀਆਂ ਸਨ। ਪਿੰਡਾਂ ਦੇ ਲੋਕ ਵੀ ਸ਼ਹਿਰਾਂ ਵਿੱਚ ਇਹ ਫਿਲਮਾਂ ਦੇਖਣ ਜਾਣ ਲੱਗੇ ਅਤੇ ਹੈਰਾਨ ਹੁੰਦੇ ਕਿ ਕਿਵੇਂ ਘੋੜੇ ਭੱਜੇ ਆਉਂਦੇ ਹਨ ਜਾਂ ਹੀਰੋ ਅਤੇ ਹੀਰੋਇਨ ਦੀ ਪਿਆਰ ਕਹਾਣੀ ਸੁਣ ਕੇ ਉਹ ਬਹੁਤ ਅਨੰਦਿਤ ਹੁੰਦੇ। ਜੇ ਕੋਈ ਪਿੰਡ ਦਾ ਬੰਦਾ ਇਹ ਚਲ-ਚਿੱਤਰਾਂ ਵਾਲੀ ਫਿਲਮ ਦੇਖ ਕੇ ਮੁੜਦਾ ਤਾਂ ਉਹ ਸਾਰੇ ਪਿੰਡ ਵਿੱਚ ਦੱਸਦਾ ਫਿਰਦਾ।

ਸਮੇਂ ਦੀ ਚਾਲ ਅਤੇ ਵਿਗਿਆਨ ਦੇ ਵਿਕਾਸ ਨਾਲ ਉਹ ਚਲ-ਚਿੱਤਰ ਬੋਲਦੀਆਂ ਤਸਵੀਰਾਂ ਵਿੱਚ ਬਦਲ ਗਏ ਅਤੇ ਬੜੀ ਤੇਜ਼ੀ ਨਾਲ ਇਸ ਪਾਸੇ ਤਰੱਕੀ ਹੋਣ ਨਾਲ ਰੰਗਦਾਰ ਤਸਵੀਰਾਂ ਜੋ ਬੋਲਦੀਆਂ, ਨੱਚਦੀਆਂ ਟੱਪਦੀਆਂ

**ਬਹਾਦਰ ਸਿੰਘ ਗੋਸਲ**

ਅਤੇ ਸਭ ਕੁਝ ਕਰਦੀਆਂ ਸਨ, ਲੋਕਾਂ ਦੇ ਦਿਲਾਂ ਨੂੰ ਭਾਅ ਗਈਆਂ ਅਤੇ ਲੋਕ ਫਿਲਮਾਂ ਦੇ ਦੀਵਾਨੇ ਬਣ ਗਏ। ਇਸੇ ਲੜੀ ਵਿੱਚ ਰੇਡੀਓ ਅਤੇ ਫਿਰ ਬਲੈਕ ਅਤੇ ਵ੍ਹਾਈਟ ਟੀਵੀ ਨੇ ਲੋਕਾਂ ਦਾ ਮਨੋਰੰਜਨ ਸ਼ੁਰੂ ਕਰ ਦਿੱਤਾ। ਸ਼ੁਰੂ-ਸ਼ੁਰੂ ਵਿੱਚ ਜਦੋਂ ਪਿੰਡਾਂ ਵਿੱਚ ਟੀਵੀ ਆਏ ਤਾਂ ਪਿੰਡਾਂ ਦੇ ਨਿਆਣੇ-ਸਿਆਣੇ ਉਸ ਟੀਵੀ ਦੇ ਅੱਗੇ ਕਤਾਰਾਂ ਬਣਾ ਕੇ ਬੈਠ ਜਾਂਦੇ। ਫਿਰ ਪਿੰਡ-ਪਿੰਡ ਬਿਜਲੀ ਆਉਣ ਨਾਲ ਹੀ ਰੰਗਦਾਰ ਟੀਵੀ ਵੀ ਬਾਜ਼ਾਰ ਵਿੱਚ ਆ ਗਏ ਅਤੇ ਬੜੀ ਤੇਜ਼ੀ ਨਾਲ ਥੋੜ੍ਹੇ ਸਮੇਂ ਵਿੱਚ ਹੀ ਘਰ-ਘਰ ਰੰਗੀਨ ਟੀਵੀ ਆ ਗਏ। ਪਿੰਡਾਂ ਦੇ ਕੋਠਿਆਂ ਉੱਤੇ ਉੱਚੇ-ਉੱਚੇ ਐਂਟੀਨੇ ਨਜ਼ਰ ਆਉਣ ਲੱਗੇ ਜੋ ਇਸ ਗੱਲ ਦੀ ਗਵਾਹੀ ਭਰਦੇ ਸਨ ਕਿ ਉਸ ਘਰ ਵਿੱਚ ਟੀਵੀ ਲੱਗਾ ਹੈ। ਇਸ ਲਈ ਇਨ੍ਹਾਂ ਐਂਟੀਨਿਆਂ ਦੀ ਗਿਣਤੀ ਵਧਦੀ ਹੀ ਗਈ। ਹੁਣ ਤਾਂ ਰੇਡੀਓ ਜਾਂ ਰੰਗਦਾਰ ਟੀਵੀ ਕੀ, ਸਭ ਕੁਝ ਹੀ ਮਨੁੱਖ ਦੀ ਮੁੱਠੀ ਵਿੱਚ ਆ ਗਿਆ ਹੈ ਅਤੇ ਮੋਬਾਈਲ ਦੇ ਰੂਪ ਵਿੱਚ ਮਨੁੱਖ ਦੇ ਮਨੋਰੰਜਨ ਦਾ ਸਾਧਨ ਵੀ ਅਨੋਖਾ ਹੋ ਗਿਆ ਹੈ।

ਇੱਥੇ ਇਹ ਗੱਲ ਦੱਸਣੀ ਵੀ ਬਹੁਤ ਜ਼ਰੂਰੀ ਹੈ ਕਿ ਪੁਰਾਣੇ ਸਮਿਆਂ ਵਿੱਚ ਲੋਕਾਂ ਅਤੇ ਖ਼ਾਸ ਕਰਕੇ ਬੱਚਿਆਂ ਦਾ ਮਨੋਰੰਜਨ ਕਰਨ ਲਈ ਪਿੰਡਾਂ ਵਿੱਚ ਡੱਬਿਆਂ ਵਿੱਚ ਚਲ-ਚਿੱਤਰ ਦਿਖਾਉਣ ਵਾਲੇ ਵੀ ਆਮ ਹੀ ਆ ਜਾਂਦੇ ਸਨ। ਉਨ੍ਹਾਂ ਦਾ ਚਿੱਤਰ ਦਿਖਾਉਣ ਦਾ ਢੰਗ, ਬੱਚਿਆਂ ਦਾ ਇਹੋ ਜਿਹਾ ਮਨੋਰੰਜਨ ਕਰਦਾ ਕਿ ਪਿੰਡ ਦਾ ਸ਼ਾਇਦ ਹੀ ਕੋਈ ਬੱਚਾ ਹੋਵੇਗਾ ਜਿਸ ਨੇ ਉਹ ਡੱਬਿਆਂ ਵਾਲੇ ਚੱਲ-ਚਿੱਤਰ ਨਹੀਂ ਸੀ ਦੇਖੇ। ਜਦੋਂ ਉਹ ਡੱਬੇ ਵਾਲੇ ਚਲ-ਚਿੱਤਰ ਵਾਲਾ ਭਾਈ ਆਪਣੀ ਰੋਜ਼ੀ-ਰੋਟੀ ਲਈ ਪਿੰਡ ਵਿੱਚ ਜਾ ਕੇ ਆਵਾਜ਼ ਲਗਾਉਂਦਾ, "ਬਾਰਾਂ ਮਣ ਦੀ ਧੋਬਣ ਦੇਖੋ, ਦਿੱਲੀ ਦਾ ਲਾਲ ਕਿਲ੍ਹਾ ਅਤੇ ਆਗਰੇ ਦਾ ਤਾਜ ਮਹੱਲ ਦੇਖੋ' ਤਾਂ ਬੱਚੇ ਮਨੋਰੰਜਨ ਦਾ ਇਹ ਪਲ ਬਿਲਕੁਲ ਨਾ ਗੁਆਉਂਦੇ। ਇਸੇ ਤਰ੍ਹਾਂ ਜਦੋਂ ਪਿੰਡਾਂ ਵਿੱਚ ਆਵਾਜ਼ ਵਾਲੇ ਰਿਕਾਰਡ ਮਿਲਣ ਲੱਗੇ ਤਾਂ ਪਿੰਡਾਂ ਵਿੱਚ ਕਈ ਲੋਕਾਂ ਨੇ ਗਾਉਣ ਵਾਲੀਆਂ ਡੱਬਾ ਮਸ਼ੀਨਾਂ ਲੈ ਲਈਆਂ। ਇਨ੍ਹਾਂ ਮਸ਼ੀਨਾਂ ਤੋਂ ਰਿਕਾਰਡ ਸੁਣਨ ਲਈ ਵੀ ਬੱਚੇ ਉਸ ਮਸ਼ੀਨ ਵਾਲੇ ਘਰ ਵੱਲ ਵਹੀਰਾ ਘੱਤ ਲੈਂਦੇ।

ਹੁਣ ਇਹ ਸਭ ਬੀਤੇ ਦੀਆਂ ਗੱਲਾਂ ਬਣ ਗਈਆਂ ਹਨ। ਹੁਣ ਮਨੋਰੰਜਨ ਦੇ ਖੇਤਰ ਵਿੱਚ ਕ੍ਰਾਂਤੀ ਆ ਚੁੱਕੀ ਹੈ। ਮੋਬਾਈਲ 'ਤੇ ਇੰਟਰਨੈੱਟ ਦੀ ਸੁਵਿਧਾ ਨੇ ਸਭ ਕੁਝ ਹੀ ਇਨਸਾਨ ਦੀ ਮੁੱਠੀ ਵਿੱਚ ਕਰ ਦਿੱਤਾ ਹੈ। ਹੁਣ ਉਹ ਜਦੋਂ ਜੋ ਚਾਹੇ ਦੇਖ ਸਕਦਾ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX
IFTA

Amarjit S Bir
amarjit@uscipp.org
Lic#0I15593CA
Ph: (925)318-1247

## ਸਾਂਝਾਂ

ਹਿੰਦੂ-ਮੁਸਲਿਮ ਸਾਂਝਾਂ, ਭਟਕਣ,ਧੜਿਆਂ ਵਿਚ।
ਲੋਕ-ਮਨਾਂ ਦੇ ਅੱਥਰੂ ਛਲਕਣ ਘੜਿਆਂ ਵਿਚ।

ਉਂਝ ਤਾਂ ਲੋਕ ਬਥੇਰੇ ਕਹਿਣ 'ਅਜ਼ਾਦ' ਅਸੀਂ,
ਐਪਰ ਸਭ ਦੇ ਹਾਸੇ ਧੜਕਣ, ਘੜਿਆਂ ਵਿਚ।

ਲੰਬੀ ਸਾਂਝ ਦੀਆਂ ਤਕਲੀਫਾਂ ਵਧ ਗਈਆਂ,
ਤੱਤੇ-ਬੋਲ, ਇਸ਼ਾਰੇ ਗੜ੍ਹਕਣ,ਧੜਿਆਂ ਵਿਚ।

ਠਿੱਬੀ ਦੇ ਕੇ ਸਿੱਟਣ ਨੂੰ ਸਭ ਕਾਹਲੇ ਹਨ,
ਜ਼ੋਰ ਅਜ਼ਮਾਈ ਡਾਗਾਂ ਖੜਕਣ ਖੜਿਆਂ ਵਿਚ।

ਰੋਸ ਮੁਜ਼ਾਹਰਾ, ਧਰਨੇ ਲੱਗਣ ਲੱਗੇ ਨੇ,
ਉੱਚੀ ਸੁਰ ਵਿਚ ਨਾਅਰੇ ਟਣਕਣ, ਪੜ੍ਹਿਆਂ ਵਿਚ।

ਪੁੱਤ ਵਿਛੋੜੇ ਅੰਦਰ ਮਾਪੇ ਤੜਫ਼ ਰਹੇ,
ਆਪ ਮੁਹਾਰੇ ਹੰਝੂ ਛਲਕਣ, ਘੜਿਆਂ ਵਿਚ।

ਛਿੱਤਰ ਪੌਲੇ ਨਾਲ ਵਿਚੋਲਾ ਸਹਿਮ ਗਿਆ,
ਨਿੱਤ ਹੀ ਡਾਗਾਂ ਸੋਟੇ, ਖੜਕਣ ਛੜਿਆਂ ਵਿਚ।

ਨੇਤਾ ਜੀ ਜਦ 'ਗੁਲਸ਼ਨ' ਬਾਜ਼ੀ ਹਾਰ ਗਏ,
ਸਾਥੀ ਸਾਰੇ ਔੜਰੇ, ਭਟਕਣ ਧੜਿਆ ਵਿਚ।

- ਗੁਲਸ਼ਨ ਮਿਰਜ਼ਾਪੁਰੀ

## ਪਾਣੀ ਹੈ ਅਨਮੋਲ

ਪਾਣੀ ਹੈ ਅਨਮੋਲ ਓ ਬੰਦਿਆ,
ਪਾਣੀ ਹੈ ਅਨਮੋਲ।
ਵਰਤੋਂ ਕਰੇ ਬਿਨਾਂ ਨਈਂ ਸਰਨਾ,
ਪਰ ਨਾ ਫਾਲਤੂ ਡੋਲ੍ਹ।

ਕੁਦਰਤ ਰਾਣੀ ਨੇ ਸਭਨਾਂ ਲਈ,
ਥਾਂ ਥਾਂ ਛਬੀਲਾਂ ਲਾਈਆਂ ਸੀ।
ਪਸ਼ੂ ਪੰਛੀਆਂ ਵਰਤਿਆ ਪਰ ਅਸੀਂ,
ਧਜੀਆਂ ਖੂਬ ਉਡਾਈਆਂ ਸੀ।
ਇੱਕ ਨਹੀਂ ਅਸੀਂ ਹਰ ਖੇਤਰ ਵਿੱਚ ,
ਪਾ ਰੱਖਿਐ ਘਮਸੋਲ੍ਹ।

ਪੰਜ ਤੱਤਾਂ ਤੋਂ ਬਣੀਂ ਹੋਈ ਹੈ,
ਸਭ ਦੇ ਜਿਸਮ ਦੀ ਕਾਇਆ।
ਉਹਨਾਂ 'ਚੋਂ ਇੱਕ ਪਾਣੀ ਦਾ ਅਸੀਂ,
ਬੜਾ ਈ ਮਜਾਕ ਬਣਾਇਆ।
ਸੰਜਮ ਨਾਲ਼ ਹਰ ਚੀਜ ਵਰਤੀਏ ,
ਜਿਹੜੀ ਵੀ ਸਾਡੇ ਕੋਲ਼।

ਅੱਜ ਬੂੰਦ ਬੂੰਦ ਨੂੰ ਤਰਸ ਰਿਹਾ ਏ,
ਪੰਜ-ਆਬ ਦਾ ਸੂਬਾ।
ਰੇਗਿਸਤਾਨ ਦਾ ਰੂਪ ਧਾਰ 'ਜੂ,
ਕਦੇ ਸੀ ਅਜਬ ਅਜੂਬਾ।
ਤੂੰ ਕਿਹੜੀ ਗੱਲ ਤੋਂ ਚੁੱਪ ਧਾਰ 'ਲੀ,
ਕੁੱਝ ਤਾਂ ਮੂੰਹੋਂ ਬੋਲ।

ਹਾਲੇ ਵੀ ਜੇਕਰ ਜੀਰੀ ਬੀਜਣੀਂ,
ਬੰਦ ਅਸਾਂ ਨਾ ਕੀਤੀ।
ਪਿਆਰ ਨਾਲ ਸਮਝਾ ਕੇ ਜਨਤਾ,
ਪਾਬੰਦ ਅਸਾਂ ਨਾ ਕੀਤੀ।
ਹਰ ਮੁਸ਼ਕਲ ਦਾ ਹੱਲ ਹੈ ਜੇਕਰ,
ਲਈਏ ਦਿਮਾਗ ਫਰੋਲ੍ਹ।

ਮੀਂਹ ਦਾ ਪਾਣੀ ਮੋੜ ਮੋੜ ਕੇ,
ਧਰਤੀ ਦੇ ਵਿੱਚ ਪਾਈਏ।
ਬਿਨਾਂ ਗਿਣੇਂ ਤੋਂ ਰੁੱਖ ਲਗਾਈਏ,
ਤੇ ਲੱਗੇ ਹੋਏ ਬਚਾਈਏ।
ਰੁਲਦੂ ਰਹੇ ਸਮਝਾਉਂਦਾ ਪਰ ਅਸੀਂ
ਕਰਦੇ ਹਾਂ ਟਾਲ਼ ਮਟੋਲ਼।

ਮੂਲ ਚੰਦ ਸ਼ਰਮਾ

## ਮਾਂ ਬੋਲੀ ਕਿ

ਅੰਬਰਸਰਨੀ ਤਾਈ ਹੈ ਇੱਕ।
ਦਿੱਲੀ ਵਾਲੀ ਭਰਜਾਈ ਹੈ ਇੱਕ।
ਗਵਾਂਢਣ ਇੱਕ ਹਿਮਾਚਲ ਤੋਂ ਹੈ।
ਚਾਚੀ ਵੀ ਉਤਰਾਂਚਲ ਤੋਂ ਹੈ।

ਮਾਝੀ ਦੇ ਵਿੱਚ ਤਾਈ ਬੋਲਦੀ।
ਸ਼ੁੱਧ ਹਿੰਦੀ ਭਰਜਾਈ ਬੋਲਦੀ।
ਗਵਾਂਢਣ ਬੋਲੇ ਸਦਾ ਪਹਾੜੀ।
ਗੜ੍ਹਵਾਲੀ ਚਾਚੀ ਨੂੰ ਪਿਆਰੀ।

ਪਰ ਸਭਨਾਂ ਦੀ ਜਿੰਨੀ ਔਲਾਦ।
ਜੰਮੀ ਪਲ਼ੀ ਹੈ ਵਿੱਚ ਪੁਆਧ।
ਸਿਰਫ ਪੁਆਧੀ ਬੋਲਣ ਸਾਰੇ।
ਇੱਤਰਾਂ, ਕਿੱਤਰਾਂ, ਥ੍ਹਾਰੇ, ਮ੍ਹਾਰੇ।

ਕੋਈ ਨਾ ਬੋਲੇ ਮਾਂ ਦੀ ਬੋਲੀ।
ਬੋਲਣ ਬੱਸ ਗਰਾਂ ਦੀ ਬੋਲੀ।
ਬੋਲਦੇ ਨੇ ਜੋ ਪਿਉ, ਪੜਦਾਦੇ।
ਜਾਂ ਸੀ ਬੋਲਦੇ ਲੱਗੜਦਾਦੇ।

ਫੇਰ ਇਹਨਾਂ ਦੀ ਇਹ ਜੋ ਬੋਲੀ।
ਮਾਂ ਬੋਲੀ ਹੈ ਜਾਂ ਪਿਉ ਬੋਲੀ ?
ਚੱਲੋ ਚੱਕਰਾਂ ਵਿੱਚ ਨਾ ਪਈਏ।
ਗੱਲ ਸਰਸਰੀ ਕਰ ਹੀ ਲਈਏ।

ਅਸਲ 'ਚ ਮਾਂ ਬੋਲੀ ਹੈ ਤਾਂ।
ਬੱਚਾ ਜੰਮੇ ਕਿਸੇ ਵੀ ਥਾਂ।
ਬੁੱਝੇ ਜਦ ਰਿਸ਼ਤਿਆਂ ਦੇ ਨਾਂ।
ਸਭ ਤੋਂ ਪਹਿਲਾਂ ਆਖੇ ਮਾਂ।

ਮੋਮ, ਮੰਮੀ ਜਾਂ ਮਾਈ ਆਖੇ।
ਬੇਬੇ ਜਾਂ ਫਿਰ ਝਾਈ ਆਖੇ।
ਹੋਰ ਹੋਵੇ ਕੋਈ ਪਾਲਣਹਾਰ।
ਮਾਂ ਕਹਿਕੇ ਹੀ ਲਵੇ ਪਿਆਰ।

ਸੋ ਬੋਲੀ ਨੂੰ ਕਹਿਣਾ ਮਾਂ।
ਸਿਰਫ ਹੈ ਇੱਕ ਜਜਬਾਤੀ ਨਾਂ।
ਕੁੱਝ ਵੀ ਹੈ ਪਰ ਜਚਦਾ ਬਹੁਤ ਹੈ।
ਫਬਦਾ, ਸੋਂਹਦਾ, ਪਚਦਾ ਬਹੁਤ ਹੈ।

ਸਿਆਣਿਆਂ ਏਥੇ ਸਿਆਣਪ ਵਰਤੀ।
ਰਿਸ਼ਤੇ ਵਰਗੀ ਬੋਲੀ ਕਰਤੀ।
ਭਰ ਦਿੱਤੇ ਨੇ ਗੂੜ੍ਹੇ ਰੰਗ।
ਮੋਹ, ਮਮਤਾ ਤੇ ਲਾਡ ਦੇ ਸੰਗ।

ਨਾਮ ਨੁਮ ਹੈ ਛੋਟਾ ਮਸਲਾ।
ਨਹੀਂ ਵੱਡਾ ਜਾਂ ਮੋਟਾ ਮਸਲਾ।
ਮਸਲਾ ਬੱਸ ਪਕਿਆਈ ਦਾ ਹੈ।
ਰੁਸ਼ਨਾਈ, ਸੌਖਿਆਈ ਦਾ ਹੈ।

ਘੜਾਮੇਂ ਵਾਲਿਆਂ ਛੱਡ ਵੀ ਗੱਲ।
ਧਿਆਨ ਜਰਾ ਧਰ ਆਪਣੇ ਵੱਲ।
ਗੁਰਬਿੰਦਰ ਨੂੰ ਕੌਣ ਪਛਾਣੇ ?
ਜੋ ਜਾਣੇ ਰੋਮੀ ਨੂੰ ਜਾਣੇ।
ਜੋ ਜਾਣੇ ਬੱਸ ਰੋਮੀ ਜਾਣੇ।

ਰੋਮੀ ਘੜਾਮੇਂ ਵਾਲਾ।
98552-81105

## ਨਾ ਪੜ੍ਹਿਆ ਕਰ

ਬਹੁਤੇ ਚਿਹਰੇ ਨਾ ਪੜ੍ਹਿਆ ਕਰ
ਉੱਡਦੇ ਬਾਜ਼ ਨਾ ਫੜਿਆ ਕਰ
ਕੋਈ ਕਿੱਦਾਂ, ਕੋਈ ਕਿੱਦਾਂ ਦਾ
ਐਵੇਂ ਨਾ ਕਲਮ ਨਾਲ ਲੜਿਆ ਕਰ।

ਕੋਈ ਉੱਤੋਂ ਸਾਫ਼ ਅੰਦਰੋਂ ਕਾਲਾ ਏ
ਜ਼ਿੰਦਗੀ ਵਿੱਚ ਘਾਲਾ ਮਾਲਾ ਏ
ਅਲਫਾਜ਼ ਥੋੜ੍ਹੇ ਜਿਹੇ ਘੜਿਆ ਕਰ
ਐਵੇਂ ਨਾ ਕਿਸੇ ਨਾਲ ਲੜਿਆ ਕਰ।

ਕੋਈ ਚਿਹਰਾ ਖਾਸ ਤੇ ਕੋਈ ਆਮ ਏ
ਸੁਖਚੈਨ, ਤੇਂ ਤਾਂ ਪਹਿਲਾਂ ਬਦਨਾਮ ਏ
ਅੰਦਰ ਬਿਨਾਂ ਪੁੱਛੇ ਨਾ ਵੜਿਆ ਕਰ
ਐਵੇਂ ਨਾ ਕਿਸੇ ਨਾਲ ਲੜਿਆ ਕਰ।

ਕੋਈ ਚਿਹਰਾ ਮੁਰਝਾਇਆ ਏ
ਕਿਸੇ ਨੇ ਹਾਸੜ ਪਾਇਆ ਏ
ਚੰਗੀ ਤਰ੍ਹਾਂ ਕਲਮ ਤੂੰ ਫੜਿਆ ਕਰ
ਐਵੇਂ ਨਾ ਕਿਸੇ ਨਾਲ ਲੜਿਆ ਕਰ।
ਮਜ਼ਾ ਹੀ ਕੁਝ ਹੋਰ ਸੀ!

- ਸੁਖਚੈਨ ਸਿੰਘ

## ਮਿੱਤਰਤਾ ਦਿਵਸ

ਹਾਲ-ਏ- ਦਿਲ ਕਹਿਣ
ਤੇ ਸੁਨਣ ਦੀ ਉਤਸੁਕਤਾ
ਵਿਚ ਪਲਦਾ ਰਿਸ਼ਤਾ,
ਰੂਹ ਦਾ ਸਕੂਨ
ਉਲਝਣਾਂ ਦੀ ਸੁਲਝਣ
ਜ਼ਿੰਦਗੀ ਦੀ ਕਮਾਈ
ਵਫ਼ਾ ਦਾ ਹੱਕਦਾਰ
ਔਖੇ ਵੇਲੇ ਪਹਾੜ ਬਣ
ਨਾਲ ਖੜਦਾ
ਕਠਿਨ ਸਮੇਂ ਪਰਛਾਈਂ
ਦਾ ਬਣ ਪ੍ਰਤੀਬਿੰਬ
ਇਰਧ ਗਿਰਦ ਹੁੰਦਾ
ਕਾਗਜ਼ ਕਦੀਂ ਕਲਮ
ਕਦੀ ਸਿਆਹੀ ਬਣ
ਅੱਖਰਾਂ ਦੇ ਮੋਹ ਵਿਚ ਦਿਸਦਾ
ਵਿਚਾਰਾਂ ਦਾ ਕਰ ਆਦਾਨ ਨਾਦਾਨ
ਹਮਖਿਆਲੀ ਤਰਕ ਪੇਸ਼ ਕਰਦਾ
ਦਿਨ ਹੋਵੇ ਨਾ ਕਦੀ ਰਾਤ
ਜਦ ਨਾ ਹੋਵੇ ਜ਼ਿਕਰ ਉਸਦਾ
ਹੋਈਏ ਭਾਵੇਂ ਦੂਰ ਪ੍ਰਦੇਸ਼
ਚਾਹ ਕਰੀਏ
ਇੱਕ ਦੂਜੇ ਦੀ ਨਾਲ ਸ਼ਿੱਦਤ
ਦਿਲ ਦੇ ਰੂਹ ਦੇ ਕਰੀਬ
ਕਹਿੰਦੇ ਉਸੇ ਨੂੰ ਮਿੱਤਰ।

ਨਵਜੋਤ ਕੌਰ ਨਿਮਾਣੀ

## ਗੋਰਖਧੰਦੇ ਮੁੱਕਣੇ ਨਾ

ਗੁੱਡੀ ਚੜ੍ਹੀ ਅਸਮਾਨੀਂ ਸਦਾ ਨਾ ਰਹਿਣੀ,
ਇੱਕ ਦਿਨ ਥੱਲੇ ਆਣਾ,
ਗੋਰਖਧੰਦੇ ਦੁਨੀਆਂ ਦੇ ਮੁੱਕਣੇ ਨਾ,
ਜਿੰਦੇ ਤੂੰ ਹੈ ਮੁੱਕ ਜਾਣਾ,
ਸੋਚ ਸਮਝ ਕੇ ਪੈਰ ਧਰੀਂ ਨੀਂ,
ਕਿਤੇ ਪਵੇ ਨਾ ਪਛਤਾਣਾ।
ਗੁੱਡੀ.....

ਵਿੱਚ ਇਤਿਹਾਸ ਦੇ ਨੀਂ ਝਾਤੀ ਮਾਰ ਲੈ,
ਜਿੰਦੇ ਅੰਤ ਕਬਰੀਂ ਛੁਪ ਜਾਣਾ,
ਨਸ਼ਾ ਸਤਾਹ ਦਾ ਸਿਰ ਨੂੰ ਜੋ ਚੜ੍ਹਿਆ,
ਝੱਟ ਦੇਣੀ ਹੈ ਲਹਿ ਜਾਣਾ,
ਕਿੱਥੇ ਗਏ ਨੇ ਸਭ ਰਾਜੇ ਰਾਣੇ,
ਫੁੱਲ ਵਾਂਗਰਾਂ ਹੈ ਮਰਝਾਣਾ।
ਗੁੱਡੀ.....

ਦੁਸ਼ਮਣ ਮਰੇ ਤਾਂ ਕਦੇ ਖੁਸ਼ੀ ਨਾ ਕਰੀਏ,
ਜਿੰਦੇ ਮਿੱਤਰਾਂ ਵੀ ਮਰ ਜਾਣਾ,
ਮਿੱਟੀ ਵਿੱਚ ਮਿੱਟੀ ਸਭ ਨੇ ਇੱਕ ਦਿਨ ਹੋਣਾ,
ਨਾਂ ਰੱਬ ਦਾ ਹੈ ਰਹਿ ਜਾਣਾ,
ਆ ਵਿੱਚ ਖੁਦੀ ਨਾ ਖੋਹਵੀਂ ਹੱਕ ਮਜ਼ਲੂਮ ਦਾ,
ਚੰਗੇ ਅਮਲਾਂ ਸਾਥ ਹੈ ਜਾਣਾ।
ਗੁੱਡੀ.....

ਬੇਦ ਕਿਤੇਬ ਕੁਰਾਨ ਕਹਿ ਕਹਿ ਥੱਕ ਗਏ,
ਜਿੰਦੇ ਮੁੜ ਜੱਗ 'ਤੇ ਨਹੀਂ ਆਣਾ,
ਗੁਰੂ ਪੀਰ ਫ਼ਕੀਰ ਸਾਈਂ ਦੇ ਰਹੇ ਸਮਝਾਉਂਦੇ,
ਹਾਰ ਵਾਂਗ ਜੁਆਰੀ ਤੁਰ ਜਾਣਾ,
"ਨੂਰਪੁਰੀ" ਦੀ ਅਕਲ 'ਤੇ ਪਿਆ ਹੈ ਪਰਦਾ,
ਇਸ ਮੂਰਖ ਦਾ ਕੀ ਸਮਝਾਣਾ।
ਗੁੱਡੀ.....

ਸੇਵਾ ਸਿੰਘ 'ਨੂਰਪੁਰੀ'
+14089123438

## ਅਸੀਂ ਸਿਦਕ ਨਿਭਾਉਂਦੇ ਹਾਂ

ਤਵੀਆਂ ਉੱਤੇ ਰੜ੍ਹੇ ਅਸੀਂ।
ਦੇਗਾਂ ਦੇ ਵਿੱਚ ਕੜ੍ਹੇ ਅਸੀਂ।
ਚਰਖੜੀਆਂ ਤੇ ਚੜ੍ਹ ਅਸੀਂ।
ਜੰਡਾਂ ਦੇ ਨਾਲ ਸੜੇ ਅਸੀਂ।

ਕੰਧਾਂ ਦੇ ਵਿੱਚ ਜੜੇ ਅਸੀਂ।
ਵਿੱਚ ਮੈਦਾਨਾਂ ਲੜੇ ਅਸੀਂ।
ਜ਼ੁਲਮ ਦੇ ਅੱਗੇ ਅੜੇ ਅਸੀਂ।
ਤਲਵਾਰਾਂ ਤੋਂ ਨਾ ਡਰੇ ਅਸੀਂ।

ਪਾਣੀਆਂ ਵਿੱਚ ਹੜੇ ਅਸੀਂ।
ਹੱਕਾਂ ਦੇ ਲਈ ਖੜੇ ਅਸੀਂ।
ਪਾਠ ਸਿਦਕ ਦੇ ਪੜ੍ਹੇ ਅਸੀਂ।
ਰਾਹ ਸੱਚ ਦੇ ਫੜੇ ਅਸੀਂ।

ਇਹ ਅੱਖਰ ਜੋ ਗੁਰੂ ਸਿਖਾਏ।
ਵਾਂਗ ਤਵੀਤਾ ਮੜੇ ਅਸੀਂ।
ਸੀਸ ਤਲੀ ਤੇ ਰੱਖ ਕੇ 'ਪੱਤੋ'।
ਵਿੱਚ ਮੈਦਾਨਾ ਵੜੇ ਅਸੀ।

ਫਿਰ ਵੀ ਕਿਸੇ ਹਾਰ ਨਾ ਮੰਨੀ।
ਦੁੱਖੜੇ ਝੱਲੇ ਬੜੇ ਅਸੀਂ।

ਹਰਪ੍ਰੀਤ ਪੱਤੋ
94658-21417

## ਨਵੀਂ ਪੀੜ੍ਹੀ ਦਾ ਕਬਿੱਤ !

ਢਾਹ ਲਾਈ ਹੋਈ ਸਦਾਚਾਰ ਤੇ ਨੈਤਿਕਤਾ ਨੂੰ
ਨਵੀਂ ਪੀੜ੍ਹੀ ਵਿੱਚੋਂ ਗਾਇਬ ਚੱਜ ਤੇ ਆਚਾਰ ਨੇ।
ਸੁੱਝੇ ਨਾ ਇਲਾਜ ਮਜ਼ਬੂਰ ਹੋ ਕੇ ਸੋਚੀ ਜਾਂਦੇ
ਮੱਥੇ ਹੱਥ ਮਾਰਦੇ ਐ ਮਾਪੇ ਵੀ ਲਾਚਾਰ ਨੇ।
ਗੱਲ ਕਹਿਣੀ ਸਹਿਣੀ ਹਾਸਾ ਠੱਠਾ ਵੀ ਏ ਭੁੱਲਿਆ
ਪਾਟੋ-ਧਾੜੀ ਤਲਖੀ ਵਧਾਈ 'ਤਕਰਾਰ' ਨੇ।
ਪਾੜੇ ਤੇ ਪੁਆੜੇ ਪ੍ਰਾਈਵੇਸੀ ਨੇ ਹੀ ਪਾਏ ਐਸੇ
ਰਹਿੰਦੇ ਨਾ ਇਕੱਠ 'ਟੁੱਟ ਰਹੇ' ਪਰਿਵਾਰ ਨੇ।
ਮਾਇਆ ਵਾਲੀ ਭੁੱਖ ਚਾਰੋਂ ਪਾਸੇ ਪ੍ਰਚੰਡ ਹੋਈ
ਸ਼ੁਕਰ ਸਬਰ ਸਹਿਜ ਦਿੱਤੇ ਹੀ ਵਿਸਾਰ ਨੇ।
ਰੈਡੀਮੇਡ ਜਦੋਂ ਦਾ ਮਿਲਣ ਲੱਗਾ ਸਾਰਾ ਕੁੱਝ
ਸਭ ਨੂੰ ਹੀ ਗਾਹਕ ਬਣਾਇਆ ਏ ਬਜ਼ਾਰ ਨੇ।



-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

## ਅਰਦਾਸ

ਸੁਣੋ ਪ੍ਰਭੂ ਮੇਰੀ ਅਰਦਾਸ।
ਅਰਜ਼ ਕਰਾਂ ਮੈਂ ਖ਼ਾਸਮ-ਖ਼ਾਸ।

ਨੇਕ ਚੰਗਾ ਇਨਸਾਨ ਬਣਾਂ ਮੈਂ
ਪੂਰੀ ਕਰਨਾ ਮੇਰੀ ਆਸ।

ਰਹਿਣ ਬਲਾਵਾਂ ਦੂਰ ਹਮੇਸ਼ਾ
ਖੁਸ਼ੀ-ਖੇੜੇ ਦਾ ਹੋਵੇ ਵਾਸ।

ਕਦੇ ਕਿਸੇ ਨੂੰ ਤੋਟ ਨਾ ਆਵੇ
ਸਭ ਦੇ ਕਾਰਜ ਹੋਵਣ ਰਾਸ।

ਜ਼ਿੰਦਗੀ ਦੇ ਵਿੱਚ ਚਾਨਣ ਆਵੇ
ਅੰਧਕਾਰ ਦਾ ਹੋਵੇ ਨਾਸ।

ਕਰਜ਼ੇ ਦੇ ਵਿੱਚ ਡੁੱਬੇ ਨਾ ਕੋਈ
ਨਾ ਖਾਵੇ ਕੋਈ ਸਲਫ਼ਾਸ।

ਪੜ੍ਹ-ਲਿਖ ਉੱਚੀ ਮੰਜ਼ਿਲ ਪਾਵਾਂ
ਪੂਰਾ ਹੈ ਮੈਨੂੰ ਵਿਸ਼ਵਾਸ।

ਅਭਿਮਾਨੀ ਨਾ ਕਦੇ ਬਣਾਉਣਾ
ਨਾ ਹੀ ਬਣਾਂ ਕਿਸੇ ਦਾ ਦਾਸ।

ਨਿਮਰ ਹੋਵਾਂ, ਹਮਦਰਦੀ ਰੱਖਾਂ
ਬਖ਼ਸ਼ੋ ਮੈਨੂੰ ਇਹ ਗੁਣਤਾਸ।

ਵਾਹਿਗੁਰੂ ਜੀ! ਕਦੇ ਨਾ ਡੋਲਾਂ
ਹਰ ਥਾਂ ਤੇ ਦੇਣਾ ਧਰਵਾਸ।

ਪ੍ਰੋ. ਨਵ ਸੰਗੀਤ ਸਿੰਘ

## ਮਾਤ-ਭਾਸ਼ਾ

ਮਾਤ-ਭਾਸ਼ਾ ਪੜਲੈ ਤੂੰ ਕਰ ਨਾ ਵਿਚਾਰ ਬਹੁਤਾ,
ਬਣ ਜਾਣੀ ਇੱਕ ਦਿਨ ਸ਼ਾਨ ਤੇਰੀ ਦੋਸਤਾ।

ਪੜ੍ਹ ਪੜ੍ਹ ਮਾਤ-ਭਾਸ਼ਾ ਬਣਜਾ ਗਿਆਨੀ ਬੰਦੇ,
ਸਾਂਭੀ ਨਹੀਂ ਜਾਣੀ ਤੈਥੋਂ ਹੋਸ਼ ਤੇਰੀ ਦੋਸਤਾ।

ਰੋਟੀ ਅਤੇ ਅੱਖਰਾਂ ਦਾ ਸਾਥ ਸਦਾ ਬਣ ਜਾਂਦਾ,
ਤਾਂਹੀਓ ਬਣੀ ਰਹਿੰਦੀ ਪਛਾਣ ਤੇਰੀ ਦੋਸਤਾ।

ਪੜ੍ਹ ਪੜ੍ਹ ਅੰਗਰੇਜ਼ੀ ਉੱਡਦਾ ਨਾ ਰਹਿ ਸਦਾ,
ਬਣ ਜਾਊਗੀ ਹੋਂਦ ਸੰਗ ਭਾਸ਼ਾ ਤੇਰੀ ਦੋਸਤਾ।

ਸਤਿਗੁਰਾਂ ਦਿੱਤੀ ਸਾਨੂੰ ਰਸ ਭਿੰਨੀ ਗੁਰਬਾਣੀ,
ਬਾਣੀ ਨਾਲ ਰੂਹ ਰਹੇ ਠੰਡੀ ਤੇਰੀ ਦੋਸਤਾ।

ਸੂਝਵਾਨ ਬੰਦਾ ਸਦਾ ਕਰਦਾ ਪਿਆਰ ਇਹਨੂੰ
ਸੱਤ ਪਾਣੀ ਪਾਰ ਬਣੀ ਰਾਨੀ ਤੇਰੀ ਦੋਸਤਾ।

ਦੇਸਾਂ ਤੇ ਵਿਦੇਸਾਂ ਵਿੱਚ ਰੱਖਿਆ ਬੁਲੰਦ ਝੰਡਾ,
ਕਿ ਵੱਖਰੀ ਬਣਾਕੇ ਪਛਾਣ ਤੇਰੀ ਦੋਸਤਾ।

ਮੇਰੀ ਭਾਸ਼ਾ ਮੇਰਾ ਮਾਣ ਬਣਦੀ ਗਰੂਰ ਸਦਾ,
ਜੱਗ ਵਿਚ ਸ਼ਾਨ ਬਣੇ ਸਦਾ ਤੇਰੀ ਦੋਸਤਾ।

ਵੀਨਾ ਬਟਾਲਵੀ
ਪੰਜਾਬੀ ਅਧਿਆਪਕਾ

# ਭਾਰਤੀ ਵਿਆਹ ਤਿਉਹਾਰ ਤੋਂ ਘੱਟ ਨਹੀਂ ਹਨ



ਵਿਜੈ ਗਰਗ
ਸਾਬਕਾ ਪ੍ਰਿੰਸੀਪਲ
ਸਿੱਖਿਆ ਕਾਲਮਨਵੀਸ
9465682110



ਉਹ ਵੱਖ ਵੱਖ ਧਾਰਮਿਕ ਅਤੇ ਨਿੱਜੀ ਪਸੰਦ ਅਨੁਸਾਰ ਮਨਾਏ ਜਾਂਦੇ ਹਨ। ਪਰ ਉਨ੍ਹਾਂ ਵਿਚੋਂ ਬਹੁਤ ਸਾਰੇ ਮਹਿੰਗੇ ਸਜਾਵਟ, ਸੰਗੀਤ, ਡਾਂਸ, ਭੋਜਨ ਅਤੇ ਪੁਸ਼ਾਕਾਂ ਨਾਲ ਮਨਾਏ ਜਾਂਦੇ ਹਨ। ਵਿਆਹ ਦੇ ਮੌਸਮ ਦੌਰਾਨ ਇਹ ਵੇਖਿਆ ਜਾਂਦਾ ਹੈ ਕਿ ਲੋਕ ਸਿਰਫ ਉਨ੍ਹਾਂ ਦੀ ਹਉਮੈ ਨੂੰ ਪੂਰਾ ਕਰਨ ਲਈ ਬਹੁਤ ਸਾਰਾ ਪੈਸਾ ਖਰਚ ਕਰਦੇ ਹਨ. ਇਸ ਤਰ੍ਹਾਂ ਬਰਬਾਦ ਕੀਤੇ ਗਏ ਸਾਰੇ ਪੈਸੇ ਨੂੰ ਕੁਝ ਉਸਾਰੂ ਵਰਤੋਂ ਵਿੱਚ ਪਾ ਦਿੱਤਾ ਜਾ ਸਕਦਾ ਹੈ. ਹਰ ਸਾਲ ਤਕਰੀਬਨ 10 ਮਿਲੀਅਨ ਸ਼ਾਦਰਾਂ ਭਾਰਤ ਵਿੱਚ ਹੁੰਦੀਆਂ ਹਨ। ਇਨ੍ਹਾਂ ਮੰਤਰਾਲੇ ਦੇ ਪ੍ਰਬੰਧਾਂ ਵਿਚ ਹਰ ਸਾਲ average ਸਤਨ ਪੈਸੇ ਦੀ ਕਲਪਨਾ ਦੀ ਕਲਪਨਾ ਕਰੋ। ਵਿਆਹ ਦਾ ਧਿਆਨ ਰਿਟਰੀਆਂ ਤੋਂ ਕਾਰੋਬਾਰ ਤੋਂ ਬਾਹਰ ਆਉਣ ਲਈ ਤਬਦੀਲ ਕਰ ਦਿੱਤਾ ਗਿਆ ਹੈ. ਅਜੋਕੇ ਸਮੇਂ ਵਿੱਚ, ਜਦੋਂ ਦਾਜ ਅਜੇ ਵੀ ਭਾਰਤ ਵਿੱਚ ਇੱਕ ਵੱਡੀ ਸਮੱਸਿਆ ਬਣੀ ਰਹਿੰਦੀ ਹੈ, ਲੋਕ ਉਨ੍ਹਾਂ ਦੀ ਜ਼ਿੰਦਗੀ ਦੀ ਬਚਤ ਅਤੇ ਸਜਾਵਟ ਦੀ ਵਰਤੋਂ ਕਰਦੇ ਹਨ ਜੋ ਸਿਰਫ ਇੱਕ ਦਿਨ ਦੇ ਮਾਮਲੇ ਵਿੱਚ ਹੁੰਦੇ ਹਨ। ਉਹ ਸੋਚਦੇ ਹਨ ਕਿ ਉਹ ਅਸੁਰੱਖਿਅਤ ਪ੍ਰਬੰਧ ਕਰ ਕੇ ਉਹ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ 'ਤੇ ਪ੍ਰਭਾਵ ਪੈਦਾ ਕਰਨਗੇ ਅਤੇ ਲੰਬੇ ਸਮੇਂ ਲਈ ਯਾਦ ਕੀਤੇ ਜਾਣਗੇ। ਲੋਕ ਉਨ੍ਹਾਂ ਦੂਜਿਆਂ ਦੀ ਨਕਲ ਕਰਨ ਦੀ ਵੀ ਕੋਸ਼ਿਸ਼ ਕਰਦੇ ਹਨ ਜਿਸ ਵਿਚ ਸੋਸ਼ਲ ਮੀਡੀਆ ਇਕ ਵੱਡੀ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਇਹ ਲੋਕਾਂ ਦੇ ਦਿਮਾਗ ਨੂੰ ਬਹੁਤ ਅਸਾਨੀ ਨਾਲ ਪ੍ਰਭਾਵਤ ਕਰਦਾ ਹੈ। ਇਸ ਚੂਹੇ ਦੀ ਦੌੜ ਵਿਚੋਂ ਲੋਕਾਂ ਨੂੰ ਬਾਹਰ ਲਿਆਉਣਾ ਬਹੁਤ ਮਹੱਤਵਪੂਰਨ ਹੈ ਅਤੇ ਉਨ੍ਹਾਂ ਨੂੰ ਸਧਾਰਣ ਵਿਆਹ ਦੀ ਧਾਰਣਾ ਸਿਖਾਉਣਾ ਬਹੁਤ ਮਹੱਤਵਪੂਰਨ ਹੈ। ਇੱਕ ਸਧਾਰਣ ਵਿਆਹ ਨੂੰ ਇੱਕ ਅਤਿਕਥਨੀ ਵਾਂਗ ਹੀ ਯਾਦਗਾਰੀ ਯਾਦ ਕੀਤਾ ਜਾ ਸਕਦਾ ਹੈ। ਲੋਕਾਂ ਨੂੰ ਇਹ ਅਹਿਸਾਸ ਕਰਨ ਦੀ ਜ਼ਰੂਰਤ ਹੈ ਕਿ ਉਨ੍ਹਾਂ ਲੋਕਾਂ ਦੀ ਮੌਜੂਦਗੀ ਹੈ ਜੋ ਵਿਆਹ ਦੀ ਸ਼ਾਨ ਨੂੰ ਅਤੇ ਸਜਾਵਟ ਜਾਂ ਭੋਜਨ ਨਹੀਂ ਦਿੰਦੀ। ਵਿਆਹੁਤਾ ਸੁੱਕੀਆਂ, ਸਧਾਰਣ ਸਜਾਵਟ ਅਤੇ ਕੱਪੜੇ ਅਤੇ ਗਹਿਣਿਆਂ ਦੀ ਸੀਮਤ ਖਰਚਾ ਰੱਖ ਕੇ ਵਿਆਹ ਨੂੰ ਸਰਲ ਰੱਖਣਾ ਚਾਹੀਦਾ ਹੈ. ਇੱਕ ਸਧਾਰਣ ਵਿਆਹ ਤੋਂ ਬਚਾਏ ਜਾਣਗੇ ਜੋ ਕਿ ਸਿਹਤ ਦੇਖਭਾਲ ਵਿੱਚ ਬਚਤ ਦੀ ਬਚਤ ਦੇ ਤੌਰ ਤੇ ਜਮ੍ਹਾਂ ਰਕਮ ਦੇ ਰੂਪ ਵਿੱਚ ਜਮ੍ਹਾਂ ਹੋਣ ਦੀ ਜ਼ਰੂਰਤ ਹੈ ਕਿ ਇਹ ਉਹਨਾਂ ਲੋਕਾਂ ਦੀ ਮੌਜੂਦਗੀ ਹੈ ਜੋ ਏ ਵਿਆਹ ਦੀ ਗ੍ਰੈਂਡ ਅਤੇ ਸਜਾਵਟ ਜਾਂ ਭੋਜਨ ਨਹੀਂ। 'ਗ੍ਰੈਂਡ' ਵੈਡਿੰਗ ਦੀ ਧਾਰਣਾ ਮਾੜੀ ਨਹੀਂ ਪਰ ਇਕ ਅਫੇਮ ਦੇ ਪਿੱਛੇ ਜਾਂਦੀ ਪੈਸਾ ਦੀ ਮਾਤਰਾ ਬੇਲੋੜੀ ਹੈ. ਵਿਆਹ ਦੇ ਮੌਸਮ ਦੌਰਾਨ ਤੁਸੀਂ ਲੋਕਾਂ ਨੂੰ ਆਪਣੇ ਬਹੁਤ ਸਾਰੇ ਲਾਟ ਖਰਚ ਕਰਨਾ ਵੇਖਿਆ ਹੈ ... ਸਧਾਰਣ ਵਿਆਹ: ਪਿਆਰ, ਸਾਥੀ ਅਤੇ ਵਚਨਬੱਧਤਾ ਨਾਲ ਭਰੇ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਦਾ ਪ੍ਰਤੀਕ ਹੈ। ਹਾਲਾਂਕਿ, ਅਜੋਕੇ ਸਮੇਂ ਵਿੱਚ, ਅਕਲਮੱਖ ਵਿਆਹਾਂ ਦਾ ਵੱਧ ਰਿਹਾ ਰੁਝਾਨ ਰਿਹਾ ਹੈ ਜੋ ਜਸ਼ਨ ਦੇ ਅਸਲ ਤੱਤ ਦੀ ਬਜਾਏ ਦੌਲਤ ਦੇ ਖਤਰੇ ਵਿਚ ਅਤੇ ਧਰਮ ਨੂੰ ਪੂਰਾ ਕਰਨ 'ਤੇ ਵਧੇਰੇ ਧਿਆਨ ਕੇਂਦ੍ਰਤ ਕਰਦਾ ਹੈ। ਇਹ ਬਹੁਤ ਜ਼ਿਆਦਾ ਖਰਚਾ ਅਕਸਰ ਵਿੱਤੀ ਤਣਾਅ ਅਤੇ ਸਰੋਤਾਂ ਦੀ ਬਰਬਾਦੀ ਵੱਲ ਜਾਂਦਾ ਹੈ। ਇਸ ਦੀ ਬਜਾਏ, ਸਧਾਰਨ ਵਿਆਹ ਦੀ ਚੋਣ ਸਿਰਫ ਪੈਸੇ ਦੀ ਬਚਤ ਨਹੀਂ ਕਰ ਸਕਦੀ ਪਰ ਇਕੱਠੇ ਜੀਵਨ ਨੂੰ ਸ਼ੁਰੂ ਕਰਨ ਦੇ ਵਧੇਰੇ ਅਰਥਪੂਰਨ ਅਤੇ ਟਿਕਾ aboute ਅੰਗ ਨੂੰ ਉਤਸ਼ਾਹਤ ਕਰ ਸਕਦੀ ਹੈ. ਵਿੱਤੀ ਸਮਝਦਾਰ – ਸਧਾਰਣ ਵਿਆਹ ਬੇਲੋੜੇ ਖਰਚਿਆਂ ਨੂੰ ਘਟਾ ਕੇ ਵਿੱਤੀ ਸਮਝਦਾਰੀ ਨੂੰ ਉਤਸ਼ਾਹਤ ਕਰਦੇ ਹਨ ਜੋ ਅਕਸਰ ਜੋੜਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬੋਝ ਦਿੰਦੇ ਹਨ। – ਬਚੇ ਪੈਸੇ ਦੇ ਨਾਲ, ਜੋੜਿਆਂ ਉਨ੍ਹਾਂ ਦੇ ਭਵਿੱਖ ਵਿੱਚ ਨਿਵੇਸ਼ ਕਰ ਸਕਦੇ ਹਨ, ਜਿਵੇਂ ਕਿ ਇੱਕ ਘਰ ਲਈ ਹੇਠਾਂ ਭੁਗਤਾਨ ਕਰਨਾ ਜਾਂ ਕਾਰੋਬਾਰ ਸ਼ੁਰੂ ਕਰਨਾ। – ਅਤਿਕਥਨੀ ਵਿਆਹ ਤੋਂ ਪਰਹੇਜ਼ ਕਰਕੇ, ਜੋੜੇ ਕਰਜ਼ੇ ਦੇ ਚੱਕਰ ਤੋਂ ਬਚ ਸਕਦੇ ਹਨ ਅਤੇ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਲਈ ਮਜ਼ਬੂਤ ਨੀਂਹ ਬਣਾਉਣ 'ਤੇ ਧਿਆਨ ਕੇਂਦ੍ਰਤ ਕਰ ਸਕਦੇ ਹਨ. ਪਿਆਰ ਅਤੇ ਇਕੱਠੇ ਹੋ ਕੇ ਜ਼ੋਰ – ਸਧਾਰਨ ਵਿਆਹ ਮਨਾਉਣ ਦੇ ਤੱਤ ਤੱਕ ਧਿਆਨ ਕੇਂਦ੍ਰਤ ਕਰਨ ਤੋਂ ਕੇਂਦਰਿਤ ਹੁੰਦੇ ਹਨ – ਦੋ ਵਿਅਕਤੀਆਂ ਦੇ ਵਿਚਕਾਰ ਪਿਆਰ ਅਤੇ ਵਚਨਬੱਧਤਾ। – ਇੱਕ ਛੋਟੀ, ਨਜ਼ਦੀਕੀ ਵਿਆਹ ਆਪਣੇ ਅਜ਼ੀਜ਼ਾਂ ਨਾਲ ਵਧੇਰੇ ਗੁਣਵੱਤਾ ਦਾ ਸਮਾਂ ਬਿਤਾਉਣ, ਡੂੰਘੇ ਕੁਨੈਕਸ਼ਨ ਅਤੇ ਕਠੋਰ ਯਾਦਾਂ ਨੂੰ ਉਤਸ਼ਾਹਤ ਕਰਨ ਲਈ ਸਹਾਇਕ ਹੈ। – ਪਿਆਰ ਅਤੇ ਏਸਬੰਦੀ 'ਤੇ ਜ਼ੋਰ ਦਾ ਜ਼ੋਰ ਵੀ ਵਧੇਰੇ ਸਾਰਥਕ ਵਿਆਹ ਦਾ ਤਜਰਬਾ ਪੈਦਾ ਕਰਦਾ ਹੈ ਜੋ ਜੀਵਨ ਭਰ ਲਈ ਯਾਦ ਕੀਤਾ ਜਾਵੇਗਾ। ਵਾਤਾਵਰਣ ਦੀ ਸਥਿਰਤਾ – ਅਕਲਪੁੰਨ ਵਿਆਹ ਅਕਸਰ ਬਹੁਤ ਜ਼ਿਆਦਾ ਭੋਜਨ ਅਤੇ ਪੈਕਜਿੰਗ ਤੋਂ ਵਿਸਤ੍ਰਿਤ ਸਜਾਵਟ ਤੋਂ ਬਹੁਤ ਜ਼ਿਆਦਾ ਰਹਿੰਦ ਪੈਦਾ ਕਰਦੇ ਹਨ। – ਇੱਕ ਸਧਾਰਣ ਵਿਆਹ ਦੀ ਚੋਣ ਕਰਨਾ ਟਿਕਾ ablectable ਅਭਿਆਸਾਂ ਦੀ ਚੋਣ ਕਰਨਾ ਹੈ, ਜਿਵੇਂ ਕਿ ਸਥਾਨਕ ਵਿਕਰੇਤਾਵਾਂ ਦਾ ਸਮਰਥਨ ਕਰਨਾ ਅਤੇ ਭੋਜਨ ਰਹਿੰਦ-ਖੂੰਹਦ ਨੂੰ ਘੱਟ ਕਰਨਾ। – ਵਾਤਾਵਰਣ ਸੰਬੰਧੀ ਚੇਤੰਨ ਚੋਣਾਂ ਕਰਕੇ, ਜੋੜ ਕੇ ਆਪਣੀ ਸੰਸਥਾ ਮਨਾਉਂਦੇ ਸਮੇਂ ਸਾਡੇ ਗ੍ਰਹਿ ਦੀ ਸੰਭਾਲ ਵਿਚ ਯੋਗਦਾਨ ਪਾ ਸਕਦੇ ਹਨ। ਇੱਕ ਉਦਾਹਰਣ ਨਿਰਧਾਰਤ ਕਰਨਾ-ਸਧਾਰਣ ਵਿਆਹ ਸਮਾਜਿਕ ਨਿਯਮਾਂ ਅਤੇ ਉਮੀਦਾਂ ਨੂੰ ਚੁਣੌਤੀ ਦੇਣ ਦੀ ਪ੍ਰੇਰਣਾ ਵਜੋਂ ਕੰਮ ਕਰ ਸਕਦੇ ਹਨ। – ਇਹ ਪ੍ਰਦਰਸ਼ਿਤ ਕਰ ਕੇ ਕਿ ਪਿਆਰ ਅਤੇ ਵਚਨਬੱਧਤਾ ਕਿਸੇ ਦੇ ਵਿਆਹ ਦੇ ਆਕਾਰ ਦੁਆਰਾ ਮਾਪੀ ਨਹੀਂ ਜਾਂਦੀ, ਜੋੜਿਆਂ ਦੂਜਿਆਂ ਨੂੰ ਪਦਾਰਥਵਾਦੀ ਪ੍ਰਦਰਸ਼ਨਾਂ ਤੋਂ ਇਲਾਵਾ ਸਾਰਥਕ ਸੰਬੰਧਾਂ ਨੂੰ ਤਰਜੀਹ ਦੇਣ ਲਈ ਉਤਸ਼ਾਹਤ ਕਰ ਸਕਦਾ ਹੈ। ਸਾਦਗੀ ਦੀ ਇੱਕ ਉਦਾਹਰਣ ਨਿਰਧਾਰਤ ਕਰਨਾ ਅਤੇ ਸਮਝਦਾਰੀ ਵਿਆਹਾਂ ਪ੍ਰਤੀ ਸਮਾਜਿਕ ਰਵੱਈਏ ਵਿੱਚ ਸਕਾਰਾਤਮਕ ਸ਼ਿਫਟ ਕਰ ਸਕਦੀ ਹੈ। ਸਿੱਟੇ ਵਜੋਂ, ਸਧਾਰਣ ਵਿਆਹ ਬੇਲੋੜੇ ਵਿਆਹਾਂ ਦੇ ਬਹੁਤ ਸਾਰੇ ਲਾਭ ਪ੍ਰਦਾਨ ਕਰਦੇ ਹਨ। ਵਿੱਤੀ ਅਸ਼ੁੱਧਤਾ, ਪਿਆਰ ਅਤੇ ਮਿਲ ਕੇ, ਵਾਤਾਵਰਣ ਦੀ ਸਥਿਰਤਾ ਨੂੰ ਤਰਜੀਹ ਦੇ ਕੇ, ਜੋ ਕਿ ਇੱਕ ਵਿਆਹ ਦਾ ਤਜਰਬਾ ਕਰ ਸਕਦੇ ਹਨ ਪਰ ਉਨ੍ਹਾਂ ਦੀ ਭਵਿੱਖ ਦੀ ਖੁਸ਼ੀ ਅਤੇ ਤੰਦਰੁਸਤੀ ਵਿੱਚ ਵੀ ਯੋਗਦਾਨ ਪਾਉਂਦਾ ਹੈ। ਆਓ ਸਧਾਰਣ ਵਿਆਹਾਂ ਦੀ ਧਾਰਣਾ ਨੂੰ ਗਲੇ ਲਗਾਏ ਅਤੇ ਪਿਆਰ ਦਾ ਸਹੀ ਤੱਤ ਮਨਾਓ।

# ਬਦਲੀ ਬਦਲੀ ਫਿਜ਼ਾ

ਅਰਵਿੰਦਰ ਜੌਹਲ

ਦੇਸ਼ ਦੀ ਸਿਆਸੀ ਫਿਜ਼ਾ ਅਚਾਨਕ ਹੀ ਕੁਝ ਬਦਲੀ ਬਦਲੀ ਨਜ਼ਰ ਆ ਰਹੀ ਹੈ। ਇਹ ਬਦਲਾਅ ਪੇਪਰ ਲੀਕ ਮਾਮਲੇ 'ਤੇ ਨੌਜਵਾਨਾਂ ਵੱਲੋਂ ਜੰਤਰ-ਮੰਤਰ ਵਿਖੇ ਰੋਸ ਪ੍ਰਦਰਸ਼ਨ ਮਗਰੋਂ ਨਜ਼ਰ ਆਉਣ ਲੱਗਾ ਹੈ। ਸੱਤਾਧਾਰੀ ਧਿਰ ਹੋਵੇ ਜਾਂ ਵਿਰੋਧੀ ਪਾਰਟੀਆਂ, ਇਸ ਵੇਲੇ ਸਭ ਦੀਆਂ ਨਜ਼ਰਾਂ ਇਸ ਵੱਡੇ ਨੌਜਵਾਨ ਵੋਟ ਬੈਂਕ 'ਤੇ ਟਿਕੀਆਂ ਹੋਈਆਂ ਹਨ। ਜਿੱਥੋਂ ਤੱਕ ਭਾਰਤੀ ਜਨਤਾ ਪਾਰਟੀ ਦੀ ਗੱਲ ਹੈ, ਖ਼ਬਰ ਇਹ ਹੈ ਕਿ ਕੈਬਨਿਟ ਮੀਟਿੰਗ ਵਿੱਚ ਸਾਰੇ ਮੰਤਰੀਆਂ ਨੂੰ 'ਇਕ ਦਿਨ ਇਕ ਯੂਨੀਵਰਸਿਟੀ' ਪ੍ਰੋਗਰਾਮ ਤਹਿਤ 'ਵਰਸਿਟੀਆਂ ਵਿੱਚ ਵਿਦਿਆਰਥੀਆਂ ਨਾਲ ਸੰਵਾਦ ਰਚਾਉਣ ਦੀ ਤਾਕੀਦ ਕੀਤੀ ਗਈ ਹੈ। ਇਹ ਮੰਤਰੀ ਪੂਰਾ ਇੱਕ ਦਿਨ ਯੂਨੀਵਰਸਿਟੀਆਂ 'ਚ ਗੁਜ਼ਾਰਨਗੇ, ਵਿਦਿਆਰਥੀਆਂ ਦੀਆਂ ਗੱਲਾਂ ਸੁਣਨਗੇ, ਚਿੰਤਾਵਾਂ ਸਮਝਣਗੇ ਅਤੇ ਉਨ੍ਹਾਂ ਨਾਲ ਸੰਵਾਦ ਰਚਾਉਣਗੇ। ਜ਼ਿਕਰਯੋਗ ਹੈ ਕਿ ਦੇਸ਼ ਵਿੱਚ ਕੁੱਲ 1300 ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚੋਂ 55 ਸੈਂਟਰਲ ਤੇ 522 ਸਟੇਟ ਯੂਨੀਵਰਸਿਟੀਆਂ ਹਨ ਜਦੋਂਕਿ ਬਾਕੀ ਡੀਮਡ ਤੇ ਹੋਰ ਯੂਨੀਵਰਸਿਟੀਆਂ। ਕੇਂਦਰੀ ਮੰਤਰੀਆਂ ਨੂੰ ਇੰਸਟਾਗ੍ਰਾਮ, ਲਿੰਕਡਇਨ ਤੇ ਫੇਸਬੁੱਕ ਜਿਹੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਆਪਣੀ ਮੌਜੂਦਗੀ ਵਧਾਉਣ ਲਈ ਕਿਹਾ ਗਿਆ ਹੈ। ਗੱਲ ਇੱਥੇ ਹੀ ਨਹੀਂ ਮੁੱਕੀ। ਮੰਤਰੀ ਵੀ ਹੁਣ ਜੈੱਨ ਜ਼ੀ ਅਤੇ ਜੈੱਨ ਅਲਫਾ ਵਾਂਗ ਰੀਲਾਂ, ਸ਼ੌਰਟਸ ਤੇ ਮੀਮਜ਼ ਬਣਾਉਣਗੇ ਮਤਲਬ ਕੰਟੈਂਟ ਕ੍ਰੀਏਟ ਕਰਨਗੇ। ਇਸ ਮਗਰੋਂ ਉਹ ਰੋਜ਼ ਲਾਈਕਸ ਤੇ ਸ਼ੇਅਰਜ਼ ਦਾ ਹਿਸਾਬ-ਕਿਤਾਬ ਵੀ ਦੇਣਗੇ। ਇਸ ਗੱਲ 'ਤੇ ਵੀ ਨਜ਼ਰ ਰੱਖੀ ਜਾਵੇਗੀ ਕਿ ਇਨ੍ਹਾਂ ਦੀ ਰੀਚ ਤੇ ਸਬਸਕਰਾਈਬਰਜ਼ ਕਿੰਨੇ ਵਧੇ ਹਨ? ਕੈਬਨਿਟ ਮੰਤਰੀ ਮਨਸੁੱਖ ਮਾਂਡਵੀਆ ਅਤੇ ਪ੍ਰਹਿਲਾਦ ਪਟੇਲ ਇਸ ਸਮੁੱਚੇ ਪ੍ਰੋਜੈਕਟ ਦੇ ਇੰਚਾਰਜ ਹੋਣਗੇ। ਇਉਂ ਜੰਤਰ-ਮੰਤਰ 'ਤੇ ਨਵੀਂ ਪੀੜ੍ਹੀ ਦੇ ਅੰਦੋਲਨ ਕਾਰਨ ਪੈਦਾ ਹੋਏ ਹਾਲਾਤ ਨੇ ਇਨ੍ਹਾਂ ਸਾਰੇ ਮੰਤਰੀਆਂ ਨੂੰ ਕੰਟੈਂਟ ਕ੍ਰੀਏਟਰ ਬਣਨ ਦੇ ਰਾਹ ਪਾ ਦਿੱਤਾ ਹੈ। ਉਂਜ, ਸਭ ਦੇ ਮਨਾਂ ਵਿੱਚ ਸਰਕਾਰ ਵੱਲੋਂ ਮੰਤਰੀਆਂ ਨੂੰ ਯੂਨੀਵਰਸਿਟੀਆਂ 'ਚ ਭੇਜਣ ਬਾਰੇ ਇਹ ਤੌਖ਼ਲੇ ਜ਼ਰੂਰ ਹਨ ਕਿ ਸਿੱਖਿਆ ਮੰਤਰੀ ਤੋਂ ਬਿਨਾਂ ਬਾਕੀ ਵਿਭਾਗਾਂ ਦੇ ਮੰਤਰੀ ਸਿੱਖਿਆ ਤੇ ਸਿੱਖਿਆ ਨੀਤੀਆਂ ਬਾਰੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਕਿਵੇਂ ਦੇ ਸਕਣਗੇ? ਜਾਂ ਫਿਰ ਕੀ ਇਨ੍ਹਾਂ ਨੂੰ ਪਹਿਲਾਂ ਤਿਆਰੀ ਕਰਵਾ ਕੇ ਯੂਨੀਵਰਸਿਟੀਆਂ ਵਿੱਚ ਭੇਜਿਆ ਜਾਵੇਗਾ?

ਇਸ ਦੇ ਨਾਲ ਹੀ ਹਾਲਾਤ ਦੀ ਗੰਭੀਰਤਾ ਦੇ ਮੱਦੇਨਜ਼ਰ ਲੰਘੇ ਵੀਰਵਾਰ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਕੇਂਦਰੀ ਵਿਭਾਗਾਂ ਦੇ ਸਕੱਤਰਾਂ ਦੀ ਹੋਈ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਹਦਾਇਤ ਦਿੱਤੀ ਹੈ ਕਿ ਸਰਕਾਰ ਅਤੇ ਜੈੱਨ ਜ਼ੀ ਵਿਚਲਾ ਫ਼ਾਸਲਾ ਮਿਟਾਉਣ ਲਈ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨਾਲ ਰਾਬਤਾ ਕਾਇਮ ਕੀਤਾ ਜਾਵੇ ਤਾਂ ਜੋ ਨੀਤੀਆਂ ਘੜਨ ਵੇਲੇ ਨੌਜਵਾਨਾਂ ਦੇ ਨਜ਼ਰੀਏ ਦਾ ਵੀ ਖ਼ ?ਆਲ ਰੱਖਿਆ ਜਾ ਸਕੇ। ਇਸ ਮੀਟਿੰਗ ਵਿੱਚ ਸਕੱਤਰਾਂ ਨੂੰ ਸਰਕਾਰੀ ਦਫ਼ਤਰਾਂ ਦੀਆਂ ਵਲਗਣਾਂ 'ਚੋਂ ਬਾਹਰ ਨਿਕਲ ਕੇ ਵਿਦਿਆਰਥੀਆਂ ਨਾਲ ਗ਼ੈਰ-ਰਸਮੀ ਸੰਵਾਦ ਰਚਾਉਣ ਦੀ ਅਹਿਮੀਅਤ ਸਮਝਾਈ ਗਈ ਹੈ। ਖ਼ੈਰ, ਮਨੋਂ ਸੰਵਾਦ ਰਚਾਉਣ ਲਈ ਦੂਜੇ ਦੀ ਗੱਲ ਸੁਣਨੀ ਤੇ ਸਮਝਣੀ ਵੀ ਬੇਹੱਦ ਜ਼ਰੂਰੀ ਹੁੰਦੀ ਹੈ। ਇਹ ਵੀ ਵੱਡਾ ਸੱਚ ਹੈ ਕਿ ਨਵੀਂ ਪੀੜ੍ਹੀ ਨਾਲ ਸੰਵਾਦ ਰਚਾਉਣ ਲਈ ਉਨ੍ਹਾਂ ਦਾ ਮੁਹਾਵਰਾ ਵੀ ਆਉਣਾ ਜ਼ਰੂਰੀ ਹੈ ਤੇ ਨਾਲ ਹੀ ਉਨ੍ਹਾਂ ਨੂੰ ਮਹਿਜ਼ ਸੰਵਾਦ ਨਾਲ ਨਹੀਂ ਪਰਚਾਇਆ ਜਾ ਸਕਦਾ ਕਿਉਂਕਿ ਉਹ ਅਮਲੀ ਨਤੀਜੇ ਚਾਹੁੰਦੇ ਹਨ।

ਸੱਤਾਧਾਰੀ ਧਿਰ ਵੱਲੋਂ ਕੀਤੇ ਜਾ ਰਹੇ ਯਤਨਾਂ ਦੇ ਨਾਲ-ਨਾਲ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਵੀ ਪਿਛਲੇ ਕੁਝ ਸਮੇਂ ਤੋਂ ਯੁਵਾ ਸ਼ਕਤੀ ਦੇ ਮਸਲਿਆਂ ਦੀ ਅਹਿਮੀਅਤ ਸਮਝ ਰਹੇ ਹਨ। ਜ਼ਿਕਰਯੋਗ ਹੈ ਕਿ ਪੁਲੀਸ ਜੰਤਰ-ਮੰਤਰ ਪ੍ਰਦਰਸ਼ਨ ਮੌਕੇ ਪੈਲੇਟ ਗੰਨ ਕਾਰਨ ਜ਼ਖ਼ਮੀ ਹੋਏ ਸਾਹਿਲ ਲੋਚਬ ਦੇ ਮਾਮਲੇ ਵਿੱਚ ਐੱਫ ਆਈ ਆਰ ਦਰਜ ਕਰਨ ਤੋਂ ਇਨਕਾਰੀ ਸੀ। ਸ਼ੁੱਕਰਵਾਰ ਨੂੰ ਰਾਹੁਲ ਗਾਂਧੀ ਨੇ ਉਸ ਦੇ ਹੱਕ ਵਿੱਚ ਪਾਰਲੀਮੈਂਟ ?ਸਟਰੀਟ ਥਾਣੇ ਦੇ ਬਾਹਰ ਕਈ ਘੰਟੇ ਧਰਨਾ ਦਿੱਤਾ, ਜਿਸ ਮਗਰੋਂ ਹੀ ਐੱਫ ਆਈ ਆਰ ਦਰਜ ਹੋ ਸਕੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਪੁਲੀਸ ਦੇ ਮਾੜੇ ਵਿਹਾਰ ਦਾ ਸ਼ਿਕਾਰ ਹੋਈਆਂ ਪ੍ਰਦਰਸ਼ਨਕਾਰੀ ਕੁੜੀਆਂ ਦੇ ਹੱਕ ਵਿੱਚ ਵੀ ਆਵਾਜ਼ ਬੁਲੰਦ ਕੀਤੀ ਸੀ। ਕਾਂਗਰਸ ਪਾਰਟੀ ਵੱਲੋਂ ਆਪਣੇ 'ਛਾਤਰੋਂ ਕੀ ਗੂੰਜ' ਪ੍ਰੋਗਰਾਮ ਦਾ ਦਾਇਰਾ ਦੇਸ਼ ਭਰ ਦੇ ਲਗਭਗ 800 ਸ਼ਹਿਰਾਂ ਤੱਕ ਵਧਾਉਣ ਦੀ ਯੋਜਨਾ ਹੈ। ਦਰਅਸਲ, ਹਰ ਸਿਆਸੀ ਪਾਰਟੀ ਹੁਣ ਇਹ ਦਰਸਾਉਣਾ ਚਾਹੁੰਦੀ ਹੈ ਕਿ ਨੌਜਵਾਨ ਵਰਗ ਦੀ ਸਭ ਤੋਂ ਵੱਧ ਫ਼ ?ਕਰ ਉਸੇ ਨੂੰ ਹੀ ਹੈ ਕਿਉਂਕਿ ਸਭ ਦੀ ਅੱਖ ਇਨ੍ਹਾਂ ਦੀਆਂ ਵੋਟਾਂ 'ਤੇ ਹੈ।

ਹਾਲ ਹੀ ਵਿੱਚ ਕਾਇਮ ਕੌਕਰੋਚ ਜਨਤਾ ਪਾਰਟੀ ਵੱਲੋਂ ਨੌਜਵਾਨਾਂ ਤੋਂ ਅੱਗੇ ਜਾਂਦਿਆਂ ਸਕੂਲੀ ਬੱਚਿਆਂ ਦੇ ਮਸਲਿਆਂ 'ਤੇ ਵੀ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਇਸੇ ਲਈ ਇਸ ਵੱਲੋਂ 15 ਅਗਸਤ ਤੋਂ 'ਸਕੂਲ ਠੀਕ ਕਰੋ' ਮੁਹਿੰਮ ਜ਼ੋਰ-ਸ਼ੋਰ ਨਾਲ ਚਲਾਈ ਜਾ ਰਹੀ ਹੈ ਅਤੇ ਦੇਸ਼ ਵਿਚਲੇ ਸਕੂਲਾਂ ਦੀ ਮਾੜੀ ਹਾਲਤ ਦੇ ਵੀਡੀਓ ਜਾਰੀ ਕਰ ਕੇ ਸਿੱਖਿਆ ਦੇ ਮੁੱਦੇ 'ਤੇ ਕੇਂਦਰ ਅਤੇ ਸੂਬਾਈ ਸਰਕਾਰਾਂ ਨੂੰ ਘੇਰਿਆ ਜਾ ਰਿਹਾ ਹੈ। ਸਭ ਤੋਂ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਸਕੂਲਾਂ ਦੀ ਮਾੜੀ ਹਾਲਤ ਦੀ ਵੀਡੀਓ ਬਣਾਉਣ ਅਤੇ ਉਸ ਨੂੰ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਵਾਇਰਲ ਕਰਨ ਨੂੰ ਲੈ ਕੇ ਕੁਝ ਸਿਆਸੀ ਆਗੂਆਂ ਅਤੇ ਪੱਤਰਕਾਰਾਂ ਵੱਲੋਂ ਅਭਿਜੀਤ ਦੀਪਕੇ ਅਤੇ ਹੋਰਾਂ 'ਤੇ ਇਹ ਸਵਾਲ ਉਠਾਏ ਜਾ ਰਹੇ ਹਨ ਕਿ ਇਹ ਵੀਡੀਓ ਬਣਾਉਣ ਵਾਲਿਆਂ ਨੂੰ ਸਕੂਲਾਂ 'ਚ ਦਾਖ਼ਲ ਹੋਣ ਦੀ ਪ੍ਰਵਾਨਗੀ ਕਿਸ ਨੇ ਦਿੱਤੀ? ਉਨ੍ਹਾਂ ਦਾ ਕਹਿਣਾ ਹੈ ਕਿ ਸੀ ਜੇ ਪੀ ਵਾਲੇ ਗ਼ੈਰਕਾਨੂੰਨੀ ਢੰਗ ਨਾਲ ਸਕੂਲਾਂ 'ਚ ਦਾਖ਼ਲ ਹੋ ਰਹੇ ਹਨ। ਇਸ ਸਬੰਧੀ ਇਨ੍ਹਾਂ ਖ਼ ?ਲਾਫ਼ ਨਿਯਮ ਕਾਨੂੰਨ ਦੀਆਂ ਉਲੰਘਣਾਵਾਂ ਬਾਰੇ ਧਾਰਾਵਾਂ ਦੀ ਗਿਣਤੀ ਵੀ ਕਰਵਾਈ ਜਾ ਰਹੀ ਹੈ। ਅਜੀਬ ਗੱਲ ਇਹ ਹੈ ਕਿ ਸਕੂਲਾਂ ਦੀ ਮਾੜੀ ਹਾਲਤ ਲਈ ਜਵਾਬਦੇਹ ਅਤੇ ਜ਼ਿੰਮੇਵਾਰ ਸਰਕਾਰਾਂ, ਆਗੂਆਂ ਅਤੇ ਅਧਿਕਾਰੀਆਂ ਬਾਰੇ ਉੱਠਣ ਵਾਲੇ ਸਾਰੇ ਸਵਾਲਾਂ 'ਤੇ ਇਹੀ ਲੋਕ ਚੁੱਪ ਦੇ ਤਾਲੇ ਜੜ੍ਹ ਦਿੰਦੇ ਹਨ ਤੇ ਸਕੂਲਾਂ ਵਿੱਚ ਬੁਨਿਆਦੀ ਸਹੂਲਤਾਂ ਦੀ ਕਮੀ 'ਤੇ ਗੱਲ ਕਰਨ ਵੇਲੇ ਵੀ ਇਨ੍ਹਾਂ ਦੇ ਸ਼ਬਦ ਮੁੱਕ ਜਾਂਦੇ ਹਨ। ਇਹ ਸਾਰੇ ਕੇਂਦਰੀ ਬੱਜਟ ਵਿੱਚ ਸਾਲ 2013-14 ਦੇ ਕੁੱਲ ਬੱਜਟ ਦੇ 4.6 ਫ਼ੀਸਦੀ ਦੇ ਮੁਕਾਬਲੇ 2025-26 ਵਿੱਚ ਸਿੱਖਿਆ ਲਈ ਕੁੱਲ ਬੱਜਟ ਦਾ ਮਹਿਜ਼ 2.5 ਫ਼ੀਸਦੀ ਰਹਿ ਜਾਣ 'ਤੇ ਵੀ ਕੁਝ ਨਹੀਂ ਆਖਦੇ। ਇਨ੍ਹਾਂ ਨੇ ਨੀਤੀ ਆਯੋਗ ਵੱਲੋਂ ਜਾਰੀ ਕੀਤੇ ਗਏ ਅੰਕੜੇ ਮੁਤਾਬਿਕ ਦੇਸ਼ ਵਿੱਚ 8.7 ਕਰੋੜ ਨੌਜਵਾਨਾਂ ਦੇ ਬੇਰੁਜ਼ਗਾਰ ਹੋਣ 'ਤੇ ਤਾਂ ਬੋਲਣਾ ਹੀ ਕੀ ਹੈ।

ਉੱਤਰ ਪ੍ਰਦੇਸ਼ ਦੇ ਫ਼ਤਹਿਪੁਰ ਜ਼ਿਲ੍ਹੇ ਦੇ ਕਸਬੇ ਕਿਸ਼ਨਪੁਰ 'ਚ ਸਰਕਾਰੀ ਸਹਾਇਤਾ ਪ੍ਰਾਪਤ ਸਰਵੋਦਯਾ ਸਕੂਲ ਦੇ ਬੱਚਿਆਂ ਨੇ ਦਿੱਲੀ ਦੇ ਜੰਤਰ-ਮੰਤਰ ਵਾਲੇ ਵਿਰੋਧ ਪ੍ਰਦਰਸ਼ਨਾਂ ਤੋਂ ਪ੍ਰਭਾਵਿਤ ਹੋ ਕੇ ਆਪਣੀਆਂ ਮੰਗਾਂ ਦੇ ਹੱਕ ਵਿੱਚ 28 ਜੁਲਾਈ ਨੂੰ ਧਰਨਾ ਲਾਇਆ ਅਤੇ ਦੋ ਘੰਟਿਆਂ ਦੇ ਅੰਦਰ-ਅੰਦਰ ਆਪਣੀਆਂ ਮੰਗਾਂ ਮੰਨਵਾ ਵੀ ਲਈਆਂ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ ਵਿੱਚ ਹੀ ਕਨੌਜ, ਹਮੀਰਪੁਰ ਅਤੇ ਉਨਾਓ ਵਿੱਚ ਕੁਝ ਦਿਨਾਂ ਦੇ ਵਕਫ਼ੇ ਦੌਰਾਨ ਸਕੂਲੀ ਬੱਚਿਆਂ ਨੇ ਪ੍ਰਦਰਸ਼ਨ ਕਰਕੇ ਆਪਣੀਆਂ ਮੰਗਾਂ ਮੰਨਵਾਈਆਂ। ਇਸ ਦੇ ਨਾਲ ਹੀ ਮੱਧ ਪ੍ਰਦੇਸ਼, ਰਾਜਸਥਾਨ ਅਤੇ ਦੇਸ਼ ਵਿੱਚ ਕਈ ਹੋਰ ਥਾਵਾਂ 'ਤੇ ਸਕੂਲੀ ਬੱਚਿਆਂ ਨੇ ਆਪੋ-ਆਪਣੀਆਂ ਮੰਗਾਂ ਮੰਨਵਾਉਣ ਲਈ ਅਜਿਹਾ ਹੀ ਤਰੀਕਾ ਅਪਣਾਇਆ। ਕਈ ਥਾਈਂ ਬੱਚਿਆਂ ਨੇ ਹੀ ਆਪਣੇ ਸਕੂਲ ਦੀ ਮਾੜੀ ਹਾਲਤ ਦੀਆਂ ਵੀਡੀਓਜ਼ ਵਾਇਰਲ ਕੀਤੀਆਂ। ਇਸ ਵਿੱਚ ਮਾਪਿਆਂ ਨੇ ਆਪਣੇ ਬੱਚਿਆਂ ਦਾ ਭਰਪੂਰ ਸਾਥ ਦਿੱਤਾ। ਸਕੂਲਾਂ ਦੀਆਂ ਵੀਡੀਓਜ਼ ਵਾਇਰਲ ਹੋਣ 'ਤੇ ਇਹ ਸਵਾਲ ਵੀ ਉਠਾਇਆ ਜਾ ਰਿਹਾ ਹੈ ਕਿ ਇਹ ਬੱਚਿਆਂ ਦੀ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਹੈ। ਇਸ ਮਾਮਲੇ ਨੂੰ ਲੈ ਕੇ ਟੀਵੀ 'ਤੇ ਹੋ ਰਹੀ ਇੱਕ ਬਹਿਸ ਵਿੱਚ ਇੱਕ ਸਿੱਖਿਆ ਸ਼ਾਸਤਰੀ ਦਾ ਕਹਿਣਾ ਸੀ ਕਿ ਬੱਚਿਆਂ ਦੀ ਨਿੱਜਤਾ ਦੀ ਫ਼ਿਕਰ ਤਾਂ ਕੁਲੀਨ ਵਰਗ ਦੇ ਮਾਪਿਆਂ ਨੂੰ ਹੀ ਹੁੰਦੀ ਹੈ, ਜੋ ਆਪਣੇ ਬੱਚਿਆਂ ਨੂੰ ਮਹਿੰਗੇ ਤੋਂ ਮਹਿੰਗੇ ਸਕੂਲ ਵਿੱਚ ਪੜ੍ਹਾਉਂਦੇ ਹਨ, ਪਰ ਗ਼ਰੀਬ ਮਾਪਿਆਂ ਨੂੰ ਤਾਂ ਬੱਚਿਆਂ ਨੂੰ ਸਿੱਖਿਆ ਸਹੂਲਤਾਂ ਮੁਹੱਈਆ ਹੋਣ ਸਬੰਧੀ ਫ਼ਿਕਰ ਹੁੰਦੀ ਹੈ, ਨਿੱਜਤਾ ਦੀ ਉਲੰਘਣਾ ਦੀ ਨਹੀਂ। ਗ਼ਰੀਬ ਮਾਪਿਆਂ ਦਾ ਸਿੱਖਿਆ ਸਹੂਲਤਾਂ ਬਾਰੇ ਫ਼ਿਕਰਮੰਦ ਹੋਣਾ ਲਾਜ਼ਮੀ ਹੈ ਕਿਉਂਕਿ ਦੇਸ਼ ਵਿੱਚ ਪਿਛਲੇ ਦਸ ਸਾਲਾਂ ਦੌਰਾਨ ਲਗਭਗ 94,000 ਸਰਕਾਰੀ ਸਕੂਲ ਜਾਂ ਤਾਂ ਬੰਦ ਕਰ ਦਿੱਤੇ ਗਏ ਹਨ ਤੇ ਜਾਂ ਫਿਰ ਉਨ੍ਹਾਂ ਦਾ ਰਲੇਵਾਂ ਕਰ ਦਿੱਤਾ ਗਿਆ ਹੈ। ਸਿੱਖਿਆ ਢਾਂਚੇ ਦੀ ਖ਼ਸਤਾ ਹਾਲਤ ਕਾਰਨ ਨੌਜਵਾਨ ਤਾਂ ਨੌਜਵਾਨ, ਭਰੇ ਪੀਤੇ ਬੈਠੇ ਨਿੱਕੇ ਬੱਚੇ ਤੇ ਉਨ੍ਹਾਂ ਦੇ ਮਾਪੇ ਵੀ ਹੁਣ ਸਰਕਾਰਾਂ ਦੀਆਂ ਨੀਤੀਆਂ 'ਤੇ ਸਵਾਲ ਉਠਾਉਣ ਲੱਗੇ ਹਨ। ਸਕੂਲੀ ਬੱਚਿਆਂ ਦੇ ਅਜਿਹੇ ਪ੍ਰਦਰਸ਼ਨਾਂ ਮਗਰੋਂ ਰਾਜਸਥਾਨ 'ਚ ਸੈਕੰਡਰੀ ਸਿੱਖਿਆ ਵਿਭਾਗ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਕਿ ਕੋਈ ਵੀ ਯੂ-ਟਿਊਬਰ, ਸਮਾਜਿਕ ਕਾਰਕੁਨ ਜਾਂ ਬਾਹਰੀ ਵਿਅਕਤੀ ਬਿਨਾਂ ਪ੍ਰਵਾਨਗੀ ਤੋਂ ਸਕੂਲਾਂ ਅੰਦਰ ਦਾਖ਼ਲ ਨਹੀਂ ਹੋ ਸਕਦਾ। ਇਨ੍ਹਾਂ ਪਾਬੰਦੀਆਂ ਦੇ ਨਾਲ ਨਾਲ ਜੈਪੁਰ ਦੇ ਪਿੰਡ ਰਾਮਪੁਰਾ ਕੰਵਰਪੁਰਾ ਦੇ ਸਕੂਲ ਦਾ ਦੌਰਾ ਕਰਨ ਗਏ ਕੌਕਰੋਚ ਜਨਤਾ ਪਾਰਟੀ ਦੇ ਕੋ-ਕਨਵੀਨਰ ਆਸ਼ੂਤੋਸ਼ ਰਾਂਕਾ ਅਤੇ ਉਸ ਦੇ ਸਾਥੀਆਂ 'ਤੇ ਹਮਲਾ ਕੀਤਾ ਗਿਆ। ਸੀ ਜੇ ਪੀ ਅਤੇ ਪਿੰਡ ਵਾਲਿਆਂ ਦੋਵਾਂ ਧਿਰਾਂ ਵੱਲੋਂ ਇਸ ਮਾਮਲੇ ਵਿੱਚ ਇੱਕ-ਦੂਜੇ ਖ਼ ?ਲਾਫ਼ ਐੱਫ ਆਈ ਆਰ ਦਰਜ ਕਰਵਾਈ ਗਈ ਹੈ। ਮਹਾਰਾਸ਼ਟਰ ਦੇ ਲਾਤੂਰ ਜ਼ਿਲ੍ਹੇ ਦੇ ਇੱਕ ਪਿੰਡ ਦੇ ਸਕੂਲ ਦਾ ਦੌਰਾ ਕਰਨ ਗਏ ਅਭਿਜੀਤ ਦੀਪਕੇ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਵੀ ਸਕੂਲ ਅੰਦਰ ਬਿਨਾਂ ਇਜਾਜ਼ਤ ਦਾਖ਼ਲ ਹੋਣ, ਸਰਕਾਰੀ ਕੰਮ ਵਿੱਚ ਵਿਘਨ ਪਾਉਣ ਅਤੇ ਅਧਿਆਪਕਾਂ ਨੂੰ ਧਮਕਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕਰਵਾਇਆ ਗਿਆ ਹੈ।

ਖ਼ੈਰ, ਸਾਡੇ ਦੇਸ਼ ਤੇ ਸਮਾਜ ਵਿੱਚ ਵੱਖ-ਵੱਖ ਕਾਰਨਾਂ ਕਰਕੇ ਤਾਂ ਇੱਕ-ਦੂਜੇ ਖ਼ਿਲਾਫ਼ ਐੱਫ ਆਈ ਆਰਜ਼ ਦਰਜ ਹੁੰਦੀਆਂ ਰਹੀਆਂ ਹਨ, ਪਰ ਸਕੂਲਾਂ ਦੀ ਖ਼ਸਤਾ ਹਾਲਤ ਪਹਿਲੀ ਵਾਰ ਇਸ ਦਾ ਕਾਰਨ ਬਣੀ ਹੈ। ਅਜਿਹੇ ਮਾਹੌਲ ਵਿੱਚ ਤਸੱਲੀ ਵਾਲੀ ਗੱਲ ਇਹ ਹੈ ਕਿ ਦੇਸ਼ ਵਿੱਚ ਲੰਮੇ ਸਮੇਂ ਤੋਂ ਫੈਲੇ ਤੁਅੱਸਬੀ ਮਾਹੌਲ ਦੀ ਥਾਂ ਹੁਣ ਸਿੱਖਿਆ ਤੇ ਰੁਜ਼ਗਾਰ ਸਿਆਸਤ ਦੇ ਕੇਂਦਰ ਵਿੱਚ ਆ ਗਏ ਹਨ। ਇਹ ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨਾਂ ਦਾ ਵੱਡਾ ਹਾਸਿਲ ਹੈ। ਇਹੀ ਦੇਸ਼ ਦੇ ਅਸਲ ਮੁੱਦੇ ਹਨ, ਇਹੀ ਦੇਸ਼ ਦੇ ਨੌਜਵਾਨਾਂ ਦੇ ਮਨ ਦੀ ਗੱਲ ਹੈ। ਦੇਖੋ, ਬਦਲੀ ਬਦਲੀ ਫਿਜ਼ਾ 'ਚ ਕਿਹੜਾ ਰੰਗ ਖਿੜਦਾ ਹੈ!

Dosanjh Family
AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

FREMONT CHEVROLET

CONCORD CHEVROLET

DUBLIN CADILLAC

FREMONT CADILLAC

ACURA OF CONCORD

DUBLIN BUICK GMC

FREMONT BUICK GMC

CONCORD NISSAN

DUBLIN KIA

STEVENS CREEK CHEVROLET

LIVERMORE TOYOTA

DUBLIN NISSAN

STEVENS CREEK CADILLAC

FREMONT FORD

DUBLIN INFINITI

FREMONT HYUNDAI